# ਗ਼ਦਰ ਦੀ ਧੀ

# ਗੁਲਾਬ ਕੌਰ



ਕੇਸ ਸਿੰਘ ਨਾਵਲਿਸਟ

# ਗਦਰ ਦੀ ਧੀ

# ਗੁਲਾਬ ਕੌਰ

ਕੇਸਰ ਸਿੰਘ

## ਗਿਆਨੀ ਕੇਸਰ ਸਿੰਘ ਦੀਆਂ ਰਚਨਾਵਾਂ

1. 1947 INDIAN INDEPENDENCE MOVEMENT IN EAST ASIA
2. 1953 ਲਹਿਰ ਵੱਧਦੀ ਗਈ
3. 1968 ਜੰਗੀ ਕੈਦੀ
4. 1973 ਸ਼ਹੀਦ ਉਧਮ ਸਿੰਘ
5. 1977 ਬਾਬਾ ਹਰੀ ਸਿੰਘ ਉਸਮਾਨ
6. 1977 ਸ਼ਹੀਦ ਮਦਨ ਲਾਲ ਢੀਂਗਰਾ
7. 1978 ਸ਼ਹੀਦ ਮੇਵਾ ਸਿੰਘ ਲੋਪੋਕੇ
8. 1982 ਸਿੰਘ ਸਾਹਿਬ ਦੀ ਸ਼ਹਾਦਤ
9. 1982 ਜੰਞ ਲਾੜਿਆਂ ਦੀ
10. 1983 ਲੰਡਨ ਰੋਡ
11. 1983 ਗਰੀਨ ਕਾਰਡ
12. 1984 ਵਾਰੇ ਸ਼ਾਹ ਦੀ ਮੌਤ
13. 1987 ਗ਼ਦਰੀ ਗੁਲਾਬ
14. 1988 ਤੀਜੀ ਪੀੜ੍ਹੀ
15. 1989 ਹੀਰੋਸ਼ਿਮਾ
16. 1990 ਇਕ ਮਾਂਗ ਸੰਧੂਰੀ
17. 1991 ਆਜ਼ਾਦ ਹਿੰਦ ਫ਼ੌਜ਼ ਦੀ ਡਾਇਰੀ
18. 1992 ਮਨੁਖਤਾ ਦੀ ਮੌਤ
19. 1993 ਕੋਮਾਗਾਟਾ ਮਾਰੂ
20. 1995 ਗ਼ਦਰ ਲਹਿਰ ਦੀ ਕਵਿਤਾ (ਸੰਗਰਹਿਕਾਰ)
21. 1997 ਗ਼ਦਰੀ ਤੇ ਕਾਮਾ
22. 1998 ਹਥਿਆਰਬੰਦ ਇਨਕਲਾਬ
23. 2000 ਆਜ਼ਾਦੀ ਦੀ ਕਵਿਤਾ

### ਖਰੜੇ

1. ਗ਼ਦਰ ਲਹਿਰ ਦੀ ਵਾਰਤਿਕ, ਸੰਪਾਦਕ: ਪ੍ਰੋ. ਕ.ਸ. ਕਸੇਲ
2. **ਅੰਤਰਰਾਸ਼ਟਰੀ ਕਹਾਣੀਆਂ**

# ਗਦਰ ਦੀ ਧੀ
# ਗੁਲਾਬ ਕੌਰ

**ਕੇਸਰ ਸਿੰਘ**

*ਸੰਪਾਦਕ:*

**ਮਲਵਿੰਦਰ ਜੀਤ ਸਿੰਘ ਵੜੈਚ**

# ਭੂਮਿਕਾ

ਬੀਬੀ ਗੁਲਾਬ ਕੌਰ ਦਾ ਜਨਮ ਪਿੰਡ ਬਖਸ਼ੀਵਾਲਾ, ਜ਼ਿਲ੍ਹਾ ਸੰਗਰੂਰ ਦੇ ਇਕ ਕਿਸਾਨ ਘਰਾਣੇ ਵਿਚ 1890 ਦੇ ਲਾਗੇ ਚਾਗੇ ਹੋਇਆ। ਉਸ ਦਾ ਵਿਆਹ, ਗੁਆਂਢੀ ਪਿੰਡ ਜਖੇਪਲ ਦੇ ਨੌਜਵਾਨ ਮਾਨ ਸਿੰਘ ਨਾਲ ਹੋਇਆ। ਉਹ ਆਪਣੇ ਪਤੀ ਨਾਲ ਮਨੀਲਾ ਪਹੁੰਚ ਗਈ। ਉਥੋਂ ਉਨ੍ਹਾਂ ਨੇ ਅਮਰੀਕਾ ਜਾਣਾ ਸੀ।

ਬਰਤਾਨੀਆ ਸਰਕਾਰ ਦੇ ਜ਼ੋਰ ਦੇਣ ਤੇ ਕੈਨੇਡਾ ਤੇ ਅਮਰੀਕਾ ਨੇ ਉਨ੍ਹਾਂ ਦੇਸਾਂ ਵਿਚ ਹਿੰਦੁਸਤਾਨੀਆਂ ਦੇ ਦਾਖਲ ਹੋਣ ਉੱਤੇ ਪਾਬੰਦੀਆਂ ਲਾ ਦਿੱਤੀਆਂ ਸਨ। ਅਣਗਿਣਤ ਪੰਜਾਬੀ ਖ਼ਾਸ ਕਰਕੇ ਸਿੱਖ ਕਿਸਾਨ ਤੇ ਨਮਕਟੇ ਫੌਜੀ ਪਨਾਂਗ, ਸਿੰਘਾਪੁਰ, ਹਾਂਗਕਾਂਗ ਤੇ ਸ਼ੰਘਾਈ ਆਦਿ ਬੰਦਰਗਾਹਾਂ ਉੱਤੇ ਰੁਕੇ ਬੈਠੇ ਸਨ। ਫ਼ਿਲੇਪੀਨ, ਅਮਰੀਕਾ ਦੇ ਅਧੀਨ ਸੀ। ਅਜੇ ਤਕ ਉੱਥੋਂ ਅਮਰੀਕਾ ਜਾਣ ਵਾਲਿਆਂ ਉੱਤੇ ਇਹ ਪਾਬੰਦੀਆਂ ਨਹੀਂ ਸਨ ਲੱਗੀਆਂ। ਫਿਲੇਪੀਨ ਵਿਚ ਛੇ ਮਹੀਨੇ ਰਹਿ ਚੁਕੇ ਲੋਕਾਂ ਨੂੰ ਅਮਰੀਕਾ ਜਾਣ ਦੀ ਰਾਹਦਾਰੀ ਮਿਲ ਜਾਂਦੀ ਸੀ। ਇਸੇ ਆਸ ਨਾਲ ਮਾਨ ਸਿੰਘ ਤੇ ਗੁਲਾਬ ਕੌਰ ਮਨੀਲੇ ਜਾ ਪਹੁੰਚੇ।

ਇਨ੍ਹਾਂ ਦਿਨਾਂ ਵਿਚ ਹੀ ਕੈਨੇਡਾ ਤੇ ਅਮਰੀਕਾ ਦੇ ਹਿੰਦੁਸਤਾਨੀ ਦੇਸ ਵਿਚ ਗਦਰ ਕਰਨ ਲਈ ਹਿੰਦੁਸਤਾਨ ਮੁੜ ਰਹੇ ਸਨ। ਇਨ੍ਹਾਂ ਗਦਰੀਆਂ ਨੇ ਦੇਸ ਵਾਪਸ ਜਾਂਦਿਆਂ ਮਨੀਲੇ ਵਿਚ ਇਕੱਤ੍ਰਤਾ ਕੀਤੀ। ਇਸ ਇਕੱਤ੍ਰਤਾ ਵਿਚ ਮਾਨ ਸਿੰਘ ਤੇ ਗੁਲਾਬ ਕੌਰ ਵੀ ਹਾਜ਼ਰ ਸਨ। ਇਨ੍ਹਾਂ ਨੇ ਵੀ ਬਚਨ ਦੇ ਦਿੱਤਾ ਕਿ ਉਹ ਵੀ ਬਾਕੀ ਗਦਰੀਆਂ ਨਾਲ ਮਿਲ ਕੇ ਦੇਸ ਨੂੰ ਮੁੜ ਜਾਣਗੇ ਤੇ ਗਦਰ ਵਿਚ ਹਿੱਸਾ ਪਾਉਣਗੇ।

ਜਦ ਮੁੜਨ ਲੱਗੇ ਤਾਂ ਮਾਨ ਸਿੰਘ ਯਰਕ ਗਿਆ। ਗੁਲਾਬ ਕੌਰ ਨੇ ਉਸ ਨਾਲੋਂ ਤਲਾਕ ਲੈਣ ਦਾ ਐਲਾਨ ਕਰ ਦਿੱਤਾ। ਉਹ ਬਾਕੀ ਗਦਰੀਆਂ ਨਾਲ ਹਾਂਗਕਾਂਗ ਵੱਲ ਤੁਰ ਪਈ। ਮਾਨ ਸਿੰਘ ਮਨੀਲੇ ਹੀ ਰਹਿ ਗਿਆ।

ਜਦ ਗੁਲਾਬ ਕੌਰ, ਬਾਕੀ ਗਦਰੀਆਂ ਨਾਲ ਹਾਂਗਕਾਂਗ ਪਹੁੰਚੀ ਤਾਂ ਉਸ ਨੇ ਵੀ ਦੇਸ ਦੀ ਆਜ਼ਾਦੀ ਲਈ ਭਾਸ਼ਣ ਦਿੱਤੇ। ਗੁਰਦੁਆਰੇ ਸੰਗਤ ਵਿਚ ਬੋਲਦਿਆਂ, ਉਸ ਨੇ ਆਪਣੀਆਂ ਚੂੜੀਆਂ ਲਾਹ ਕੇ, ਮਰਦਾਂ ਨੂੰ ਚੂੜੀਆਂ ਪਾ ਲੈਣ ਲਈ ਵੰਗਾਰਿਆ। ਉਸ ਦੀ ਵੰਗਾਰ ਨਾਲ ਕਈ ਹੋਰ ਬੰਦੇ ਗਦਰੀਆਂ ਵਿਚ ਸ਼ਾਮਲ ਹੋ ਗਏ।

ਬਾਕੀ ਗਦਰੀਆਂ ਵਾਂਗੂ, ਦੇਸ ਮੁੜਦਿਆਂ ਉਸ ਨੇ ਵੀ ਸਿੰਘਾਪੁਰ ਪੀਨਾਂਗ ਤੇ ਰੰਗੂਨ ਦੇ ਗੁਰਦੁਆਰਿਆਂ ਵਿਚ ਦੇਸ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਲਈ ਲੋਕਾਂ ਨੂੰ ਵੰਗਾਰਿਆ। ਜਹਾਜ਼ ਵਿਚ ਸਫ਼ਰ ਕਰਦਿਆਂ ਵੀ ਉਹ ਮੁਸਾਫਰਾਂ ਨੂੰ ਦੇਸ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਲਈ ਉਭਾਰਦੀ ਰਹੀ।

ਕਲਕੱਤੇ, ਬਿਦੇਸ਼ੀ ਸਰਕਾਰ ਨੇ ਬੌਰਾਂ ਲਾਈਆਂ ਹੋਈਆਂ ਸਨ। ਸਭ ਦੀ ਤਲਾਸ਼ੀ ਹੁੰਦੀ। ਸਭ ਦੀ ਪੂਰੀ ਪੁੱਛ ਪੜਤਾਲ ਕੀਤੀ ਜਾਂਦੀ। ਇਸ ਪੁੱਛ ਪੜਤਾਲ ਤੋਂ ਬਚਣ ਲਈ, ਉਸ ਨੇ ਆਪਣੇ ਗੁਆਂਢੀ ਜੀਵਨ ਸਿੰਘ ਦੌਲੇ ਸਿੰਘ ਵਾਲਾ ਵੀ, ਜੋ ਉਨ੍ਹਾਂ ਦੇ ਨਾਲ ਹੀ ਦੇਸੋਂ ਮਨੀਲਾ ਪਹੁੰਚਾ ਸੀ, ਝੂਠਾ ਮੂਠਾ ਪਤੀ ਲਿਖਵਾ ਕੇ ਕਲਕੱਤੇ ਉਤਰ ਗਈ। ਇਸੇ ਤਰ੍ਹਾਂ ਉਹ ਦੋਵੇਂ ਖੁਫੀਆ ਪੁਲਸ ਤੋਂ ਬਚਦੇ ਬਚਾਂਦੇ, ਆਪੋ ਆਪਣੇ ਪਿੰਡ ਨਾ ਜਾ ਕੇ, ਆਪਣੇ ਇਕ ਸਾਥੀ ਗਦਰੀ ਅਮਰ ਸਿੰਘ ਦੇ ਪਿੰਡ ਕੋਟਲਾ ਨੌਧ ਸਿੰਘ, (ਹੁਸ਼ਿਆਰਪੁਰ) ਜਾ ਟਿਕੇ।

ਉਨ੍ਹਾਂ ਦੋਹਾਂ ਨੇ ਗਦਰ ਲਹਿਰ ਵਿਚ ਡਟਵਾਂ ਹਿੱਸਾ ਪਾਇਆ। ਜੀਵਨ ਸਿੰਘ ਨੇ ਸ਼ਹਾਦਤ ਪ੍ਰਾਪਤ ਕੀਤੀ। ਗੁਲਾਬ ਕੌਰ ਨੂੰ ਬਿਨਾ ਮੁਕੱਦਮਾ ਚਲਾਏ ਢਾਈ ਤਿੰਨ ਸਾਲ ਲਾਹੌਰ ਜਿਹਲ ਵਿਚ ਰੱਖ ਕੇ ਤਸੀਹੇ ਦਿੱਤੇ ਗਏ।

ਗੁਲਾਬ ਕੌਰ ਨੇ ਬੱਬਰ ਅਕਾਲੀ ਲਹਿਰ ਵਿਚ ਵੀ ਯਥਾ ਯੋਗ ਹਿੱਸਾ ਪਾਇਆ। ਆਪਣੇ ਅਖੀਰਲੇ ਦਮਾਂ ਤਕ ਦੇਸ ਦੀ ਅਜ਼ਾਦੀ ਲਈ ਲੜਦੀ ਤੇ ਤੜਫਦੀ ਰਹੀ।

ਸਭ ਗਦਰੀ ਉਸ ਨੂੰ ਗਦਰੀਆਂ ਦੀ ਭੈਣ ਕਹਿੰਦੇ। ਸ਼ਹੀਦ ਜੀਵਨ ਸਿੰਘ ਦੌਲੇ ਸਿੰਘ ਵਾਲਾ ਨਾਲ ਵੀ ਉਨ੍ਹਾਂ ਦਾ ਰਿਸ਼ਤਾ ਭੈਣ ਭਰਾ ਵਾਲਾ ਹੀ ਸੀ। ਉਹ ਜਿਹਲ ਵਿਚੋਂ ਰਿਹਾ ਹੋਣ ਪਿੱਛੋਂ ਵੀ ਪਿੰਡ ਨਹੀਂ ਗਈ। ਉਹ ਇਕ ਗਦਰੀ ਅਮਰ ਸਿੰਘ ਦੇ ਪਿੰਡ

ਕੋਟਲਾ ਨੌਧ ਸਿੰਘ, ਉਸ ਦੇ ਘਰ ਹੀ, ਅਖੀਰਲੇ ਦਿਨ ਤਕ ਰਹੀ। ਅਮਰ ਸਿੰਘ ਤੇ ਗੁਲਾਬ ਕੌਰ ਦਾ ਪਿਆਰ ਸਕੇ ਭੈਣ ਭਰਾ ਵਾਲਾ ਸੀ।

ਬਾਬਾ ਭਗਤ ਸਿੰਘ ਬਿਲਗਾ, ਜਨਰਲ ਸਕਤਰ, ਗਦਰ ਮੈਮੋਰੀਅਲ ਹਾਲ ਜਲੰਧਰ ਨੇ ਦੱਸਿਆ ਹੈ ਕਿ ਪਿੰਡ ਸੰਗਵਾਲ ਵਿਚ ਗਦਰੀਆਂ ਦੀ ਮੀਟਿੰਗ ਹੋ ਰਹੀ ਸੀ। ਪੁਲਸ ਨੂੰ ਮੀਟਿੰਗ ਦੀ ਸੂਹ ਮਿਲ ਗਈ। ਗਦਰੀਆਂ ਦੇ ਇਕ ਸਹਾਇਕ ਨੇ ਪੁਲਸ ਦੇ ਆਉਣ ਦੀ ਖਬਰ, ਗਦਰੀਆਂ ਨੂੰ ਜਾ ਦਿੱਤੀ। ਗਦਰੀ ਤਿਤਰ ਬਿਤਰ ਹੋ ਗਏ। ਬੀਬੀ ਗੁਲਾਬ ਕੌਰ ਲੰਮਾ ਕੁੜਤਾ ਤੇ ਚਾਦਰਾ ਪਹਿਨ ਕੇ ਲੰਮਾ ਘੁੰਡ ਕੱਢਕੇ, ਸਿਰ ਉੱਤੇ ਮਟਕੀ ਰੱਖ ਕੇ, ਪੁਲਸ ਦੇ ਸਾਹਮਣੇ, ਪਿੰਡੋਂ ਬਾਹਰ ਨਿਕਲ ਕੇ ਗਾਇਬ ਹੋ ਗਈ ਤੇ ਪੁਲਸ ਦੇ ਹੱਥ ਨਾ ਆਈ।

ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਤੋਂ ਕੁਝ ਦਿਨਾਂ ਮਗਰੋਂ ਉਹ ਅਕਾਲ ਚਲਾਣਾ ਕਰ ਗਈ। ਉਸ ਨੂੰ ਆਮ ਲੋਕੀ ਗਦਰ ਲਹਿਰ ਦੀ ਮਾਈ ਭਾਗੋ ਕਹਿ ਕੇ ਵੀ ਯਾਦ ਕਰਦੇ ਹਨ।

❑ ❑ ❑

# ਅਕਤੂਬਰ 1914: ਮਨੀਲਾ

## 1

'ਅਸੀਂ ਸਭ ਮਨੀਲੇ ਦੇ ਗੁਰਦੁਆਰੇ ਵਿਚ ਰਲ ਕੇ ਬੈਠੇ ਹਾਂ।'...

'ਮਿਹਰਬਾਨ ਦੋਸਤੋ! ਮੈਂ ਮੁਸਲਮੀਨ ਆਂ। ਮੇਰਾ ਨਾਮ ਨਵਾਬ ਖਾਨ ਐ। ਪਿੰਡ ਮੇਰਾ ਐ ਹਲਵਾਰਾ ਤੇ ਜ਼ਿਲਾ ਲੋਧੀਆਣਾ। ਮੈਂ ਕਨੇਡਾ ਗਿਆ ਸਾਂ। ਓਥੇ ਸੜਕਾਂ ਬਣਦੀਐਂ, ਰੇਲਾਂ ਦੀਆਂ ਪਟੜੀਆਂ ਵਿਛਦੀਐਂ, ਜੰਗਲ ਕਟੀਂਦੇ ਐ। ਸਭ ਥਾਈਂ ਮਜੂਰੀ ਕੀਤੀ ਐ ਹੱਡ ਭੰਨ ਕੇ। ਉਥੋਂ ਦੇ ਅਨਪੜ੍ਹ ਤੇ ਪੜ੍ਹੇ ਲਿਖੇ ਗੋਰੇ ਸਾਨੂੰ ਮਜੂਰੀ ਦੇ ਕੇ ਰਾਜੀ ਨਹੀਂ। ਅਸੀਂ ਦੋ-ਦੋ ਤਿੰਨ ਤਿੰਨ ਗੋਰਿਆਂ ਜਿੰਨਾ ਕੰਮ ਕਰ ਲੈਂਦੇ ਆਂ। ਉਹ ਸਾਨੂੰ ਗੁਲਾਮ ਕਹਿ ਕੇ ਦੁਰਕਾਰਦੇ ਐ। ਸਾਨੂੰ ਜੰਗਲੀ ਦਸਦੇ ਐ। ਸ਼ਰੇ-ਆਮ ਸਾਡੇ ਮੂੰਹਾਂ ਉੱਤੇ ਥੁੱਕ ਦੇਂਦੇ ਐ। ਓਥੇ ਜਾ ਕੇ ਪਤੈ ਲੱਗੈ ਕਿ ਗੁਲਾਮੀ ਤੇ ਅਜ਼ਾਦੀ ਦਾ ਕੀ ਫਰਕ ਹੁੰਦੈ।'

ਉਸ ਨੇ ਜ਼ਰਾ ਰੁਕ ਕੇ ਕਹਿਣਾ ਸ਼ੁਰੂ ਕੀਤਾ 'ਤੁਸਾਂ ਸੁਣ ਹੀ ਲਿਆ ਹੋਣੈ ਕਿ ਸਾਡੇ ਭਰਾਵਾਂ ਨਾਲ ਕੀ ਬੀਤੀ ਐ। ਕਨੇਡਾ ਵਿਚ ਫਰੰਗੀਆਂ ਦਾ ਰਾਜ ਐ। ਸਾਡੇ ਦੇਸ ਨਾਲੋਂ ਢਾਈ ਗੁਣਾ ਵੱਡਾ ਹੋਊ ਕਨੇਡਾ ਤੇ ਅਬਾਦੀ 'ਕੱਲੇ ਪੰਜਾਬ ਨਾਲੋਂ ਵੀ ਥੋੜ੍ਹੀ ਐ। ਸਾਰਾ ਮੁਲਕ ਜੰਗਲ ਪਿਐ। ਜੇ ਵੰਡੀਏ ਤਾਂ ਇਕ ਇਕ ਬੰਦੇ ਨੂੰ ਦਸ ਮੁਰੱਬਾ ਮੀਲ ਜ਼ਮੀਨ ਮਿਲਦੀ ਐ ਪਰ ਗੋਰੇ ਉਸ ਮੁਲਕ ਨੂੰ ਗੋਰਿਆਂ ਦਾ ਮੁਲਕ ਬਣਾ ਕੇ ਰਖਣਾ ਮੰਗਦੇ ਐ। ਸਾਨੂੰ ਕਾਲੇ ਕਹਿ ਕੇ ਦੁਰਕਾਰਦੇ ਐ। ਗੋਰਿਆਂ ਸ਼ਰਤ ਲਾ ਦਿੱਤੀ ਕਿ ਜੀਹਦਾ ਆਪਣਾ ਜਹਾਜ਼ ਹੋਵੇ, ਉਹੋ ਆ ਸਕਦੈ। ਆਪਣੇ ਬੰਦੇ ਵਤਨੋ ਬੇਵਤਨ ਹੋ ਕੇ, ਕਰਾਏ ਉੱਤੇ ਆਪਣਾ ਜਹਾਜ਼ ਲੈ ਕੇ ਗਏ। ਗੋਰਿਆਂ ਦੋ ਮਹੀਨੇ ਜਹਾਜ਼ ਸਮੁੰਦਰ ਵਿਚ ਹੀ ਖੜ੍ਹਾ ਰਖਿਆ ਤੇ ਫੇਰ ਵਾਪਸ ਮੋੜ ਦਿੱਤਾ। ਮੈਂ ਤਾਂ ਮਿਰਕਣ ਨੂੰ ਆ ਗਿਆ ਸੀ। ਸੁਣਿਐ ਗੋਰੇ ਬੌਰਾ ਲਾਈ ਬੈਠੇ ਐ। ਪਤਾ ਨਹੀਂ ਕੀ ਬਣੂੰ ਮੁਸਾਫਰਾਂ ਦਾ। ਸਾਡਾ ਮੁਲਕ ਗੁਲਾਮ ਐ। ਅਸੀਂ ਗੁਲਾਮ ਆਂ। ਇਕੋ ਹੱਲ ਐ ਗਦਰ ਕਰੋ, ਦੋਸਤੋ ਗਦਰ ਕਰੋ।'

ਹਾਫ਼ਜ਼ ਅਬਦੁਲਾ ਨੇ ਬੈਠੇ ਬੈਠਿਆਂ ਹੀ ਦਸਿਆ 'ਹੁਣ ਮਿਰਕਣ ਤੋਂ ਆਏ ਪੰਡਤ ਜਗਤ ਹੋਰੀਂ ਆਪਣੇ ਖਿਆਲ ਦਸਣਗੇ। ਇਹ ਪੜ੍ਹਨ ਗਏ ਸਨ। ਗੁਲਾਮਾਂ ਦੀ ਬੁਰੀ ਹਾਲਤ ਵੇਖੀ। ਪੜ੍ਹਾਈ ਛਡ ਕੇ ਗਦਰ ਦੇ ਦਫ਼ਤਰ ਵਿਚ ਜਾ ਪਹੁੰਚੇ। ਪਾਰਟੀ ਨੇ ਪ੍ਰੈਸ ਤੇ ਅਖਬਾਰ ਚਲੌਣ ਦੀ ਡਿਊਟੀ ਦਿੱਤੀ ਪਰ ਜਗਤ ਰਾਮ ਹੋਰਾਂ ਮਿਰਕਣ ਛਡ ਕੇ ਦੇਸ ਪਹੁੰਚ ਕੇ ਅਜ਼ਾਦੀ ਦੀ ਜੰਗ ਵਿਚ ਹਿੱਸਾ ਪਾਉਣ ਦਾ ਮਨ ਬਣਾ ਲਿਆ।'

ਚੰਗੇ ਰਿਸ਼ਟ ਪੁਸ਼ਟ ਉੱਚੇ ਲੰਮੇ ਜਵਾਨ ਨੇ ਉੱਠਦਿਆਂ ਹੀ ਕਹਿਣਾ ਸ਼ੁਰੂ ਕੀਤਾ 'ਜੇ ਹਾਫਜ਼ ਸਾਹਿਬ ਮੇਰਾ ਨਾਮ ਨਾਂ ਦਸਦੇ ਤਾਂ ਕਿਸੇ ਨੂੰ ਪਤਾ ਨਹੀਂ ਸੀ ਲਗਣਾ ਕਿ ਮੈਂ ਪੰਡਤਾਂ ਦਾ ਮੁੰਡਾ ਹਾਂ। ਪੰਜਾਬ ਦੇ ਕੀ ਸਿਖ ਤੇ ਕੀ ਮੁਸਲਮਾਨ ਜੱਟ, ਪੰਡਤਾਂ ਨੂੰ ਡਰਪੋਕ ਤੇ ਬੁਜ਼ਦਿਲ ਸਮਝਦੇ ਐ। ਕੀ ਮੈਂ ਤੁਹਾਨੂੰ ਕਮਜ਼ੋਰ ਲਗਦਾ ਹਾਂ?' ਉਸ ਨੇ ਸੱਜਾ ਹੱਥ ਛਾਤੀ ਉੱਤੇ ਮਾਰਦਿਆਂ ਉਚੀ ਅਵਾਜ਼ ਵਿਚ ਕਿਹਾ 'ਮੇਰੀ ਛਾਤੀ ਨਵਾਬ ਖਾਨ ਦੀ ਛਾਤੀ ਨਾਲੋਂ ਚੌੜੀ ਹੈ। ਡੌਲੇ ਭਰਵੇਂ ਐਂ ਤੇ ਛਾਤੀ ਪਾੜ ਕੇ ਵੇਖੋ ਤਾਂ ਮੇਰਾ ਜਿਗਰ ਵੀ ਕਿਸੇ ਜੱਟ ਦੇ ਮੁੰਡੇ ਦੇ ਜਿਗਰ ਨਾਲੋਂ ਵੱਡਾ ਨਿਕਲੇਗਾ। ਮੈਂ ਵੇਖਦਾਂ ਤੁਸੀਂ ਘੁਸਰ ਮੁਸਰ ਕਰਨ ਲਗ ਪਏ ਹੋ।'

ਕਈ ਬੰਦੇ ਖੁਲ੍ਹ ਕੇ ਹੱਸਣ ਲਗ ਪਏ।

'ਖੁੱਲ੍ਹ ਕੇ ਹੱਸੋ। ਹੱਸਣ ਨਾਲ ਉਮਰ ਵਧਦੀ ਹੈ। ਸਿਹਤ ਚੰਗੀ ਬਣਦੀ ਹੈ।' ਜਗਤ ਰਾਮ ਆਪ ਵੀ ਮੁਸਕਰਾ ਰਿਹਾ ਸੀ। 'ਆਓ ਹੁਣ ਅਸਲੀ ਗੱਲ ਵੱਲ ਆਈਏ। ਮੇਰਾ ਨਾਮ ਤਾਂ ਹਾਫਜ਼ ਸਾਹਿਬ ਨੇ ਤੁਹਾਨੂੰ ਦਸ ਹੀ ਦਿੱਤਾ ਹੈ। ਪਿੰਡ ਮੇਰਾ ਹਰਿਆਣਾ, ਬਾਪ ਦਾ ਨਾਮ ਦਿਤੂ ਮਲ ਤੇ ਜ਼ਿਲਾ ਹੁਸ਼ਿਆਰਪੁਰ। ਮੈਂ ਅਮਰੀਕਾ ਗਿਆ ਸਾਂ ਪੜ੍ਹਨ ਤੇ ਪੈਸੇ ਕਮੌਣ। ਪੜ੍ਹਾਈ ਦੇ ਸਿਰ ਸੁਆਹ ਤੇ ਪੈਸੇ ਖਾਣ ਖੇਹ। ਪਿੰਡ ਰਹਿੰਦਿਆਂ ਗੁਲਾਮੀ ਦਾ ਪਤਾ ਨਹੀਂ ਸੀ ਲਗਾ। ਅਮਰੀਕਾ ਜਾ ਕੇ ਪਤਾ ਲੱਗੈ ਕਿ ਅਸੀਂ ਗੁਲਾਮ ਹਾਂ। ਸਾਡਾ ਦੇਸ ਗੁਲਾਮ ਹੈ। ਸਾਡੀਆਂ ਮਾਵਾਂ ਤੇ ਧੀਆਂ ਗੁਲਾਮ ਹੈਨ। ਏਥੋਂ ਤਕ ਕਿ ਸਾਡੇ ਧਰਮ ਈਮਾਨ ਵੀ ਗੁਲਾਮੀ ਦੀ ਦਲਦਲ ਵਿਚ ਫਸੇ ਹੋਏ ਹਨ। ਕੋਈ ਇਲਾਜ ਨਹੀਂ ਦੋਸਤੋ, ਕੋਈ ਇਲਾਜ ਨਹੀਂ। ਉਠੋ, ਸੁੱਤੇ ਨਾ ਰਹੋ, ਜਾਗੋ। ਗੁਲਾਮੀ ਦੀਆਂ ਜੜ੍ਹਾਂ ਕਟੋ ਜਾਂ ਫਾਂਸੀ ਦੇ ਤਖਤਿਆਂ ਉੱਤੇ ਚੜ੍ਹ ਜਾਓ। ਅਜ਼ਾਦੀ ਵਰਗੀ ਚੀਜ਼ ਮੰਗਿਆਂ ਨਹੀਂ ਜੇ ਮਿਲਣੀ। ਫ਼ਰੰਗੀਆਂ ਸਾਡੀ ਭਾਰਤ ਮਾਤਾ ਨੂੰ

ਤੋਪਾਂ ਨਾਲ ਗੁਲਾਮ ਬਣਾਇਆ ਹੈ। ਹਥਿਆਰ ਚੁਕੋ। ਗਦਰ ਕਰੋ। ਗਦਰ ਕਰੋ। ਗਦਰ ਕਰੋ।' ਜਦ ਪੰਡਤ ਜਗਤ ਰਾਮ ਆਪਣੀ ਗੱਲ ਕਹਿ ਕੇ ਬੈਠਾ ਤਾਂ ਪੂਰੀ ਚੁੱਪ ਸੀ, ਲੋਕਾਂ ਨੂੰ ਹਸਣਾ ਭੁਲ ਚੁੱਕਾ ਸੀ।

ਹਾਫਜ ਅਬਦੁਲਾ ਨੇ ਉਠਦਿਆਂ ਕਿਹਾ 'ਰਾਤ, ਕਾਫੀ ਹੋ ਗਈ ਹੈ, ਮੈਂ ਬਹੁਤਾ ਕੁਝ ਨਹੀਂ ਕਹਿਣਾ। ਫੇਰ ਵੀ ਕੁਝ ਗੱਲਾਂ ਜ਼ਰੂਰੀ ਕਰਨੀਐਂ...ਤੁਹਾਨੂੰ ਸਭ ਨੂੰ ਪਤਾ ਹੀ ਹੈ ਕਿ ਅਸੀਂ ਸਭ ਅਮਰੀਕਾ ਜਾਣ ਵਾਲੇ ਸਾਂ, ਬਾਕੀ ਸਭ ਰਸਤੇ ਬੰਦ ਹੋ ਗਏ ਸਨ। ਇਕੋ ਰਾਹ ਰਹਿ ਗਿਆ ਸੀ ਕਿ ਮਨੀਲੇ ਛੇ ਮਹੀਨੇ ਰਹਿ ਕੇ ਅਮਰੀਕਨ ਰਾਹਦਾਰੀ ਲੈ ਕੇ ਅਮਰੀਕਾ ਜਾ ਵੜੀਏ। ਹੁਣ ਅਮਰੀਕਨ ਸਰਕਾਰ ਨੇ ਸਾਡਾ ਇਹ ਰਾਹ ਵੀ ਬੰਦ ਕਰਨ ਦਾ ਢੰਗ ਕੱਢ ਲਿਆ ਹੈ। ਚੰਗੀ ਗੱਲ ਹੈ ਕਿ ਇਨ੍ਹਾਂ ਟਾਪੂਆਂ ਵਿਚ ਕੁੱਤੇ ਦੀ ਮੌਤ ਮਰਨ ਦੀ ਥਾਂ ਦੇਸ ਮੁੜ ਚੱਲੀਏ। ਜਿਸ ਕਿਸੇ ਨੇ ਏਥੇ ਰਹਿਣੈ ਖ਼ੁਸ਼ੀ ਨਾਲ ਰਹੇ। ਮੈਂ ਤਾਂ ਨਹੀਂ ਰਹਿਣਾ। ਜਿਨ੍ਹਾਂ ਜਿਨ੍ਹਾਂ ਸਾਡੇ ਨਾਲ ਜਾਣੈਂ ਹੱਥ ਖੜ੍ਹੇ ਕਰੋ?' ਕਈ ਹੱਥ ਖੜ੍ਹੇ ਹੋ ਗਏ।

'ਅਹੁ ਵੇਖੋ। ਨੁਕਰ ਵਿਚ ਬੈਠੀ ਇਕੋ ਇਕ ਭੈਣ ਨੇ ਵੀ ਹੱਥ ਖੜ੍ਹਾ ਕਰ ਦਿੱਤਾ ਹੈ। ਸ਼ਾਬਾਸ਼ੈ।' ਉਹ ਆਪਣੇ ਨਾਲ ਬੈਠੇ ਬੰਦੇ ਨੂੰ ਹੱਥ ਖੜ੍ਹਾ ਕਰਨ ਲਈ ਕਹਿ ਰਹੀ ਸੀ। ਉਸ ਨੇ ਵੀ ਝਕਦਿਆਂ-ਝਕਦਿਆਂ ਹੱਥ ਖੜ੍ਹਾ ਕਰ ਦਿੱਤਾ।'

'ਅਸੀਂ ਅੱਜ ਗੁਰਦੁਆਰੇ ਬੈਠੇ ਹਾਂ। ਅਸਾਂ ਅੱਜ ਗੁਰਦੁਆਰਾ, ਮਸੀਤ ਤੇ ਮੰਦਰ ਇਕੱਠੇ ਕਰ ਲਏ ਹਨ। ਹਿੰਦੂ, ਸਿਖ, ਮੁਸਲਮਾਨ, ਸਭ ਇਕੱਠੇ ਬੈਠੇ ਹਾਂ। ਸਾਡੀ ਆਜ਼ਾਦੀ ਦੀ ਇਬਾਦਤਗਾਹ ਹਿੰਦੁਸਤਾਨ ਹੈ। ਚਲੋ ਗ਼ਦਰ ਕਰੋ। ਹਿੰਦੂ ਆਪਣੇ ਸੰਖਾਂ ਦੀ ਆਵਾਜ਼, ਸਿਖ ਜੈਕਾਰਿਆਂ ਦੀ ਗੂੰਜ ਤੇ ਮੁਸਲਮਾਨ ਅਜ਼ਾਨ ਦੀ ਆਵਾਜ਼ ਸਾਂਝੀ ਕਰ ਲੈਣ। ਫਿਰ ਗਦਰ ਦੀ ਆਵਾਜ਼ ਇਕ ਕਰੋ, ਫਿਰ ਗੂੰਜ ਪੈਦਾ ਹੋਵੇਗੀ। ਸਾਡੀ ਸਾਂਝੀ ਆਵਾਜ਼ ਫਰੰਗੀਆਂ ਦੇ ਫੱਟੇ ਚੁਕ ਦਏਗੀ। ਸਾਰੇ ਰਲਕੇ ਬੋਲੋ ਗਦਰ ਕਰੋ, ਗਦਰ ਕਰੋ, ਗਦਰ ਕਰੋ।' ਗਦਰ ਕਰੋ ਦੇ ਨਾਹਰਿਆਂ ਦੀ ਅਵਾਜ਼ ਪੁਲਾੜ ਤਕ ਗੂੰਜ ਉੱਠੀ। ਮੀਟਿੰਗ ਖਤਮ ਹੋਣ ਤੋਂ ਪਿੱਛੋਂ ਸਭ ਦਾ ਧਿਆਨ, ਬੀਬੀ ਵੱਲ ਚਲਾ ਗਿਆ। ਜਗਤ ਰਾਮ ਨੇ ਬੀਬੀ ਪਾਸ ਪਹੁੰਚ ਕੇ ਹੱਥ ਜੋੜੇ ਹੀ ਸਨ ਕਿ ਬੀਬੀ ਬੋਲ ਪਈ 'ਪੰਡਤ ਜੀ ! ਮੇਰਾ ਨਾਮ ਗੁਲਾਬ ਕੌਰ ਐ। ਸਭ ਗੁਲਾਬੋ ਕਹਿ ਕੇ ਸੱਦਦੇ ਐ। ਪਿੰਡ ਐ ਬਖਸ਼ੀਵਾਲਾ ਤੇ ਜ਼ਿਲਾ ਸੰਗਰੂਰ। ਇਹ ਮੇਰਾ ਪਤੀ ਐ। ਇਹਦਾ ਨਾਮ ਇਹਨੂੰ ਪੁਛ ਲਵੋ।' ਕਹਿ ਕੇ ਉਹ ਹੱਸ ਪਈ।

ਗੁਲਾਬ ਕੌਰ ਦਾ ਪਤੀ ਆਪੇ ਬੋਲ ਪਿਆ 'ਜੀ ਮੈਂ ਮਾਨ ਸਿਹੁੰ ਹਾਂ। ਬਖਸ਼ੀਵਾਲਾ ਦੇ ਲਾਗੇ ਈ ਮੇਰਾ ਪਿੰਡ ਐ ਜਖੇਪਲ।'

'ਫੇਰ ਕਰੋ ਕਮਰਕੱਸੇ, ਸਾਨੂੰ ਐਸੀ ਭੈਣ ਜ਼ਰੂਰ ਚਾਹੀਦੀ ਸੀ ਜੋ ਸ਼ਹਾਦਤ ਦੀ ਘੋੜੀ ਉੱਤੇ ਸਵਾਰ ਹੋਣ ਲਗਿਆਂ ਸਾਡੀ ਘੋੜੀ ਦੀਆਂ ਵਾਗਾਂ ਗੁੰਦ ਸਕੇ ਤੇ ਘੋੜੀਆਂ ਗਾ ਸਕੇ।' ਪੰਡਤ ਜਗਤ ਰਾਮ ਜਜ਼ਬਾਤ ਵਿਚ ਗੜੂੰਦ ਬੀਬੀ ਅੱਗੇ ਹੱਥ ਜੋੜ ਕੇ ਖੜ੍ਹਾ ਸੀ।

ਅੱਗੇ-ਅੱਗੇ ਬੀਬੀ ਤੇ ਪਿੱਛੇ-ਪਿੱਛੇ ਹੋਰ ਸਭ ਨੇ ਗੁਰਦੁਆਰਿਓਂ ਬਾਹਰ ਨਿਕਲਣਾ ਸ਼ੁਰੂ ਕਰ ਦਿੱਤਾ। ਚੌਹੀਂ ਪਾਸੀਂ ਚੁੱਪ ਚਾਪ ਸੀ। ਘੁੱਪ ਹਨੇਰੀ ਰਾਤ ਦਾ ਹਨੇਰਾ ਪਸਰਦਾ ਜਾ ਰਿਹਾ ਸੀ।

## 2

ਗੁਲਾਬ ਕੌਰ ਆਪਣੇ ਕਪੜਿਆਂ ਦੀ ਨਿੱਕੀ ਜਿਹੀ ਪੋਟਲੀ ਬੰਨ੍ਹ ਕੇ ਤਿਆਰ ਬੈਠੀ ਸੀ। ਮਾਨ ਸਿੰਘ ਸਵੇਰ ਦਾ ਬਾਹਰ ਗਿਆ ਮੁੜਿਆ ਨਹੀਂ ਸੀ। ਉਹ ਕਾਹਲੀ ਪੈ ਰਹੀ ਸੀ। ਦੁਪਹਿਰਾਂ ਹੋਣ ਵਾਲੀਆਂ ਸਨ। ਮਾਨ ਸਿੰਘ ਨੇ ਬਰੂਹਾਂ ਵਿਚ ਕਦਮ ਰਖਿਆ ਹੀ ਸੀ ਕਿ ਉਹ ਕੜਕ ਪਈ, 'ਦੁਪਹਿਰਾਂ ਹੋ ਗਈਐਂ। ਤੂੰ ਕਿਥੇ ਬੈਠ ਰਿਹੈਂ। ਤੇਰੇ ਮੂੰਹ ਵਿਚੋਂ ਦਾਰੂ ਦੀ ਬੋ ਆਉਂਦੀ ਐ। ਤੈਨੂੰ ਪਤੈ ਪੰਜ ਵਜੇ ਜਹਾਜ਼ ਤੁਰ ਪੈਣੈ।'

ਮਾਨ ਸਿੰਘ ਘਰੋਂ ਚਮੜੇ ਦੇ ਨਿਕੇ ਜਿਹੇ ਸੂਟਕੇਸ ਦੀ ਮੁਰੰਮਤ ਕਰਵਾਉਣ ਗਿਆ ਸੀ। ਉਸ ਨੇ ਗੁੱਸੇ ਵਿਚ ਜੁਆਬ ਦਿੱਤਾ- 'ਬਕਸਾ ਟੁੱਟਾ ਪਿਐ। ਜਿੰਦੀ ਨਹੀਂ ਲਗਦੀ। ਮੋਚੀ ਮਿਲਿਆ ਨਹੀਂ। ਡੀਕਦਾ-ਡੀਕਦਾ ਥਕ ਗਿਆ। ਕਿਧਰੇ ਵਾਂਢੇ ਗਿਆ ਹੋਇਐ।'

'ਤੇ ਤੂੰ ਨਸ਼ਾ ਕਿਥੇ ਪੀਂਦਾ ਰਿਹੈਂ ? ਮਿਲ ਗਏ ਹੋਣੈ ਐਂ ਤੇਰੇ ਕੁਝ ਲਗਦੇ।'

ਮਾਨ ਸਿੰਘ ਗੁੱਸੇ ਵਿਚ ਕੜਕ ਕੇ ਬੋਲਿਆ-'ਤੂੰ ਜਾਹ ਜਿੱਥੇ ਜਾਣੈ। ਮੈਂ ਨਹੀਂ ਜਾਣਾ ਤੇਰੇ ਨਾਲ।'

ਗੁਲਾਬ ਕੌਰ ਹੈਰਾਨ ਪਰੇਸ਼ਾਨ ਹੋ ਗਈ। ਫਿਰ ਉਹ ਕੜਕ ਉਠੀ-'ਤੂੰ ਰਾਤੀਂ ਗੁਰਦੁਆਰੇ ਹੱਥ ਕਿਉਂ ਚੁਕਿਆ ਸੀ ?'

'ਮੈਂ ਨਹੀਂ ਸੀ ਚੁਕਿਆ। ਤੂੰ ਮੱਲੋ ਮੱਲੀ ਮੇਰਾ ਹੱਥ ਚੁਕ ਦਿੱਤਾ ਸੀ।'

'ਅੱਛਾ ਇਹ ਗੱਲ ਐ। ਤੇਰੀ ਹੁਣੇ ਮੋਕ ਨਿਕਲੀ ਪਈ ਐ। ਤੂੰ ਸਿੱਖੀ ਨੂੰ ਲਾਜ ਲਾਈ ਐ। ਤੂੰ ਆਪਣੇ ਨਾਮ ਨਾਲੋਂ ਸਿੰਘ ਹਟਾ ਕੇ ਕੁਝ ਹੋਰ ਰਖ ਲੈ, ਡਰਾਕਲਾ, ਕਮੀਨਿਆ। ਜੇ ਤੂੰ ਨਹੀਂ ਜਾਣਾ ਤਾਂ ਤੇਰੀ ਮੇਰੀ ਟੁੱਟੀ। ਮੈਂ ਤੈਨੂੰ ਛਡਦੀ ਆਂ। ਤੇਰੇ ਵਰਗੇ ਨਾਮਰਦਾਂ ਨੇ ਗੁਲਾਮੀ ਦਾ ਜੂਲਾ ਪਾਈ ਰਖਣੈ। ਤੂੰ ਆਪਣੇ ਖਾਨਦਾਨ ਨੂੰ ਲਾਜ ਲਾਈ ਹੈ। ਮੈਂ ਜਾ ਰਹੀ ਹਾਂ। ਤੇਰਾ ਮੇਰਾ ਹੁਣ ਤੋਂ ਕੋਈ ਰਿਸ਼ਤਾ ਨਹੀਂ। ਦਫਾ ਹੋ ਜਾ ਮੇਰੀਆਂ ਅੱਖਾਂ ਅੱਗੋਂ।' ਬਿਜਲੀ ਵਾਂਗੂੰ ਕੜਕਦੀ, ਪੋਟਲੀ ਸੱਜੀ ਕੱਛ ਵਿਚ ਮਾਰ ਕੇ ਘਰੋਂ ਨਿਕਲ ਤੁਰੀ। ਉਸ ਨੇ ਪਿੱਛੇ ਮੁੜ ਕੇ ਵੀ ਨਾ ਤਕਿਆ।

ਸਭ ਨੇ ਗੁਰਦੁਆਰਿਉਂ ਇਕੱਠੇ ਹੋ ਕੇ ਤੁਰਨਾ ਸੀ। ਉਹ ਗੁਰਦੁਆਰੇ ਮੱਥਾ ਟੇਕ ਕੇ ਤੁਰਨਾ ਚਾਹੁੰਦੀ ਸੀ। ਪਰ ਗੁਰਦੁਆਰੇ ਜਾਏ ਬਿਨਾ ਸਿੱਧੀ ਜੈਟੀ ਉੱਤੇ ਪਹੁੰਚ ਗਈ ਜਿੱਥੇ 'ਕੋਰੀਆ ਮਾਰੂ' ਜਹਾਜ਼ ਸਮੁੰਦਰ ਕੰਢੇ ਲੱਗਾ ਹੋਇਆ ਸੀ। ਉਹ ਸਭ ਤੋਂ ਪਹਿਲੋਂ ਜਹਾਜ਼ ਉੱਤੇ ਜਾ ਚੜ੍ਹੀ। ਡੈੱਕ ਦੀ ਇਕ ਨੁੱਕਰੇ ਉਹ ਨਿੱਕੀ ਜਿਹੀ ਦਰੀ ਵਿਛਾ ਕੇ ਲੰਮੀ ਪੈ ਗਈ। ਉਸ ਦਾ ਸਰੀਰ ਸਿਥਲ ਹੋਇਆ ਪਿਆ ਸੀ। ਮਨ ਵਿਚ ਉਬਾਲ ਉਠ ਰਹੇ ਸਨ ਕਿ ਹੁਣ ਉਹ ਕੀ ਕਰੇ ਤੇ ਕੀ ਨਾ ਕਰੇ। ਉਹ ਕਿਸ ਤਰ੍ਹਾਂ ਹਾਫਜ਼ ਤੇ ਪੰਡਤ ਨੂੰ ਦਸੇ ਕਿ ਉਸ ਦਾ ਪਤੀ ਉਸ ਨੂੰ ਦਗਾ ਦੇ ਗਿਆ ਹੈ ਤੇ ਜਾਣ ਲਈ ਤਿਆਰ ਨਹੀਂ ਹੋਇਆ। ਉਹ ਇਨ੍ਹਾਂ ਦੁਚਿੱਤੀਆਂ ਵਿਚ ਹੀ ਸੀ, ਕਿ ਬਾਕੀ ਲੋਕ ਵੀ ਜਹਾਜ਼ ਤੇ ਚੜ੍ਹਨੇ ਸ਼ੁਰੂ ਹੋ ਗਏ। ਉਹ ਉਨ੍ਹਾਂ ਨੂੰ ਵੇਖਣ ਲਈ ਉਠ ਕੇ ਬੈਠ ਗਈ। ਫਿਰ ਹੌਲੀ-ਹੌਲੀ ਤੁਰ ਕੇ ਜਹਾਜ਼ ਦੀ ਬਾਹੀ ਫੜ ਕੇ, ਮੁਸਾਫ਼ਰਾਂ ਨੂੰ ਜਹਾਜ਼ ਵਿਚ ਚੜ੍ਹਦਿਆਂ ਤੱਕਣ ਲੱਗ ਪਈ। ਪੰਡਤ ਜਗਤ ਰਾਮ ਨੂੰ ਵੇਖਣ ਸਾਰ ਉਸ ਦਾ ਦਿਲ ਬੜੇ ਜ਼ੋਰ ਨਾਲ ਧੜਕਣ ਲੱਗ ਪਿਆ। ਉਹ ਸੋਚ ਰਹੀ ਸੀ ਕਿ ਉਸ ਨੂੰ ਕਿਵੇਂ ਦਸੇਗੀ ਕਿ ਉਸ ਦਾ ਪਤੀ ਨਾਲ ਨਹੀਂ ਤੁਰਿਆ।

ਹਾਫ਼ਜ਼ ਅਬਦੁਲਾ ਜਗਤ ਰਾਮ ਨਾਲੋਂ ਪਹਿਲੋਂ ਡੈੱਕ ਉੱਤੇ ਪਹੁੰਚ ਗਿਆ। ਗੁਲਾਬ ਕੌਰ ਮਨ ਪੱਕਾ ਕਰਕੇ ਉਸ ਦੇ ਪਾਸ ਜਾ ਕੇ ਬੋਲੀ-'ਉਹ ਮਾਨ ਸਿਹੁੰ ਬੇਈਮਾਨ ਹੋ ਗਿਐ। ਗੀਦੀਆਂ ਦੇ ਢਾਹੇ ਚੜ੍ਹ ਗਿਐ। ਦਾਰੂ ਪੀ ਕੇ ਬਹੋਸ਼ ਪਿਐ, ਉਹਦੀ ਥਾਂ ਮੈਂ ਪੂਰੀ ਕਰੂੰ।'

ਹਾਫ਼ਜ਼ ਅਬਦੁਲਾ, ਗੁਲਾਬ ਕੌਰ ਦੀਆਂ ਗੱਲਾਂ ਸੁਣ ਕੇ ਠਠੰਬਰਿਆ ਖਲੋਤਾ ਸੀ। ਉਸ ਨੂੰ ਕੋਈ ਗੱਲ ਨਹੀਂ ਸੀ ਸੁਝ ਰਹੀ। ਅਚਾਨਕ ਉਸ ਦੇ ਮੂੰਹੋਂ ਨਿਕਲ ਗਿਆ, 'ਭੈਣਾਂ। ਤੂੰ ਭਾਰਤ ਮਾਤਾ ਦੀ ਸੱਚੀ ਧੀ ਐਂ।' ਉਹ ਉਸ ਦੇ ਪੈਰ ਛੋਹਣ ਲੱਗਾ, ਗੁਲਾਬ ਕੌਰ ਨੇ ਪਿੱਛੇ ਹਟ ਕੇ ਕਿਹਾ-'ਮੈਂ ਤੇਰੀ ਘੋੜੀ ਦੀਆਂ ਵਾਗਾਂ ਗੁੰਦੂੰ। ਤੇਰੀਆਂ ਘੋੜੀਆਂ ਗਾਊਂ।' ਕਹਿੰਦਿਆਂ ਉਸ ਦੇ ਅੱਥਰੂ ਵਹਿ ਤੁਰੇ। ਹਾਫਜ਼ ਅਬਦੁਲਾ, ਗੁਲਾਬ ਕੌਰ ਦੀਆਂ ਗੱਲਾਂ ਸੁਣ ਕੇ ਸਰੂਰ ਵਿੱਚ ਆ ਗਿਆ। ਉਸ ਦੇ ਗੋਰੇ ਚਿਹਰੇ ਉੱਤੇ ਗੁਲਾਬੀ ਭਾਹ ਫਿਰ ਗਈ। ਉਹ ਵਜਦ ਵਿਚ ਆਇਆ ਗੁਲਾਬ ਕੌਰ ਨੂੰ ਆਪਣੀ ਜੱਫੀ ਵਿਚ ਘੁਟਣ ਹੀ ਵਾਲਾ ਸੀ ਕਿ ਉਹ ਝਿਜਕ ਗਿਆ। ਉਸ ਨੇ ਆਪਣੇ ਦੋਨੋਂ ਹੱਥ ਗੁਲਾਬ ਕੌਰ ਦੇ ਮੋਢਿਆਂ ਉੱਤੇ ਰਖਦਿਆਂ ਕਿਹਾ-'ਭੈਣ ਗੁਲਾਬੋ, ਮੈਂ ਦੇਸ ਚੱਲ ਕੇ ਤੈਥੋਂ ਰੱਖੜੀ ਬੰਨ੍ਹਾਊਂ, ਬੰਨ੍ਹੇਂਗੀ ਨਾ ?'

'ਜ਼ਰੂਰ ਬੰਨੂੰ ਆਪਣੇ ਵੀਰ ਅਬਦੁਲੇ ਨੂੰ, ਜ਼ਰੂਰ ਬੰਨੂੰ।'

ਏਨੇ ਨੂੰ ਜਗਤ ਰਾਮ ਉਥੇ ਆ ਪਹੁੰਚਾ। ਉਹ ਅਬਦੁਲਾ ਨੂੰ ਬਾਹੋਂ ਫੜ ਕੇ ਪਰੇ ਲੈ ਗਿਆ। ਉਹ ਦੋਵੇਂ ਇਕ ਦੂਜੇ ਦੇ ਕੰਨਾਂ ਵਿਚ ਘੁਸਰ-ਮੁਸਰ ਕਰ ਰਹੇ ਸਨ। ਗੁਲਾਬ ਕੌਰ ਦੁਪੱਟੇ ਦੀ ਨੁੱਕਰ ਨਾਲ ਅੱਖਾਂ ਪੂੰਝਦੀ-ਪੂੰਝਦੀ ਆਪਣੀ ਦਰੀ ਵੱਲ ਤੁਰ ਪਈ।

'ਕੋਰੀਆ ਮਾਰੂ' ਨੇ ਸਤ ਵੱਜੇ ਤੁਰਨਾ ਸੀ। ਸਤ ਵੱਜ ਗਏ। ਅੱਠ ਵੱਜ ਗਏ। ਨੌ ਵੱਜਣ ਵਾਲੇ ਸਨ ਪਰ ਅੱਜੇ ਵੀ ਜਹਾਜ਼ ਉੱਤੇ ਮਾਲ ਲੱਦਿਆ ਜਾ ਰਿਹਾ ਸੀ। ਲੰਗਰ ਪੱਕਾ ਪਿਆ ਸੀ ਪਰ ਨਵਾਬ ਖਾਨ ਦਾ ਖਿਆਲ ਸੀ ਕਿ ਜਹਾਜ਼ ਤੁਰਨ ਮਗਰੋਂ ਹੀ ਲੰਗਰ ਖੋਲ੍ਹਿਆ ਜਾਏ। ਪੰਡਤ ਜਗਤ ਰਾਮ ਨੇ ਉਚੀ ਸਾਰੀ ਹੋਕਾ ਦੇ ਦਿੱਤਾ-'ਗਦਰੀਓ, ਪੰਗਤ ਬਣਾ ਲਓ। ਲੰਗਰ ਖੋਲੀਏ। ਜਹਾਜ਼ ਪਤਾ ਨਹੀਂ ਕਦੋਂ ਤੁਰਨੈ।'

ਨਵਾਬ ਦੇ ਹੱਥ ਵਿਚ ਰੋਟੀਆਂ ਦੀ ਥੱਬੀ ਸੀ। ਜਗਤ ਰਾਮ ਪਾਸ ਦਾਲ ਦੀ ਬਾਲਟੀ ਸੀ। ਨਵਾਬ ਹੱਥਾਂ ਉੱਤੇ ਦੋ-ਦੋ ਰੋਟੀਆਂ ਧਰੀ ਜਾਂਦਾ ਸੀ। ਜਗਤ ਰਾਮ ਗਦਰੀਆਂ ਦੇ ਸਾਹਮਣੇ ਪਈਆਂ, ਕੌਲੀਆਂ, ਬਾਟੀਆਂ ਤੇ ਕੱਪਾਂ ਵਿਚ ਦਾਲ ਪਾਈ ਜਾਂਦਾ ਸੀ। ਕਈ ਰੋਟੀਆਂ ਉੱਤੇ ਹੀ ਦਾਲ ਪੁਆ ਰਹੇ ਸਨ।

ਅਮਰ ਸਿੰਘ ਖਾਕੀ ਕਾਗਜ਼ ਦਾ ਇਕ ਥੈਲਾ ਲਿਆ ਕੇ ਬੋਲਿਆ, 'ਅਸਾਂ ਤੁਰਨ ਲਗਿਆਂ ਗੰਢਿਆਂ ਦੀਆਂ ਦੋ ਬੋਰੀਆਂ ਤੇ ਹਰੀਆਂ ਮਿਰਚਾਂ ਲੈ ਆਂਦੀਆਂ ਸਨ।' ਉਹ ਗੰਢੇ ਵਰਤਾ ਰਿਹਾ ਸੀ। ਗਦਰੀ ਦੋਨਾਂ ਹੱਥਾਂ ਵਿਚ ਗੰਢੇ ਲੈ ਕੇ ਭੰਨ ਰਹੇ ਸਨ। ਬਾਬੂ ਸੁਰਜਨ ਸਿੰਘ ਮਸਤੀ ਵਿਚ ਨੱਚਦਾ ਬੋਲ ਰਿਹਾ ਸੀ-'ਲੜਾਕੀਆਂ ਲੈ ਲੋ ਲੜਾਕੀਆਂ, ਇਕ ਦਿਆਂ ਕਿ ਦੋ।' ਕਈ ਗਦਰੀ ਨਾ ਲੈਣ ਲਈ ਸਿਰ ਮਾਰ ਦੇਂਦੇ। ਉਹ ਫ਼ਿਰ ਬੋਲ ਉਠਦਾ-'ਗਦਰੀਓ, ਲੜਾਕੀਆਂ ਖਾਓ। ਰੱਜ੍ਹ ਕੇ ਖਾਓ। ਜਿੰਨੀਆਂ ਖਾਓਗੇ ਓਨਾ ਚੰਗਾ ਲੜੋਗੇ।' ਉਹ ਹਸਦਾ-ਹਸਦਾ ਨਚਵੇਂ ਪੈਰ ਲੰਘਦਾ ਅੱਗੇ ਜਾ ਰਿਹਾ ਸੀ। ਇਕ ਥਾਂ ਤੇ ਮਾਂਹ ਦੀ ਦਾਲ ਡੁੱਲੀ ਵੇਖ ਪਿੱਛੇ ਹਟਿਆ ਹੀ ਸੀ ਕਿ ਜਗਤ ਰਾਮ ਵਿਚ ਜਾ ਵੱਜਾ। ਉਸ ਹੱਥੋਂ ਦਾਲ ਦੀ ਬਾਲਟੀ ਡਿਗਦੀ-ਡਿਗਦੀ ਬਚ ਗਈ। ਪੰਡਤ ਨੇ ਖਰ੍ਹਵੇ ਹੋ ਕੇ ਕਿਹਾ-'ਬਾਬੂ ਬਹੁਤੀ ਮਸਤੀ ਨਾ ਕਰ।' ਉਸ ਦੇ ਹੱਥੋਂ ਮਿਰਚਾਂ ਵਾਲਾ ਲਫ਼ਾਫ਼ਾ ਫੜ ਕੇ ਉਸ ਦੇ ਹੱਥ ਵਿਚ ਦਾਲ ਵਾਲੀ ਬਾਲਟੀ ਫੜਾਉਂਦਿਆਂ ਮੁਸਕਰਾ ਕੇ ਕਿਹਾ-'ਲੈ ! ਹੁਣ ਪਾ ਖੌਰੂ। ਵੇਖਾਂ ਮੈਂ ਵੀ।' ਬਾਬੂ ਮੂੰਹ ਬਣਾ ਕੇ ਪੰਡਤ ਵੱਲ ਵੇਖਣ ਲੱਗਾ। ਕਈ ਗਦਰੀ ਹੱਸ ਪਏ। ਬਾਬੂ ਨੇ ਆਪਣੀ ਪਹਿਲੀ ਚਾਲ ਨਾਲ ਚਲਦਿਆਂ ਵਾਜਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ-'ਦਾਲਾ ਲੈ ਲੋ ਦਾਲਾ।'

ਹਾਫ਼ਜ਼ ਅਬਦੁਲਾ ਰੋਟੀ ਖਾ ਕੇ ਉੱਠਦਾ ਬੋਲ ਪਿਆ-'ਬਾਬੂ ਤਾਂ ਪੱਕਾ ਨਿਹੰਗ ਐ, ਪੱਕਾ ਨਿਹੰਗ।' ਉਸ ਨੇ ਮਖੌਲ ਕਰਦਿਆਂ ਕਿਹਾ-'ਬਾਬੂ ਤੂੰ ਤਾਂ ਦੇਸ ਚਲ ਕੇ ਨਿਹੰਗਾਂ ਦੀ ਛੌਣੀ ਜਾ ਵੜੀਂ। ਗਦਰੀਆਂ ਦਾ ਜਥਾ ਜਾਊ ਉਥੇ ਵੀ।' ਬਾਬੂ ਉਸ ਵੱਲ ਪਿੱਠ ਦੇ ਕੇ ਆਪਣੀ ਪਹਿਲੀ ਚਾਲੇ ਦਾਲ ਵਰਤਾਂਦਾ ਜਾ ਰਿਹਾ ਸੀ।

ਅਚਾਨਕ ਹੀ ਜਹਾਜ਼ ਦਾ ਘੁੱਗੂ ਵੱਜਾ ਤੇ ਜਹਾਜ਼ ਹਿੱਲ ਪਿਆ। ਗਦਰੀ ਬੁੱਕਾਂ ਨਾਲ ਹੀ ਪਾਣੀ ਪੀਂਦੇ ਆਪੋ ਆਪਣੀਆਂ ਵਿਛੀਆਂ ਦਰੀਆਂ 'ਤੇ ਚਾਦਰਾਂ ਵੱਲ ਤੁਰ ਪਏ।

ਨਵਾਬ ਖਾਨ ਨੇ ਆਪਣੇ ਸਿਰਹਾਣੇ ਹੇਠੋਂ ਕੋਈ ਚੀਜ਼ ਕੱਢ ਕੇ ਮੂੰਹ ਵਿਚ ਪਾਉਣੀ ਹੀ ਚਾਹੀ ਸੀ ਕਿ ਬਾਬੂ ਨੇ ਉਸ ਦਾ ਹੱਥ ਫੜ ਲਿਆ। ਨਵਾਬ ਦੇ ਹੱਥ ਵਿਚ ਗੁੜ ਦੀ ਨਿਕੀ ਜਿਹੀ ਰੋੜੀ ਸੀ। ਬਾਬੂ ਨੇ ਉਹ ਰੋੜੀ ਭੰਨ ਕੇ ਅੱਧੀ ਆਪਣੇ ਮੂੰਹ ਵਿਚ ਪਾ ਲਈ ਤੇ ਅੱਧੀ ਨਵਾਬ ਦੇ ਹੱਥ ਫੜਾ ਦਿੱਤੀ। ਨਵਾਬ ਨੇ ਗੁੜ ਮੂੰਹ ਵਿਚ ਪਾਂਦਿਆਂ ਬਾਬੂ ਵੱਲ ਘੂਰ ਕੇ ਵੇਖਿਆ-'ਵੰਡ ਖਾਏ ਸੋ ਖੰਡ ਖਾਏ। ਅੱਡ ਖਾਏ ਸੋ ਹੱਡ ਖਾਏ।' ਕਹਿਕੇ ਬਾਬੂ, ਨਵਾਬ ਤੋਂ ਕੁਝ ਪਰੇ ਹੋ ਗਿਆ। ਫਿਰ ਦੋਵੇਂ ਹੱਸਣ ਲੱਗ ਪਏ। ਉਨ੍ਹਾਂ ਦਾ ਹਾਸਾ ਸੁਣ ਕੇ ਅਮਰ ਸਿੰਘ ਨੇ ਪੁਛਿਆ-'ਉਏ। ਕੀ ਲਭਿਆ ਜੇ। ਵੰਡ ਕੇ ਖਾਇਓ।' ਬਾਬੂ ਨੇ ਠੱਠਾ ਕੀਤਾ-'ਲੱਭਣਾ ਕੀ ਸੀ ਕੰਜੂਸਾਂ ਕੋਲੋਂ। ਛੂਠਾ ਮੂਠਾ ਨਾਂ ਰਖਿਐ ਨਵਾਬ। ਗੁੜ ਦੀ ਰੋੜੀ ਲੁਕੋ ਕੇ ਖਾਣ ਲੱਗਾ ਸੀ, ਮੈਂ ਅੱਧੀ ਤੋੜ ਕੇ ਆਪਣੇ ਮੂੰਹ ਵਿਚ ਪਾ ਲਈ, ਹੁਣ ਘੂਰ-ਘੂਰ ਵੇਹੰਦੈ ਮੇਰੇ ਵੱਲ।'

ਅਮਰ ਸਿੰਘ ਆਪਣੀ ਥਾਂ ਤੋਂ ਉਠ ਕੇ ਉਨ੍ਹਾਂ ਦੇ ਸਾਹਮਣੇ ਜਾ ਖਲੋਤਾ। ਉਹ ਕੁਝ ਕਹਿਣ ਹੀ ਲੱਗਾ ਸੀ ਕਿ ਲਾਲ ਸਿੰਘ ਨੇ ਉਸ ਦੇ ਮੋਢੇ ਉੱਤੇ ਹੱਥ ਰਖਦਿਆਂ ਉੱਚੀ ਵਾਜ ਦਿੱਤੀ 'ਗਦਰੀਓ। ਮੀਟਿੰਗ ਉੱਤੇ ਪਹੁੰਚੋ ਪੰਜ ਮਿੰਟ 'ਚ।' ਸਭ ਗਦਰੀ ਉਸ ਪਾਸੇ ਤੁਰ ਪਏ, ਜਿੱਥੇ ਇਕ ਗਦਰੀ, ਗਦਰ ਦਾ ਝੰਡਾ, ਦੋਹਾਂ ਹੱਥਾਂ 'ਚ ਫੜ ਕੇ ਚੌਕੜੀ ਮਾਰ ਕੇ ਬੈਠਾ ਸੀ।

ਜੀਵਨ ਸਿੰਘ ਦੌਲੇ ਸਿੰਘ ਵਾਲਾ, ਲਾਲ ਸਿੰਘ ਸਹਿਬਾਨਾ, ਜਗਤ ਸਿੰਘ ਬਿੰਜਲ, ਧਿਆਨ ਸਿੰਘ ਉਮਰਪੁਰਾ, ਧਿਆਨ ਸਿੰਘ ਬੰਗਸੀ ਪੁਰ, ਹਾਫਜ਼ ਅਬਦੁਲਾ, ਰਹਿਮਤ ਅਲੀ ਵਜੀਦਕੇ, ਚੰਦਾ ਸਿੰਘ ਵੜੈਚ, ਨਾਮ੍ਹਾ ਫਤਹਿਗੜ੍ਹ, ਨਵਾਬ ਖਾਨ ਹਲਵਾਰਾ, ਪੰਡਤ ਜਗਤ ਰਾਮ ਤੇ ਅਮਰ ਸਿੰਘ ਕੋਟਲਾ ਨੌਧ ਸਿੰਘ ਗਦਰ ਦੇ ਝੰਡੇ ਦੁਆਲੇ ਬੈਠੇ ਸਨ ਤੇ ਬਾਕੀ ਗਦਰੀ ਉਨ੍ਹਾਂ ਨੂੰ ਘੇਰੇ ਵਿਚ ਲੈ ਕੇ ਹੌਲੀ-ਹੌਲੀ ਬੈਠਦੇ ਗਏ।

ਪੰਡਤ ਜਗਤ ਰਾਮ ਨੇ ਏਧਰ ਓਧਰ ਵੇਖ ਕੇ ਕਿਹਾ-'ਬੀਬੀ ਨਹੀਂ ਦਿਸਦੀ ਕਿਧਰੇ।'

'ਪੰਡਤ ਜੀ, ਉਹ ਤਾਂ ਰੋਟੀ ਵੇਲੇ ਵੀ ਨਹੀਂ ਆਈ।' ਜੀਵਨ ਸਿੰਘ ਨੇ ਜਵਾਬ ਦਿੱਤਾ।

ਹਾਫਜ਼ ਅਬਦੁਲਾ ਬੋਲ ਪਿਆ 'ਫੇਰ ਤਾਂ ਉਹ ਭੁੱਖੀ ਭਾਣੀ ਪਈ ਹੋਵੇਗੀ। ਉਹਦੇ ਘਰ ਵਾਲਾ ਸਾਡੇ ਨਾਲ ਨਹੀਂ ਤੁਰਿਆ। ਉਹ ਗੁੱਸੇ ਵਿਚ ਭਰੀ ਪੀਤੀ ਸੀ।' ਹਾਫਜ਼ ਦੀ ਗੱਲ ਸੁਣ ਕੇ ਸਭ ਇਕ ਦੂਜੇ ਵੱਲ ਤੱਕਣ ਲਗੇ। ਜੀਵਨ ਸਿੰਘ ਨੇ ਕਿਹਾ-'ਮੈਨੂੰ ਪਹਿਲੋਂ ਹੀ ਪਤਾ ਸੀ ਕਿ ਮਾਨੇ ਨੇ ਨਹੀਂ ਔਣਾ। ਉਹ ਬੜਾ ਯਰਕੂ ਐ। ਉਹਦੀ ਸੰਗਤ ਸ਼ਰਾਬੀਆਂ ਕਬਾਬੀਆਂ ਤੇ ਅਮਲੀਆਂ ਨਾਲ ਐ।'

ਚੰਦਾ ਸਿੰਘ ਵੜੈਚ ਨੇ ਰੋਹ ਨਾਲ ਕਿਹਾ-'ਮਾਨਾ ਨਹੀਂ ਆਇਆ ਤਾਂ ਚੰਗਾ ਹੋਇਐ। ਏਥੇ ਈ ਯਰਕ ਗਿਐ। ਜੇ ਅੱਗੇ ਜਾ ਕੇ ਯਰਕਦਾ ਤਾਂ ਉਹਨੇ ਬਣਦੀ ਢੇਰੀ ਢਾਹ ਦੇਣੀ ਸੀ।'

ਨਵਾਬ ਨੇ ਕਿਹਾ 'ਮੈਂ ਪੁੱਛਦਾਂ ਜਾ ਕੇ, ਬੀਬੀ ਨੇ ਰੋਟੀ ਕਿਉਂ ਨਹੀਂ ਖਾਧੀ ?'

'ਮੈਂ ਜਾ ਕੇ ਦੇ ਔਣਾ।' ਉੱਠਦੇ-ਉੱਠਦੇ ਬਾਬੂ ਸੁਰਜਨ ਸਿੰਘ ਨੂੰ ਰਹਿਮਤ ਅਲੀ ਨੇ ਗੋਡਿਓਂ ਫੜ ਕੇ ਬਿਠਾਂਦਿਆਂ ਕਿਹਾ 'ਬਾਬੂ । ਬਹਿ ਜਾ, ਉਹ ਬੜੀ ਦੁਖੀ ਹੋਵੇਗੀ। ਜੇ ਤੂੰ ਦੇ ਵੀ ਆਇਆ ਤਾਂ ਉਹਨੇ ਹੱਥ ਨਹੀਂ ਲਾਉਣਾ।'

'ਏਡੀ ਦੁਖੀ ਦੇ ਸੰਘੋਂ ਗਰਾਹੀ ਕਿਵੇਂ ਲੰਘੂ,' ਜੀਵਨ ਸਿੰਘ ਦੀ ਗੱਲ ਸੁਣ ਕੇ ਸਭ ਚੁੱਪ ਹੋ ਗਏ।

'ਅਸੀਂ ਫਰਿਸਕੋ, ਫਰੈਜ਼ਨੋ, ਸਟਾਕਟਨ ਤੇ ਹੋਰ ਕਈ ਥਾਈਂ ਗਦਰ ਦੀਆਂ ਗੂੰਜਾਂ ਪਾਈਆਂ ਪਰ ਸਭ ਆਦਮੀ ਹੀ ਹੁੰਦੇ। ਔਰਤ ਕੋਈ ਹੁੰਦੀ ਤਾਂ ਔਂਦੀ। ਪਹਿਲੀ ਵਾਰੀ ਕਿਸੇ ਔਰਤ ਨੇ ਗਦਰ ਵਿਚ ਰਲਣ ਦੀ ਹਿੰਮਤ ਕੀਤੀ ਐ। ਉਹਦੇ ਮਨ ਵਿਚ ਕਈ ਸੋਚਾਂ ਉਠਦੀਆਂ ਹੋਣਗੀਆਂ। ਉਹ ਸੋਚਦੀ ਹੋਵੇਗੀ ਕਿ ਏਨੇ ਮਰਦਾਂ ਵਿਚ ਉਹ ਕੱਲ ਮੁਕੱਲੀ ਔਰਤ ਕਿਸ ਤਰ੍ਹਾਂ ਬੈਠੇ। ਤੁਸੀਂ ਗੁਲਾਬੋ ਦੇ ਮਨ ਵਿਚ ਬੈਠ ਕੇ ਵੇਖੋ। ਜੇ ਮੈਂ ਗੁਲਾਬੋ ਹੋਵਾਂ ਤਾਂ ਮੇਰਾ ਕੀ ਹਾਲ ਹੋਊ ਏਨੇ ਮਰਦਾਂ ਵਿਚ। ਨਾਲੇ ਉਹਦਾ ਯਰਕੂ ਖਸਮ...' ਅਮਰ ਸਿੰਘ ਏਨੀਆਂ ਗੱਲਾਂ ਕਰਦਾ-ਕਰਦਾ ਗੱਲ ਪੂਰੀ ਕੀਤੇ ਬਿਨਾਂ ਰੁਕ ਗਿਆ।

ਜਹਾਜ਼ ਦੀਆਂ ਬੱਤੀਆਂ ਬੁਝ ਗਈਆਂ। ਹਨੇਰਾ ਹੋ ਗਿਆ। ਪੰਡਤ ਜਗਤ ਰਾਮ ਨੇ ਤਜਵੀਜ਼ ਕੀਤੀ 'ਬੀਬੀ ਗੁਲਾਬੋ ਨੂੰ ਅੱਜ ਉਸ ਦੇ ਹਾਲ ਉੱਤੇ ਛੱਡ ਦਿੱਤਾ ਜਾਏ ਤੇ ਮੀਟਿੰਗ ਸ਼ੁਰੂ ਕੀਤੀ ਜਾਏ। ਸਭ ਤੋਂ ਪਹਿਲੀ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਨਿਧਾਨ ਸਿੰਘ ਚੁੱਘਾ, ਇੰਦਰ ਸਿੰਘ ਸੁਰ ਸਿੰਘ ਤੇ ਪਿਆਰਾ ਸਿੰਘ ਲੰਗੇਰੀ ਤਿੰਨੇ ਨਾਗਾਸਾਕੀ ਉਤਰ ਕੇ ਸ਼ੰਘਈ ਚਲੇ ਗਏ ਸਨ। ਉਥੋਂ ਉਨ੍ਹਾਂ ਹੋਰ ਬੰਦੇ ਨਾਲ ਲੈ ਕੇ ਆਉਣਾ ਐ। ਸ਼ੰਘਈ ਤੋਂ ਚੁਘੇ ਦੀ ਹਦਾਇਤ ਮਿਲੀ ਹੈ ਕਿ ਗਦਰ ਦੇ ਸਭ ਕਾਗਜ਼, ਗਦਰ ਦੀਆਂ ਗੂੰਜਾਂ, ਤੇ ਗਦਰ ਦੇ ਪਰਚੇ ਸਮੁੰਦਰ ਵਿਚ ਸੁਟ ਦਿੱਤੇ ਜਾਣ, ਕਿਉਂਕਿ ਹਾਂਗਕਾਂਗ ਵਿਚ ਫਰੰਗੀ ਦਾ ਰਾਜ ਐ ਤੇ ਓਥੇ ਤਲਾਸ਼ੀ ਜ਼ਰੂਰ ਹੋਣੀ ਐ। ਇਸ ਲਈ ਮੀਟਿੰਗ ਤੋਂ ਪਿੱਛੋਂ ਆਪਣੇ ਸਮਾਨ ਵਿਚੋਂ ਜਿੰਨੇ ਕਾਗਜ਼ ਲੱਭ ਸਕੋ ਮੇਰੇ ਹਵਾਲੇ ਕਰ ਦਿਓ। ਮੈਂ ਆਪਣੇ ਹੱਥੀਂ ਸਮੁੰਦਰ ਵਿਚ ਸੁਟਾਂਗਾ। ਜੇ ਕਿਸੇ ਪਾਸ ਕੋਈ ਕਾਗਜ਼ ਰਹਿ ਗਿਆ ਤਾਂ ਸਭ ਔਖੇ ਹੋਵਾਂਗੇ।'

'ਪੰਡਤ ਜੀ, ਫੇਰ ਗੂੰਜਾਂ ਕਿਵੇਂ ਗਾਵਾਂਗੇ ?' ਸੁਰਜਨ ਸਿੰਘ ਨੇ ਪੁੱਛਿਆ।

ਨਵਾਬ ਖਾਨ ਬੋਲ ਪਿਆ 'ਮੈਨੂੰ ਬਹੁਤ ਸਾਰੀਆਂ ਯਾਦ ਐ। ਤੁਸੀਂ ਵੀ ਇਕ-ਇਕ ਦੋ-ਦੋ ਯਾਦ ਕਰ ਲਓ।'

'ਯਾਦ ਕਰਨਾ ਦਾ ਕਿਹੜਾ ਵੇਲਾ ਰਹਿ ਗਿਐ ?' ਲਾਲ ਸਿੰਘ ਨੇ ਮੋੜਾ ਦਿੱਤਾ।

'ਮੇਰਾ ਖਿਆਲ ਐ ਕਿ ਹਾਂਗਕਾਂਗ ਕਈ ਗੁਪਤ ਟਿਕਾਣਿਆਂ ਤੇ ਚੀਨਿਆਂ ਰਾਹੀਂ ਗਦਰ ਪਹੁੰਚਦਾ ਐ। ਓਥੇ ਗਦਰ ਗੂੰਜਾਂ ਮਿਲ ਜਾਣਗੀਆਂ। ਜੇ ਨਾ ਮਿਲਣਗੀਆਂ ਤਾਂ ਵੀ ਕੋਈ ਗੱਲ ਨਹੀਂ ਪਰ ਇਹ ਗੱਲ ਪੱਕੀ ਐ ਕਿ ਗਦਰ ਦੇ ਸਭ ਕਾਗਜ਼ ਸਮੁੰਦਰ ਵਿਚ ਸੁਟ ਦਿੱਤੇ ਜਾਣ।'

'ਪੰਡਤ ਜੀ। ਤੁਹਾਡੀ ਗੱਲ ਬਿਲਕੁਲ ਠੀਕ ਐ ਪਰ ਜੇ ਇਕ ਗੱਲ ਮੰਨੋ ਤਾਂ ਕਰਾਂ।'

'ਬਾਬੂ ਜੀ ਕਹੋ। ਜੇ ਮੰਨਣ ਵਾਲੀ ਹੋਈ ਤਾਂ ਮੰਨਾਂਗੇ।'

'ਅੱਜ ਰਾਤੀਂ ਨਾ ਸੁਟੀਏ, ਹਾਂਗਕਾਂਗ ਪਹੁੰਚਣ ਤੋਂ ਘੰਟਾ ਦੋ ਘੰਟੇ ਪਹਿਲੇ ਸੁਟ ਦਿਆਂਗੇ। ਇਕ ਅੱਧੀ ਹੋਰ ਮੈਂ ਵੀ ਯਾਦ ਕਰ ਲਊਂ।'

'ਬਿਲਕੁਲ ਠੀਕ ਐ।' 'ਠੀਕ ਠੀਕ' ਦੀਆਂ ਕਈ ਆਵਾਜ਼ਾਂ ਆਈਆਂ।'

ਬਾਬੂ ਨੇ ਕਿਹਾ 'ਪੰਡਤ ਜੀ, ਜੇ ਹੁਕਮ ਹੋਵੇ ਤਾਂ ਮੈਂ ਇਕ ਨਿਕੀ ਜਿਹੀ ਗੂੰਜ ਗਾ ਕੇ ਸੁਣਾਵਾਂ।' ਪਿਛਲੇ ਪਾਸਿਓਂ ਕਿਸੇ ਦਾ ਹਾਸਾ ਸੁਣ ਕੇ ਬਾਬੂ ਚੁੱਪ ਕਰ ਗਿਆ। ਜਗਤ ਰਾਮ ਨੇ ਕਿਹਾ 'ਬਾਬੂ ਜੀ, ਤੁਸੀਂ ਗੂੰਜ ਸੁਣਾਉਣ ਲੱਗੇ ਸੀ।'

ਬਾਬੂ ਨੇ ਗਲਾ ਸਾਫ਼ ਕਰਨ ਲਈ ਦੋ ਤਿੰਨ ਖੰਘੂਰੇ ਮਾਰੇ ਤੇ ਬੋਲਿਆ 'ਗਦਰੀਓ। ਧਿਆਨ ਨਾਲ ਸੁਣਿਓ।' ਜ਼ਰਾ ਠਹਿਰ ਕੇ ਉਸ ਨੇ ਗਾਉਣਾ ਸ਼ੁਰੂ ਕੀਤਾ

'ਨਾਲ ਦਿਲੀ ਪ੍ਰੇਮ ਦੇ ਗਦਰ ਕਰਨਾ, ਇਹਦੇ ਨਾਲ ਹੀ ਬਚੇਗੀ ਜਾਨ ਸਾਡੀ।

ਠੀਕ ਗਦਰ ਨੂੰ ਪੀੜ ਮਾਲੂਮ ਸਾਡੀ, ਹੋਰ ਕਿਸੇ ਨੂੰ ਲਾਭ ਨਾ ਹਾਣ ਸਾਡੀ।

ਗੱਲਾਂ ਦਸਦਾ ਸੱਚੀਆਂ ਗਦਰ ਸਾਨੂੰ, ਲਈ ਗਦਰ ਨੇ ਨਬਜ਼ ਪਛਾਣ ਸਾਡੀ।

ਬੇੜੀ ਜਾਂਵਦੀ ਸੀ ਰੁੜ੍ਹੀ ਵਿਚ ਸ਼ਹੁ ਦੇ, ਫੜੀ ਗਦਰ ਮਲਾਹ ਨੇ ਆਣ ਸਾਡੀ।

ਹੋਈ ਨਾਲ ਗੁਲਾਮੀ ਦੇ ਬੰਦ ਜਿਹੜੀ, ਦਿੱਤੀ ਗਦਰ ਨੇ ਖੋਹਲ ਜ਼ਬਾਨ ਸਾਡੀ।

ਜਦੋਂ ਬਦਲਸੀ ਗਦਰ ਖਿਆਲ ਸਾਡੇ, ਤਾਂ ਹੀ ਚਲੇਗੀ ਤੋਪ ਮੈਦਾਨ ਸਾਡੀ।

ਤਾਂ ਹੀ ਚਲੇਗੀ ਤੋਪ ਮੈਦਾਨ ਸਾਡੀ।'

ਰਹਿਮਤ ਅਲੀ ਨੇ ਖ਼ੁਸ਼ ਹੋ ਕੇ ਕਿਹਾ 'ਬਾਬੂ ਤੂੰ ਤਾਂ ਛੁਪਿਆ ਰੁਸਤਮ ਨਿਕਲਿਐਂ, ਕਮਾਲ ਕਰ ਦਿੱਤੀ ਊ।'

'ਮੈਂ ਨਿਕਾ ਹੁੰਦਾ ਬੋਲੀਆਂ ਪਾਂਦਾ ਰਿਹਾਂ ਪਰ ਅੱਜ ਪਹਿਲੀ ਵਾਰੀ ਮਨ ਦੀ ਹਵਾੜ ਕਢੀ ਐ।'

'ਕਿਉਂ ਭਾਈ ਗਦਰੀਓ, ਕਿਸੇ ਹੋਰ ਨੇ ਵੀ ਮਨ ਦੀ ਹਵਾੜ ਕੱਢਣੀ ਐ।' ਹਾਫਜ਼ ਦੀ ਗੱਲ ਸੁਣ ਕੇ ਸਭ ਹਸ ਪਏ।

ਨਵਾਬ ਨੇ ਹੱਥ ਖੜ੍ਹਾ ਕਰ ਦਿੱਤਾ। ਹਾਫਜ਼ ਨੇ ਕਿਹਾ 'ਨਵਾਬ ! ਤੂੰ ਤਾਂ ਪੜ੍ਹਦਾ ਹੀ ਰਹਿਨੈ, ਕਿਸੇ ਨਵੇਂ ਰੰਗਰੂਟ ਨੂੰ ਪੜ੍ਹਨ ਦੇਹ।'

ਨ੍ਹਾਮਾ ਫਤਿਹ ਗੜੀਆ ਬੋਲ ਪਿਆ 'ਜੀ ਮੈਂ ਕੁਝ ਬੰਦ ਸੁਣਾਵਾਂ ?'

ਕਈ ਆਵਾਜ਼ਾਂ ਆਈਆਂ 'ਸੁਣਾ ਨ੍ਹਾਮਿਆ ਸੁਣਾ।

'ਠੱਠੇ ਨਾ ਕਰਿਓ ਫੇਰ, ਮੈਂ ਪਹਿਲੀ ਵਾਰੀ ਕੋਈ ਕਵੀਸ਼ਰੀ ਯਾਦ ਕੀਤੀ ਐ। ਸਾਰੇ ਯਾਦ ਕਰਦੇ ਸੀ। ਮੈਂ ਕਿਹਾ ਮੈਂ ਵੀ ਇਕ ਦੋ ਕਰ ਲਵਾਂ।'

ਉਸ ਨੇ ਭਰਵੀਂ ਪੇਂਡੂ ਆਵਾਜ਼ ਕੱਢੀ:

'ਹਿੰਦੂ ਸਿਖ, ਪਠਾਣ ਤੇ ਮੁਸਲਮਾਨੋ, ਫੌਜਾਂ ਵਾਲਿਓ ਜ਼ਰਾ ਖਿਆਲ ਕਰਨਾ।

ਸਾਡਾ ਮੁਲਕ ਫਰੰਗੀਆਂ ਲੁਟ ਖਾਧਾ, ਅਸੀਂ ਜੰਗ ਹੁਣ ਉਹਨਾਂ ਦੇ ਨਾਲ ਕਰਨਾ।

ਕਰਕੇ ਦੂਰ ਫਰੰਗੀਆਂ ਬਾਂਦਰਾਂ ਨੂੰ, ਰੌਸ਼ਨ ਮੁਲਕ ਨੂੰ ਵਾਂਗ ਮਸ਼ਾਲ ਕਰਨਾ।

ਬੜਾ ਕੰਮ ਕਰਨਾ ਲੜਨੋਂ ਨਹੀਂ ਡਰਨਾ, ਮੁਲਕੋਂ ਦੂਰ ਪਲੇਗ ਤੇ ਕਾਲ ਕਰਨਾ।

ਵੇਲਾ ਜੰਗ ਦਾ ਆਣ ਨਜ਼ਦੀਕ ਢੁਕਾ, ਸੁਣ ਕੇ ਜੰਗ ਨੂੰ ਰੰਗ ਕੇ ਲਾਲ ਕਰਨਾ।

ਹੋਊ ਜਿਤ ਅਸਾਡੜੀ ਠੀਕ ਵੀਰੋ, ਜੰਗ ਬੜੇ ਪਰੇਮ ਦੇ ਨਾਲ ਕਰਨਾ।

ਮਾਰ-ਮਾਰ ਕੇ ਗੋਰਿਆਂ ਜ਼ਾਲਮਾਂ ਨੂੰ, ਵੀਰੋ ਦੂਰ ਗੁਲਾਮੀ ਦਾ ਜਾਲ ਕਰਨਾ।

ਸੁਣ ਕੇ ਗਦਰ ਦੀ ਖ਼ਬਰ ਨੂੰ ਖ਼ੁਸ਼ ਹੋਣਾ ਗਮੀ ਦੂਰ ਤੇ ਚਿਤ ਨਿਹਾਲ ਕਰਨਾ।'

ਉਸ ਨੇ ਖ਼ਤਮ ਕਰਕੇ ਪੁਛਿਆ 'ਕਿਹੋ ਜਿਹੀ ਰਹੀ।' ਕਈ ਅਵਾਜ਼ਾਂ ਆਈਆਂ 'ਨ੍ਹਾਮਿਆ। ਇਕ ਹੋਰ ਸੁਣਾ ਦੇ। ਇਕ ਹੋਰ ਹੋ ਜਾਏ।'

ਜਹਾਜ਼ ਕੁਝ ਡੋਲ ਰਿਹਾ ਸੀ। ਅਮਰ ਸਿੰਘ ਨੇ ਨਿੰਮ੍ਹੀ ਜਿਹੀ ਅਵਾਜ਼ ਵਿਚ ਕਿਹਾ 'ਕਾਫੀ ਰਾਤ-ਰਾਤ ਹੋ ਗਈ ਐ। ਬੀਬੀ ਕੀ ਸੋਚਦੀ ਹੋਵੇਗੀ।'

**ਮੀਟਿੰਗ ਖ਼ਤਮ ਹੋਈ। ਅਮਰ ਸਿੰਘ ਜੀਵਨ ਸਿੰਘ ਦੇ ਪਿੱਛੇ-ਪਿੱਛੇ ਤੁਰ ਪਿਆ। ਕੁਝ ਕਦਮ ਪੁਟ ਕੇ ਜੀਵਨ ਸਿੰਘ ਨੇ ਕਿਹਾ ਅਮਰ ਸਿਹਾਂ। ਔਹ ਵੇਖ, ਬੀਬੀ ਬੈਠੀ ਐ। ਓਥੇ ਬੈਠੀ ਹੀ ਮੀਟਿੰਗ ਦੀਆਂ ਗੱਲਾਂ ਸੁਣਦੀ ਰਹੀ ਐ।'**

# 3

'ਵੀਰਾ ਜੀਇਆ।'

'ਹਾਂ ਬੀਬੀ'

'ਮੈਂ ਸਾਰੀ ਰਾਤ ਨਹੀਂ ਸੁੱਤੀ।'

'ਮੈਨੂੰ ਪਤੈ।'

'ਸਾਰੀ ਰਾਤ ਸੋਚਾਂ ਵਿਚ ਡੁੱਬੀ ਰਹੀ ਆਂ।'

ਜੀਵਨ ਸਿੰਘ ਨੀਵੀਂ ਪਾਈ ਬੈਠਾ, ਨਿਕੀ ਦਸਤਾਰ ਸਿਰ ਉੱਤੇ ਲਪੇਟ ਰਿਹਾ ਸੀ।

ਉਸ ਵਲੋਂ ਕੋਈ ਹੁੰਗਾਰਾ ਨਾ ਮਿਲਦਾ ਵੇਖ ਕੇ ਗੁਲਾਬ ਕੌਰ ਨੇ ਪੁਛਿਆ

'ਤੂੰ ਕਿਹੜੇ ਧਿਆਨ ਡੁੱਬੈਂ।'

'ਨਹੀਂ ਬੀਬੀ। ਮੈਂ ਸੁਣਦਾਂ ਤੇਰੀ ਗੱਲ। ਤੂੰ ਕਰ ਗੱਲ।'

'ਤੈਨੂੰ ਪਤੈ ਜਦ ਪਿੰਡੋਂ ਤੁਰੇ ਸਾਂ ਤਾਂ ਮਾਨਾ ਜਕੋ ਤੱਕੇ ਕਰਦਾ ਸੀ ਤੇ ਜਦ ਕਲਕੱਤੇ ਪਹੁੰਚੇ ਤਾਂ ਬੱਕਰੇ ਬੁਲਾਏਂ ਨਹੀਂ ਸੀ ਹਟਦਾ।'

'ਪਤੈ। ਮੈਨੂੰ ਕਹਿੰਦਾ ਸੀ ਗੁਲਾਬੋ ਨੂੰ ਨਹੀਂ ਖੜਨਾ ਨਾਲ, ਪਿੰਡ ਮੋੜ ਦੇਣੈ।'

'ਤੂੰ ਮੈਨੂੰ ਨਾ ਦਸਿਆ।'

'ਮੈਂ ਤੁਹਾਡੇ ਦੋਹਾਂ ਦੇ ਵਿਚਾਲੇ ਕਾਸ ਤੋਂ ਖਲੋਂਦਾ। ਕਹਿੰਦਾ ਸੀ ਤੀਵੀਆਂ ਦਾ ਕੀ ਕੰਮ ਐ ਮਿਰਕਣ ਜਾਣ ਦਾ। ਤੇਰੇ ਨਾਲ ਨਹੀਂ ਸੀ ਉਸ ਗੱਲ ਕੀਤੀ।'

'ਕੀਤੀ ਸੀ। ਮੈਂ ਉਹਨੂੰ ਕਿਹਾ ਸੀ ਤੂੰ ਮੁੜਨੈ ਤਾਂ ਮੁੜ ਚਲ, ਮੈਂ ਵੀ ਤੇਰੇ ਨਾਲ ਮੁੜ ਚੱਲੂੰ, ਜੇ ਤੂੰ ਜਾਵੇਂ ਤਾਂ ਮੈਂ ਵੀ ਜਾਊਂ। ਮੈਂ ਨਹੀਂ ਤੈਨੂੰ ਛੱਡਣਾ।'

'ਜੀਇਆ ! ਮਾਨਾ ਚੰਗਾ ਭਲਾ ਹੁੰਦੈ ਪਰ ਜੇ ਨਸ਼ਾ ਪੀ ਲਵੇ ਤਾਂ ਉਹਦੇ ਅੰਦਰ ਜਿੰਨ ਭੂਤ ਖੌਰੂ ਪਾਉਣ ਲਗ ਪੈਂਦੇ ਐ।'

'ਤੂੰ ਵੀ ਕਦੇ ਨਸ਼ਾ ਕੀਤੈ ?'

'ਬੀਬੀ। ਤੇਰੇ ਕੋਲੋਂ ਝੂਠ ਕੀ ਬੋਲਣੈ। ਮੈਂ ਕਈ ਵਾਰੀ ਦਾਰੂ ਪੀਤੈ ਪਰ ਖੌਰੂ ਨਹੀਂ ਪਾਇਆ ਕਦੇ।'

'ਮੈਂ ਤਾਂ ਨਹੀਂ ਵੇਖਿਆ ਤੈਨੂੰ।'

'ਬੀਬੀ। ਤੈਨੂੰ ਪਤੈ ਗਦਰ ਪਾਰਟੀ ਵਿਚ ਦਾਰੂ ਪੀਣਾ ਮਨੈਂ। ਮੈਂ ਮਹੀਨੇ 'ਚ ਇਕ ਵਾਰੀ ਵੀ ਦਾਰੂ ਨਹੀਂ ਪੀਤਾ।'

'ਭਲਾ ਹੋਵੇ ਤੇਰਾ। ਚੰਗਾ ਕੀਤੈ ਗਦਰੀਆਂ ਨੇ।'

'ਬੀਬੀ। ਤੇਰਾ ਬੜਾ ਹੌਂਸਲੈ।'

'ਤੂੰ ਮੇਰੇ ਹੌਂਸਲੇ ਦੀ ਗੱਲ ਕਰਦੈਂ। ਸਾਰੀ ਰਾਤ ਤੜਫਦੀ ਰਹੀ ਆਂ। ਮਾਂ ਨੇ ਤਾਂ ਕੁਛ ਨਹੀਂ ਕਹਿਣਾ। ਬਾਪੂ ਖੂੰਡਾ ਲੈ ਕੇ ਮੇਰੇ ਦੁਆਲੇ ਹੋ ਜਾਊ। ਮੈਂ ਤਾਂ ਨਾ ਪੇਕੀਂ ਜਾਣੈਂ ਨਾ ਸਹੁਰੀਂ, ਜਿਥੇ ਡੂਟੀ ਲੱਗੂ ਉੱਥੇ ਜਾਊਂ।'

'ਮੈਂ ਵੀ ਕਰਵਟਾਂ ਬਦਲਦਾ ਰਿਹਾ। ਕਦੇ ਮਾਂ ਕਦੇ ਬਾਪੂ ਸਾਹਵੇਂ ਆ ਖਲੋਂਦੇ।'

'ਮੈਂ ਤੜਕੇ ਉੱਠ ਕੇ ਪਾਠ ਕਰਨ ਬਹਿ ਗਈ। ਦਿਲ ਨਾ ਖਲੋਵੇ। ਕਦੇ ਪਿੰਡ ਜਾ ਵੜਾਂ। ਕਦੇ ਸਹੁਰਿਆਂ ਘਰ। ਕਦੇ ਮਾਨਾਂ ਸਾਹਮਣੇ ਆ ਖਲੋਵੇ। ਜਿਹੜੀਆਂ ਗੱਲਾਂ ਤੁਸੀਂ ਰਾਤੀਂ ਕਰਦੇ ਰਹੇ, ਉਹ ਮੁੜ-ਮੁੜ ਯਾਦ ਆਉਣ। ਇਕ ਗੱਲ ਮੈਨੂੰ ਬੜੀ ਓਪਰੀ ਲਗੀ, ਹਿੰਦੂ ਸਿੱਖ ਤਾਂ ਰਲ ਕੇ ਖਾ ਪੀ ਲੈਂਦੇ ਐ ਪਰ ਰਾਤੀਂ ਨਵਾਬ ਰੋਟੀਆਂ ਵਰਤਾਵੇ।'

ਜੀਵਨ ਸਿੰਘ ਨੇ ਉਸ ਦੀ ਇਹ ਗੱਲ ਸੁਣ ਕੇ ਉਸ ਵੱਲ ਘੂਰੀ ਪਾ ਕੇ ਵੇਖਿਆ ਤੇ ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਭਰਵੀਂ ਅਵਾਜ਼ ਵਿਚ ਕਿਹਾ 'ਬੀਬੀ। ਤੈਨੂੰ ਅਜੇ ਇਹ ਵੀ ਨਹੀਂ ਲੱਗਾ ਕਿ ਸਭ ਦਾ ਲੰਗਰ ਕੱਠਾ ਪਕਦੈ। ਮਿਰਕਣ ਤੋਂ ਆਏ ਗਦਰੀ ਕਸਮਾਂ ਖਾ ਕੇ ਆਏ ਐ ਕਿ ਮਜ਼ਬਾਂ ਦੇ ਝੇੜੇ ਛੱਡ ਦੇਣੇ ਐ।'

'ਠੀਕ ਐ, ਜੀਣਿਆ ਠੀਕ ਐ ਪਰ ਅੱਜੇ ਤਕ ਮੈਂ ਤਾਂ ਕਿਸੇ ਮੁਸਲਮਾਨ ਦੇ ਹੱਥ ਦਾ ਕੁਝ ਨਹੀਂ ਖਾਧਾ।'

'ਤੂੰ ਏਸੇ ਕਰਕੇ ਰਾਤ ਰੋਟੀ ਨਹੀਂ ਖਾਧੀ ਹੋਣੀ।'

'ਭੁੱਖ ਵੀ ਨਹੀਂ ਸੀ ਤੇ ਇਹ ਗੱਲ ਵੀ ਸੀ।'

ਜੀਵਣ ਸਿੰਘ ਉੱਠ ਖਲੋਤਾ। ਗੁਲਾਬ ਕੌਰ ਨੇ ਉਸ ਨੂੰ ਬਾਹੋਂ ਫ਼ੜ ਕੇ ਬਿਠਾਂਦਿਆਂ ਪੁੱਛਿਆ 'ਫਰੰਗੀਆਂ ਦੇ ਉਲਟ ਰਲ ਕੇ ਲੜਨੈਂ ਪਰ ਮੁਸਲਮਾਨਾਂ ਦੇ ਹੱਥ ਦਾ ਖਾਣਾ ਕਿਉਂ ਜ਼ਰੂਰੀ ਐ।'

'ਹੁਕਮ ਐ ਗਦਰ ਦਾ !

'ਗਲਤ ਹੁਕਮ ਐ।'

'ਨਹੀਂ, ਬਿਲਕੁਲ ਨਹੀਂ। ਜੇ ਹਿੰਦੂ ਸਿਖ ਤੇ ਮੁਸਲਮਾਨ ਤਿੰਨੇ ਵੱਖੋ ਵਖਰੇ ਚੁੱਲ੍ਹੇ ਤਪਾਉਣ, ਵੱਖੋ ਵਖਰੇ ਖਾਣ ਤਾਂ...।'

ਗੁਲਾਬ ਕੌਰ ਨੇ ਉਸ ਦੀ ਗੱਲ ਟੋਕ ਕੇ ਕਿਹਾ 'ਹਿੰਦੂ ਸਿਖ ਇਕੱਠੇ ਪਕਾ ਲੈਣ। ਮੁਸਲਮਾਨ ਵਖਰੇ ਪਕਾ ਲੈਣ।'

'ਗੁਲਾਬੋ, ਤੂੰ ਨਹੀਂ ਸਮਝਦੀ। ਤੂੰ ਇਹ ਦਸ ਜਿਹੜੀ ਕਣਕ ਦੀ ਰੋਟੀ ਅਸਾਂ ਰਾਤ ਖਾਧੀ ਐ, ਉਹ ਕੀਨ੍ਹੇ ਬੀਜੀ ਤੇ ਉਗਾਈ ਐ ?'

'ਮੈਨੂੰ ਕੀ ਪਤਾ।'

'ਮਿਰਕਣ ਤੋਂ ਆਈ ਐ ਕਣਕ, ਨਹੀਂ ਸੱਚ, ਇਹ ਸਾਰਾ ਆਟਾ ਮਿਰਕਣ ਤੋਂ ਆਇਐ। ਗੋਰਿਆਂ ਮਿਰਕਣਾਂ ਕਣਕ ਉਗਾ ਕੇ ਮਸ਼ੀਨਾਂ ਵਿਚ ਪੀਸਿਐ। ਉਹ ਸਿਗਰਟਾਂ ਵੀ ਪੀਂਦੇ ਐ। ਗਊ ਮਾਸ ਵੀ ਖਾਂਦੇ ਐ, ਸੂਰ ਵੀ ਨਹੀਂ ਛਡਦੇ।'

'ਫੇਰ ਤਾਂ ਕਣਕ ਵੀ ਭਿੱਟੀ ਹੋਈ ਤੇ ਆਟਾ ਵੀ।'

'ਨਹੀਂ। ਇਹ ਭਿੱਟਾਂ ਦੀਆਂ ਕੰਧਾਂ ਅਸਾਂ ਬਣਾਈਐਂ।

ਇਹਨਾਂ ਭਿੱਟਾਂ ਤੇ ਮਜ਼ਹਬੀ ਝਗੜਿਆਂ ਨੇ ਦੇਸ ਗੁਲਾਮ ਕਰਾਇਐ।' ਉਹ ਉਠਣ-ਉਠਣ ਕਰਦਾ ਸੀ। ਗੁਲਾਬ ਕੌਰ ਨੇ ਉਸ ਨੂੰ ਉਠਣ ਨਾ ਦਿੱਤਾ ਤੇ ਕਿਹਾ 'ਜੀਣਿਆ। ਹੋਰ ਗੱਲਾਂ ਦਸਾਂ, ਤੇਰੀਆਂ ਗੱਲਾਂ ਮੈਨੂੰ ਓਪਰੀਆਂ ਪਰ ਚੰਗੀਆਂ ਲਗਦੀਐਂ।'

'ਤੂੰ ਇਹ ਦਸ, ਇਹ ਜਿਹੜੀ ਦਰੀ ਐ ਤੇਰੀ, ਕੀਹਨੇ ਉਣੀ ਐ ?'

'ਜੁਲਾਹੇ ਨੇ, ਪੀਰੂ ਨੇ।'

'ਉਹ ਤਾਂ ਸਿਖ ਹੋਣੈਂ।'

'ਨਹੀਂ ਮੁਸਲਮਾਨ ਐ।'

'ਫੇਰ, ਤੇਰੀ ਸਲਵਾਰ, ਤੇਰੀ ਕਮੀਜ਼, ਤੇਰਾ ਦੁਪੱਟਾ, ਕੀਹਨੇ ਸੀਤੈ।'

'ਦਰਜ਼ੀ ਨੇ।'

'ਤੇਰੇ ਪਿੰਡ ਦਾ ਹੀ ਹੋਣੈ। ਕੌਣ ਸੀ ਉਹ ਸਿਖ ਕਿ ਹਿੰਦੂ ?'

'ਨਹੀਂ ! ਦਰਜ਼ੀ ਦਾ ਨਾਂ ਐ ਭਲਾ ਜਿਹਾ', ਉਸ ਨੇ ਮੱਥੇ ਉੱਤੇ ਹੱਥ ਰਖਦਿਆਂ ਦਸਿਆ 'ਉਹਦਾ ਨਾਂ ਏ ਮੌਲਾ।'

'ਫੇਰ ਉਹ ਵੀ ਮੁਸਲਮਾਨ ਹੋਇਆ। ਤੂੰ ਇਹ ਦਸ ਪਿੰਡ ਘੜੇ ਕੌਣ ਬਣਾਂਦੈ ? ਉਹ ਘੁਮਿਆਰ ਵੀ ਮੁਸਲਮਾਨ ਹੋਣੈ। ਜੀਹਨਾਂ ਨੂੰ ਅਸੀਂ ਮਜ਼ਹਬੀ ਕਹਿੰਦੇ ਐ। ਉਹ ਸਾਡੀਆਂ ਗਾਈਆਂ ਮਹੀਆਂ ਚੋ ਕੇ ਲਿਔਂਦੇ ਐ।'

'ਨਹੀਂ ਮੇਰਾ ਬਾਪੂ ਤਾਂ ਆਪ ਚੋਂਦੈ।

'ਤੈਨੂੰ ਮੈਂ ਦਸਦਾਂ ਇਹ ਭਿੱਟਾਂ, ਇਹ ਹੱਦਾਂ, ਇਹ ਲਕੀਰਾਂ ਅਸਾਂ ਆਪ ਈ ਪਾਈਐਂ। ਰੱਬ ਨੇ ਤਾਂ ਸਾਨੂੰ ਇਕੋ ਜਿਹਾ ਬਣਾਇਐ।'

'ਜੀਣਿਆ। ਤੇਰਾ ਭਲਾ ਹੋਵੇ। ਮੈਂ ਸਮਝਦੀ ਆਂ ਪਰ ' ਜੀਉਨ ਸਿੰਘ ਨੇ ਪੁੱਛਿਆ 'ਪਰ ਕੀ।' ਤੇ ਨਾਲ ਹੀ ਉੱਠ ਕੇ ਕੁਝ ਕਦਮ ਪੁਟ ਕੇ ਜਹਾਜ਼ ਦੀ ਬਾਹੀ ਨਾਲ ਲੱਗ ਕੇ ਸਮੁੰਦਰ ਦੀਆਂ ਚੜਦੀਆਂ ਉਤਰਦੀਆਂ ਛੱਲਾਂ ਵੱਲ ਵੇਖਣ ਲੱਗ ਪਿਆ।

ਗੁਲਾਬ ਕੌਰ ਬੈਠੀ-ਬੈਠੀ ਸੋਚ ਰਹੀ ਸੀ 'ਜੇ ਘੜਾ ਮੁਸਲਮਾਨ ਘੁਮਿਆਰ ਨੇ ਬਣਾਇਐ ਤਾਂ ਉਸ ਵਿਚ ਭਰਿਆ ਪਾਣੀ ਕਿਸ ਤਰ੍ਹਾਂ ਸੁੱਚਾ ਹੋ ਸਕਦੈ। ਸਾਡੇ ਪਿੰਡ ਦਾ ਅਰਾਈਂ ਸਬਜ਼ੀਆਂ ਬੀਜਦੈ, ਗਾਜਰਾਂ, ਮੂਲੀਆਂ, ਮਟਰ, ਗੋਭੀ ਸਭ ਕੁਝ ਘਰ ਦੇ ਜਾਂਦੈ। ਪਤਾ ਨਹੀਂ ਉਹ ਸੁੱਚੀਆਂ ਹੋਂਦੀਐਂ ਕਿ ਭਿੱਟੀਆ ਹੋਈਆਂ, ਅਸੀਂ ਸਭ ਖਾ ਜਾਂਦੇ ਆਂ।'

ਜੀਵਨ ਸਿੰਘ ਨੇ ਗੁਲਾਬ ਕੌਰ ਦੇ ਸਾਹਮਣੇ ਚਾਹ ਦਾ ਇਕ ਮੱਘ ਰਖਦਿਆਂ, ਹੱਸ ਕੇ ਕਿਹਾ 'ਇਹ ਚਾਹ ਨਵਾਬ ਨੇ ਨਹੀਂ ਬਣਾਈ। ਨਾ ਹੀ ਹਾਫਜ਼ ਜਾਂ ਰਹਿਮਤ ਅਲੀ ਨੇ। ਨਾਮ੍ਹੇ ਨੇ ਬਣਾਈ ਐ। ਪੀ ਲੈ ਗਰਮਾ ਗਰਮ, ਫੇਰ ਭਿੱਟੀਆਂ ਸੁੱਚੀਆਂ ਗਿਣਦੀ ਰਹੀਂ।'

ਉਸ ਨੇ ਦੋ ਘੁੱਟ ਹੀ ਭਰੇ ਸਨ ਕਿ ਜੀਵਨ ਸਿੰਘ ਬੋਲ ਪਿਆ 'ਏਸ ਚਾਹ ਦਾ ਪਾਣੀ ਮਨੀਲੇ ਤੋਂ ਜਹਾਜ਼ੀਆਂ ਭਰਿਐ। ਜਹਾਜ਼ ਦੇ ਖਲਾਸੀਏ ਕੁਝ ਈਸਾਈ ਐ ਤੇ ਕੁਝ ਮੁਸਲਮਾਨ। ਦੁੱਧ ਡੱਬੇ ਦਾ ਐ। ਇਹ ਜਪਾਨ ਤੋਂ ਲਏ ਸੀ। ਚਾਹ ਦੀਆਂ ਡੱਬੀਆਂ ਪਤਾ ਨਹੀਂ ਕਿਹੜੇ ਮੁਲਕੋਂ ਆਈਐਂ। ਖੰਡ ਮਿਰਕਣ ਵਾਲੇ ਗਦਰੀ, ਮਿਰਕਣ ਤੋਂ ਨਾਲ ਲਿਆਏ ਐ। ਤੂੰ ਹੁਣ ਪੁਛੇਂਗੀ, ਚੀਨੀ ਦਾ ਮੱਘ ਕਿਹੜੇ ਗੁਰਦੁਆਰੇ ਦੇ ਗ੍ਰੰਥੀ ਨੇ ਬਣਾਇਐ ?' ਕਹਿ ਕੇ ਹੱਸਦਾ-ਹੱਸਦਾ ਉਹ ਉਧਰ ਤੁਰ ਪਿਆ, ਜਿੱਥੇ ਨ੍ਹਾਮਾਂ ਚੌਕੜੀ ਮਾਰ ਕੇ ਚਾਹ ਵਰਤਾ ਰਿਹਾ ਸੀ। ਉਹ ਆਪਣੇ ਮੱਘ ਵਿਚੋਂ ਇਕ ਦੋ ਘੁੱਟ ਭਰ ਕੇ ਪਚਾਕੇ ਮਾਰਦਾ, ਸੱਜਾ ਹੱਥ ਸੱਜੇ ਕੰਨ ਉੱਤੇ ਰਖ ਕੇ ਪੈਰਾਂ ਪਰਨੇ ਬੈਠ ਕੇ ਗਾਉਣ ਲਗ ਪਿਆ,

'ਕਿਹੜੇ ਹਾਲ ਅੰਦਰ ਤੁਸੀਂ ਮਸਤ ਬੈਠੇ, ਸੁਣੋ ਦੇਸ਼ ਭਾਈ ਹਿੰਦੁਸਤਾਨ ਵਾਲੇ।
ਜ਼ਰਾ ਉਹਨਾਂ ਦੇ ਵੱਲ ਧਿਆਨ ਮਾਰੋ, ਜਿਥੇ ਪੁੱਜ ਗਏ ਮੁਲਕ ਜਾਪਾਨ ਵਾਲੇ।
ਤੁਸੀਂ ਦੀਨ ਈਮਾਨ ਦੇ ਪਏ ਪਿੱਛੇ, ਫਿਕਰ ਤੁਸਾਂ ਨੂੰ ਗਿਆਨ ਧਿਆਨ ਵਾਲੇ।
ਆਪਸ ਵਿਚ ਲੜਨਾ ਮੰਦਾ ਕੰਮ ਫੜਿਆ, ਝਗੜੇ-ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਹੀਰਾ ਖਾਕ ਰੋਲ ਦਿੱਤਾ, ਰੌਲੇ ਘਤ ਕੇ ਵੇਦ ਕੁਰਾਨ ਵਾਲੇ।
ਗਾਈਂ ਸੂਰ ਝਟਕਾ ਜੇਕਰ ਦੁਖ ਦਿੰਦਾ, ਗੋਰੇ ਹੈਨ ਤਿੰਨੇ ਚੀਜ਼ਾਂ ਖਾਣ ਵਾਲੇ।
ਕਿਉਂ ਨਾ ਬੰਦ ਕਰਦੇ ਏਨਾਂ ਪਾਜੀਆਂ ਨੂੰ, ਵੈਰੀ ਤੁਸਾਂ ਦੇ ਦੀਨ ਇਮਾਨ ਵਾਲੇ।'

ਕਈ ਗਦਰੀ ਚਾਹ ਲੈਣ ਲਈ ਉਸ ਦੇ ਸਾਹਮਣੇ ਖੜ੍ਹੇ ਸਨ, ਉਨ੍ਹਾਂ ਵਿਚੋਂ ਇਕ ਨੇ ਪੁੱਛਿਆ 'ਨ੍ਹਾਮਿਆ। ਚਾਹ ਦਏਂਗਾ ਕਿ ਮੈਂ ਆਪੇ ਪਾ ਲਵਾਂ ?'

ਨ੍ਹਾਮੇ ਨੇ ਬੰਦ ਅੱਖਾਂ ਖੋਲ੍ਹ ਕੇ ਜਵਾਬ ਦਿੱਤਾ 'ਮੇਰੀ ਚਾਹ ਠੰਢੀ ਹੋ ਗਈ ਐ। ਤੂੰ ਆਪੇ ਪਾ ਲੈ।' ਰਹਿਮਤ ਅਲੀ ਨੇ ਪਹਿਲੋਂ ਬਾਕੀ ਗਦਰੀਆਂ ਦੇ ਮੱਘ ਭਰੇ ਤੇ ਫਿਰ ਆਪਣਾ ਮੱਘ ਭਰ ਕੇ ਕੁਝ ਪਰੇ ਹਟ ਕੇ ਚਾਹ ਪੀਣ ਲਗ ਪਿਆ। ਉਸ ਨੇ ਕਿਹਾ 'ਨ੍ਹਾਮਿਆ, ਅਸੀਂ ਆਏ ਆਂ ਤੇ ਤੂੰ ਗੂੰਜਾਂ ਪੜਨੋਂ ਹਟ ਗਿਐਂ।'

'ਨਹੀਂ ਰਹਿਮਤਾ ! ਤੂੰ ਅਟਕ ਜ਼ਰਾ। ਮੈਨੂੰ ਲੱਭ ਲੈਣ ਦੇ ਹੋਰ ਇਕ ਗੂੰਜ। ਆਹ ਵੇਖ ਲੱਭ ਪਈ ਐ। ਬਾਬੂ! ਤੂੰ ਇਕ ਬਾਲਟੀ ਹੋਰ ਲੈ ਆ ਗਰਮ ਚਾਹ ਦੀ, ਮੈਂ ਲੱਗਾਂ ਗਦਰ ਗੂੰਜ ਸੁਣਾਉਣ :

'ਗਦਰ ਕਰਨ ਨੂੰ ਝਟ ਤਿਆਰ ਹੋ ਜਾਓ, ਹਿੰਦੁਸਤਾਨੀਓ ਦੇਰ ਕਿਉਂ ਲਾ ਦਿੱਤੀ।
ਦੇਸ਼ ਲੁਟ ਫਰੰਗੀਆਂ ਲਿਆ ਸਾਡਾ, ਦੁੱਖ ਭੁੱਖ ਪਲੇਗ ਫੈਲਾ ਦਿੱਤੀ।
ਮਰੇ ਸੈਂਕੜੇ ਵੀਰ ਬਿਨ ਮੌਤ ਆਈ, ਬਸਤੀ ਤਿੰਨ ਕਰੋੜ ਘਟਾ ਦਿੱਤੀ।
ਲਾਇਆ ਮਾਮਲਾ, ਟੈਕਸ ਮਸੂਲ ਬਹੁਤਾ, ਦੌਲਤ ਵਿਚ ਇਗਲੈਂਡ ਪਹੁੰਚਾ ਦਿੱਤੀ।
ਰੋਟੀ ਕਪੜਾ ਮੂਲ ਨਾ ਮਿਲੇ ਸਾਨੂੰ, ਨੰਗ ਭੁੱਖ ਨੇ ਸ਼ਕਲ ਗਵਾ ਦਿੱਤੀ।
ਸਾਨੂੰ ਸ਼ੇਰਾਂ ਤੋਂ ਗਧੇ ਬਣਾ ਦਿੱਤਾ, ਉੱਤੇ ਛੱਟ ਗੁਲਾਮੀ ਦੀ ਪਾ ਦਿੱਤੀ।
ਭੇਡਾਂ ਵਾਂਗ ਅਸੀਂ ਅੱਗੇ ਲਗ ਤੁਰਦੇ, ਉਨ ਆਪਣੀ ਆਪ ਮੁਨਾ ਦਿੱਤੀ।
ਕਈ ਵੀਰ ਅਸਾਡੜੇ ਚੜ੍ਹੇ ਫਾਂਸੀ, ਖਾਤਰ ਦੇਸ਼ ਦੀ ਜਿੰਦ ਗੁਵਾ ਦਿੱਤੀ।
ਉਨ੍ਹਾਂ ਆਪਣਾ ਫਰਜ਼ ਅਦਾ ਕੀਤਾ, ਕੰਮ ਕਰਨ ਦੀ ਰੀਤ ਬਤਾ ਦਿੱਤੀ।

ਬੜੀ ਸ਼ਰਮ ਸਾਨੂੰ ਬੈਠੇ ਚੁੱਪ ਕਰਕੇ, ਗੱਲਾਂ ਕਰਦਿਆਂ ਨੇ ਡੇਰ ਲਾ ਦਿੱਤੀ।

ਚੱਲ ਕੇ ਗਦਰ ਮਚਾ ਦਿਓ ਝਟ ਭਾਈ, ਲੁੱਟੀ ਜਾਂਵਦੇ ਦੇਰ ਕਿਉਂ ਲਾ ਦਿੱਤੀ।

ਬਾਬੂ ਸੁਰਜਨ ਸਿੰਘ ਗਰਮ-ਗਰਮ ਚਾਹ ਵਰਤਾ ਰਿਹਾ ਸੀ। ਉਹ ਇਸ ਤਾੜ ਵਿਚ ਸੀ ਕਿ ਨ੍ਹਾਮਾ ਹਟੇ ਤੇ ਉਹ ਆਪ ਗਦਰ ਗੂੰਜਾਂ ਗਾਵੇ। ਉਸ ਨੇ ਝਟ ਪਟ ਭਰਵੀਂ ਸੁਰ ਕੱਢੀ

'ਆਓ ਦੇਸ਼ ਭਾਈਓ ਹਿੰਦੁਸਤਾਨ ਵਾਲੇ, ਢੰਗ ਸੋਚੀਏ ਦੁਖ ਮਿਟਾਵਨੇ ਦਾ।

ਪਿਆ ਤੌਂਕ ਗੁਲਾਮੀ ਦਾ ਗੱਲ ਸਾਡੇ, ਕਰੀਏ ਜਤਨ ਹੁਣ ਏਸ ਨੂੰ ਲਾਹਵਨੇ ਦਾ।

ਮਰਨਾ ਭਲਾ ਗੁਲਾਮੀ ਦੀ ਜ਼ਿੰਦਗੀ ਤੋਂ, ਨਹੀਂ ਸੁਖਨ ਇਹ ਮਨੋ ਭੁਲਾਵਨੇ ਦਾ।

ਆਪਸ ਵਿਚ ਨਾ ਵੈਰ ਵਿਰੋਧ ਰਖੋ, ਵੇਲਾ ਦੁਸ਼ਮਨਾਂ ਨੂੰ ਮਾਰ ਮੁਕਾਵਨੇ ਦਾ।

ਉਠੋ ਨਾਲ ਹਿੰਮਤ ਕੋਈ ਕੰਮ ਕਰੀਏ, ਵੇਲਾ ਨਹੀਂ ਹੁਣ ਢੇਰੀਆਂ ਢਾਵਨੇ ਦਾ।

ਗੱਲਾਂ ਫੋਕੀਆਂ ਨਾਲ ਨਾ ਕੰਮ ਹੁੰਦੇ, ਵੇਲਾ ਆ ਗਿਆ ਯੁਧ ਮਚਾਵਨੇ ਦਾ।

ਨਾਮ ਉਨ੍ਹਾਂ ਦਾ ਵਿਚ ਜਹਾਨ ਰੌਸ਼ਨ, ਜਿਨ੍ਹਾਂ ਸ਼ੌਕ ਸ਼ਹੀਦੀਆਂ ਪਾਵਨੇ ਦਾ।'

ਜਦ ਬਾਬੂ ਗਦਰ ਗੂੰਜਾਂ ਗਾ ਰਿਹਾ ਸੀ ਤਾਂ ਰਹਿਮਤ ਅਲੀ ਚਾਹ ਵਰਤਾ ਰਿਹਾ ਸੀ। ਜੀਵਣ ਸਿੰਘ ਨੇ ਕਿਹਾ 'ਰਹਿਮਤਾ! ਮੈਂ ਕਿੰਨੀ ਦੇਰ ਦਾ ਖਲੋਤਾਂ। ਸੋਚਿਆ, ਹੇਠਲੀ ਚਾਹ ਲਊਂ। ਤੂੰ ਭਰ ਦੇਹ ਮੇਰੇ ਦੋਵੇਂ ਮੱਘ।'

ਰਹਿਮਤ ਅਲੀ ਨੇ ਉਸ ਦੇ ਦੋਵੇਂ ਮੱਘ ਭਰਦਿਆਂ ਪੁੱਛਿਆ 'ਦੋ ਮੱਘ ਕਿਉਂ ?'

'ਇਕ ਬੀਬੀ ਗੁਲਾਬੋ ਵਾਸਤੇ ਐ।'

ਰਹਿਮਤ ਅਲੀ ਨੇ ਉਸ ਦੇ ਦੋਵੇਂ ਮੱਘ ਭਰਦਿਆਂ ਪੁੱਛਿਆ 'ਤੈਨੂੰ ਪਤੈ ਨਾ ਗੁਲਾਬੋ ਨੇ ਨਾ ਚਾਹ ਪੀਤੀ ਐ ਰਾਤੀਂ ਤੇ ਨਾ ਹੀ ਖਾਧੀ ਐ ਰੋਟੀ।'

'ਪਤੈ ਮੈਨੂੰ। ਤੂੰ ਦੋਵੇਂ ਮੱਘ ਨੱਕੋ ਨੱਕ ਭਰ ਦੇਹ।'

ਗੁਲਾਬ ਕੌਰ ਪਿੱਠ ਕਰਕੇ ਬੈਠੀ ਇਹ ਜਤਲਾ ਰਹੀ ਸੀ ਕਿ ਉਹ ਆਪਣੇ ਧਿਆਨ ਬੈਠੀ ਹੈ ਤੇ ਉਨ੍ਹਾਂ ਦੀਆਂ ਗੱਲਾਂ ਵੱਲ ਉਸ ਦਾ ਉਕਾ ਧਿਆਨ ਨਹੀਂ ਸੀ। ਪਰ ਅਸਲ ਵਿਚ ਪੂਰੇ ਧਿਆਨ ਨਾਲ ਉਹ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਸੀ।

'ਤੂੰ ਪੀ ਲੈ ਦੋਵੇਂ ਮੱਘ। ਗੁਲਾਬੋ ਨੇ ਨਹੀਂ ਪੀਣੀ।' ਰਹਿਮਤ ਅਲੀ ਦੀ ਗੱਲ ਸੁਣ ਕੇ ਜੀਵਨ ਸਿੰਘ ਦੇ ਮਨ ਵਿਚ ਸ਼ੁਭਾ ਪੈਦਾ ਹੋ ਗਿਆ ਕਿ ਰਹਿਮਤ ਅਲੀ ਨੂੰ ਪਤਾ ਲਗ ਗਿਆ ਕਿ ਗੁਲਾਬ ਕੌਰ ਨੇ ਉਸ ਦੇ ਮੁਸਲਮਾਨ ਹੋਣ ਕਰਕੇ ਉਸ ਦੇ ਹੱਥ ਦੀ ਚਾਹ ਨਹੀਂ ਪੀਣੀ। ਉਸ ਨੇ ਰਹਿਮਤ ਅਲੀ ਦੀ ਗੱਲ ਦਾ ਜਵਾਬ ਦਿੱਤੇ ਬਿਨਾ ਦੋਵੇਂ ਮੱਘ ਚੁੱਕੇ। ਇਕ ਮੱਘ ਉਸ ਨੇ ਗੁਲਾਬ ਕੌਰ ਦੇ ਸਾਹਮਣੇ ਰੱਖ ਦਿੱਤਾ। ਉਹ ਆਪ ਗੁਲਾਬ ਕੌਰ ਵੱਲ ਪਿੱਠ ਕਰਕੇ, ਚਾਹ ਪੀਣ ਲਗ ਪਿਆ।

ਗੁਲਾਬ ਕੌਰ ਚਾਹ ਪੀ ਰਹੀ ਸੀ। ਉਸ ਦੇ ਸਾਉਲੇ ਚਿਹਰੇ ਉੱਤੇ ਇਕ ਨੂਰਾਨੀ ਝਲਕ ਆ ਉਤਰੀ ਸੀ।

'ਸਾਧ ਸੰਗਤ ਜੀ। ਦਾਸ ਦਾ ਨਾਉਂ ਜੁਆਲਾ ਸਿਹੁੰ, ਪਿੰਡ ਠੱਠੀਆਂ ਤੇ ਜ਼ਿਲਾ ਅੰਬਰਸਰ ਐ। ਅਸੀਂ ਅਮਰੀਕਾ ਤੋਂ ਆਏ ਆਂ। ਦੇਸ਼ ਨੂੰ ਮੁੜ ਰਹੇ ਆਂ। ਸਾਧ ਸੰਗਤ ਨੂੰ ਪਤਾ ਈ ਐ ਕਿ ਅਸੀਂ ਕਿਉਂ ਦੇਸ਼ ਜਾ ਰਹੇ ਆਂ। ਅਸਾਂ ਗੁਲਾਮੀ ਦਾ ਜੂਲਾ ਲਾਹੁਣੈ ਜਾਂ ਸ਼ਹੀਦ ਹੋ ਜਾਣੈ। ਦੋਹਾਂ ਵਿਚੋਂ ਇਕ ਗੱਲ ਜ਼ਰੂਰ ਹੋਣੀ ਐ। ਸਿਰ ਦਿੱਤਿਆਂ ਬਾਝੂ ਆਜ਼ਾਦੀ ਨਹੀਂ ਮਿਲਣੀ। ਗੁਲਾਮੀ ਦਾ ਤੌਂਕ ਨਹੀਂ ਲਹਿਣਾ। ਜੇ ਸੋਚੋ ਕਿ ਭਲੇਮਾਣਸੀ ਨਾਲ ਗੋਰੇ ਦੇਸ ਛੱਡ ਜਾਣਗੇ ਤਾਂ ਇਹ ਗੱਲ ਭੁੱਲ ਜਾਓ। ਉਹ ਆਪਣਾ ਦੇਸ ਛੱਡ ਕੇ ਸਾਡੇ ਉੱਤੇ ਉਪਕਾਰ ਕਰਨ ਨਹੀਂ ਆਏ। ਦੇਸ ਨੂੰ ਲੁੱਟ ਰਹੇ ਐ। ਆਪਣੇ ਇੰਗਲੈਂਡ ਨੂੰ ਮਾਲਾ ਮਾਲ ਕਰ ਰਹੇ ਐ।'

'ਸਾਡੇ ਦੇਸ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਰਖਣ ਲਈ ਉਨ੍ਹਾਂ ਨੇ ਹਜ਼ਾਰਾਂ ਦੰਗੇ ਫਰੇਬ ਕੀਤੇ ਐ। ਬੁਜ਼ਦਿਲ ਰਾਜਿਆਂ ਮਹਾਰਾਜਿਆਂ ਤੇ ਨਵਾਬਾਂ ਨੂੰ ਗੁਲਾਮੀ ਦੇ ਚੋਗੇ ਪੁਆ ਕੇ ਐਸ਼ੋ ਇਸ਼ਰਤ ਵਿਚ ਫਸਾ ਦਿੱਤੈ। ਰਾਜੇ ਗੋਰਿਆਂ ਦੇ ਗੁਲਾਮ ਤੇ ਉਹਨਾਂ ਦੀ ਪਰਜਾ ਦੋਹਰੀ ਗੁਲਾਮ। ਪਹਿਲੋਂ ਗੋਰਿਆਂ ਦੀ ਤੇ ਫੇਰ ਰਾਜਿਆਂ ਨਵਾਬਾਂ ਦੀ। ਗਰੀਬ ਕਿਸਾਨ ਮਜ਼ਦੂਰ ਦਾ ਬੁਰਾ ਹਾਲ ਐ। ਕਿਸਾਨ ਸਾਰਾ ਸਾਲ ਭੁੜੀ ਕਰਕੇ ਵੀ ਆਪਣੇ ਟੱਬਰ ਲਈ ਰੋਟੀ ਨਹੀਂ ਕੱਢ ਸਕਦਾ। ਮਜ਼ਦੂਰ ਦੀ ਤਾਂ ਗੱਲ ਈ ਨਾ ਪੁੱਛੋ।'

'ਅਸੀਂ ਕਿਸਾਨਾਂ ਦੇ ਪੁੱਤ ! ਜ਼ਮੀਨਾਂ ਰਹਿਣ ਪੈ ਗਈਆਂ। ਫੌਜਾਂ ਵਿਚ ਜਾ ਭਰਤੀ ਹੋਏ। ਗੋਰਿਆਂ ਦੀਆਂ ਬੁੱਤੀਆਂ ਕਰੀਆਂ। ਅੱਕ ਕੇ ਦੇਸ ਛੱਡ ਕੇ ਬਿਦੇਸ਼ਾਂ ਵਿਚ ਜਾ ਰੁਲੇ। ਜਿੱਥੇ ਵੀ ਗਏ, ਲੋਕਾਂ ਨੇ 'ਗੁਲਾਮ-ਗੁਲਾਮ' ਕਹਿ ਕੇ ਦੁਰਕਾਰਿਆ। ਤੁਸੀਂ ਈ ਦਸੋ, ਕਿਹੜਾ ਜ਼ਹਿਰ ਖਾ ਮਰੀਏ। ਜੇ ਮਰਨਾ ਈ ਐ ਤਾਂ ਆਓ 'ਸਿਰ ਦਿੱਤਿਆਂ ਬਾਝ ਨਹੀਂ ਰਹਿਣਾ' ਨਿਰਾ ਪੜ੍ਹਨਾ ਛੱਡ ਕੇ ਇਸ ਉੱਤੇ ਅਮਲ ਕਰਕੇ ਵਿਖਾਈਏ। ਜੇ ਸਾਡੀਆਂ ਸ਼ਹਾਦਤਾਂ ਨਾਲ ਆਜ਼ਾਦੀ ਨਾ ਵੀ ਮਿਲੀ ਤਾਂ ਸਾਡੇ ਖ਼ੂਨ ਦੇ ਇਕ-ਇਕ ਕਤਰੇ ਵਿਚੋਂ ਸ਼ਹੀਦ ਉਠਣਗੇ ਤੇ ਅੰਤ ਨੂੰ ਗੁਲਾਮੀ ਦੀਆਂ ਕੜੀਆਂ ਤੋੜ ਕੇ ਹੀ ਛੱਡਣਗੇ। ਆਓ ਹੌਸਲਾ ਕਰੋ। ਕਰੋ ਕਮਰਕੱਸੇ।'

'ਮੇਰੇ ਪਾਸ ਕਹਿਣ ਨੂੰ ਬੜਾ ਕੁਝ ਐ, ਪਤਾ ਨਹੀਂ ਅਜੇ ਕਿੰਨੇ ਦਿਨ ਏਥੇ ਰੁਕੇ ਰਹੀਏ। ਫਿਰ ਸਮਾਂ ਮਿਲਿਆ ਤਾਂ ਹਾਜ਼ਰ ਹੋਵਾਂਗਾ। ਹੋਰ ਬਹੁਤ ਸਾਰੇ ਭਾਈਆਂ ਨੇ ਬੋਲਣੈ।' ਜਵਾਲਾ ਸਿੰਘ ਫਤਹਿ ਬੁਲਾ ਕੇ ਬਹਿ ਗਿਆ ਤੇ ਉਸ ਨਾਲੋਂ ਵੀ ਉਚਾ ਲੰਮਾ ਸਵਾ ਛੇ ਫੁੱਟਾ, ਰਿਸ਼ਟ ਪੁਸ਼ਟ ਜਵਾਨ ਸਿੰਘ ਉੱਠ ਕੇ ਖਲੋ ਗਿਆ। ਉਸ ਨੇ ਚੌਹੀਂ ਪਾਸੀਂ ਸਾਰੀ ਸੰਗਤ ਵੱਲ ਨਜ਼ਰ ਮਾਰੀ ਤੇ ਮਹਾਰਾਜ ਵੱਲ ਸਿਰ ਝੁਕਾ ਕੇ ਫਤਹਿ ਬੁਲਾਈ।

'ਸਾਧ ਸੰਗਤ ! ਅਸੀਂ ਕਈ ਮੁਲਕਾਂ ਤੋਂ ਆਏ ਮੁਸਾਫਰ ਏਥੇ ਆ ਇਕੱਠੇ ਹੋਏ ਆਂ। ਕੈਨੇਡਾ, ਅਮਰੀਕਾ, ਜਪਾਨ, ਮਨੀਲਾ, ਸੰਘਾਈ ਤੇ ਹੋਰ ਕਈ ਥਾਵਾਂ ਤੋਂ ਹਾਂਗਕਾਂਗ ਤਕ ਜਹਾਜ਼ ਆ ਜਾਂਦੇ ਐ। ਏਥੇ ਜਹਾਜ਼ ਬਦਲਣਾ ਪੈਂਦਾ ਐ। ਅੱਗੋਂ ਜਹਾਜ਼ ਨਹੀਂ ਮਿਲ ਰਿਹਾ। ਸਰਕਾਰ ਰੁਕਾਵਟਾਂ ਪਾ ਰਹੀ ਐ। ਜਹਾਜ਼ ਦੀਆਂ ਕੰਪਨੀਆਂ ਵਾਲੇ ਕਹਿ ਰਹੇ ਐ ਕਿ ਇਕ ਜਹਾਜ਼ ਵਿਚ ਵੀਹ ਹਿੰਦੁਸਤਾਨੀਆਂ ਤੋਂ ਵੱਧ ਮੁਸਾਫਰ ਨਹੀਂ ਜਾ ਸਕਦੇ। ਜੇ ਪੁਛੋ, ਕਿ ਕਿਉਂ ਤਾਂ ਅੱਗੋਂ ਜਵਾਬ ਮਿਲਦੈ ਕਿ ਸਰਕਾਰ ਨੂੰ ਪੁਛੋ, ਸਾਨੂੰ ਨਾ ਪੁਛੋ। ਸਰਕਾਰ ਬਿਗਾਨੀ ਐ, ਆਪਣੀ ਨਹੀਂ।'

'ਅਸੀਂ ਸੈਂਕੜੇ ਲੋਕ ਰੁਕੇ ਬੈਠੇ ਆਂ। ਇਕ ਦੂਜੇ ਦੇ ਜਾਣੂ ਨਹੀਂ। ਭਾਵੇਂ ਇਕ ਦੂਜੇ ਲਈ ਓਪਰੇ-ਓਪਰੇ ਆਂ ਪਰ ਹਾਂ ਸਭ ਇਕੋ ਦੇਸ ਤੋਂ। ਮੈਂ ਆਪਣਾ ਨਾਉਂ ਦੱਸਣਾ ਸੀ। ਮੇਰਾ ਨਾਉਂ ਕੇਸਰ ਸਿਹੁੰ, ਪਿੰਡ ਠਠਗੜ੍ਹ ਤੇ ਜ਼ਿਲ੍ਹਾ ਭਾਈ ਜੁਆਲਾ ਸਿਹੁੰ ਵਾਲਾ ਈ ਅੰਬਰਸਰ। ਜੁਆਲਾ ਸਿਹੁੰ ਮਾਮੂਲੀ ਬੰਦਾ ਨਹੀਂ। ਇਸਨੂੰ ਮਿਰਕਣ ਆਲੂਆਂ ਦਾ ਬਾਦਸ਼ਾਹ ਕਹਿੰਦੇ ਐ। ਅਮਰੀਕਾ ਨੂੰ ਅਸੀਂ ਮਿਰਕਣ ਈ ਕਹਿੰਦੇ ਆਂ। ਹਜ਼ਾਰਾਂ ਘੁਮਾਂ ਖੇਤ ਛੱਡ ਕੇ ਆਇਐ। ਅਸੀਂ ਤਾਂ ਮਜੂਰੀਆਂ ਕਰਦੇ ਆਏ ਆਂ। ਅਮਰੀਕਾ ਆਜ਼ਾਦ ਦੇਸ ਐ। ਮਿਰਕਣ ਗੋਰੇ ਸਾਨੂੰ ਵੰਗਾਰਦੇ ਐ ਕਿ ਤੁਸੀਂ ਤੀਹ ਕਰੋੜ ਹੋ ਕੇ ਮੁਠੀ ਭਰ ਫਰੰਗੀਆਂ ਦੇ ਗੁਲਾਮ ਕਿਉਂ ਬਣੇ ਬੈਠੇ ਓ।'

'ਅਸੀਂ ਜੱਟਾਂ ਕਿਸਾਨਾਂ ਦੇ ਪੁੱਤ। ਮਿਰਕਣਾ ਦੇ ਤਾਹਨੇ ਖਾ-ਖਾ ਕੇ ਅੱਕ ਗਏ ਆਂ। ਮਿਰਕਣਾ ਨੇ ਨਵੇਂ ਹਿੰਦੁਸਤਾਨੀ ਮਜ਼ਦੂਰਾਂ ਦਾ ਦਾਖਲਾ ਬੰਦ ਕਰ ਦਿੱਤੈ। ਮਜ਼ਦੂਰਾਂ ਨੂੰ ਮਜ਼ਦੂਰੀ ਤੋਂ ਧੱਕੇ ਮਿਲਦੇ ਐ। ਜੇ ਸਾਡਾ ਆਪਣਾ ਦੇਸ, ਸਾਡਾ ਆਪਣਾ ਹੋਵੇ ਤਾਂ ਸਾਨੂੰ ਦੂਜੇ ਮੁਲਕਾਂ ਵਿਚ ਧੱਕੇ ਕਿਉਂ ਖਾਣੇ ਪੈਣ ?'

'ਅਸੀਂ ਮਲਾਯਾ, ਹਾਗਕਾਂਗ, ਸੰਘਈ ਦਰਬਾਨੀਆਂ ਕਰਦੇ-ਕਰਦੇ ਅੱਕ ਗਏ ਆਂ। ਚੀਨੇ ਸਾਡੇ ਮੂੰਹਾਂ ਉੱਤੇ ਥੁਕਦੇ ਐ। ਥੁੱਕਣ ਕਿਉਂ ਨਾ। ਅਸੀਂ ਗੋਰਿਆਂ ਦੇ ਗੁਲਾਮ ਬਣ ਕੇ ਹੋਰਨਾਂ ਨੂੰ ਗੁਲਾਮ ਬਣਾਉਣ ਵਿਚ ਰੁੱਝੇ ਹੋਏ ਆਂ। ਅਸੀਂ ਆਪ ਗੁਲਾਮ ਹੁੰਦੇ ਹੋਏ ਹੋਰ ਲੋਕਾਂ ਨੂੰ ਗੋਰਿਆਂ ਦੇ ਗੁਲਾਮ ਬਣਾਈਏ, ਕਿੰਨੀ ਸ਼ਰਮ ਵਾਲੀ ਗੱਲ ਐ। ਬਰਮਾ, ਮਲਾਯਾ, ਹਾਂਗਕਾਂਗ, ਸੰਘਾਈ ਤੇ ਹੋਰ ਕਈ ਮੁਲਕਾਂ ਵਿਚ ਸਾਡੇ ਹਿੰਦੁਸਤਾਨੀ ਫੌਜੀ ਤੇ ਪੁਲਸੀਏ ਸਿਖ, ਹਿੰਦੂ ਤੇ ਮੁਸਲਮਾਨ ਭਰਾ, ਉਥੋਂ ਦੇ ਲੋਕਾਂ ਨੂੰ ਗੋਰਿਆਂ ਦੇ ਗੁਲਾਮ ਬਣਾਈ ਰੱਖਣ ਲਈ ਦਸ-ਦਸ ਰੁਪਏ ਮਹੀਨੇ ਉੱਤੇ ਗੋਰਿਆਂ ਦੇ ਬੂਟ ਚਟ ਰਹੇ ਐ। ਕਿੰਨੀ ਬੇਸ਼ਰਮੀ ਦੀ ਗੱਲ ਐ। ਇਨ੍ਹਾਂ ਮੁਲਕਾਂ ਦੇ ਲੋਕ ਸਾਡੇ ਭਰਾ ਹਨ। ਜੇ ਇਹਨਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਿਚ ਏਹਨਾਂ ਦੇ ਸਹਾਈ ਨਹੀਂ ਹੋ ਸਕਦੇ ਤਾਂ ਘਟੋ-ਘੱਟ ਪਰਦੇਸੀ ਹਾਕਮਾਂ ਦੀ ਮਦਦ ਕਰਕੇ ਏਹਨਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਹੋਰ ਪੱਕੀਆਂ ਤਾਂ ਨਾ ਕਰੀਏ।'

'ਸਮਾਂ ਬਹੁਤ ਥੋੜ੍ਹਾ ਐ। ਤਿਆਰ ਹੋ ਜਾਓ। ਝੱਟ ਪੱਟ ਤਿਆਰ ਹੋ ਜਾਓ। ਡੇਰ ਨਾ ਕਰੋ।' ਕੇਸਰ ਸਿੰਘ ਫਤਹਿ ਬੁਲਾ ਕੇ ਬੈਠਾ ਹੀ ਸੀ ਕਿ ਇਕ ਹੋਰ ਰਿਸ਼ਟ ਪੁਸ਼ਟ ਜਵਾਨ ਖੜ੍ਹਾ ਹੋ ਗਿਆ। ਉਸ ਨੇ ਫਤਹਿ ਬੁਲਾ ਕੇ ਕਹਿਣਾ ਸ਼ੁਰੂ ਕੀਤਾ 'ਮੇਰਾ ਨਾਉਂ ਸ਼ੇਰ ਸਿਹੁੰ ਐ। ਪਿੰਡ ਵੇਈਂਪੋਈਂ ਤੇ ਜ਼ਿਲਾ ਅੰਬਰਸਰ। ਮੈਂ ਕਨੇਡਾ ਤੋਂ ਆਇਆਂ। ਕਨੇਡਾ ਦਾ ਥੋੜ੍ਹਾ ਜਿਹਾ ਹਾਲ ਦਸਾਂਗਾ। ਅਸੀਂ ਫੌਜਾਂ ਵਿਚੋਂ ਨਾਉਂ ਕਟਾ ਕੇ ਕਈ ਬਿਦੇਸ਼ਾਂ ਵਿਚ ਧੱਕੇ ਖਾਂਦੇ ਕਨੇਡਾ ਜਾ ਪਹੁੰਚੇ। ਜੰਗਲ ਕੱਟੀਦੇ ਸੀ। ਰੇਲਾਂ ਦੀਆਂ ਪਟੜੀਆਂ ਵਿਛਦੀਆਂ ਸੀ। ਜਾਂਦਿਆਂ ਕੰਮ ਮਿਲ ਜਾਂਦਾ। ਫੇਰ ਸਾਡੇ ਲੋਕਾਂ ਨੇ ਓਧਰ ਵਹੀਰਾਂ ਘਤ ਲਈਆਂ। ਅਸੀਂ ਪੱਗਾਂ ਦਾੜ੍ਹੀਆਂ ਵਾਲੇ,

ਲੋਕਾਂ ਵਿਚ ਓਪਰੇ-ਓਪਰੇ ਲਗਦੇ। ਸਾਡੀ ਆਪਸ ਵਿਚ ਬੜੀ ਏਕਤਾ ਸੀ। ਸਿੱਖ ਹਿੰਦੂ ਮੁਸਲਮ ਸਭ ਰਲ ਕੇ ਬੈਠੀਏ। ਰੁਪਏ ਵਿਚੋਂ ਪੰਦਰਾਂ ਆਨੇ ਅਸੀਂ ਸਿਖ ਸਾਂ। ਅਸਾਂ ਗੁਰਦੁਆਰਾ ਬਣਾ ਲਿਆ। ਸਭ ਹਿੰਦੂ ਮੁਸਲਮ ਰਲ ਬੈਠਿਆ ਕਰੀਏ।

'ਕਨੇਡਾ ਵਿਚ ਵੀ ਅੰਗਰੇਜ਼ ਗੋਰਿਆਂ ਦਾ ਰਾਜ ਐ। ਕਨੇਡਾ ਵੀ ਅੰਗਰੇਜ਼ਾਂ ਦਾ ਗੁਲਾਮ ਐ। ਅੰਗਰੇਜ਼ਾਂ ਨੇ ਸਾਡਾ ਦਾਖਲਾ ਬੰਦ ਕਰ ਦਿੱਤਾ। ਸ਼ਰਤਾਂ ਲਾ ਦਿੱਤੀਆਂ। ਕਨੇਡਾ ਵਿਚੋਂ ਕੱਢਣ ਦੇ ਹੀਲੇ ਕੀਤੇ। ਅਸੀਂ ਡਟੇ ਰਹੇ। ਕਨੇਡਾ ਵਿਚ ਦਾਖਲ ਹੋਣ ਲਈ ਸ਼ਰਤਾਂ ਪੂਰੀਆਂ ਕਰਕੇ ਭਾਈ ਗੁਰਦਿਤ ਸਿਹੁੰ ਸਰਹਾਲੀ ਨੇ ਆਪਣਾ ਜਹਾਜ਼ ਹਾਂਗਕਾਂਗ ਤੋਂ ਤੋਰਿਆ। ਇਹ ਤਾਂ ਏਥੋਂ ਦੀ ਸੰਗਤ ਨੂੰ ਪਤਾ ਈ ਐ। ਦੋ ਮਹੀਨੇ ਉਹ ਜਹਾਜ਼ ਵੈਨਕੋਵਰ ਦੀ ਬੰਦਰਗਾਹ ਉੱਤੇ ਰੁਕਿਆ ਰਿਹਾ। ਅੰਗਰੇਜ਼ਾਂ ਨੇ ਮੁਸਾਫਰ ਉਤਰਨ ਨਾ ਦਿੱਤੇ ਤੇ ਜਹਾਜ਼ ਮੋੜ ਦਿੱਤਾ। ਓਥੋਂ ਇਕੀ ਜੁਲਾਈ ਨੂੰ ਜਹਾਜ਼ ਮੁੜ ਪਿਆ ਸੀ।

ਗੁਰੂ ਨਾਨਕ ਜਹਾਜ਼ ਬਾਰੇ ਕਈ ਅਫ਼ਵਾਹਾਂ ਸੁਣਦੇ ਆਂ ਕਿ ਅੰਗਰੇਜ਼ਾਂ ਨੇ ਜਾਪਾਨ ਤੋਂ ਸਿੱਧਾ ਕਲਕੱਤੇ ਨੂੰ ਤੋਰ ਦਿੱਤੈ ਤੇ ਰਾਹ ਵਿਚ ਕਿਸੇ ਬੰਦਰਗਾਹ ਉੱਤੇ ਨਹੀਂ ਲੱਗਣ ਦੇਣਾ। ਪਤਾ ਨਹੀਂ ਸਾਡੇ ਉਨ੍ਹਾਂ ਭਰਾਵਾਂ ਦਾ ਕੀ ਹਾਲ ਹੋਣੈ। ਸਾਡੀ ਇਹ ਹਾਲਤ ਸਾਡੀ ਗੁਲਾਮੀ ਕਰਕੇ ਐ। ਗੁਲਾਮੀ ਇਕ ਅਜਿਹੀ ਸਿਉਂਕ ਐ ਜਿਹੜੀ ਦੇਸ ਦੀਆਂ ਜੜ੍ਹਾਂ ਨੂੰ ਖਾਈ ਜਾਂਦੀ ਐ।'

ਕੰਧ ਨਾਲ ਲੱਗੀ ਕਲਾਕ ਨੇ ਦੁਪਹਿਰਾਂ ਦੇ ਬਾਰਾਂ ਵਜਾਉਣੇ ਆਰੰਭ ਦਿੱਤੇ। ਭਾਈ ਸ਼ੇਰ ਸਿੰਘ ਨੇ ਘੜੀ ਵੱਲ ਤਕ ਕੇ ਕਿਹਾ 'ਸਾਧ ਸੰਗਤ ! ਤਕਾਲਾਂ ਵੇਲੇ ਰਹਿਰਾਸ ਤੋਂ ਪਿੱਛੋਂ ਫੇਰ ਜੁੜਾਂਗੇ। ਬੈਠ ਕੇ ਗੱਲਾਂ ਕਰਾਂਗੇ। ਤੁਹਾਡੀਆਂ ਵੀ ਸੁਣਾਂਗੇ। ਹੁਣ ਖਿਮਾਂ ਬਖਸ਼ੋ।'

ਗੁਰਦੁਆਰੇ ਦਾ ਹਾਲ ਖਚਾ ਖਚ ਭਰਿਆ ਹੋਇਆ ਸੀ। ਸਭ ਪਾਸੀਂ ਮਰਦ ਹੀ ਮਰਦ ਸਨ। ਇਕ ਨੁੱਕਰ ਵਿਚ ਕੁਝ ਬੀਬੀਆਂ, ਬੱਚੇ ਤੇ ਉਨ੍ਹਾਂ ਤੋਂ ਕੁਝ ਹਟਵੀਆਂ ਕੁਝ ਚੀਨੀ ਬੀਬੀਆਂ ਸਿਰਾਂ ਉੱਤੇ ਦੁਪੱਟੇ ਲਈ ਪੰਜਾਬੀ ਪਹਿਰਾਵੇ ਵਿਚ ਬੈਠੀਆਂ ਸਨ। ਬੀਬੀ ਗੁਲਾਬ ਕੌਰ ਨੇ ਇਕ ਬੱਚੇ ਨੂੰ ਆਪਣੀ ਗੋਦ ਵਿਚ ਬਿਠਾਇਆ ਹੋਇਆ ਸੀ। ਪੰਜ ਛੇ ਸਾਲ ਦੇ ਬੱਚੇ ਦੇ ਕੇਸਾਂ ਦਾ ਜੂੜਾ ਉਸ ਦੀ ਨਿਕੀ ਜਿਹੀ ਪੱਗ ਤੋਂ ਉੱਚਾ ਹੋ ਕੇ ਦਿਸ ਰਿਹਾ ਸੀ। ਬੱਚੇ ਦਾ ਸਿਖੀ ਰੂਪ ਤੇ ਚਿਹਰਾ ਮੁਹਰਾ ਚੀਨਿਆਂ ਵਾਲਾ, ਉਹ ਬੱਚੇ ਨਾਲ ਪੰਜਾਬੀ ਵਿਚ ਗੱਲਾਂ ਕਰਨ ਦੇ ਜਤਨ ਵਿਚ ਸੀ, ਪਰ ਬੱਚਾ ਉਸ ਦੀ ਕੋਈ ਗੱਲ ਨਾ ਸਮਝ ਕੇ ਉਸਦੇ ਚਿਹਰੇ ਵੱਲ ਹੈਰਾਨੀ ਨਾਲ ਵੇਖ ਰਿਹਾ ਸੀ।

ਉਧਰ ਸੰਗਤ ਅਰਦਾਸ ਲਈ ਖੜ੍ਹੀ ਹੋ ਗਈ। ਪਰਸ਼ਾਦ ਵਰਤਿਆ। ਲੰਗਰ ਲਈ ਪੰਗਤਾਂ ਬਹਿ ਗਈਆਂ। ਗੁਲਾਬ ਕੌਰ ਉਸੇ ਬੱਚੇ ਨੂੰ ਉਂਗਲੀ ਲਾ ਕੇ ਪੰਗਤ ਵੱਲ ਤੁਰ ਪਈ। ਉਸ ਬੱਚੇ ਦੀ ਚੀਨਣ ਮਾਂ, ਪੰਜਾਬੀ ਪਹਿਰਾਵੇ ਵਿਚ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰ ਰਹੀ ਸੀ।

# 4

ਦੂਜੇ ਦਿਨ ਸ਼ਾਮ ਦੇ ਦੀਵਾਨ ਪਿੱਛੋਂ ਲੋਕੀਂ ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ ਬਹਿ ਕੇ ਗੱਲਾਂ ਕਰਦੇ ਰਹੇ। ਨਾ ਕੋਈ ਪੰਜਾਬਣ ਬੀਬੀ ਗੁਰਦੁਆਰੇ ਆਈ ਤੇ ਨਾ ਹੀ ਕੋਈ ਚੀਨਣ। ਗੁਲਾਬ ਕੌਰ, ਲੰਗਰ ਵਿਚ ਵੱਡੀ ਸਾਰੀ ਤਵੀ ਉੱਤੇ ਰੋਟੀਆਂ ਪਕਾ ਰਹੀ ਸੀ। ਉਸ ਦੇ ਸੱਜੇ ਪਾਸੇ ਦੋ ਬਜ਼ੁਰਗ, ਪੱਕ ਰਹੀ ਮਾਂਹ ਦੀ ਦਾਲ ਦੇ ਦੇਗੇ ਵਿਚ ਵਾਰੀ-ਵਾਰੀ ਕੜਛਾ ਮਾਰਦੇ ਆਪਸ ਵਿਚ ਗੱਲਾਂ ਕਰ ਰਹੇ ਸਨ। ਗੁਲਾਬ ਕੌਰ ਆਪਣੇ ਮੂੰਹ ਵਿਚ ਹੀ ਪਾਠ ਕਰ ਰਹੀ ਸੀ ਜਾਂ ਹੋ ਸਕਦੈ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੋਵੇ।

ਲੰਗਰ ਵਰਤਣ ਲਗ ਪਿਆ ਪਰ ਗੁਲਾਬ ਕੌਰ ਉੱਥੇ ਹੀ ਬੈਠੀ ਰੋਟੀਆਂ ਪਕਾਂਦੀ ਰਹੀ। ਜਦ ਗੁੱਧਾ ਹੋਇਆ ਆਟਾ ਮੁੱਕ ਗਿਆ ਤਾਂ ਹੌਲੀ ਜਿਹੀ ਉੱਠ ਕੇ ਬਾਟੀਆਂ ਤੇ ਥਾਲੀਆਂ ਮਾਂਜਣ ਬਹਿ ਗਈ। ਉਹ ਦੋਵੇਂ ਬਜ਼ੁਰਗ ਉਸ ਦੀਆਂ ਮਾਂਜੀਆਂ ਬਾਟੀਆਂ ਤੇ ਥਾਲੀਆਂ ਧੋ-ਧੋ ਕੇ ਪੂੰਝ ਕੇ ਇਕ ਪਾਸੇ ਰੱਖਣ ਲਗ ਪਏ। ਇਕ ਬਜ਼ੁਰਗ ਨੇ ਝਕਦਿਆਂ-ਝਕਦਿਆਂ ਪੁੱਛਿਆ ''ਧੀਏ। ਤੂੰ ਕਿਥੋਂ ਏਂ ?''

'ਜੀ ! ਮੇਰਾ ਪਿੰਡ ਐ ਬਖਸ਼ੀਵਾਲਾ ਤੇ ਸਹੁਰਾ ਪਿੰਡ ਐ ਜਖੇਪਲ ਸੰਗਰੂਰ ਦੇ ਲਾਗੇ।'

ਦੂਜਾ ਬਜ਼ੁਰਗ ਬੋਲਿਆ 'ਬੀਬਾ !' ਅਸੀਂ ਦੋਵੇਂ ਲੋਧੀਆਣੇ ਜ਼ਿਲ੍ਹੇ ਦੇ ਹਾਂ। ਇਕੋ ਪਿੰਡ ਐ ਸਾਡਾ, ਗੁਜਰਵਾਲ।'

'ਬਾਬਾ ਜੀ ! ਤੁਸੀਂ ਵੀ ਦੇਸ ਜਾ ਰਹੇ ਓ।'

ਪਹਿਲੇ ਬਜ਼ੁਰਗ ਨੇ ਉਭਾ-ਸਾਹ ਲੈਂਦਿਆਂ ਕਿਹਾ 'ਸਾਡੇ ਏਨੇ ਚੰਗੇ ਭਾਗ ਕਿੱਥੇ?'

ਗੁਲਾਬ ਕੌਰ ਨੇ ਹੈਰਾਨੀ ਨਾਲ ਪੁੱਛਿਆ 'ਕਿਉਂ ?' ਆਪਣੇ ਸਾਥੀ ਵੱਲ ਤਕ ਕੇ ਪਹਿਲੇ ਬਜ਼ੁਰਗ ਨੇ ਕਿਹਾ 'ਕਰਮਿਆ ਕਹੇਂ ਤਾਂ ਸੱਚੀ-ਸੱਚੀ ਗੱਲ ਦਸ ਦਿਆਂ।'

'ਕੀਹਦੀ ਡਰੀ ਮਾਰੀ ਐ। ਤੂੰ ਨਹੀਂ ਦਸਣਾ ਤਾਂ ਮੈਂ ਦਸ ਦਊਂ।' ਕਰਮ ਸਿੰਘ ਦਾ ਜਵਾਬ ਸੁਣ ਕੇ ਧਰਮ ਸਿੰਘ ਨੇ ਦਸਣਾ ਸ਼ੁਰੂ ਕੀਤਾ

'ਸਾਡੀ ਦੋਹਾਂ ਦੀ ਮੱਸ ਨਹੀਂ ਸੀ ਫੁੱਟੀ। ਪਿੰਡਾਂ ਦੇ ਗੱਭਰੂ ਕਹਿਣ ਚੀਨ ਨੂੰ ਜਾਣੈ। ਕੋਈ ਕਹਿਣ ਟਾਪੂਆਂ 'ਚ ਬੜੀ ਖੱਟੀ ਐ। ਅਸੀਂ ਦੋਵੇਂ ਘਰੋਂ ਨਸ ਤੁਰੇ। ਧੱਕੇ ਧੋੜੇ ਖਾਂਦੇ ਪਨਾਂਗ ਪਹੁੰਚ ਗਏ। ਦੋ ਢਾਈ ਮਹੀਨੇ ਉੱਥੇ ਰੁਕੇ ਰਹੇ। ਕੰਮ ਕਿਧਰੇ ਨਾ ਮਿਲੇ। ਭਲਾ ਹੋਵੇ ਪੇਂਡੂਆਂ ਦਾ, ਉਹਨਾਂ ਸਾਡੀ ਮਦਤ ਕੀਤੀ। ਸਾਨੂੰ ਚੀਨ ਵਾੜ ਦਿੱਤਾ। ਸਾਨੂੰ ਚੰਘਈ ਦਰਬਾਨੀ ਮਿਲ ਗਈ। ਦਰਬਾਨੀ ਕਰਦੇ-ਕਰਦੇ ਬੁੱਢੇ ਹੋ ਗਏ। ਨਾ ਘਰ ਨਾ ਬਾਰ। ਨਾ ਅੱਗਾ ਨਾ ਪਿੱਛਾ। ਨਾ ਪੁੱਤ ਨਾ ਧੀ। ਦਸੋ ਕੀ ਕਰਨ ਜਾਈਏ।' ਕਹਿੰਦਿਆਂ ਹੀ ਧਰਮ ਸਿੰਘ ਦਾ ਗਲਾ ਘੱਗਿਆ ਗਿਆ। ਉਹ ਗੱਲ ਅੱਗੇ ਨਾ ਤੋਰ ਸਕਿਆ।

ਕਰਮ ਸਿੰਘ ਨੇ ਝਕਦਿਆਂ-ਝਕਦਿਆਂ ਪੁੱਛਿਆ 'ਬੀਬਾ ! ਤੂੰ ਗੁਲਾਬੋ ਐਂ ਮਨੀਲੇ ਵਾਲੀ ?'

'ਹਾਂ। ਬਾਬਾ ਜੀ।'

'ਕੱਲ ਤੈਨੂੰ ਠੱਠਗੜ੍ਹੀਏ ਨੇ ਤੇਰਾ ਨਾਂ ਲੈ ਕੇ ਵਾਜ ਮਾਰੀ ਸੀ। ਮੈਂ ਤੱਕਿਆ ਇਹੋ ਗੁਲਾਬੋ ਐ। ਹੋਰ ਤਾਂ ਤੀਵੀਂ ਕੋਈ ਦਿਸਦੀ ਨਹੀਂ ਦੇਸ ਨੂੰ ਜਾਂਦੀ।'

'ਬਾਬਾ ਜੀ। ਮਿਰਕਣ ਜਾਣ ਦੇ ਰਾਹ ਬੰਦ ਹੋ ਗਏ ਐ।'

'ਫੇਰ ਤੁਸੀਂ ਚੰਘਈ ਚਲੇ ਜਾਓ। ਉੱਥੇ ਅੱਜੇ ਵੀ ਕੰਮ ਮਿਲ ਜਾਂਦੈ।'

'ਨਹੀਂ ਬਾਬਾ ਜੀ। ਹੁਣ ਦੇਸ ਈ ਜਾਊਂ। ਜੋ ਹੋਊ ਵੇਖਿਆ ਜਾਊ। ਤੁਸੀਂ ਵੀ ਤਾਂ ਚੰਘਈਓਂ ਆਏ ਓ ਦੇਸ ਜਾਣ ਲਈ।'

'ਕੁੜੇ। ਤੈਨੂੰ ਕਿਵੇਂ ਪਤੈ ?'

'ਮੈਂ ਥੁਆਨੂੰ ਗੱਲਾਂ ਕਰਦਿਆਂ ਸੁਣਿਐ।'

'ਧਰਮਿਆਂ, ਸੁਣ ਲੈ। ਤੈਨੂੰ ਕਿਹਾ ਨੀ ਸੀ ਕੰਧਾਂ ਨੂੰ ਵੀ ਕੰਨ ਹੋਂਦੇ ਐ।'

'ਕਰਮਿਆਂ, ਫੇਰ ਇਹ ਕਿਹੜੀ ਗੁੱਝੀ ਛਿਪੀ ਐ। ਬੀਬਾ ਗੁਲਾਬੋ ! ਸੱਚੀ ਪੁੱਛੇ ਤਾਂ ਅਸਾਂ ਦੋਹਾਂ ਬੜੇ ਪਾਪੜ ਵੇਲੇ ਐ। ਬਸ ਦਰਬਾਨੀ ਕੀਤੀ। ਰੱਜ ਕੇ ਪੈਸੇ ਕਮਾਏ ਤੇ ਰੱਜ ਕੇ ਖਾਧਾ। ਜਾਂ ਅਸੀਂ ਪਹਿਰਾ ਦੇਂਦੇ ਜਾਂ ਦਾਰੂ ਪੀ ਕੇ ਮਸਤ ਰਹਿੰਦੇ। ਕੋਈ ਚੰਗਾ ਕੰਮ ਨਹੀਂ ਕੀਤਾ, ਅਸਾਂ ਸਾਰੀ ਉਮਰ।' ਗੁਲਾਬ ਕੌਰ ਟਿਕ-ਟਿਕੀ ਲਾ ਕੇ ਧਰਮ ਸਿੰਘ ਵੱਲ ਵੇਖ ਰਹੀ ਸੀ। ਉਹ ਨੀਵੀਂ ਪਾ ਕੇ ਗੱਲ ਕਰਦਾ ਰਿਹਾ ਸੀ। ਵਿਚੋਂ ਹੀ ਕਰਮ ਸਿੰਘ ਬੋਲ ਪਿਆ

'ਪੁੱਤ। ਅਸੀਂ ਭੁੱਲ ਕੇ ਇਕ ਦਿਨ ਧਰਮਸ਼ਾਲਾ ਜਾ ਵੜੇ। ਕਦੇ-ਕਦੇ ਚਲੇ ਜਾਂਦੇ ਸਾਂ। ਕਈ ਪੇਂਡੂ ਮਿਲ ਪੈਂਦੇ ਸੀ। ਇਕ ਪਰੋਜ਼ਪੁਰੀਆ ਨਿਧਾਨ ਸਿਹੁੰ, ਚੁਘਿਆਂ ਦਾ ਲੈਕਚਰ ਦੇ ਰਿਹਾ ਸੀ। ਉਹਦੀਆਂ ਗੱਲਾਂ ਸੁਣ ਕੇ ਜੋਸ਼ ਆ ਗਿਆ। ਅਸੀਂ ਵੀ ਫਰੰਗੀਆਂ ਨੂੰ ਦੇਸੋਂ ਕੱਢਣ ਲਈ ਸਹੁੰਆਂ ਖਾ ਲਈਆਂ।'

ਧਰਮ ਸਿੰਘ ਨੇ ਹੌਲੀ ਜਿਹੀ ਸਿਰ ਉੱਚਾ ਚੁੱਕਦਿਆਂ ਦਸਿਆ 'ਸਾਡੇ ਕੋਲ ਪੈਸਾ ਨਾ ਧੇਲਾ, ਤਨਖਾਹ ਅੱਜੇ ਮਿਲਣੀ ਸੀ। ਚੁੱਘੇ ਨੇ ਟਿਕਟਾਂ ਕਟਾ ਦਿੱਤੀਆਂ। ਪੈਸੇ ਆਪਣੇ ਕੋਲੋਂ ਦੇ ਦਿੱਤੇ। ਉਹਨੇ ਹੋਰ ਕਈਆਂ ਦੇ ਵੀ ਦਿੱਤੇ ਐ।'

'ਬੜਾ ਦਲੇਰ ਹੋਣੈ ਚੁੱਘਾ ?'

'ਬੀਬੀ। ਪੁੱਛ ਕੁਛ ਨਾ। ਇਕ ਦਿਨ ਕੇਹਰੂ ਕਹਿਣ ਲੱਗਾ, ਜਦ ਮਨ ਕਰਦੈ ਮਿਰਕਣ ਜਾ ਵੜਦੈ। ਜਦ ਲੈਕਚਰ ਕਰਦੇ ਤਾਂ ਬਸ ਕੀਲ ਲੈਂਦੈ। ਉਹਦੀ ਕਹੀ ਕੌਣ ਮੋੜੂ !'

'ਬਾਬਾ ਜੀ, ਚੁੱਘਾ ਦੇਸ ਜਾ ਵੜਿਐ ਕਿ ਮਿਰਕਣ ਐ ਅੱਜੇ ?'

'ਅਸੀਂ ਤਾਂ ਉਹਨੂੰ ਚੰਘਈ ਸੁਣਿਆ ਸੀ। ਲੋਕੀਂ ਕਹਿੰਦੇ ਐ ਚੰਘਈ ਤੋਂ ਜਥਾ ਲੈ ਕੇ ਆਊ। ਉਹਦੀਆਂ ਉਹ ਜਾਣੇ। ਕਿਸੇ ਨੂੰ ਦਿਲ ਦਾ ਭੇਤ ਨਹੀਂ ਦੇਂਦਾ।'

ਗੁਲਾਬ ਕੌਰ ਸਭ ਭਾਂਡੇ ਮਾਂਜ ਚੁੱਕੀ ਸੀ। ਧਰਮ ਸਿੰਘ ਤੇ ਕਰਮ ਸਿੰਘ ਭਾਂਡੇ ਧੋਣੇ ਛੱਡ ਕੇ ਉਸ ਨਾਲ ਗੱਲੀਂ ਰੁੱਝ ਗਏ ਸਨ। ਗੁਲਾਬ ਕੌਰ ਨੇ ਧੋਣ ਵਾਲੇ ਭਾਂਡਿਆਂ ਦਾ ਢੇਰ ਲੱਗਾ ਵੇਖ ਕੇ ਕਿਹਾ 'ਬਾਬਾ ਜੀ ਤੁਸੀਂ ਅਰਮਾਨ ਕਰੋ। ਮੈਂ ਭਾਂਡੇ ਧੋ ਦਊਂ ਆਪੇ।'

ਦੋਵੇਂ ਬਜ਼ੁਰਗ ਚੌਂਕ ਪਏ। ਧਰਮ ਸਿੰਘ ਨੇ ਕਿਹਾ 'ਕਰਮਿਆਂ। ਛੇਤੀ ਕਰੀਏ। ਜੇ ਮੀਟਿੰਗ ਦਾ ਵੇਲਾ ਹੋ ਗਿਆ ਤਾਂ ਪਿੱਛੇ ਰਹਿ ਜਾਂਗੇ।'

'ਧਰਮਿਆਂ। ਮੈਂ ਤਾਂ ਨਹੀਉਂ ਜਾਣਾ। ਜੇ ਮੇਰੀ ਮੰਨੇ ਤਾਂ ਤੂੰ ਵੀ ਨਾ ਜਾਹ। ਊਂ ਤੂੰ ਮੇਰੀ ਕੋਈ ਗੱਲ ਕਦੇ ਮੰਨੀ ਈ ਨਹੀਂ।'

'ਤੇ ਮੈਂ ਤੇਰੀ ਮੋੜੀ ਕਦੋਂ ਐ। ਤੂੰ ਸਹੁੰ ਪਹਿਲੋਂ ਚੁੱਕੀ ਸੀ। ਫੇਰ ਮੈਂ ਚੁੱਕੀ।'

'ਬੀਬੀ, ਤੂੰ ਈ ਨਿਆਂ ਕਰ। ਭਾਂਡੇ ਧੋਤੇ ਜਾਣਗੇ। ਰਾਤੀਂ, ਅੱਧੀ ਰਾਤੀਂ ਤਾਈਂ ਮੀਟਿੰਗ ਹੋਂਦੀ ਰਹੀ। ਠਠਗੜ੍ਹੀਆ ਕਹੇ ਦੇਸ ਜਾ ਕੇ ਫੌਜਾਂ ਵਿਗਾੜਨੀਐ। ਗਦਰ ਕਰਨੈ। ਫਰੰਗੀ ਵਢਣੇ ਐ। ਜੁਆਲਾ ਸਹੁੰ ਮਿਰਕਣੀਆਂ ਕਹੇ ਠਾਣਿਆਂ ਤੋਂ ਬਦੂਖਾਂ ਲੁੱਟਣੀਐ, ਬੰਕ ਲੁੱਟਣੇ ਐ। ਖਜਾਨੇ ਲੁੱਟਣੇ ਐ। ਡਾਕ ਘਰ ਤੋੜਨੇ ਐ। ਸਾਡੇ ਪਿੰਡਾਂ ਦਾ ਮੁਸਲਮੀਣ ਐ ਨਵਾਬ। ਉਹ ਸਭ ਤੋਂ ਉੱਤੋਂ ਦੀ ਹੋ ਕੇ ਵਰ੍ਹਿਆ ਆਖੇ ਰੇਲਾਂ ਤੋੜਨੀਐ, ਪੁਲ ਢਾਹੁਣੇ ਐ। ਜਿਹਲਾਂ ਤੋੜਨੀਐ, ਗੋਰੇ ਮਾਰਨੇ ਐ। ਝੋਲੀ ਚੁਕ ਨਹੀਂ ਛੱਡਣੇ।' ਕਰਮ ਸਿੰਘ ਨੂੰ ਸਾਹ ਚੜ੍ਹ ਗਿਆ। ਉਸ ਨੇ ਆਪਣੀ ਪੱਗ ਦਾ ਇਕ ਵਲ ਖੋਹਲ ਕੇ ਮੂੰਹ ਅੱਗੇ ਦੇ ਲਿਆ। ਉਹ ਖੰਘਦਾ-ਖੰਘਦਾ ਬਾਹਰ ਵੱਲ ਤੁਰ ਪਿਆ। ਗੁਲਾਬ ਕੌਰ ਨੇ ਪਾਣੀ ਦੀ ਬਾਟੀ ਭਰ ਕੇ ਉਸ ਦੇ ਹੱਥ ਵਿਚ ਜਾ ਫੜਾਈ। ਪਾਣੀ ਦੇ ਕੁਝ ਘੁਟ ਭਰ ਕੇ ਉਸ ਦਾ ਸਾਹ ਮੁੜ ਆਇਆ। ਉਸ ਨੇ ਆਪਣੀ ਛਾਤੀ ਮਲਦਿਆਂ ਕਿਹਾ 'ਧਰਮਿਆ। ਹੁਣ ਤੂੰ ਆਪਣੀ ਗੱਲ ਕਰ ਲੈ।'

'ਮੈਂ ਕੀ ਗੱਲ ਕਰਨੀ ਐ। ਬੀਬਾ, ਫੇਰ ਇਕ ਪੰਡਤ ਬੋਲਿਆ। ਉਹ ਵੀ ਮਿਰਕਣ ਤੋਂ ਆਇਐ। ਪਾੜ੍ਹਾ ਜਾਪਦੈ। ਕਹਿਣ ਲੱਗਾ ਜਿਹੜਾ ਆਪਣੀ ਡਿਊਟੀ ਨਾ ਕਰੂ, ਉਹਨੂੰ ਗੋਲੀ ਮਾਰੀ ਜਾਊ।'

'ਬਾਬਾ ਜੀ। ਇਹ ਤਾਂ ਬੜਾ ਸਖਤ ਹੁਕਮ ਐ।'

'ਤੇ ਹੋਰ ਕੀ ਪੁੱਤ ! ਇਕ ਸਿਆਣਾ ਬੋਲਿਆ ਬਾਬੇ ਨਾਨਕ ਦੇ ਪੁਰਬ ਤੋਂ ਪਿੱਛੋਂ ਲਾਡੋਵਾਲ ਕੱਠੇ ਹੋਈਏ।'

'ਬਾਬਾ ਜੀ। ਲਾਡੋਵਾਲ ਕਿੱਥੇ ਐ ?'

'ਲੋਧੀਆਣੇ 'ਚ ਇਕ ਨਿਕਾ ਜਿਹਾ ਪਿੰਡ ਐ।'

'ਫੇਰ ਤਾਂ ਓਥੇ ਬੜਾ ਕੱਠ ਹੋ ਜਾਊ।'

'ਨਹੀਂ ! ਪੁੱਤ ਨਹੀਂ। ਉਹਨਾਂ ਟੋਲੀਆਂ ਬਣਾ ਦਿੱਤੀਐਂ।

'ਲਾਕੇ ਵੰਡ ਦਿੱਤੇ ਐ। ਕਮੇਟੀ ਵਾਲੇ ਵੱਡੇ-ਵੱਡੇ ਓਥੇ ਕੱਠੇ ਹੋਣੇ ਐ, ਨਵਾਬ ਦੀ ਟੋਲੀ 'ਚ ਸਾਨੂੰ ਦੋਹਾਂ ਨੂੰ ਪਾਇਐ। ਨਾ ਅਸੀਂ ਉਹਨੂੰ ਜਾਣੀਏ ਨਾ ਉਹ ਸਾਨੂੰ। ਕੀ ਬਣੂੰ?'

ਗੁਲਾਬ ਕੌਰ ਨੇ ਧਰਮ ਸਿੰਘ ਤੇ ਕਰਮ ਸਿੰਘ ਦੀਆਂ ਗੱਲਾਂ ਸੁਣ ਕੇ ਅੰਦਾਜ਼ਾ ਲਾ ਲਿਆ ਕਿ ਦੋਵੇਂ ਬਜ਼ੁਰਗ ਜੋਸ਼ ਵਿਚ ਆ ਕੇ ਤੁਰ ਪਏ ਸਨ ਪਰ ਵਿਚੋਂ ਡਰੇ ਖਲੋਤੇ ਨੇ।

ਕਰਮ ਸਿੰਘ ਫਿਰ ਬੋਲ ਪਿਆ 'ਮੇਰੀਆਂ ਖੁੱਚਾਂ ਸਿੱਧੀਆਂ ਨਹੀਂ ਹੋਂਦੀਆਂ।

'ਤੇ ਕਰਮਿਆਂ, ਮੈਂ ਕਿਹੜਾ ਭਲਵਾਨ ਆਂ।'

'ਬਾਬਾ ਜੀ। ਉੱਥੇ ਭਲਵਾਨਾਂ ਦੀ ਹੀ ਲੋੜ ਨਹੀਂ। ਸਿਆਣਿਆਂ ਦੀ ਵੀ ਲੋੜ ਐ। ਮੈਂ ਤੀਵੀਂ ਆਂ। ਮੈਂ ਕਿੰਨੇ ਡਾਕੇ ਮਾਰ ਲਊਂ, ਕਿੰਨੇ ਬੈਂਕ ਭੰਨ ਲਊਂ। ਤੁਸੀਂ ਤਾਂ ਅੱਜੇ ਤਕੜੇ ਓ। ਦਿਲ ਨਾ ਛੱਡੋ।' ਗੁਲਾਬ ਕੌਰ ਪਾਣੀ ਦੀ ਬਾਟੀ ਭਰ ਕੇ ਪੀਂਦੀ-ਪੀਂਦੀ ਗੁਰਦੁਆਰੇ ਵੱਲ ਤੁਰ ਪਈ। ਜਦ ਉਹ ਉਨ੍ਹਾਂ ਦੀਆਂ ਅੱਖਾਂ ਤੋਂ ਓਹਲੇ ਹੋ ਗਈ ਤਾਂ ਕਰਮ ਸਿੰਘ ਬੋਲ ਪਿਆ 'ਧਰਮਿਆਂ ਹੁਣ ਦਸ। ਅਲ੍ਹੜ ਕੁੜੀ ਵੀ ਸਾਨੂੰ ਮੱਤਾਂ ਦੇਣ ਲੱਗ ਪਈ ਐ।'

'ਕਰਮਿਆਂ। ਅਬਲ ਤਾਂ ਅਸੀਂ ਚੰਘਈਓਂ ਨਹੀਂ ਸੀ ਤੁਰਨਾ। ਹੁਣ ਕਿਹੜੇ ਮੂੰਹ ਨਾਲ ਚੰਘਈ ਮੁੜਾਂਗੇ। ਸਾਰੀ ਖਲਕਤ ਲਾਹਨਤਾਂ ਪਾਊ।'

'ਓਏ ਧਰਮਿਆਂ। ਗੁਲਾਬੋ ਦੇ ਘਰ ਵਾਲਾ ਕਿਹੜੈ।'

'ਪੁੱਛ ਲਈਂ ਉਹਨੂੰ ਜਦ ਮਿਲੂ ਫੇਰ।' ਧਰਮ ਸਿੰਘ ਅੱਖਾਂ ਮਟਕਾਅ ਕੇ ਹੱਸਣ ਲੱਗ ਪਿਆ।

# 5

'ਬੀਬਾ! ਤੂੰ ਭਾਈ ਭਗਵਾਨ ਸਿਹੁੰ ਦਾ ਨਾਂ ਸੁਣਿਐ ?'

'ਗ੍ਰੰਥੀ ਬਾਬਾ ਜੀ।'

'ਬੜਾ ਵੱਡਾ ਕਵੀਸ਼ਰ ਐ। ਬਹੁਤੀਆਂ ਗਦਰ ਗੂੰਜਾਂ ਉਹਨੇ ਈ ਲਿਖੀਐਂ।'

'ਅੱਛਾ ਜੀ, ਮਿਰਕਣ ਰਹਿੰਦਾ ਹੋਊ।'

'ਨਹੀਂ ਬੀਬਾ ਜੀ ! ਏਥੋਂ ਈ ਗਿਐ ਮਿਰਕਣ ਨੂੰ। ਪਹਿਲੋਂ ਪਲਾਂਗ ਗ੍ਰੰਥੀ ਸੀ। ਫੇਰ ਹਾਂਗਕਾਂਗ ਗ੍ਰੰਥੀ ਰਹਿ ਕੇ ਗਿਐ।'

'ਫੇਰ ਤਾਂ ਤੁਸੀਂ ਉਹਨੂੰ ਵੇਖਿਆ ਹੋਣੈਂ।'

'ਲੈ ਹੋਰ ਸੁਣ। ਜਦੋਂ ਉਹ ਪਲਾਂਗ ਸੀ, ਮੈਂ ਵੀ ਪਲਾਂਗ ਜਾਗਾ ਕਰਦਾ ਸਾਂ।'

'ਉਹ ਕੀ ਕੰਮ ਹੋਂਦੈ ?'

'ਤੈਨੂੰ ਜਾਗੇ ਦਾ ਪਤਾ ਨਹੀਂ। ਪਹਿਰਾ ਦੇਣ ਨੂੰ ਕਹਿੰਦੈ ਐ। ਜਿਹੜਾ ਰਾਤ ਸਾਰੀ ਜਾਗ ਕੇ ਪਹਿਰਾ ਦੇਂਦਾ ਰਹੇ, ਉਹ ਜਾਗਾ ਹੋ ਗਿਆ।'

'ਮੈਂ ਕੀ ਜਾਣਾਂ। ਮੈਂ ਅੰਞਾਣ ਆਂ।'

'ਉਹ ਸ਼ੁਰੂ ਤੋਂ ਹੀ ਬਾਗੀ ਸੀ। ਫ਼ਰੰਗੀਆਂ ਦੇ ਉਲਟ ਕਵੀਸ਼ਰੀ ਕਰਦਾ ਸੀ। ਜਦ ਕਵੀਸ਼ਰੀ ਪੜ੍ਹਦਾ ਤਾਂ ਮੇਰੇ ਦਿਲ ਨੂੰ ਕੀਲ ਲੈਂਦਾ। ਮੈਂ ਤਾਂ ਉਹਦਾ ਚੇਲਾ ਬਣ ਗਿਆ। ਉਂ ਉਮਰੋਂ ਉਹ ਮੇਰੇ ਨਾਲੋਂ ਸਾਲ ਦੋ ਸਾਲ ਛੋਟਾ ਹੀ ਹੋਊ।'

ਬਾਬਾ ਤਾਰੂ ਸਿੰਘ ਨੇ ਆਪਣੇ ਸਿਰਹਾਣੇ ਹੇਠੋਂ ਕੁਝ ਕਾਗਜ਼ ਫਰੋਲ ਕੇ, ਗੁਲਾਬ ਕੌਰ ਦੇ ਸਾਹਮਣੇ ਇਕ ਕਾਗਜ਼ ਰਖਦਿਆਂ ਦਸਿਆ 'ਤੂੰ ਗਦਰ ਦਾ ਪਰਚਾ ਕਦੇ ਵੇਖਿਐ ?'

'ਨਹੀਂ ਬਾਬਾ ਜੀ।'

'ਆਹ ਵੇਖ। ਫਰਿਸਕੋ ਸ਼ਹਿਰ ਐ ਮਿਰਕਣ ਵਿਚ। ਓਥੇ ਗਦਰੀ ਛਾਪਦੇ ਐ। ਚੀਨਿਆਂ ਰਾਹੀਂ ਆਉਂਦੈ। ਜਿਹੜੀ ਚੀਨਣ ਸਫਾਈ ਕਰਦੀ ਐ, ਉਹਦੇ ਘਰ ਵਾਲਾ ਦੇ ਜਾਂਦੈ।

ਗੁਲਾਬ ਕੌਰ ਨੇ ਗਦਰ ਅਖਬਾਰ ਦੇ ਵਰਕੇ ਪਰਤ ਕੇ ਵੇਖੇ ਤੇ ਕਿਹਾ 'ਬਾਬਾ ਜੀ। ਮੈਂ ਪੜ੍ਹ ਕੇ ਦਊਂ।' ਬਾਬੇ ਨੇ ਉਸ ਦੇ ਹੱਥੋਂ ਫੜ ਕੇ ਸਿਰਹਾਣੇ ਹੇਠ ਰਖਦਿਆਂ ਕਿਹਾ 'ਤੂੰ ਜਾਣ ਲੱਗੀ ਲੈ ਜਾਈਂ। ਹੋਰ ਕਿਸੇ ਨੂੰ ਨਾ ਦਈਂ, ਕੱਲ ਸਵੇਰੇ ਮੈਨੂੰ ਮੋੜ ਦਈਂ।'

'ਬਾਬਾ ਜੀ। ਮੈਨੂੰ ਦਿਓ। ਮੈਂ ਹੁਣੇ ਜਾ ਕੇ ਪੜ੍ਹਦੀ ਆਂ।'

'ਤੂੰ ਕਾਹਲੀ ਨਾ ਪਓ ਬੀਬਾ! ਮੈਂ ਦੋਹਾਂ ਤਿੰਨਾਂ ਦਿਨਾਂ ਤੋਂ ਤੇਰੇ ਨਾਲ ਗੱਲਾਂ ਕਰਨ ਨੂੰ ਫਿਰਦਾ ਸਾਂ। ਤੂੰ ਅੱਜ ਆਪੇ ਆ ਗਈ। ਵੇਖ ! ਤੈਨੂੰ ਮੈਂ ਬੀਬੀਆਂ ਦੀ ਸਾਖੀ ਸੁਣੌਣੀ ਐ, ਜਿਹੜੀਆਂ ਮਿਰਕਣ ਨੂੰ ਗਈਆਂ ਸੀ।'

'ਤੀਵੀਆਂ ਨੂੰ ਮਿਰਕਣ ਜਾਣ ਈ ਨਹੀਂ ਦੇਂਦੇ। ਬੜੀ ਸਖਤੀ ਕਰਦੈ ਐ।'

'ਵੇਖ ਬੀਬਾ। ਜਿਸ ਭੌਂ ਤੇ ਅਸੀਂ ਬੈਠੇ ਹਾਂ, ਏਸੇ ਕਮਰੇ ਵਿਚ ਤੇ ਨਾਲ ਦੇ ਕਮਰੇ ਵਿਚ, ਜਿੱਥੇ ਤੂੰ ਸੌਂਦੀ ਐਂ, ਦੋਵੇਂ ਬੀਬੀਆਂ ਉਥੇ ਰਹਿ ਕੇ ਗਈਐਂ।'

'ਤੁਸੀਂ ਵੇਖੀਐਂ ?'

'ਨਹੀਂ ਮੈਂ ਨਹੀਂ ਵੇਖੀਆਂ। ਮੇਰੇ ਨਾਲੋਂ ਪਹਿਲੇ ਜੋ ਗ੍ਰੰਥੀ ਸੀ, ਉਹਨੇ ਸਭ ਗੱਲਾਂ ਦੱਸੀਐਂ। ਇਕ ਬੀਬੀ ਦਾ ਨਾਂ ਸੀ ਕਰਤਾਰ ਕੌਰ ਤੇ ਦੂਜੀ ਦਾ ਹਰਨਾਮ ਕੌਰ। ਕਰਤਾਰ ਕੌਰ ਦੇ ਘਰ ਵਾਲਾ ਕਨੇਡਾ ਵਿਚ ਗ੍ਰੰਥੀ ਤੇ ਹਰਨਾਮ ਕੌਰ ਦੇ ਘਰ ਵਾਲਾ ਓਥੇ ਦਾ ਜਥੇਦਾਰ।'

'ਬਾਬਾ ਜੀ। ਕਨੇਡਾ ਤੇ ਮਿਰਕਣ ਅੱਡ-ਅੱਡ ਮੁਲਕ ਆ।'

'ਦੋ ਵੱਡੇ-ਵੱਡੇ ਮੁਲਕ। ਖੁਲ੍ਹੇ ਜੰਗਲ ਪਏ ਐ। ਧਰਤੀ ਬੜੀ ਉਪਜਾਊ ਐ ਪਰ ਦੋਹਾਂ ਮੁਲਕਾਂ ਦੇ ਗੋਰੇ ਸਾਨੂੰ ਨਹੀਂ ਵੜਨ ਦੇਂਦੇ।'

'ਮੈਨੂੰ ਪਤੈ 'ਗੁਲਾਮ' 'ਗੁਲਾਮ', ਕਹਿ ਕੇ ਦੁਰਕਾਰਦੇ ਐ।'

'ਰੱਬ ਤੇਰਾ ਭਲਾ ਕਰੇ।'

'ਉਹ ਬੀਬੀਆਂ ਕਿੱਥੇ ਐ ਹੁਣ।'

'ਧੀਰਜ ਕਰ। ਮੈਂ ਤੈਨੂੰ ਸਭ ਦਸਦਾਂ। ਉਹ ਨੌਂ ਮਹੀਨੇ ਇਹਨਾਂ ਦੋਹਾਂ ਕਮਰਿਆਂ ਵਿਚ ਰਹੀਐਂ। ਹਰਨਾਮ ਕੌਰ ਦੇ ਪੁੱਤ ਦਾ ਜਨਮ ਏਸ ਕਮਰੇ ਵਿਚ ਹੋਇਐ, ਜਿੱਥੇ ਅਸੀਂ ਬੈਠੇ ਹਾਂ। ਉਹਦੇ ਘਰ ਵਾਲਾ ਭਾਗ ਸਿਹੁੰ ਬੜਾ ਉੱਚਾ ਲੰਮਾ ਜਵਾਨ ਦੱਸੀਦਾ ਐ। ਸਾਰੇ ਕਨੇਡਾ ਦਾ ਜਥੇਦਾਰ ਐ। ਕਿਸੇ ਦੀ ਮਜਾਲ ਨਹੀਂ ਕਿ ਉਹਦੇ ਅੱਗੇ ਚੂੰ ਕਰੇ।'

'ਬਾਬਾ ਜੀ ! ਕਰਤਾਰ ਕੌਰ...।' ਉਸ ਦੀ ਗੱਲ ਵਿਚੋਂ ਹੀ ਟੁੱਕ ਕੇ ਬਾਬੇ ਨੇ ਦਸਿਆ 'ਕਰਤਾਰ ਕੌਰ ਦੀ ਗੋਦੀ ਵਿਚ ਦੋ ਬੀਬੀਆਂ ਦਸਦੇ ਸੀ। ਉਹਦੇ ਘਰ ਵਾਲਾ ਭਾਈ ਬਲਵੰਤ ਸਿਹੁੰ ਬੜਾ ਭਜਨੀਕ ਸੁਣੀਂਦਾ ਐ।'

'ਉਹ ਬੀਬੀਆਂ ਹੁਣ ਮਿਰਕਣ ਐ ਕਿ ਕਨੇਡਾ ?'

'ਤੂੰ ਮੇਰੀ ਗੱਲ ਧੀਰਜ ਨਾਲ ਸੁਣ। ਜੇ ਕੋਈ ਗੱਲ ਰਹਿ ਜਾਊ ਤਾਂ ਪੁਛ ਲਈਂ।

'ਚੰਗਾ ਬਾਬਾ ਜੀ।'

'ਕਨੇਡਾ ਵਿਚ ਉਹਨਾਂ ਫਰੰਗੀਆਂ ਦਾ ਰਾਜ ਐ ਜਿਹੜੇ ਸਾਡੇ ਦੇਸ ਤੇ ਰਾਜ ਕਰਦੇ ਐ। ਮਿਰਕਣ ਗੋਰੇ ਫਰੰਗੀਆਂ ਤੋਂ ਵਖਰੇ ਐ। ਉਹ ਫਰੰਗੀਆਂ ਦੇ ਗੁਲਾਮ ਨਹੀਂ।'

'ਫੇਰ ਸਾਨੂੰ ਮਿਰਕਣ ਕਿਉਂ ਨਹੀਂ ਜਾਣ ਦੇਂਦੇ ?'

'ਉਹ ਸਭ ਗੋਰੇ ਐ। ਇਕ ਦੂਜੇ ਦੀ ਗੱਲ ਮੰਨਦੇ ਐ।'

'ਬਾਬਾ ਜੀ ! ਨਾਲੇ ਅਸੀਂ ਗੁਲਾਮ ਹੋਏ। ਗੁਲਾਮਾਂ ਨੂੰ ਚੀਨੇ ਵੀ ਦੁਰੇ-ਦੁਰੇ ਕਰਦੇ ਐ।'

'ਕਰਨ ਕਿਉਂ ਨਾ। ਆਪਣਾ ਮੁਲਕ ਛੱਡ ਕੇ ਅਸੀਂ ਪਰਦੇਸਾਂ ਵਿਚ ਖੇਹ ਖਾਂਦੇ ਫਿਰਦੇ ਆਂ। ਲੈ ਫੇਰ ਬੀਬੀਆਂ ਦੀ ਗੱਲ ਵੱਲ ਆ ਜਾ। ਤੂੰ ਕੱਲ ਮੁਕੱਲੀ ਬੀਬੀ ਐਂ।' ਤੈਨੂੰ ਸੁਣਾ ਰਿਹਾਂ ਜੋ ਮੈਨੂੰ ਪਤੈ। ਤੂੰ ਵੀ ਜੇ ਕੱਲ ਨਹੀਂ ਤਾਂ ਪਰਸੋਂ ਦੇਸ ਨੂੰ ਤੁਰਨੈ। ਮੇਰੀ ਗੱਲ ਸੁਣੇਂਗੀ ਤਾਂ ਤੇਰਾ ਮਨ ਕਰੜਾ ਹੋਊ।'

'ਬਾਬਾ ਜੀ ! ਮੈਂ ਮਨ ਪੱਕਾ ਕਰਕੇ ਤੁਰੀ ਆਂ।'

'ਸ਼ਾਬਾਸ਼ੇ ਬੀਬਾ। ਪਰ ਫੇਰ ਵੀ...।' ਕੁਝ ਰੁਕ ਕੇ, ਉਸ ਨੇ ਆਪਣੀ ਗੱਲ ਤੋਰ ਲਈ 'ਕਨੇਡਾ ਵਾਲੇ ਕਹਿਣ ਔਰਤਾਂ ਤੇ ਬੱਚਿਆਂ ਨੂੰ ਨਹੀਂ ਵੜਨ ਦੇਣਾ। ਭਾਈ ਹੋਰੀਂ ਤੇ ਜਥੇਦਾਰ ਹੋਰੀਂ ਟੱਬਰ ਲੈ ਕੇ ਫਰਿਸਕੋ ਜਾ ਵੜੇ।'

'ਬਾਬਾ ਜੀ, ਫਰਿਸਕੋ ਕਨੇਡਾ ਵਿਚ ਐ ਜਾਂ ਮਿਰਕਣ ਵਿਚ।'

'ਮੈਂ ਕਿਹੜਾ ਵੇਖਿਐ। ਕਹਿੰਦੇ ਐ ਮਿਰਕਣ ਦਾ ਸ਼ਹਿਰ ਐ, ਜਿੱਥੇ ਵੱਡੇ-ਵੱਡੇ ਜਹਾਜ਼ ਲਗਦੇ ਐ। ਬੀਬਾ। ਦਿਲ ਉੱਤੇ ਹੱਥ ਰੱਖ ਕੇ ਸੁਣ। ਮਿਰਕਣ ਗੋਰਿਆਂ ਨੇ ਕਨੇਡੀਅਨ ਫਰੰਗੀਆਂ ਦੇ ਆਖੇ ਲੱਗ ਕੇ ਦੋਵੇਂ ਟੱਬਰ ਹਾਂਗਕਾਂਗ ਨੂੰ ਮੋੜ ਦਿੱਤੇ।'

'ਏਨਾ ਜ਼ੁਲਮ।'

'ਜ਼ੁਲਮ ਵਰਗਾ ਜ਼ੁਲਮ। ਗੜੀ ਪਏ ਮਿਰਕਣਾਂ ਨੂੰ ਤੇ ਨਾਲੇ ਫ਼ਰੰਗੀਆਂ ਨੂੰ।'

'ਗੜੀ ਤਾਂ ਪਊ ਫਰੰਗੀਆਂ ਨੂੰ, ਜਦ ਆਪਣੀਆਂ ਫੌਜਾਂ ਉੱਠ ਖਲੋਤੀਆਂ। ਕਿਰਪਾ ਸਿਹੁੰ ਗਿਆ ਸੀ ਇਸ਼ਤਿਹਾਰ ਵੰਡਣ। ਏਥੇ ਛੱਬੀ ਨੰਬਰ ਫੌਜ ਐ ਆਪਣੇ ਬੰਦਿਆਂ ਦੀ। ਉਹ ਵਿਗੜਨ ਨੂੰ ਫਿਰਦੀ ਸੀ। ਫਰੰਗੀਆਂ ਨੇ ਛੱਬੀ ਨੰਬਰ ਦੀ ਬਦਲੀ ਕਰ ਦਿੱਤੀ। ਗੋਰੀ ਗਾਰਦ ਦੇ ਪਹਿਰੇ ਲਾ ਦਿੱਤੇ।'

'ਫੇਰ ਕੀ ਬਣਿਆ ਬੀਬੀਆਂ ਦਾ ?'

'ਕਰ ਕਰਾ ਕੇ ਦੋਵੇਂ ਟੱਬਰ ਕਨੇਡੇ ਜਾ ਲੱਗੇ। ਬੰਦੇ ਉੱਤਰ ਗਏ। ਟੱਬਰ ਉਹਨਾਂ ਬੰਦ ਕਰ ਲਏ। ਕਹਿਣ ਮੋੜ ਦੇਣੇ ਐ।'

'ਬੜਾ ਜ਼ੁਲਮ ਐ। ਚੰਗਾ ਹੋਇਆ। ਮੈਂ ਤਾਂ ਮੁੜ ਚੱਲੀ ਆਂ।'

'ਬੀਬਾ ! ਤੂੰ ਬੜੇ ਭਾਗਾਂ ਵਾਲੀ ਐਂ। ਤੂੰ ਸ਼ੇਰ ਬੱਚੀ ਬਣੀ। ਕਿਧਰੇ ਢਿੱਲੀ ਨਾ ਪੈ ਜਾਈਂ, ਫਰੰਗੀਆਂ ਤੋਂ ਡਰ ਕੇ।'

'ਬਾਬਾ ਜੀ। ਮੇਰਾ ਦਿਲ ਧੜਕ ਰਿਹੈ।'

'ਫੇਰ ਕੀ ਬਣਿਆਂ ਬੀਬੀਆਂ ਦਾ।'

'ਕਨੇਡਾ ਦੇ ਸਿੰਘਾਂ ਜ਼ੋਰ ਪਾ ਕੇ ਛੁਡਾ ਲਈਐਂ। ਬੀਬੀਆਂ ਬੜੀਆਂ ਬਹਾਦਰ ਨਿਕਲੀਐਂ। ਤਿਆਰ ਬਰ ਤਿਆਰ ਸਿੰਘਣੀਆਂ ਨਿਕਲੀਐਂ। ਸੁਣਿਐਂ ਬੀਬੀ ਕਰਤਾਰ ਕੌਰ ਦੀ ਝੋਲੀ ਵੀ ਦਾਤੇ ਨੇ ਪੁੱਤ ਨਾਲ ਭਰ ਦਿੱਤੀ ਐ।'

'ਬਾਬਾ ਜੀ ! ਤੁਹਾਨੂੰ ਨਿੱਕੀ-ਨਿੱਕੀ ਗੱਲ ਦਾ ਪਤੈ।'

'ਬੰਦੇ ਆਉਂਦੇ ਜਾਂਦੇ ਰਹਿੰਦੇ ਐ। ਗੱਲਾਂ ਦਸ ਜਾਂਦੇ ਐ। ਕਹਿੰਦੇ ਐ ਭਾਈ ਭਗਵਾਨ ਸਿਹੁੰ ਨੂੰ ਫਰੰਗੀਆਂ ਮੁਸ਼ਕਾਂ ਬੰਨ੍ਹ ਕੇ ਕੱਢ ਦਿੱਤਾ ਸੀ। ਉਹ ਚੀਨ, ਜਪਾਨ, ਮਨੀਲੇ ਫ਼ਿਰਦਾ ਮੁੜ ਮਿਰਕਣ ਜਾ ਵੜਿਐ।'

'ਬੜਾ ਸੂਰਮੈ !'

'ਪੁਛ ਕੁਝ ਨਾ, ਮੇਰਾ ਦਿਲ ਬੜਾ ਤੜਫਦੈ ਉਹਦੇ ਦਰਸ਼ਨਾਂ ਨੂੰ ਪਰ ਏਥੇ ਫਰੰਗੀਆਂ ਦਾ ਰਾਜ ਐ, ਏਸੇ ਕਰਕੇ ਏਧਰ ਨਹੀਂ ਆਇਆ ਹੋਣਾ। ਜੇ ਔਂਦਾ ਤਾਂ ਜ਼ਰੂਰ ਮਿਲਦਾ।'

'ਬਾਬਾ ਜੀ ! ਕੀ ਬਣੂੰ ਸਾਡਾ। ਕਦੇ ਦੇਸ ਅਜ਼ਾਦ ਹੋਊ ?'

'ਸੁਣ ਬੀਬਾ। ਤੈਨੂੰ ਇਕ ਗੱਲ ਸੁਣਾਂਦਾਂ। ਬੂਹਾ ਹਵਾ ਨਾਲ ਭੀੜਿਆ ਗਿਐ। ਜ਼ਰਾ ਖੋਲ੍ਹ ਦੇਹ।' ਗੁਲਾਬ ਕੌਰ ਭੀੜਿਆ ਗਿਆ ਭਿਤ ਖੋਲ੍ਹ ਕੇ ਉਸ ਨਾਲ ਢੋ ਲਾ ਕੇ ਬਹਿ ਗਈ।

'ਵੇਖ ! ਮੈਂ ਤੈਨੂੰ ਇਕ ਨਿਕੀ ਜਹੀ ਗੱਲ ਸੁਣਾਂਦਾਂ। ਸਾਡੀ ਚੌਥੀ ਜਾਂ ਪੰਜਵੀਂ ਦੀ ਕਿਤਾਬ ਵਿਚ ਸੀ। ਕਹਾਣੀ ਏਸ ਤਰ੍ਹਾਂ ਸੀ ਕਿ ਇਕ ਵਾਰੀ ਔੜ ਲੱਗ ਗਈ। ਮੀਂਹ ਨਾ ਵਰਨ ਕਰਕੇ ਕਿਰਸਾਣ ਭੁੱਖੇ ਮਰਨ ਲੱਗੇ। ਡੰਗਰ ਵੀ ਤੜਫ਼ਣ ਲੱਗੇ। ਉਂਜ ਇਹ ਗੱਲ ਕਿਸੇ ਨੇ ਆਪਣੇ ਕੋਲੋਂ ਬਣਾਈ ਐ ਪਰ ਹੈ ਬੜੀ ਲਾਹੇਵੰਦੀ। ਅਸਮਾਨ ਤੇ ਬੱਦਲ ਛਾਏ ਹੋਏ ਸੀ। ਮੀਂਹ ਦੇ ਪਾਣੀ ਦਾ ਇਕ ਤੁਪਕਾ ਨਾਲ ਦਿਆਂ ਨੂੰ ਕਹਿਣ ਲੱਗਾ ਮੈਂ ਤਾਂ ਚਲਿਆਂ, ਧਰਤੀ ਦੀ ਔੜ ਬੁਝਾਉਣ। ਬਾਕੀ ਤੁਪਕੇ ਉਸ ਦੀ ਗੱਲ ਤੇ ਹੱਸ ਪਏ। ਤੂੰ ਇਕ ਤੁਪਕਾ ਕਿਸ ਤਰ੍ਹਾਂ ਧਰਤੀ ਦੀ ਔੜ ਬੁਝਾਏਂਗਾ। ਉਸ ਨੇ ਜਵਾਬ ਦਿੱਤਾ ਮੈਂ ਚਲਿਆਂ। ਤੁਸੀਂ ਆਓ ਜਾਂ ਨਾ ਆਓ। ਉਹ ਤੁਪਕਾ ਧਰਤੀ ਉੱਤੇ ਡਿਗ ਕੇ ਅਲੋਪ ਹੋ ਗਿਆ। ਬਾਕੀ ਤੁਪਕਿਆਂ ਨੂੰ ਸ਼ਰਮ ਆਈ। ਸਾਰੇ ਇਕ ਦਮ ਵਰ੍ਹ ਪਏ। ਮੀਂਹ ਦੀਆਂ ਝੜੀਆਂ ਲੱਗ ਗਈਆਂ। ਕਿਰਸਾਣ ਖ਼ੁਸ਼ ਹੋ ਗਏ। ਧਰਤੀ ਦੀ ਔੜ ਹਟ ਗਈ।'

ਕੁਝ ਰੁਕ ਕੇ ਬਾਬਾ ਤਾਰੂ ਸਿੰਘ ਫਿਰ ਬੋਲ ਪਿਆ। ਬੀਬਾ ਇਕ ਤੁਪਕੇ ਨੇ ਸ਼ਹਾਦਤ ਦਿੱਤੀ। ਉਸ ਦੀ ਸ਼ਹਾਦਤ ਨਾਲ ਧਰਤੀ ਦੀ ਔੜ ਨਹੀਂ ਬੁਝੀ। ਉਸ ਨੇ ਆਪਣੀ ਸ਼ਹਾਦਤ ਦੇ ਕੇ ਮਿਸਾਲ ਪੈਦਾ ਕਰ ਦਿੱਤੀ। ਸਾਡੀ ਧਰਤੀ ਨੂੰ ਗੁਲਾਮੀ ਦੀ ਔੜ ਲੱਗੀ ਐ। ਇਕ ਸ਼ਹਾਦਤ ਦੀ ਲੋੜ ਨਹੀਂ, ਹਜ਼ਾਰਾਂ ਸ਼ਹਾਦਤਾਂ ਦੀ ਲੋੜ ਐ। ਜਦ ਤਕ ਅਸੀਂ ਆਪਣੇ ਦੇਸ ਦੀ ਧਰਤੀ ਨੂੰ ਲਹੂ ਨਾਲ ਨਹੀਂ ਸਿੰਜ ਦੇਂਦੇ, ਓਨੀ ਦੇਰ ਤਕ ਸਾਡੀ ਧਰਤੀ ਦੀ ਔੜ-ਗੁਲਾਮੀ ਤੋਂ ਅਸੀਂ ਛੁਟਕਾਰਾ ਨਹੀਂ ਪਾ ਸਕਦੇ।'

ਬਾਬਾ ਤਾਰੂ ਸਿੰਘ ਦੀਆਂ ਅੱਖਾਂ ਮੀਟੀਆਂ ਹੋਈਆਂ ਸਨ। ਉਸ ਦੇ ਤਰਿਪ-ਤਰਿਪ ਹੰਝੂ ਵਹਿ ਰਹੇ ਸਨ। ਗੁਲਾਬ ਕੌਰ ਨੇ ਹੌਸਲਾ ਕਰਕੇ ਉਸ ਦੇ ਪੈਰ ਫੜ ਲਏ। ਬਾਬੇ ਨੇ ਪੈਰ ਪਿੱਛੇ ਖਿਚ ਕੇ ਭਰੜਾਂਦੀ ਅਵਾਜ਼ ਵਿਚ ਕਿਹਾ 'ਜਾਹ ਪੁਤ ਜਾਹ। ਸੁਭਾਗਵਤੀਏ ਜਾਹ। ਤੇਰੇ ਨਾਲ ਗੱਲਾਂ ਕਰਕੇ ਅੱਜ ਮੇਰਾ ਦਿਲ ਠਰ ਗਿਐ। ਕਰਤਾਰ ਤੈਨੂੰ ਸ਼ੇਰਨੀ ਦਾ ਬਲ ਬਖਸ਼ੇ।' ਬਾਬੇ ਨੇ ਗਦਰ ਦਾ ਪਰਚਾ ਗੁਲਾਬ ਕੌਰ ਨੂੰ ਫੜਾਂਦਿਆਂ ਕਿਹਾ 'ਪੁੱਤ ਗੁਲਾਬੋ। ਤੂੰ ਪੰਥ ਦੀ ਧੀ ਐਂ। ਪੜ੍ਹ ਕੇ ਅਮਲ ਕਰੀਂ।'

ਗੁਲਾਬ ਕੌਰ ਸੱਜਲ ਅੱਖਾਂ ਨਾਲ ਉੱਠ ਤੁਰੀ। ਭਿਤ ਫਿਰ ਭੀੜਿਆ ਗਿਆ। ਬਾਬੇ ਨੇ ਕਿਹਾ 'ਪੁੱਤ। ਦੋਵੇਂ ਭਿਤ ਭੀੜ ਦੇ। ਮੈਂ ਜ਼ਰਾ ਅੱਖ ਲਾ ਲਵਾਂ, ਸਾਰੀ ਰਾਤ ਸੁੱਤਾ ਨਹੀਂ।'

# 6

'ਵੀਰਾ ਜੀਉਨ ਸਿਆਂ। ਸਾਰਾ ਦਿਨ ਗੁੰਮ ਰਿਹੈਂ। ਅਮਰ ਸਿਹੁੰ ਵੀ ਨਹੀਂ ਦਿਸਿਆ ਸਾਰਾ ਦਿਨ। ਸੈਲ ਕਰਦੇ ਰਹੇ ਹੋਣੇ ਓ ਬਜ਼ਾਰਾਂ ਦੀ।'

'ਗੁਲਾਬੋ ! ਤੂੰ ਇਹ ਦਸ ਤੂੰ ਮੈਨੂੰ ਜੀਣਾ ਕਹਿ ਕੇ ਬੁਲਾਂਦੀ ਸੀ। ਅੱਜ ਜਿਉਨ ਸਿਹੁੰ ਕਿਥੋਂ ਜੰਮ ਪਿਐ ?'

'ਜੀਇਆਂ ! ਕੱਲ ਮੈਂ ਬਾਬੇ ਗ੍ਰੰਥੀ ਕੋਲ ਜਾ ਬੈਠੀ। ਉਹਨੇ ਬੜੀਆਂ ਮੱਤਾਂ ਦਿੱਤੀਐਂ।'

'ਉਹਨੇ ਕਿਹੈ ਕਿ ਜੀਣੇ ਦੀ ਥਾਂ ਜੀਉਨ ਸਿਹੁੰ ਕਿਹਾ ਕਰ?'

'ਨਹੀਂ, ਉਹਨੇ ਤਾਂ ਨਹੀਂ ਕਿਹਾ। ਮੈਂ ਆਪੇ ਸੋਚਿਐ, ਤੈਨੂੰ ਇਜ਼ਤ ਨਾਲ ਬੁਲਾਇਆ ਕਰਾਂ। ਤੂੰ ਵੱਡਾ ਜੁ ਹੋਇਓਂ ਮੇਰੇ ਨਾਲੋਂ।'

'ਪਹਿਲੋਂ ਵੀ ਤੇਰੇ ਨਾਲੋਂ ਵੱਡਾ ਸਾਂ ਕਿ ਅੱਜ ਵੱਡਾ ਹੋ ਗਿਆਂ। ਉਮਰੋਂ ਵੱਡਾ ਹੋਣਾ ਕਿਹੜੀ ਵੱਡੀ ਗੱਲ ਐ। ਤੂੰ ਮੇਰੇ ਨਾਲੋਂ ਚਾਰ ਸਾਲ ਛੋਟੀ ਹੋਵੇਂਗੀ। ਅੱਗੋਂ ਜਾਂ ਪਿੱਛੋਂ ਜੰਮਣਾ ਸਾਡੇ ਵਸ ਦੀ ਗੱਲ ਥੋੜੇ ਐ।'

'ਜੀਇਆਂ ! ਤੂੰ ਐਵੇਂ ਹੀ ਪਾਣੀ ਪਾ ਕੇ ਲੱਸੀ ਵਧਾਈ ਜਾਨੈ। ਤੂੰ ਦਸ ਕਿੱਥੇ ਰਿਹੈਂ ਸਾਰਾ ਦਿਨ ?'

'ਜਾਣਾ ਕਿੱਥੇ ਸੀ। ਐਵੇਂ ਮੂੰਹ ਚੁੱਕੀ ਫਿਰਦਾ ਰਿਹਾ ਕੱਲ ਮੁਕੱਲਾ। ਫੇਰ ਅਮਰ ਸਿਹੁੰ ਟੱਕਰ ਪਿਆ। ਉਹਨੇ ਦੱਸਿਆ ਕਿ ਉਹ ਪੁਲਸ ਦੇ ਵੱਡੇ ਅਫ਼ਸਰ ਨੂੰ ਮਿਲਣ ਗਏ ਸੀ। ਉਹ ਕਹਿੰਦਾ ਐ ਕਿ ਵੀਹ ਬੰਦੇ ਇਕ ਜਹਾਜ਼ ਵਿਚੋਂ ਜਾ ਸਕਦੇ ਐ। ਸਾਰੇ ਕੱਠੇ ਨਹੀਂ ਜਾ ਸਕਦੇ। ਫੇਰ ਉਹ ਜਹਾਜ਼ ਦੇ ਕਪਤਾਨ ਨੂੰ ਜਾ ਮਿਲੇ। ਉਹ ਕਹਿੰਦੈ ਕਿ ਉਹ ਸਾਰੇ ਮੁਸਾਫਰ ਲੈ ਸਕਦੈ, ਪੁਲਸ ਵਾਲੇ ਅੜਿਕਾ ਪਾਉਂਦੇ ਐ। ਅਸਲ 'ਚ ਗੋਰਾ ਦਿਲੋਂ ਬੇਈਮਾਨ ਐ।'

'ਫੇਰ ਕੀ ਬਣੂੰ।'

'ਨਵਾਬ ਤੇ ਰੂੜ ਸਿਹੁੰ ਚੂੜ੍ਹਚੱਕੀਆ ਚੀਨ ਗਏ ਹੋਏ ਐ। ਕੈਂਟਨ ਸ਼ਹਿਰ ਬਾਹਲਾ ਦੂਰ ਨਹੀਂ। ਤੈਨੂੰ ਪਤੈ ਫਰੰਗੀਆਂ ਦੀ ਜਰਮਨਾਂ ਨਾਲ ਜੰਗ ਲੱਗੀ ਹੋਈ ਐ। ਉਹ ਜਰਮਨਾਂ ਨੂੰ ਮਿਲ ਕੇ ਮਦਦ ਲੈਣ ਗਏ ਐ।'

'ਉਹਨਾਂ ਦੇ ਆਪਣੇ ਜਹਾਜ਼ ਚਲਦੇ ਐ।'

'ਨਹੀਂ ਚੀਨ ਵਿਚ ਚੀਨਿਆਂ ਦਾ ਰਾਜ ਐ। ਓਥੇ ਜਰਮਨ ਖੁਲ੍ਹੇ ਫਿਰਦੈ ਐ। ਓਥੇ ਉਹਨਾਂ ਦਾ ਆਪਣਾ ਦਫ਼ਤਰ ਐ। ਹਾਂਗਕਾਂਗ ਦੇ ਜਰਮਨ ਫਰੰਗੀਆਂ ਫੜ ਕੇ ਬਾਰਕਾਂ ਵਿਚ ਬੰਦ ਕਰ ਦਿੱਤੇ ਐ।'

'ਫੇਰ ਉਹ ਸਾਡੀ ਕੀ ਬਾਂਹ ਫ਼ੜ ਸਕਦੇ ਐ।'

'ਨਵਾਬ ਨੇ ਸਲਾਹ ਦਿੱਤੀ ਸੀ ਕਿ ਜੇ ਜਰਮਨ ਮਦਦ ਕਰਨ ਤਾਂ ਕੁਝ ਬੰਦੇ ਤਿੱਬਤ ਰਾਹੀਂ ਦੇਸ ਜਾਂ ਵੜਨ।'

'ਤੁਰ ਕੇ ?

'ਆਹੋ ! ਹਜ਼ਾਰਾਂ ਮੀਲ ਤੁਰਨਾ ਪਊ।'

'ਮੈਨੂੰ ਤਾਂ ਨਵਾਬ ਦੀ ਗੱਲ ਬੜੀ ਕੱਚੀ ਲਗਦੀ ਐ।

'ਰਾਹ ਵਿਚ ਮਾਰੂਥਲ, ਵੱਡੇ-ਵੱਡੇ ਪਹਾੜ, ਨਾ ਰਾਹ ਨਾ ਪੈੜਾ। ਨਾ ਚੀਨੇ ਸਾਡੀ ਬਾਤ ਜਾਣਨ, ਨਾ ਅਸੀਂ ਉਹਨਾਂ ਦੀ ਜਾਣੀਏ।'

'ਚਲ ਛੱਡ। ਆਪਾਂ ਤਾਂ ਜਹਾਜ਼ ਤੇ ਹੀ ਜਾਣੈ। ਤੂੰ ਕਿਧਰੇ ਨਵਾਬ ਦੀ ਗੱਲ ਨਾ ਸੁਣ ਲਈਂ।'

'ਮੈਨੂੰ ਪਤੈ। ਕੱਚੀਆਂ ਗੱਲਾਂ ਸਿਰੇ ਨਹੀਂ ਚੜ੍ਹਦੀਆਂ। ਤੂੰ ਸਾਰਾ ਦਿਨ ਇਕੱਲੀ ਕੀ ਕਰਦੀ ਰਹੀ ਐਂ ?'

'ਇਕ ਚੀਨਣ ਆ ਗਈ ਸੀ। ਉਹ ਸਾਡੀ ਬਾਤ ਕਰ ਲੈਂਦੀ ਐ, ਟੁੱਟੀ ਫੁੱਟੀ। ਉਹਦਾ ਬੱਚਾ ਚੌਹਾਂ ਪੰਜਾਂ ਸਾਲਾਂ ਦਾ। ਉਹਦੇ ਨਾਲ ਖੇਡਦੀ ਰਹੀ। 'ਬਾਪੂ' ਤੇ 'ਮਾਂ' ਕਹਿ ਲੈਂਦੈ। ਬੜਾ ਪਿਆਰਾ ਲਗਦੈ। ਉਹ ਦੋਵੇਂ ਹੱਥ ਜੋੜ ਕੇ ਬਾਬੇ ਅੱਗੇ ਮੱਥਾ ਟੇਕਦੈ। ਗੋਲ ਮੋਲ ਮੂੰਹ ਮਾਂ ਵਰਗਾ, ਅੱਖਾਂ ਵੀ ਮਾਂ ਵਰਗੀਆਂ ਪਰ ਚੌੜਾ ਮੱਥਾ ਤੇ ਨੱਕ ਪੰਜਾਬੀ ਜਾਪਦੈ। ਉਹਦੀ ਨਿਕੀ ਜਿਹੀ ਖੱਟੇ-ਰੰਗੀ ਪੱਗ ਲਹਿ ਗਈ। ਮੈਂ ਉਹਦੇ ਸਿਰ ਉੱਤੇ ਘੁੱਟ ਕੇ ਬੰਨ੍ਹ ਦਿੱਤੀ। ਉਹ ਨੇ ਮੈਨੂੰ ਘੁਟ ਕੇ ਜੱਫੀ ਪਾ ਲਈ। ਮੇਰਾ ਦਿਲ ਉਛਲ ਖਲੋਤਾ...। 'ਕਹਿ ਕੇ ਉਹ ਝਟ ਪਟ ਚੁੱਪ ਹੋ ਗਈ।

ਜੀਵਨ ਸਿੰਘ, ਗੁਲਾਬ ਕੌਰ ਦੀ ਭਾਵਕਤਾ ਦਾ ਅੰਦਾਜ਼ਾ ਲਾ ਕੇ ਤੁਰਨ ਹੀ ਲੱਗਾ ਸੀ ਕਿ ਗੁਲਾਬ ਕੌਰ ਨੇ ਉਸ ਨੂੰ ਬਾਹੋਂ ਫੜ ਕੇ ਕਿਹਾ-ਜੀਇਆਂ ! ਮੈਂ ਤੇਰੇ ਨਾਲ ਇਕ ਗੱਲ ਕਰਨੀ ਐ।'

'ਕਰ ਫੇਰ।'

'ਅਹੁ ਵੇਖ ! ਦੋਵੇਂ ਬਜ਼ੁਰਗ ਚੰਘਈ ਤੋਂ ਆਏ ਐ। ਉਹਨਾਂ ਦੇ ਕੰਨ ਬੜੇ ਪਤਲੇ ਐ। ਜ਼ਰਾ ਲਾਂਭੇ ਹੋ।' ਉਹ ਉਸ ਨੂੰ ਨਾਲ ਲੈ ਕੇ ਗੁਰਦੁਆਰੇ ਦੇ ਗੇਟ ਪਾਸ ਜਾ ਖਲੋਤੀ। ਅੱਗੇ ਪਿੱਛੇ ਧਿਆਨ ਮਾਰ ਕੇ ਉਸ ਨੇ ਦੱਸਿਆ-'ਗ੍ਰੰਥੀ ਬਾਬਾ ਦਸਦੈ ਕਿ ਸਾਡੇ ਵਿਚ ਕੋਈ ਚੁਗਲ ਐ ਜੁ ਸਰਕਾਰੇ ਦਰਬਾਰੇ ਸਭ ਗੱਲਾਂ ਪੁਚਾਂਦੈ।'

'ਬਾਬਾ ਠੀਕ ਕਹਿੰਦਾ ਹੋਊ। ਸੈਂਕੜੇ ਬੰਦੇ ਐ, ਕੌਣ ਕਿਸੇ ਨੂੰ ਜਾਣੇ। ਬਾਬੇ ਨੂੰ ਪਤਾ ਹੋਊ ਕਿਹੜਾ ਬੰਦੈ। ਕਿਤੇ ਬਾਬਾ ਆਪ ਹੀ ਨਾ ਖਬਰਾਂ ਦੇਂਦਾ ਹੋਵੇ।'

'ਜੀਇਆਂ ਮੁੜ ਕੇ ਨਾ ਇਹ ਗੱਲ ਕਹੀਂ। ਮੈਂ ਤੇਰੀ ਜੀਭ ਖਿਚ ਦਊਂ। ਗ੍ਰੰਥੀ ਬਾਬਾ ਗਦਰੀਆਂ ਦਾ ਵੱਡਾ ਗਦਰੀ ਐ। ਮੈਂ ਤਾਂ ਉਹਦੇ ਪੈਰ ਫੜ ਲਏ ਉਹਦੀਆਂ ਗੱਲਾਂ ਸੁਣ ਕੇ।'

ਜੀਵਨ ਸਿੰਘ ਨੇ ਮੁਸਕਰਾਂਦਿਆਂ ਕਿਹਾ-'ਤੀਵੀਆਂ ਤਾਂ ਐਵੇਂ ਹੀ ਪਸੀਜ ਜਾਂਦੀਐਂ।'

'ਵੇ ਜੀਇਆਂ ! ਤੂੰ ਮੈਨੂੰ ਐਰੀ ਗੈਰੀ ਤੀਵੀਂ ਜਾਣਿਐਂ।' ਗੁਲਾਬ ਕੌਰ ਦਾ ਗੁਸੈਲਾ ਚਿਹਰਾ ਵੇਖ ਕੇ ਜੀਵਨ ਸਿੰਘ ਤ੍ਰਬਕ ਉੱਠਿਆ।

'ਨਹੀਂ ਬੀਬੀ।'

'ਤੁਸੀਂ ਮਰਦ ਲੋਕ ਤੀਵੀਆਂ ਨੂੰ ਨੀਵਾਂ ਜਾਣਦੇ ਓ।'

'ਬੀਬੀ ! ਇਹ ਗੱਲ ਨਹੀਂ। ਤੂੰ ਤਾਂ ਐਵੇਂ ਗੁੱਸੇ ਹੋਈ ਖਲੋਤੀ ਐਂ।'

'ਜੀਇਆ। ਉਚੀ ਨਾ ਬੋਲ। ਅਹੁ ਵੇਖ ਗ੍ਰੰਥੀ ਬਾਬਾ ਏਧਰ ਤੁਰਿਆ ਆਉਂਦੈ।'

ਭਾਈ ਤਾਰੂ ਸਿੰਘ ਨੇ ਗੁਰਦੁਆਰੇ ਦੇ ਹਾਲ ਅੰਦਰ ਜਾਣ ਤੋਂ ਪਹਿਲੋਂ ਉਹਨਾਂ ਵੱਲ ਹੱਥ ਜੋੜੇ। ਗੁਲਾਬ ਕੌਰ ਤੇ ਜੀਵਨ ਸਿੰਘ ਨੇ ਵੀ ਅੱਗੋਂ ਹੱਥ ਜੋੜ ਦਿੱਤੇ। ਗੁਲਾਬ ਕੌਰ ਨੇ ਜੀਵਨ ਸਿੰਘ ਨੂੰ ਆਪਣੇ ਨਾਲ ਤੋਰ ਲਿਆ। ਆਪਣੇ ਕਮਰੇ ਅੰਦਰ ਲਿਜਾ ਕੇ ਗਦਰ ਦਾ ਪਰਚਾ ਉਸ ਦੇ ਹੱਥ ਵਿਚ ਫੜਾ ਕੇ ਦੱਸਿਆ 'ਇਹ ਗ੍ਰੰਥੀ ਬਾਬੇ ਨੇ ਪੜ੍ਹਨ ਲਈ ਦਿੱਤੈ। ਮੈਂ ਸਵੇਰੇ ਮੋੜਨਾ ਸੀ ਪਰ ਮੋੜਿਆ ਨਹੀਂ। ਉਹਨੇ ਕਿਹਾ ਸੀ ਹੋਰ ਕਿਸੇ ਨੂੰ ਨਾ ਦੱਸਾਂ। ਮੈਂ ਸੋਚਿਆ ਤੈਨੂੰ ਜ਼ਰੂਰ ਪੜ੍ਹਾਊਂ, ਪੜ੍ਹ ਕੇ ਵੇਖ। ਫੇਰ ਤੈਨੂੰ ਪਤਾ ਲੱਗੂ ਦੁਨੀਆ ਕਿੰਨੀ ਅੱਗੇ ਲੰਘ ਗਈ ਐ ਸਾਡੇ ਨਾਲੋਂ। ਮਰਦਾਂ ਨਾਲੋਂ ਤੀਵੀਆਂ ਅੱਗੇ ਲੰਘ ਗਈਐਂ।' ਗੁਲਾਬ ਕੌਰ ਨੇ ਗਦਰ ਅਖਬਾਰ ਫੋਲ ਕੇ ਇਕ ਥਾਂ ਹੱਥ ਰੱਖਕੇ ਕਿਹਾ 'ਇਹ ਪੜ੍ਹ। ਫੇਰ ਤੈਨੂੰ ਪਤਾ ਲੱਗੂ ਤੀਵੀਆਂ ਦਾ।'

ਜੀਵਨ ਸਿੰਘ ਕਮਰੇ ਵਿਚ ਲੱਤਾਂ ਲੰਮਿਆਰ ਕੇ ਬੂਟਾਂ ਸਮੇਤ ਬਹਿ ਗਿਆ। ਗੁਲਾਬ ਕੌਰ, ਜਿੱਥੇ ਧਰਮ ਸਿੰਘ ਤੇ ਕਰਮ ਸਿੰਘ ਬੈਠੇ ਸਨ, ਉਨ੍ਹਾਂ ਵੱਲ ਹੋ ਤੁਰੀ। ਜੀਵਨ ਸਿੰਘ ਪੜ੍ਹ ਰਿਹਾ ਸੀ :

'ਪੰਜਾਬੀ ਸਿੰਘ ਤੇ ਗੁਜਰਾਤੀ ਔਰਤਾਂ'

ਹਿੰਦੁਸਤਾਨੀ ਲੋਕ ਆਮ ਰਵਾਜ ਨਾਲ ਆਪਣੀਆਂ ਔਰਤਾਂ ਨੂੰ ਮਰਦਾਂ ਤੋਂ ਹੀਣ ਸਮਝਦੇ ਹਨ। ਪਰ ਅਫਰੀਕਾ ਵਿਚ ਹਿੰਦੁਸਤਾਨ ਦੀਆਂ ਦੇਵੀਆਂ (ਗੁਜਰਾਤੀ) ਜਿਹੜੇ ਕੰਮ ਕਰ ਰਹੀਆਂ ਹਨ, ਏਸ ਤੋਂ ਹਿੰਦੁਸਤਾਨੀਆਂ ਦੇ ਗਲਤ ਖਿਆਲ ਦਾ ਖੰਡਨ ਹੁੰਦਾ ਹੈ। ਅਫਰੀਕਾ ਦੇ ਜ਼ਾਲਮ ਕਾਨੂੰਨ ਨੂੰ ਤੋੜਨ ਦੀ ਖਾਤਰ ਓਥੋਂ ਦੀਆਂ ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਅੱਗੇ ਵਧਕੇ ਟਾਕਰਾ ਕੀਤਾ ਹੈ। ਗੰਨੇ ਦੇ ਖੇਤਾਂ ਦੇ ਜਲਾਉਣ ਤੇ ਹੋਰ ਕੰਮਾਂ ਵਿਚ ਮਰਦਾਂ ਦੇ ਬਰਾਬਰ ਕੰਮ ਕੀਤਾ ਹੈ। ਮਰਦਾਂ ਦੇ ਨਾਲ ਹੀ ਜਿਹਲ ਵਿਚੋਂ ਜਾਣ ਦਾ ਡਰ ਨਹੀਂ ਮੰਨਿਆਂ।'

ਅਜੇ ਉਸ ਨੇ ਏਨਾ ਹੀ ਪੜ੍ਹਿਆ ਸੀ ਕਿ ਉਸ ਨੇ ਬਾਬਾ ਤਾਰੂ ਸਿੰਘ ਨੂੰ ਆਪਣੇ ਕਮਰੇ ਵੱਲ ਆਉਂਦਿਆਂ ਵੇਖ ਲਿਆ। ਉਸ ਨੇ ਗਦਰ ਦਾ ਪਰਚਾ ਗੁਲਾਬ ਕੌਰ ਦੀ ਦਰੀ ਹੇਠਾਂ ਛੁਪਾਉਣ ਦੀ ਕੀਤੀ।

ਗੁਰਦੁਆਰਾ ਹਾਂਗਕਾਂਗ ਵਿਚ ਐਤਵਾਰ ਦੇ ਦੀਵਾਨ, ਦੁਪਹਿਰ ਮਗਰੋਂ ਦੋ ਕੁ ਵਜੇ ਲੱਗਦੇ ਸਨ ਪਰ ਅੱਜ ਦਾ ਦੀਵਾਨ ਆਸਾ ਦੀ ਵਾਰ ਦੇ ਨਾਲ ਤੜਕੇ ਹੀ ਅਰੰਭ ਕੀਤਾ ਗਿਆ। ਸਭ ਮੁਸਾਫਰਾਂ ਦੀਆਂ ਟਿਕਟਾਂ ਬਣ ਗਈਆਂ ਸਨ। ਲੋਕਾਂ ਨੇ ਦੁਪਹਿਰਾਂ

ਪਿੱਛੋਂ ਤਿਆਰੀਆਂ ਕਰਨੀਆਂ ਸਨ। ਜਹਾਜ਼ ਤੋਸ਼ਾਮਾਰੂ ਨੇ ਰਾਤ ਨੂੰ ਸਤ ਵੱਜੇ ਤੁਰਨਾ ਸੀ। ਹੁਕਮ ਸੀ ਕਿ ਸਭ ਮੁਸਾਫਰ ਪੰਜ ਵਜੇ ਤੋਂ ਪਹਿਲੋਂ ਪਹਿਲੋਂ ਜਹਾਜ਼ ਵਿਚ ਚੜ੍ਹ ਜਾਣ।

ਆਸਾ ਦੀ ਵਾਰ ਦੇ ਭੋਗ ਪਿੱਛੋਂ ਦੀਵਾਨ ਹਾਲ ਭਰਨਾ ਸ਼ੁਰੂ ਹੋ ਗਿਆ। ਲੋਕੀ ਵੰਨ ਸੁਵੰਨੇ ਸੂਟਾਂ ਤੇ ਰੰਗ ਬਿਰੰਗੀਆਂ ਦਸਤਾਰਾਂ ਨਾਲ ਸਜੇ ਬੈਠੇ ਸਨ। ਦੂਜੇ ਪਾਸੇ ਕੁਝ ਪੰਜਾਬਣਾਂ ਤੇ ਕੁਝ ਚੀਨਣਾਂ, ਪੰਜਾਬੀ ਲਿਬਾਸ ਵਿਚ ਬੱਚਿਆਂ ਸਮੇਤ, ਇਕ ਦੂਜੀ ਨਾਲ ਜੁੜ ਕੇ ਗੱਲਾਂ ਕਰ ਰਹੀਆਂ ਸਨ। ਸਭ ਸੰਗਤ ਇਸ ਉਡੀਕ ਵਿਚ ਸੀ ਕਿ ਕਈ ਗਦਰੀ ਵਾਰੀ-ਵਾਰੀ ਗਦਰ-ਗੂੰਜਾਂ ਪੜ੍ਹਨਗੇ ਤੇ ਲੈਕਚਰ ਦੇਣਗੇ। ਸੰਗਤਾਂ ਦੂਰੋਂ-ਦੂਰੋਂ ਆਈਆਂ ਸਨ। ਕਈ ਲੋਕ ਕੈਂਟਨ ਤੋਂ ਆਪਣੇ ਭਾਈਬੰਦਾਂ ਨੂੰ ਤੋਰਨ ਆਏ ਹੋਏ ਸਨ।

ਗ੍ਰੰਥੀ ਬਾਬਾ ਤਾਰੂ ਸਿੰਘ ਨੇ ਹਾਰਮੋਨੀਅਮ ਫੜ ਲਿਆ। ਇਕ ਸਿੰਘ ਨੇ ਤਬਲਾ ਵਜਾਉਣਾ ਮੰਨ ਲਿਆ। ਬਾਬਾ ਜੀ ਨੇ ਸ਼ਬਦ ਸ਼ੁਰੂ ਕੀਤਾ 'ਸਿਰ ਦੀਜੈ ਕਾਣ ਨਾ ਕੀਜੈ।' ਅੱਗੇ-ਅੱਗੇ ਬਾਬਾ ਜੀ ਤੇ ਪਿੱਛੇ-ਪਿੱਛੇ ਸਾਰੀ ਸੰਗਤ ਜੋਟੀਆਂ ਨਾਲ ਪੜ੍ਹਨ ਲੱਗ ਪਈ। ਸੰਗਤਾਂ ਦੀ ਆਵਾਜ਼ ਨਾਲ ਸਾਰਾ ਹਾਲ ਗੂੰਜ ਉੱਠਿਆ। 'ਜੇ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ। ਇਤ ਮਾਰਗ ਪੈਰ ਧਰੀਜੈ, ਸਿਰ ਦੀਜੈ ਕਾਣ ਨਾ ਕੀਜੈ।' ਸ਼ਬਦ ਦਾ ਭੋਗ ਪਿਆ। ਹਾਲ ਵਿਚ ਏਨੀ ਚੁੱਪ ਵਰਤ ਗਈ ਜਿਵੇਂ ਸਾਰਾ ਹਾਲ ਖਾਲੀ ਪਿਆ ਹੋਵੇ।

ਕੰਧ ਨਾਲ ਲੱਗੀ ਕਲਾਕ ਨੇ ਦਸ ਵਜਾਏ। ਬਾਬਾ ਤਾਰੂ ਸਿੰਘ ਮਹਾਰਾਜ ਦੀ ਤਾਬਿਆ ਜਾ ਬੈਠੇ। ਇਕ ਸਿੰਘ ਨੇ ਢੋਲਕੀ ਖੜਕਾਈ। ਵਿਚੋਂ ਹੀ ਕਿਸੇ ਨੇ ਸ਼ਬਦ ਸ਼ੁਰੂ ਕਰ ਦਿੱਤਾ 'ਜੋ ਲੜੈ ਦੀਨ ਕੇ ਹੇਤ ਸੂਰਾ ਸੋਈ, ਸੂਰਾ ਸੋਈ' ਸੰਗਤ ਦੀ ਗੂੰਜਵੀਂ ਅਵਾਜ਼ ਉੱਠੀ। ਅੱਗੇ-ਅੱਗੇ ਮਰਦ ਤੇ ਪਿੱਛੇ-ਪਿੱਛੇ ਔਰਤਾਂ ਜੋਟੀਆਂ ਨਾਲ ਇਹ ਸ਼ਬਦ ਪੜਨ ਲਗੀਆਂ। 'ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ। ਪੁਰਜਾ-ਪੁਰਜਾ ਕਟ ਮਰੈ ਕਬਹੂੰ ਨਾ ਛਾਡੈ ਖੇਤ' ਸ਼ਬਦ ਦਾ ਭੋਗ ਪੈਣ ਸਾਰ ਗਦਰੀ ਆਗੂ ਸਟੇਜ ਦੇ ਨੇੜੇ ਇਕੱਠੇ ਹੋਣ ਲੱਗ ਪਏ।

ਭਾਈ ਜਵਾਲਾ ਸਿੰਘ ਠੱਠੀਆਂ ਨੇ ਸਟੇਜ ਉੱਤੇ ਪਹੁੰਚ ਕੇ ਫਤਹਿ ਬੁਲਾ ਕੇ ਕਿਹਾ 'ਸਾਧ ਸੰਗਤ ਜੀ, ਅੱਜ ਤੁਹਾਡੇ ਅਖੀਰਲੇ ਦਰਸ਼ਨ ਦੀਦਾਰੇ ਹਨ। ਕਈ ਦਿਨ ਰਹਿ ਕੇ ਤੁਹਾਡੇ ਨਾਲ ਰੱਜ ਕੇ ਗੱਲਾਂ ਕੀਤੀਆਂ ਹਨ। ਤੁਹਾਡੀਆਂ ਸੁਣੀਆਂ ਹਨ। ਅੱਜ ਅਸੀਂ ਦੇਸ ਨੂੰ ਚਾਲੇ ਪਾ ਦੇਣੇ ਹਨ। ਅਸੀਂ ਸਭ ਸੰਗਤਾਂ ਦੇ ਰਿਣੀ ਤੇ ਧੰਨਵਾਦੀ ਹਾਂ। ਸਾਡੇ ਜੱਥੇ ਨਾਲ ਇਕੋ ਇਕ ਬੀਬੀ ਭੈਣ ਹੈ ਗੁਲਾਬ ਕੌਰ। ਅਸੀਂ ਏਸ ਬੀਬੀ ਦੇ ਏਥੇ ਹੀ ਦਰਸ਼ਨ ਕੀਤੇ ਹਨ। ਬੀਬੀ ਮਨੀਲੇ ਵਾਲੇ ਗਦਰੀਆਂ ਨਾਲ ਆਈ ਹੈ ਤੇ ਦੇਸ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਸਾਡੇ ਜੱਥੇ ਨਾਲ ਜਾ ਰਹੀ ਹੈ। ਅੱਜ ਅਸੀਂ ਬੀਬੀ ਭੈਣ ਨੂੰ ਬੇਨਤੀ ਕਰਾਂਗੇ ਕਿ ਉਹ ਵੀ ਸੰਗਤਾਂ ਨੂੰ ਦਰਸ਼ਨ ਦੇ ਕੇ ਆਪਣੇ ਦਿਲ ਦੀਆਂ ਗੱਲਾਂ ਸੰਗਤਾਂ ਸਾਹਮਣੇ ਰਖੇ। ਸਾਨੂੰ ਇਹ ਖਿਆਲ ਵੀ ਨਹੀਂ ਸੀ ਆਇਆ ਕਿ ਬੀਬੀ ਭੈਣ ਸੰਗਤਾਂ ਵਿਚ ਕੁਝ ਬੋਲਣਾ ਚਾਹੇਗੀ। ਸਾਨੂੰ ਅੱਜ ਹੀ ਬਾਬਾ ਤਾਰੂ ਸਿੰਘ ਜੀ ਨੇ ਚੇਤੇ ਕਰਾਇਆ ਹੈ ਕਿ ਬੀਬੀ ਨੂੰ ਵੀ ਸਮਾਂ ਦੇਣਾ ਚਾਹੀਦਾ ਹੈ। ਬੀਬੀ ਭੈਣ ਗੁਲਾਬ ਕੌਰ ਜੀ, ਆਓ ਦਰਸ਼ਨ ਦਿਓ।'

ਭਾਈ ਜਵਾਲਾ ਸਿੰਘ ਨੇ ਚੌਹੀਂ ਪਾਸੀਂ ਵੇਖਿਆ। ਉਸਨੂੰ ਬੀਬੀ ਕਿਧਰੇ ਨਾ ਦਿੱਸੀ। ਜਿਸ ਨੁੱਕਰ ਵਿਚ ਉਹ ਰੋਜ਼ ਬਹਿੰਦੀ ਸੀ, ਉਹ ਮਰਦਾਂ ਨੇ ਮੱਲੀ ਹੋਈ ਸੀ। ਸੰਗਤ ਵੀ ਚੌਹੀਂ ਪਾਸੀਂ ਤੱਕਣ ਲੱਗੀ। ਬੀਬੀ ਨੇ ਖੱਟੀ ਦਸਤਾਰ ਵਾਲੇ ਬੱਚੇ ਨੂੰ ਆਪਣੀ ਗੋਦੀ ਵਿਚ ਬਿਠਾਇਆ ਹੋਇਆ ਸੀ। ਉਹ ਬੱਚੇ ਨੂੰ ਬਾਹਾਂ ਵਿਚ ਲੈ ਕੇ ਸਟੇਜ ਵੱਲ ਤੁਰ ਪਈ। ਉਸ ਨੇ ਸਟੇਜ ਪਾਸ ਪਹੁੰਚ ਕੇ ਬੱਚੇ ਨੂੰ ਕੁੱਛੜੋਂ ਲਾਹ ਕੇ ਆਪਣੇ ਕੋਲ ਬਿਠਾ ਲਿਆ।

ਹਾਂਗਕਾਂਗ ਦੇ ਗੁਰਦੁਆਰੇ ਵਿਚ ਸੰਗਤ ਨੇ ਕਦੇ ਵੀ ਕਿਸੇ ਤੀਵੀਂ ਨੂੰ ਲੈਕਚਰ ਦੇਂਦਿਆਂ ਨਹੀਂ ਸੀ ਸੁਣਿਆ। ਕਈ ਲੋਕ ਗੋਡਿਆਂ ਭਾਰ ਹੋ ਕੇ ਉਸ ਵੱਲ ਵੇਖਣ ਲੱਗੇ। ਉਸ ਦਾ ਸਾਉਲਾ ਭਖਦਾ ਚਿਹਰਾ, ਸਿਰ ਉੱਤੇ ਚਿੱਟਾ ਦੁਪੱਟਾ, ਸਲਵਾਰ ਕਮੀਜ਼ ਵੀ ਚਿੱਟੀ। ਉਸ ਨੇ ਮਹਾਰਾਜ ਵੱਲ ਹੱਥ ਜੋੜੇ। ਬਾਬਾ ਤਾਰੂ ਸਿੰਘ ਵੱਲ ਤਕਿਆ। ਬਾਬਾ ਜੀ ਨੇ ਨੀਵੀਂ ਪਾ ਲਈ। ਉਹ ਫਤਹਿ ਬੁਲਾਉਣੀ ਭੁੱਲ ਗਈ। ਇਉਂ ਜਾਪ ਰਿਹਾ ਸੀ ਕਿ ਜਿਵੇਂ ਉਹ ਬਿਨਾਂ ਕੁਝ ਕਹੇ ਹੀ ਬਹਿ ਜਾਏਗੀ।

ਬਾਬਾ ਤਾਰੂ ਸਿੰਘ ਨੇ ਮਹਾਰਾਜ ਦੀ ਤਾਬਿਆ ਬੈਠਿਆਂ ਹੀ ਕਿਹਾ 'ਸਾਧ ਸੰਗਤ ਜੀ। ਬੀਬੀ ਗੁਲਾਬ ਕੌਰ ਸਾਰੇ ਪੰਥ ਦੀ ਬੱਚੀ ਹੈ। ਇਕੋ ਇਕ ਬੀਬੀ ਨਿਤਰੀ ਹੈ। ਸੈਂਕੜੇ ਭਰਾਵਾਂ ਦੀ ਇਕੋ ਇਕ ਭੈਣ। ਬੀਬੀਓ! ਤੁਸੀਂ ਵੀ ਧਿਆਨ ਨਾਲ ਸੁਣਿਓ। ਬੱਚਿਆਂ ਨੂੰ ਚੁੱਪ ਕਰਾ ਕੇ ਰਖਿਓ।'

ਬਾਬਾ ਤਾਰੂ ਸਿੰਘ ਨੇ ਉਸ ਨੂੰ ਸੰਭਲਣ ਲਈ ਸਮਾਂ ਦੇ ਦਿੱਤਾ ਸੀ। ਉਹ ਕੜਕ ਕੇ ਬੋਲੀ 'ਸਾਧ ਸੰਗਤ। ਸਭ ਗੱਜ ਕੇ ਫਤਹਿ ਬੁਲਾਓ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤਹਿ।' ਸੰਗਤਾਂ ਦੀ ਫਤਹਿ ਨਾਲ ਚਾਰੇ ਕੰਧਾਂ ਗੂੰਜ ਉੱਠੀਆਂ।

'ਬੀਬੀਓ ਭੈਣੋ ! ਪਹਿਲੀ ਗੱਲ ਮੈਂ ਤੁਹਾਡੇ ਲਈ ਕਹਿਣੀ ਐ। ਔਰਤ ਜਾਤ ਲਈ। ਮੈਂ ਵੀ ਔਰਤ ਜਾਤ ਵਿਚੋਂ ਆਂ। ਭਰਾਵੋ। ਤੁਸੀਂ ਗੁੱਸਾ ਨਾ ਮਨਾਇਓ। ਤੁਸੀਂ ਮਰਦ ਲੋਕ ਔਰਤ ਜਾਤ ਨੂੰ ਨੀਵਾਂ ਸਮਝਦੇ ਓ। ਪੰਥ ਵਿਚ ਸਭ ਇਕੋ ਜਿਹੇ ਐ ਪਰ ਪੰਥ ਦੇ ਅਸੂਲਾਂ ਉੱਤੇ ਕੌਣ ਚਲਦੈ। ਜੇ ਅਸੀਂ ਔਰਤਾਂ ਨਾ ਜੰਮਦੀਆਂ ਤਾਂ ਤੁਸੀਂ ਅਸਮਾਨੋਂ ਨਹੀਂ ਸੀ ਡਿਗਣਾ। ਅੱਜ ਜੇ ਕਿਸੇ ਦੇ ਪੁੱਤਰ ਜੰਮੇ ਤਾਂ ਲੱਡੂ ਵੰਡਦੇ ਓ। ਜੇ ਕਿਸੇ ਦੇ ਕੁੜੀ ਜੰਮ ਪਵੇ ਤਾਂ ਸਾਰੇ ਘਰ ਵਿਚ ਸੋਗ ਪੈ ਜਾਂਦੈ। ਮੈਂ ਕੋਈ ਗੱਲ ਝੂਠੀ ਨਹੀਂ ਕਹਿ ਰਹੀ।' ਸੰਗਤ ਵਿਚ ਕਈ ਮਰਦ ਘੁਸ-ਘੁਸ ਕਰਨ ਲੱਗ ਪਏ।

'ਤੁਹਾਨੂੰ ਮੇਰੀ ਗੱਲ ਚੰਗੀ ਲੱਗੇ ਜਾਂ ਮੰਦੀ। ਮੈਂ ਜ਼ਰੂਰ ਕਹਿ ਦੇਣੀ ਐ ਕਿਉਂਕਿ ਇਹ ਗੱਲ ਬਿਲਕੁਲ ਸੱਚੀ ਐ। ਪੰਥ ਨੇ ਔਰਤ ਤੇ ਮਰਦ ਨੂੰ ਇਕੋ ਜਿਹੇ ਹੱਕ ਦਿੱਤੇ ਐ। ਔਰਤ ਜਾਤ ਪਹਿਲੋਂ ਪਿਓ ਦੇ ਡੰਡੇ ਹੇਠਾਂ, ਫੇਰ ਖਸਮ ਦੇ ਵਸ ਵਿਚ, ਭਾਵੇਂ ਉਹ ਸ਼ਰਾਬੀ ਕਬਾਬੀ ਤੇ ਬੁਜ਼ਦਿਲ ਹੀ ਕਿਉਂ ਨਾ ਹੋਵੇ।'

'ਮੇਰੇ ਮਾਪਿਆਂ ਨੇ ਮੇਰੇ ਲਈ ਵਰ ਲੱਭ ਕੇ ਮੈਨੂੰ ਚਾਰ ਭੁਆਂਟਣੀਆਂ ਦੇ ਦਿੱਤੀਆਂ। ਉਹਦੇ ਆਖੇ ਲੱਗ ਕੇ ਮੈਂ ਟਾਪੂਆਂ ਨੂੰ ਤੁਰ ਪਈ। ਫੇਰ ਕਹੇ ਚੀਨ ਨੂੰ ਜਾਣੈ, ਮੈਂ ਕਿਹਾ ਸਤ ਬਚਨ। ਫੇਰ ਮਨੀਲੇ ਜਾ ਕੇ ਉੱਤਰੇ। ਕਹੇ ਲੋਕੀ ਮਿਰਕਣ ਨੂੰ ਜਾਂਦੈ ਐ, ਅਸੀਂ ਵੀ ਚੱਲੀਏ। ਮੈਂ ਉਸ ਦੀਆਂ ਸਭ ਗੱਲਾਂ ਮੰਨਦੀ ਗਈ।'

'ਮਿਰਕਣ ਦੀਆਂ ਰਾਹਦਾਰੀਆਂ ਮਿਲਣੀਆਂ ਬੰਦ ਹੋ ਗਈਆਂ, ਮਿਰਕਣ ਵਾਲੇ ਵੀ ਦੇਸ ਨੂੰ ਮੁੜਨ ਲਗ ਪਏ। ਮਿਰਕਣ ਤੋਂ ਆਏ ਕਹਿਣ, ਚਲੋ ਦੇਸ ਨੂੰ ਚੱਲੀਏ। ਗਦਰ ਕਰੀਏ, ਫਰੰਗੀਆਂ ਗੋਰਿਆਂ ਨੂੰ ਕੱਢੀਏ। ਆਪਣਾ ਦੇਸ ਆਜ਼ਾਦ ਕਰਾਈਏ। ਪਰਦੇਸਾਂ ਵਿਚ ਨਾ ਰੁਲੀਏ। ਜਾਂ ਅਜ਼ਾਦੀ ਲਈਏ ਜਾਂ ਮਰ ਮਿਟ ਜਾਈਏ।'

ਜ਼ਰਾ ਸਾਹ ਲੈ ਕੇ, ਉਸ ਨੇ ਸੱਜੀ ਬਾਂਹ ਖੜ੍ਹੀ ਕਰਕੇ ਇਸ਼ਾਰਾ ਕਰਕੇ ਕਿਹਾ 'ਅਹੁ ਵੇਖੋ। ਤਿੰਨ ਬੰਦੇ ਕੱਠੇ ਬੈਠੇ ਐ। ਇਕ ਐ ਪੰਡਤ ਜਗਤ ਰਾਮ। ਇਹ ਪਾੜ੍ਹਾ ਪੜ੍ਹਨ ਗਿਆ ਸੀ ਮਿਰਕਣ ਨੂੰ।' ਸਭ ਲੋਕ ਉੱਧਰ ਵੇਖਣ ਲੱਗ ਪਏ। 'ਉਹਦੇ ਸੱਜੇ ਬੈਠੇ ਨਵਾਬ ਖਾਨ ਤੇ ਖੱਬੇ ਐ ਅਮਰ ਸਿਹੁੰ। ਇਹ ਡਾਲੇ ਕਮੌਣ ਗਏ ਸੀ। ਲੋਕੀ ਇਹਨਾਂ ਨੂੰ 'ਗੁਲਾਮ' 'ਗੁਲਾਮ' ਕਹਿ ਕੇ ਦੁਰਕਾਰਨ। ਅਕ ਕੇ ਮੁੜ ਪਏ ਐ ਦੇਸ ਨੂੰ।'

ਇਕ ਹੋਰ ਪਾਸੇ ਇਸ਼ਾਰਾ ਕਰਕੇ ਉਸ ਨੇ ਕਿਹਾ

'ਅਹੁ ਸਾਰੀ ਟੋਲੀ ਮਨੀਲੇ ਤੋਂ ਆਈ ਐ, ਸਾਰੇ ਵੀਰਾਂ ਦੇ ਨਾਉਂ ਮੈਂ ਨਹੀਂ ਜਾਣਦੀ। ਇਕ ਐ ਹਾਫ਼ਿਜ਼ ਤੇ ਇਕ ਐ ਰਹਿਮਤ ਅਲੀ। ਇਹ ਸਾਰੇ ਵੀਰ ਗਦਰ ਕਰਨ ਲਈ ਮੁੜ ਪਏ ਐ ਦੇਸ ਨੂੰ।'

'ਫੇਰ ਉਸ ਨੇ ਸ਼ੇਰ ਸਿੰਘ, ਜਵਾਲਾ ਸਿੰਘ ਤੇ ਕੇਸਰ ਸਿੰਘ ਵੱਲ ਇਸ਼ਾਰਾ ਕਰਕੇ ਦੱਸਿਆ 'ਇਹ ਮੇਰੇ ਗਦਰੀ ਵੀਰ ਮਿਰਕਣ ਤੋਂ ਆਏ ਐ। ਲੱਖਾਂ ਦੀਆਂ ਜਾਇਦਾਤਾਂ ਛੱਡ ਕੇ।' ਕਹਿੰਦੀ-ਕਹਿੰਦੀ ਉਹ ਇਕ ਦਮ ਚੁੱਪ ਹੋ ਗਈ, ਕਿੰਨੀ ਦੇਰ ਚੁੱਪ ਖਲੋਤੀ ਰਹੀ। ਸਭ ਸੰਗਤ ਉਸ ਵੱਲ ਵੇਖ ਰਹੀ ਸੀ। ਭਾਈ ਤਾਰੂ ਸਿੰਘ ਨੇ ਖੰਘੂਰਾ ਮਾਰਿਆ। ਉਹ ਕੜਕ ਕੇ ਬੋਲੀ 'ਜੀਹਦੇ ਲੜ ਮੈਨੂੰ ਮਾਪਿਆਂ ਲਾਇਆ ਸੀ, ਉਹ ਦਾ ਨਾਉਂ ਐ ਮਾਨ ਸਿਹੁੰ। ਉਹ ਸ਼ਰਾਬੀ ਬੁਜ਼ਦਿਲ ਮਾਨ ਸਿਹੁੰ, ਬੇਈਮਾਨ ਹੋ ਗਿਆ। ਸਹੁੰ ਖਾ ਕੇ ਮੁੱਕਰ ਗਿਆ। ਮੇਰਾ ਉਹਦਾ ਕੋਈ ਵਾਸਤਾ ਨਹੀਂ। ਮੈਂ ਉਸ ਨੂੰ ਛੱਡ ਕੇ ਤੁਰ ਆਈ ਆਂ। ਮੈਂ ਅਜਿਹੇ ਬੁਜ਼ਦਿਲ ਡਰਾਕਲ ਬੇਈਮਾਨ ਦੀ ਤੀਵੀਂ ਨਹੀਂ ਰਹਿ ਸਕਦੀ। ਮੈਨੂੰ ਅਜਿਹੇ ਖਸਮ ਦੀ ਲੋੜ ਨਹੀਂ।' ਜੋਸ਼ ਵਿਚ ਆ ਕੇ ਸੰਗਤ ਨੇ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਬੋਲੇ ਸੋ ਨਿਹਾਲ ਦੇ ਜੈਕਾਰੇ ਕਿੰਨੀ ਦੇਰ ਲਗਦੇ ਰਹੇ। ਬਾਬਾ ਤਾਰੂ ਸਿੰਘ ਨੇ ਦੋਵੇਂ ਹੱਥ ਖੜ੍ਹੇ ਕਰਕੇ ਜੈਕਾਰੇ ਖ਼ਤਮ ਕਰਨ ਦਾ ਇਸ਼ਾਰਾ ਕੀਤਾ।

ਗੁਲਾਬ ਕੌਰ ਦੀਆਂ ਅੱਖਾਂ ਸੇਜਲ ਹੋ ਆਈਆਂ। ਉਸ ਨੇ ਦੁਪੱਟੇ ਦੀ ਨੁੱਕਰ ਨਾਲ ਅੱਖਾਂ ਪੂੰਝਦਿਆਂ ਦੋਵੇਂ ਬਾਹਵਾਂ ਉਲਾਰ ਕੇ ਕਿਹਾ 'ਮੇਰੇ ਸੈਂਕੜੇ ਵੀਰ ਮੇਰੇ ਨਾਲ ਗਦਰ ਮਚਾਉਣ ਜਾ ਰਹੇ ਐ। ਮੈਂ ਇਹਨਾਂ ਵੀਰਾਂ ਦੇ ਪਿਆਰ ਦੀ ਛਾਵੇਂ, ਦੇਸ ਲਈ ਲੜ ਮਰਾਂਗੀ।' ਕਹਿ ਕੇ ਉਸ ਦਾ ਮਨ ਭਰ ਆਇਆ। ਉਸ ਨੇ ਫਿਰ ਅੱਖਾਂ ਪੂੰਝੀਆਂ।

ਮੇਜ਼ ਉੱਤੇ ਪਈ ਕਾਪੀ ਖੋਲ੍ਹਦਿਆਂ ਉਸ ਨੇ ਕਿਹਾ 'ਗਦਰ ਅਖਬਾਰ ਵਿਚੋਂ ਮੈਂ ਕੁਝ ਗਦਰ ਗੂੰਜਾਂ ਯਾਦ ਕੀਤੀਐਂ। ਉਹ ਪੜ੍ਹ ਕੇ ਸੁਣੌਂਦੀ ਆਂ।' ਉਸ ਨੇ ਬਾਬਾ ਤਾਰੂ ਸਿੰਘ ਵਲ ਤਕਿਆ। ਬਾਬਾ ਜੀ ਨੇ ਕਿਹਾ 'ਬੀਬੀ ਅੱਜ ਸਾਰਾ ਸਮਾਂ ਤੇਰਾ ਹੈ।'

'ਹਿੰਦੁਸਤਾਨੀਓ ! ਹੋਸ਼ ਕਰੋ ਕਾਇਮ, ਹਿੰਮਤ ਕਰੋ, ਸ਼ਰਮਾਉਣ ਦੀ ਲੋੜ ਕੀ ਏ।
ਚਲੋ ਮੁਲਕ ਅੰਦਰ ਚਲ ਗਦਰ ਕਰੀਏ, ਹੁਣ ਗੁਲਾਮ ਕਹਾਉਣ ਦੀ ਲੋੜ ਕੀ ਏ।
ਉੱਠੋ, ਨਾਲ ਤਲਵਾਰ ਦੇ ਹੱਕ ਲਈਏ, ਬੁਰੇ ਹਾਲ ਕਰਾਉਣ ਦੀ ਲੋੜ ਕੀ ਏ।
ਜੋ ਕੁਝ ਪਾਸ ਹੈ ਮੁਲਕ ਤੋਂ ਵਾਰ ਦੇਵੋ, ਪਿੱਛੇ ਰੱਖ ਰਖਾਉਣ ਦੀ ਲੋੜ ਕੀ ਏ।
ਗਦਰ ਸ਼ੁਰੂ ਹੈ ਵੀਰਨੋ ! ਚਲੋ ਜਲਦੀ, ਬੈਠੇ ਤੱਕਾਂ ਤਕਾਉਣ ਦੀ ਲੋੜ ਕੀ ਏ।
ਤੁਰੋ, ਕਰੋ ਹਿੰਮਤ, ਜਲਦੀ ਗਦਰ ਕਰੀਏ, ਬਾਰ-ਬਾਰ ਦੁਹਰਾਉਣ ਦੀ ਲੋੜ ਕੀ ਏ।

ਉਸ ਨੇ ਜ਼ਰਾ ਕੁ ਰੁਕ ਕੇ ਕਿਹਾ ਇਕ ਹੋਰ ਗਦਰ ਗੂੰਜ ਐ

'ਚੰਗਾ ਵਕਤ ਐ ਗਦਰ ਮਚਾਵਣੇ ਦਾ, ਹਿੰਦੁਸਤਾਨੀਓ ਦੇਰੀਆਂ ਲਾਈਆਂ ਕਿਉਂ।
ਬੜੀ ਸ਼ਾਨ ਤੇ ਮਾਨ ਗੁਮਾਨ ਵਾਲੇ, ਛੱਟਾਂ ਚੁਕਦੇ ਫਿਰੋ ਪਰਾਈਆਂ ਕਿਉਂ।
ਲੜਨ ਮਰਨ ਤੇ ਜੇ ਕਰ ਖੌਫ ਆਵੇ, ਐਵੇਂ ਦਿੱਤੀਆਂ ਗਦਰ ਨੂੰ ਸਾਈਆਂ ਕਿਉਂ।
ਖਾ ਕੇ ਰੁੱਖੀਆਂ ਰੋਟੀਆਂ ਮਸਤ ਰਹਿੰਦੇ, ਝੋਕਾਂ ਅਮਲੀਆਂ ਦੇ ਵਾਂਗ ਲਾਈਆਂ ਕਿਉਂ।
ਫੌਜਾਂ ਵਾਲਿਓ ! ਤੁਸਾਂ ਦੀ ਮਤ ਮਾਰੀ, ਲੋਕਾਂ ਵਾਸਤੇ ਕਰੋ ਲੜਾਈਆਂ ਕਿਉਂ।
ਬੁਰੀ ਨੌਕਰੀ ਨਰਕ ਤੋਂ ਕਹਿਣ ਸਿਆਣੇ, ਜਾਣ ਬੁੱਝ ਕੇ ਬੇੜੀਆਂ ਪਾਈਆਂ ਕਿਉਂ।
ਵੈਰੀ ਤੁਸਾਂ ਦਾ ਘੇਰਿਆ ਵਿਚ ਯੂਰਪ, ਵੇਲਾ ਸਾਂਭ ਲਓ ਢੇਰੀਆਂ ਢਾਹੀਆਂ ਕਿਉਂ।

ਗਦਰ ਗੂੰਜ ਖਤਮ ਕਰਦਿਆਂ ਹੀ, ਉਸ ਨੇ ਕਾਪੀ ਮੇਜ਼ ਉੱਤੇ ਰੱਖਦਿਆਂ ਸੱਜੇ ਹੱਥ ਨਾਲ ਖੱਬੀ ਬਾਂਹ 'ਤੇ ਕੱਚ ਦੀਆਂ ਰੰਗ ਬਿਰੰਗੀਆਂ ਚੂੜੀਆਂ ਲਾਹ ਕੇ, ਸੱਜੇ ਹੱਥ ਵਿਚ ਫੜ ਕੇ ਬਾਂਹ ਉੱਚੀ ਕਰਦਿਆਂ ਵੰਗਾਰਿਆ 'ਜੇ ਅਜੇ ਵੀ ਤੁਹਾਡੇ ਵਿਚ ਮਾਨ ਸਿਹੁੰ ਵਰਗੇ ਬੇਈਮਾਨ, ਡਰਾਕਲ ਬੈਠੇ ਐ ਤਾਂ ਅਹਿ ਲੌ। ਤੁਸੀਂ ਪਾ ਲਓ ਚੂੜੀਆਂ। ਅਸੀਂ ਔਰਤਾਂ ਅਜਿਹੇ ਬੇਈਮਾਨਾਂ ਦੀ ਥਾਂ ਲੜਾਂਗੀਆਂ। ਤੁਸੀਂ ਬੁਰਕੇ ਪਾ ਲਉ, ਅਸੀਂ ਤਲਵਾਰਾਂ ਲੈ ਕੇ ਨਿਕਲਾਂਗੀਆਂ।

ਸਾਰੀ ਸੰਗਤ ਵਿਚ ਸੰਨਾਟਾ ਛਾ ਗਿਆ। ਉਸ ਨੇ ਮਰਦਾਂ ਵਿਚਾਲੇ ਚੂੜੀਆਂ ਵਗਾਹ ਕੇ ਮਾਰੀਆਂ। ਜਿੱਥੇ-ਜਿੱਥੇ ਚੂੜੀਆਂ ਡਿੱਗੀਆਂ, ਉਥੋਂ ਕਈ ਮਰਦ ਉੱਠ ਕੇ ਖਲੋ ਗਏ. ਸਭ ਨੇ ਬਾਹਾਂ ਉਲਾਰ-ਉਲਾਰ ਕੇ ਕਿਹਾ 'ਅਸੀਂ ਤਿਆਰ ਹਾਂ। ਅਸੀਂ ਤਿਆਰ ਹਾਂ ! ਗਦਰ ਗਦਰ ਗਦਰ।'

ਦੀਵਾਨ ਦੀ ਸਮਾਪਤੀ ਪਿੱਛੋਂ ਸਭ ਗਦਰੀ ਬੀਬੀ ਨੂੰ ਘੇਰੀ ਖਲੋਤੇ ਸਨ। ਬਾਬਾ ਤਾਰੂ ਸਿੰਘ ਆਪਣੇ ਕਮਰੇ ਵੱਲ ਜਾਂਦਾ ਕਹਿ ਰਿਹਾ ਸੀ

'ਬੀਬੀ ਗੁਲਾਬੋ ਦੀ ਆਤਮਾ ਵਿਚ ਮਾਈ ਭਾਗੋ ਦੀ ਆਤਮਾ ਆ ਵੱਸੀ ਐ।'

'ਵੀਰਾ ਚੁੱਘਿਆ ! ਤੂੰ ਪੜਿਆ ਲਿਖਿਐਂ। ਮੈਂ ਤਾਂ ਅਨਪੜ੍ਹ ਆਂ। ਬਸ ਧਰਮਸ਼ਾਲਾ ਗੁਰਮੁਖੀ ਈ ਪੜ੍ਹੀ ਸੀ।'

'ਬੀਬੀ। ਮੈਂ ਵੀ ਪੰਜ ਜਮਾਤਾਂ ਹੀ ਪੜੀਐਂ।'

'ਕੱਲ ਤੂੰ ਲੈਕਚਰ ਕੀਤਾ ਸੀ। ਬੜੀਆਂ ਚੰਗੀਆਂ ਗੱਲਾਂ ਕੀਤੀਆਂ ਮੈਨੂੰ ਬੜਾ ਜੋਸ਼ ਆਇਆ ਪਰ ਤੇਰੀ ਇਕ ਗੱਲ ਮੈਨੂੰ ਨਹੀਂ ਚੰਗੀ ਲੱਗੀ।'

'ਬੀਬੀ। ਉਹ ਕੀ ?'

'ਤੂੰ ਘੁੜੀ ਮੁੜੀ ਕਹੀ ਗਿਆਂ ਹਿੰਦੂ, ਮੁਸਲਮ, ਸਿਖ, ਇਸਾਈ ਸਾਰੇ ਰਲ ਕੇ ਕਰੋ ਚੜ੍ਹਾਈ।'

'ਇਹਦੇ ਵਿਚ ਕਿਹੜੀ ਗੱਲ ਠੀਕ ਨਹੀਂ ਬੀਬੀ ?'

'ਸਾਡੇ ਪਿੰਡ ਕਈ ਘਰ ਸੀ ਦਲਿਤਾਂ ਦੇ। ਉਹ ਇਕ ਮੇਮਣੀ ਦੇ ਆਖੇ ਲਗ ਕੇ ਪਟਿਆਲੇ ਜਾ ਵੜੇ। ਸਭ ਇਸਾਈ ਹੋ ਗਏ। ਸਿਰ ਮੁਨਾ ਕੇ ਪੱਗਾਂ ਲਾਹ ਕੇ ਪੁੱਠੀਆਂ ਸਿੱਧੀਆਂ ਟੋਪੀਆਂ ਪੌਣ ਲਗ ਪਏ। ਉਹ ਸਭ ਫਰੰਗੀਆਂ ਦੇ ਕੁੱਤੇ ਬਣ ਗਏ। ਉਹਨਾਂ ਨੂੰ ਫਰੰਗੀਆਂ, ਵੱਖਰਾ ਗਿਰਜਾ ਬਣਾ ਦਿੱਤੈ।' ਜ਼ਰਾ ਕੁ ਰੁਕ ਕੇ ਉਸ ਨੇ ਪੁੱਛਿਆ 'ਤੂੰ ਦਸ। ਉਸ ਦਲਿਤਾਂ ਦਾ ਲਾਣਾ ਤੇਰੇ ਨਾਲ ਕਿਉਂ ਰਲੂ ?'

ਗੁਰਦੁਆਰੇ ਦੀ ਇਮਾਰਤ ਤੇ ਲੰਗਰ ਦੇ ਵਿਚਾਲੇ ਨਹਾਉਣ ਵਾਲੀਆਂ ਡਿੱਗੀਆਂ ਦੇ ਲਾਗੇ ਸੀਮਿੰਟ ਦੇ ਫਰਸ਼ ਉੱਤੇ ਵੀਹ ਪੰਝੀ ਬੰਦੇ ਬੈਠੇ ਗੱਲਾਂ ਕਰ ਰਹੇ ਸਨ। ਬੀਬੀ ਗੁਲਾਬ ਕੌਰ ਦਾ ਸੁਆਲ ਸੁਣਕੇ ਸਭ ਉਸ ਵੱਲ ਵੇਖਣ ਲੱਗੇ।

ਨਿਧਾਨ ਸਿੰਘ ਚੁੱਘੇ ਨੇ ਸੱਜੇ ਕੰਨ ਲਾਗੇ ਸੱਜੇ ਹੱਥ ਨਾਲ ਖੁਰਕਦਿਆਂ ਸਿਰ ਚੁੱਕ ਕੇ, ਜ਼ਰਾ ਸੰਭਲ ਕੇ ਕਿਹਾ 'ਬੀਬੀ। ਤੂੰ ਠੀਕ ਕਹਿੰਦੀ ਐਂ। ਤੇਰਾ ਸੁਆਲ ਬੜਾ ਵੱਡੈ। ਇਹ ਜੜ੍ਹ ਬੜੀ ਲੰਮੀ ਐ। ਆਪਾਂ ਨੂੰ ਇਹ ਗੱਲਾਂ ਸਮਝਣ ਦੀ ਬੜੀ ਲੋੜ ਐ। ਪਹਿਲੀ ਗੱਲ ਇਹ, ਗੁਰੂ ਸਾਹਿਬ ਨੇ ਜਾਤਾਂ ਪਾਤਾਂ ਤੋੜ ਕੇ ਸਾਨੂੰ ਸਿਖ ਬਣਾਇਆ ਸੀ ਪਰ ਅਸੀਂ ਫਿਰ ਵੀ ਜਾਤਾਂ ਪਾਤਾਂ ਵਿਚ ਵੰਡੇ ਹੋਏ ਐਂ। ਪਿੰਡਾਂ ਦੇ ਆਮ ਕਿਸਾਨ ਵੀ ਆਪਣੇ ਆਪ ਨੂੰ ਉੱਚਾ ਤੇ ਬਾਕੀਆਂ ਨੂੰ ਕਮੀਨ ਕਹਿਣ ਤੋਂ ਨਹੀਂ ਟਲਦੇ। ਫਰੰਗੀ ਵੀ ਚਾਹੁੰਦੇ ਕਿ ਲੋਕ ਜਾਤਾਂ ਪਾਤਾਂ ਤੇ ਮਜ਼ਹਬਾਂ ਦੀਆਂ ਵੰਡੀਆਂ ਵਿਚ ਵੰਡੇ ਰਹਿਣ। ਕਦੇ ਇਕੱਠੇ ਨਾ ਹੋਣ। ਹਮੇਸ਼ਾਂ ਨਿਕੀਆਂ-ਨਿਕੀਆਂ ਗੱਲਾਂ ਤੋਂ ਲੜਦੇ ਰਹਿਣ।'

'ਮੈਂ ਤਾਂ ਪੁਛਿਐ ਕਿ ਦਲਿਤ ਇਸਾਈ ਕਿਉਂ ਬਣ ਗਏ ? ਸਾਰੇ ਇਸਾਈ ਫ਼ਰੰਗੀਆਂ ਨਾਲ ਐ। ਉਹਨਾਂ ਨੂੰ ਤੂੰ ਆਪਣੇ ਨਾਲ ਕਿਤਰਾਂ ਰਲਾ ਲਏਂਗਾ।'

'ਬੀਬੀ। ਦਸਦਾਂ। ਮੈਂ ਦਸਦਾਂ।'

ਸੁਰਜਨ ਸਿੰਘ ਨੇ ਚੰਦਾ ਸਿੰਘ ਦੇ ਕੰਨ ਵਿਚ ਕਿਹਾ

'ਬਾਊ। ਭਾਈ ਚੁੱਘਾ ਫਸਿਆ ਖਲੋਤੈ। ਬੀਬੀ ਨੇ ਚੰਗਾ ਨਾਹੜਿਐ।'

'ਮੇਰੇ ਭਾਈਓ। ਧਿਆਨ ਨਾਲ ਸੁਣੋ। ਤਾਕਤ ਹਾਸਲ ਕਰਨ ਲਈ ਪਰਚਾਰ ਪਹਿਲਾ ਕਦਮ ਐ। ਜਿਹੜੀਆਂ ਗੱਲਾਂ ਦੀ ਸਾਨੂੰ ਸਮਝ ਨਹੀਂ, ਉਹਨਾਂ ਬਾਰੇ ਸੁਆਲ ਜੁਆਬ ਕਰਨੇ ਜ਼ਰੂਰੀ ਐ। ਗੱਲਾਂ ਪੁੱਛਣੀਆਂ ਤੇ ਸੁਣਨੀਆਂ ਪਰਚਾਰ ਦਾ ਸਭ ਤੋਂ ਵੱਡਾ ਢੰਗ ਐ। ਏਸੇ ਕਰਕੇ ਗਦਰੀ ਜਦ ਵੀ ਇਕੱਠੇ ਬਹਿੰਦੇ ਐ, ਆਪਣੇ ਸ਼ਕ ਸ਼ੰਕੇ ਦੂਰ ਕਰਨ ਲਈ ਸੁਆਲ ਜੁਆਬ ਕਰਦੇ ਐ। ਬੀਬੀ ਨੇ ਤਾਂ ਬੜਾ ਜ਼ਰੂਰੀ ਸੁਆਲ ਪੁੱਛਿਐ।' ਉਸ ਨੇ ਨੀਵੀਂ ਪਾ ਕੇ ਖੰਘੂਰਾ ਮਾਰਿਆ।

'ਅਸੀਂ ਸਭ ਪਿੰਡਾਂ ਤੋਂ ਆਏ ਆਂ। ਸਾਨੂੰ ਸਭ ਨੂੰ ਪਤੈ ਅਸੀਂ ਜਿਨ੍ਹਾਂ ਨੂੰ ਕਮੀਨ ਕਹਿੰਦੇ ਆਂ, ਉਨ੍ਹਾਂ ਨੂੰ ਨੀਵੇਂ ਸਮਝ ਕੇ ਜੁੱਤੀ ਹੇਠਾਂ ਰਖਦੇ ਆਂ। ਉਹ ਲੋਕ ਕਿਸਾਨਾਂ ਦੇ ਸਹਾਰੇ ਹੁੰਦੇ ਐ। ਹਰ ਬੰਦੇ ਨੂੰ ਕੁੱਲੀ, ਜੁੱਲੀ ਤੇ ਗੁੱਲੀ ਦੀ ਲੋੜ ਐ। ਆਪਣੇ ਘਰ ਆਪਣੇ ਕੱਪੜੇ ਲੱਤੇ ਤੇ ਆਪਣਾ ਪੇਟ ਭਰਨ ਲਈ ਸਭ ਤਾਂਘਦੇ ਐ। ਹੋਰ ਤਾਂ ਹੋਰ ਅਸੀਂ ਉਹਨਾਂ ਨੂੰ ਪੰਗਤ ਵਿਚ ਨਹੀਂ ਬਹਿਣ ਦੇਂਦੇ। ਗੁੱਸਾ ਨਾ ਮਨਾਇਓ। ਨਾ ਈ ਅਸੀਂ ਉਹਨਾਂ ਦੀਆਂ ਬਹੂ ਬੇਟੀਆਂ ਨੂੰ ਆਪਣੀਆਂ ਬੇਟੀਆਂ ਸਮਝਦੇ ਆਂ। ਜੇ ਜੱਟਾਂ ਦਾ ਮੁੰਡਾ ਕਿਸੇ ਗਰੀਬ ਕਿਰਤੀ ਦੀ ਬੇਟੀ ਨੂੰ ਕੱਢ ਲਿਆਏ ਤਾਂ ਅਸੀਂ ਖਿਲੀਆਂ ਪੌਂਦੇ ਆਂ। ਬਜ਼ੁਰਗ ਵੀ ਇਹ ਕਹਿ ਕੇ ਟਾਲ ਦੇਂਦੇ ਐ ਕਿ ਇਹ ਤਾਂ ਸਦੀਆਂ ਤੋਂ ਹੋਂਦਾ ਆਇਐ। ਜੇ ਜੱਟਾਂ ਦੀ ਕੁੜੀ ਕਿਸੇ ਗਰੀਬ ਕਿਰਤੀ ਨਾਲ ਨਿਕਲ ਜਾਏ ਤਾਂ ਸਾਰੇ ਜੱਟ ਤੁਫਾਨ ਲੈ ਔਂਦੇ ਐ।'

'ਭਾਈ ਚੁੱਘਿਆ। ਤੇਰੀ ਇਹ ਗੱਲ ਤਾਂ ਮੰਨਦੇ ਆਂ।' ਲਾਲ ਸਿੰਘ ਸਹਿਬਾਨਾ ਨੇ ਗੋਡੇ ਭਾਰ ਹੋ ਕੇ ਕਿਹਾ।

ਗੁਲਾਬ ਕੌਰ ਬੋਲ ਪਈ 'ਸੱਚੀ ਨੂੰ ਸੱਚੀ ਕਹਿਣਾ ਪਊ।'

'ਜੇ ਅਸੀਂ ਉਹਨਾਂ ਨੂੰ ਆਪਣੀ ਪੰਗਤ ਵਿਚ ਨਾ ਬਹਿਣ ਦਈਏ। ਮੰਦਰਾਂ ਵਿਚ ਉਹ ਜਾ ਨਾ ਸਕਣ, ਹਮੇਸ਼ਾ ਉਹਨਾਂ ਨੂੰ ਜੁੱਤੀ ਹੇਠ ਰੱਖੀਏ ਤਾਂ ਫੇਰ ਉਹਨਾਂ ਈਸਾਈ ਬਣਨਾ ਹੀ ਸੀ।'

'ਚੁੱਘਿਆ ਵੀਰਾ। ਤੇਰੀਆਂ ਸਭ ਸੱਚੀਐਂ। ਮੈਂ ਪੁਛਦੀ ਆਂ ਤੂੰ ਉਹਨਾਂ ਨੂੰ ਆਪਣੇ ਨਾਲ ਕਿਤਰਾਂ ਰਲਾਵੇਂਗਾ। ਉਹ ਹਿਸਾਈ ਤਾਂ ਸਭ ਫਰੰਗੀ ਦੇ ਪਿੱਠੂ ਆ।'

'ਬੀਬੀ ਪਹਿਲੋਂ ਤੂੰ ਇਹ ਦਸ। ਸਾਨੂੰ ਛੱਡ ਕੇ ਉਹ ਪਟਿਆਲੇ ਕਿਉਂ ਜਾ ਵੱਸੇ ਐ ਤੇ ਉਹਨਾਂ ਆਪਣਾ ਗਿਰਜਾ ਕਿਉਂ ਬਣਾ ਲਿਐ !'

'ਇਹ ਗੱਲ ਤਾਂ ਆ ਗਈ ਮੈਨੂੰ ਸਮਝ, ਤੂੰ ਅਗਲੀ ਗੱਲ ਕਰ।'

'ਅਗਲੀ ਗੱਲ ਇਹ ਆ, ਉਹ ਵਲੈਤੋਂ ਨਹੀਂ ਆਏ। ਸਾਡੇ ਹੀ ਭਰਾ ਆ। ਉਹ ਦੁਖੀ ਹੋ ਕੇ ਸਾਥੋਂ ਅੱਡ ਹੋਏ ਆ, ਜੇ ਅਸੀਂ ਉਹਨਾਂ ਨੂੰ ਆਪਣੇ ਨਾਲ ਰਲਾਈਏ ਹੀ ਨਾ ਤਾਂ ਉਹ ਕਿਉਂ ਰਲਣਗੇ, ਅਸਾਂ ਉਹਨਾਂ ਨੂੰ ਕਢਿਐ। ਉਹ ਆਪੇ ਤਾਂ ਨਹੀਂ ਨਿਕਲੇ।'

ਬਾਬੂ ਸੁਰਜਨ ਸਿੰਘ ਗੋਡਿਆਂ ਪਰਨੇ ਹੋ ਕੇ ਕੁਝ ਪੁੱਛਣਾ ਚਾਹੁੰਦਾ ਸੀ। ਏਨੇ ਨੂੰ ਲੰਗਰ ਖੁਲ੍ਹਣ ਦੀ ਅਵਾਜ਼ ਆ ਗਈ। ਟਾਟ ਵਿਛੇ ਹੋਏ ਸਨ। ਦੋ ਪੰਗਤਾਂ ਲਗ ਗਈਆਂ। ਪੀਨਾਂਗ ਵਾਸੀ ਕੁਝ ਬੰਦੇ ਲੰਗਰ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਵਿਚੋਂ ਕੁੱਝ ਲੰਗਰ ਵਰਤਾਉਣ ਦੀ ਸੇਵਾ ਕਰਨ ਲੱਗ ਪਏ।

ਰਹਿਮਤ ਅਲੀ ਤੇ ਹਾਫ਼ਜ਼ ਅਬਦੁਲਾ ਜੁੜ ਕੇ ਬੈਠੇ ਹੋਏ ਸਨ। ਨਵਾਬ ਖਾਨ ਦੂਜੀ ਪੰਗਤ ਦੇ ਸਿਰੇ ਉੱਤੇ ਸੀ। ਵਰਤਾਉਣ ਵਾਲਾ ਇਕ ਬਜ਼ੁਰਗ ਨਵਾਬ  ਖਾਨ ਪਾਸ ਆ ਕੇ ਸੱਜੇ ਖੱਬੇ ਵੇਖਣ ਲੱਗਾ। ਉਹ ਉਸ ਪਾਸਿਓਂ ਹਟ ਕੇ ਦੂਜੇ ਸਿਰੇ ਉੱਤੇ ਜਾ ਕੇ ਰੋਟੀਆਂ ਦੇਣ ਲੱਗ ਪਿਆ। ਅੱਧੀ ਪੰਗਤ ਵਿਚ ਰੋਟੀਆਂ ਵਰਤਾ ਕੇ ਹੋਰ ਰੋਟੀਆਂ ਲੈਣ ਗਿਆ, ਉਹ ਮੁੜ ਕੇ ਨਾ ਪਰਤਿਆ। ਉਸ ਦੀ ਥਾਂ ਇਕ ਨੌਜਵਾਨ ਨੇ ਰੋਟੀਆਂ ਆ ਵਰਤਾਈਆਂ। ਨਵਾਬ ਖਾਨ ਦੇ ਹੱਥਾਂ ਉੱਤੇ ਦੋ ਰੋਟੀਆਂ ਰੱਖਦਿਆਂ ਉਸਨੇ ਉਸ ਵੱਲ ਘੂਰ ਕੇ ਤੱਕਿਆ। ਨਵਾਬ ਖਾਨ ਨੀਵੀਂ ਪਾ ਕੇ ਮੁਸਕਰਾਉਣ ਲੱਗ ਪਿਆ।

ਗੁਲਾਬ ਕੌਰ ਉਨ੍ਹਾਂ ਵੱਲ ਵੇਖ ਰਹੀ ਸੀ। ਵਰਤਾਉਣ ਵਾਲੇ ਦੀ ਘੂਰੀ ਤੇ ਨਵਾਬ ਖਾਨ ਦੀ ਮੁਸਕਰਾਹਟ ਦੋਵੇਂ ਉਸ ਨੂੰ ਚੰਗੀਆਂ ਨਾ ਲੱਗੀਆਂ। ਦੂਜੀ ਪੰਗਤ ਵਿਚ ਸੁਰਜਨ ਸਿੰਘ ਰੋਟੀਆਂ ਵਰਤਾ ਰਿਹਾ ਸੀ ਤੇ ਨਾਮ੍ਹੇ ਫਤਹਿਗੜੀਏ ਨੇ ਦਾਲ ਦੀ ਬਾਲਟੀ ਫੜੀ ਹੋਈ ਸੀ। ਉਹ ਦੋਵੇਂ ਰੋਟੀਆਂ ਤੇ ਦਾਲ ਵਰਤਾ ਕੇ ਪਾਣੀ ਦੇਣ ਲੱਗ ਪਏ। ਸੁਰਜਨ ਸਿੰਘ ਕੌਲੇ ਰੱਖ ਰਿਹਾ ਸੀ ਤੇ ਨਾਮ੍ਹਾ ਕੌਲਿਆਂ ਵਿਚ ਪਾਣੀ ਪਾਉਂਦਾ ਜਾ ਰਿਹਾ ਸੀ। ਜਦ ਨਾਮ੍ਹਾ ਨਵਾਬ ਅੱਗੇ ਪਏ ਕੌਲੇ ਵਿਚ ਪਾਣੀ ਪਾ ਰਿਹਾ ਸੀ ਤਾਂ ਨਵਾਬ ਨੂੰ ਹਾਸਾ ਆ ਗਿਆ। ਉਸਨੇ ਪਿੱਠ ਉੱਤੇ ਲਮਕਿਆ ਸ਼ਮਲਾ ਫੜ ਕੇ ਮੂੰਹ ਅੱਗੇ ਦੇ ਲਿਆ।

ਗੁਲਾਬ ਕੌਰ ਨੇ ਲੰਗਰ ਛਕਦਿਆਂ ਹੀ, ਹੱਥ ਧੋ ਰਹੇ ਨਿਧਾਨ ਸਿੰਘ ਚੁੱਘੇ ਪਾਸ ਜਾ ਕੇ ਪੁੱਛਿਆ 'ਰਹਿਮਤ ਤੇ ਹਾਫਜ਼ ਬੜੇ ਭਲੇਮਾਨਸ ਐ। ਨਵਾਬ ਕਿਉਂ ਨਹੀਂ ਖਰਮਸਤੀਆਂ ਕਰਨੋਂ ਟਲਦਾ।'

'ਬੀਬੀ ਉਹਦਾ ਸੁਭਾ ਹੀ ਐ। ਨਿੱਕੀ-ਨਿੱਕੀ ਗੱਲ ਤੇ ਹੱਸ ਪੈਂਦੈ।'

'ਮੈਨੂੰ ਉਹਦਾ ਖਚਰ ਹਾਸਾ ਚੰਗਾ ਨਹੀਂ ਲਗਦਾ।'

'ਤੈਨੂੰ ਫੇਰ ਪੁੱਛ ਕੇ ਹੱਸਿਆ ਕਰੇ।' ਕਹਿ ਕੇ ਨਿਧਾਨ ਸਿੰਘ ਮੁਸਕਰਾ ਪਿਆ।

'ਤੂੰ ਵੀ ਤਾਂ ਮੁਸਕਰਾਇਐਂ ਪਰ ਮੈਨੂੰ ਤੇਰਾ ਹਾਸਾ ਬੁਰਾ ਨਹੀਂ ਲੱਗਾ।'

'ਮੇਰਾ ਹਾਸਾ ਸਿੱਖ ਦਾ ਤੇ ਨਵਾਬ ਦਾ ਮੁਸਲਮਾਨ ਦਾ ਹੋਣੈਂ।'

'ਨਹੀਂ ਨਹੀਂ ਇਹ ਗੱਲ ਨਹੀਂ, ਅਲੀ ਵੀ ਹੱਸਦੈ, ਹਾਫ਼ਜ਼ ਵੀ ਹੱਸਦੈ। ਉਹਨਾਂ ਦੇ ਹਾਸੇ ਮੈਨੂੰ ਬੁਰੇ ਨਹੀਂ ਲਗਦੇ।'

'ਬੀਬਾ। ਛੱਡ ਇਹਨਾਂ ਗੱਲਾਂ ਨੂੰ। ਅਹੁ ਵੇਖ। ਸੁਰਜਨ ਸਿਹੁੰ, ਲਾਲ ਸਿਹੁੰ, ਚੰਦਾ ਸਿਹੁੰ, ਦੋਵੇਂ ਧਿਆਨ ਸਿਹੁੰ ਤੇ ਹੋਰ ਕਈ ਸਾਡੀ ਉਡੀਕ ਕਰ ਰਹੇ ਐ, ਗੱਲਾਂ ਸੁਣਨ ਲਈ। ਨਾਲੇ ਲੰਗਰ ਛਕਦਿਆਂ ਤੇਰੇ ਸੁਆਲ ਦਾ ਜੁਆਬ ਮੈਨੂੰ ਸੁੱਝ ਗਿਐ।'

'ਚੰਗਾ ਫੇਰ ਦੇ ਜੁਆਬ।' ਤੂੰ ਥੋੜਾ ਅਟਕੀਂ। ਮੈਂ ਆਈ ਹੁਣੇ।' ਕਹਿ ਕੇ ਗੁਰਦੁਆਰੇ ਦੇ ਹਾਲ ਹੇਠਾਂ, ਇਕ ਪਾਸੇ ਬਣੀਆਂ ਕੋਠੀਆਂ ਵਿਚੋਂ ਇਕ ਦਾ ਬੂਹਾ ਖੋਲ੍ਹ ਕੇ ਅੰਦਰ ਜਾ ਵੜੀ। ਉੱਥੇ ਜੀਵਨ ਸਿੰਘ ਨੂੰ ਕਪੜਿਆਂ ਸਮੇਤ ਘੂਕ ਸੁੱਤਾ ਪਿਆ ਵੇਖ ਕੇ ਹੈਰਾਨ ਹੋ ਗਈ। ਬੂਹਾ ਭੀੜ ਕੇ ਪਿਛਲੇ ਪੈਰੀਂ ਮੁੜ ਪਈ। ਉਸ ਨੂੰ ਮੁੜਦਾ ਵੇਖ ਕੇ ਸੁਰਜਨ ਸਿੰਘ ਨੇ ਉਸਨੂੰ ਆਪਣੀ ਥਾਂ ਦੇ ਦਿੱਤੀ ਤੇ ਆਪ ਜ਼ਰਾ ਪਿੱਛੇ ਹੋ ਗਿਆ। ਗੁਲਾਬ ਕੌਰ, ਨਿਧਾਨ ਸਿੰਘ ਦੇ ਸਾਹਮਣੇ ਚੌਕੜੀ ਮਾਰ ਕੇ ਬਹਿ ਗਈ। ਉਸ ਨੇ ਵੇਖਿਆ ਕਿ ਕੁਝ ਨਵੇਂ ਬੰਦੇ ਵੀ ਉਨ੍ਹਾਂ ਵਿਚ ਆ ਬੈਠੇ ਸਨ।

ਨਿਧਾਨ ਸਿੰਘ ਨੇ ਆਪਣੀ ਗੱਲ ਸ਼ੁਰੂ ਕਰ ਲਈ 'ਮੈਂ ਬੀਬੀ ਦੇ ਸੁਆਲ ਦਾ ਜੁਆਬ ਸੋਚਦਾ ਰਿਹਾਂ। ਪਰ ਪਹਿਲੀ ਗੱਲ ਤਾਂ ਇਹ ਕਿ ਅਸੀਂ ਹੰਕਾਰੇ ਹੋਏ ਜੱਟ ਜਿਨ੍ਹਾਂ ਨੂੰ ਕਮੀਨ ਕਹਿ ਕੇ ਦੁਰਕਾਰਦੇ ਆਂ, ਉਹ ਈਸਾਈ ਕਿਉਂ ਹੋ ਗਏ ਆ। ਦੂਜੀ ਗੱਲ ਕਿ ਫਰੰਗੀਆਂ ਨੂੰ ਕੱਢਣ ਲਈ ਉਹ ਸਾਡੇ ਨਾਲ ਰਲਣਗੇ ਕਿ ਨਹੀਂ।'

'ਚੁੱਘਿਆ। ਹੁਣ ਗੱਲ ਨਿਖਰੀ ਐ।' ਸੁਰਜਨ ਸਿੰਘ ਨੇ ਤਣ ਕੇ ਕਿਹਾ।

'ਬਾਊ। ਪਹਿਲੋਂ ਮੈਨੂੰ ਆਪ ਨੂੰ ਠੀਕ ਸਮਝ ਨਹੀਂ ਸੀ ਆ ਰਹੀ। ਸਾਡੇ ਉੱਤੇ ਕਈ ਕਿਸਮਾਂ ਦੀਆਂ ਗੁਲਾਮੀਆਂ ਮੜ੍ਹੀਆਂ ਗਈਐਂ। ਦੇਸ ਗੁਲਾਮ ਐ। ਏਸ ਗੁਲਾਮੀ ਵਿਚ ਅਸੀਂ ਸਭ ਇਕੋ ਰੱਸੇ ਨਾਲ ਜਕੜੇ ਹੋਏ ਆਂ। ਦੂਜੀ ਗੁਲਾਮੀ ਐ ਗਰੀਬੀ ਦੀ। ਸਾਡੀ ਦੌਲਤ ਲੁਟ ਕੇ ਵਲੈਤ ਲੈ ਜਾਂਦੇ ਐ ਤੇ ਸਾਨੂੰ ਜਾਣ ਬੁੱਝ ਕੇ ਗੁਰਬਤ ਦੀ ਦਲਦਲ ਵਿਚ ਸੁਟਿਆ ਜਾਂਦੈ। ਤੀਜੀ ਗੁਲਾਮੀ ਐ ਜੀਹਨੂੰ ਅਸੀਂ ਸ਼ਖਸੀ ਗੁਲਾਮੀ ਕਹਿ ਸਕਦੇ ਆਂ। ਫਰੰਗੀਆਂ ਨੇ ਇਨ੍ਹਾਂ ਤਿੰਨਾਂ ਗੁਲਾਮੀਆਂ ਦਾ ਭਾਰ ਸਾਡੇ ਮੋਢਿਆਂ ਉੱਤੇ ਸੁਟਿਆ ਹੋਇਐ।'

ਅਸੀਂ ਸਭ ਤੋਂ ਪਹਿਲੋਂ ਦੇਸ ਦੀ ਗੁਲਾਮੀ ਦੀਆਂ ਜੜ੍ਹਾਂ ਕੱਟਣੀਐਂ। ਜਦ ਤਾਈਂ ਦੇਸ ਅਜ਼ਾਦ ਨਹੀਂ ਹੁੰਦਾ, ਓਨੀ ਦੇਰ ਤਕ ਨਾ ਗਰੀਬੀ ਘਟ ਸਕਦੀ ਐ ਤੇ ਨਾ ਹੀ ਕਿਸੇ ਨੂੰ ਸ਼ਖਸੀ ਆਜ਼ਾਦੀ ਨਸੀਬ ਹੋ ਸਕਦੀ ਐ। ਸਾਨੂੰ ਗਰੀਬ ਕਰਕੇ ਦਿਨੇ ਦਿਨ ਕਮਜ਼ੋਰ ਕੀਤਾ ਜਾ ਰਿਹੈ।

'ਬੀਬੀ ਪੁਛਦੀ ਐ ਕਿ ਜਿਨ੍ਹਾਂ ਨੂੰ ਅਸੀਂ ਕਮੀਨ ਕਹਿੰਦੇ ਆਂ, ਉਹ ਈਸਾਈ ਕਿਉਂ ਬਣ ਗਏ ਐ....ਉਨ੍ਹਾਂ ਨੂੰ ਇਹ ਖਿਆਲ ਆ ਗਿਐ ਕਿ ਸ਼ੈਂਤ ਈਸਾਈ ਬਣਨ ਨਾਲ ਉਨ੍ਹਾਂ ਦੇ ਪੇਟ ਦੀ ਭੁੱਖ ਮਿਟਾਈ ਜਾ ਸਕੇ ?'

'ਉਹ ਕਿਹੜੇ ਭੁੱਖੇ ਮਰਦੇ ਸੀ।' ਬੀਬੀ ਨੇ ਦਖਲ ਦਿੱਤਾ।

'ਬੀਬੀ ਜੇ ਤੂੰ ਆਪ ਉਨ੍ਹਾਂ ਵਿਚੋਂ ਹੋਂਦੀ ਤਾਂ ਤੈਨੂੰ ਸਮਝ ਐਂਦੀ। ਮਜ਼ਹਬ ਬਦਲਣ ਨਾਲ ਬੰਦਾ ਨਹੀਂ ਬਦਲ ਜਾਂਦਾ। ਉਹਨਾਂ ਜੋ ਕੁਝ ਕੀਤੈ, ਗਰੀਬੀ ਤੋਂ ਛੁਟਕਾਰਾ ਪਾਉਣ ਲਈ ਕੀਤੈ। ਦੂਜੇ ਉਹ ਪਿੰਡਾਂ ਦੇ ਕਿਸਾਨਾਂ ਦੀ ਜੁੱਤੀ ਹੇਠੋਂ ਨਿਕਲ ਗਏ ਐ। ਭੁੱਖੇ ਨੂੰ ਕਿਸੇ ਨੇ ਪੁੱਛਿਆ ਦੋ ਤੇ ਦੋ? ਉਹਨੇ ਜਵਾਬ ਦਿੱਤਾ ਚਾਰ ਰੋਟੀਆਂ।'

'ਆਹ ਗੱਲ ਲੱਗੀ ਐ ਮੇਰੇ ਮਨ।' ਬਾਬੂ ਸੁਰਜਨ ਸਿੰਘ ਬੋਲ ਪਿਆ।

ਉਹਨਾਂ ਫਰੰਗੀਆਂ ਦੇ ਰੱਬ ਨੂੰ ਆਪਣਾ ਰੱਬ ਮੰਨ ਕੇ ਮੁੰਡੇ ਕੁੜੀਆਂ ਪੜ੍ਹਨੇ ਪਾ ਲਏ ਆ। ਜਦ ਕੋਈ ਨੌਕਰੀ ਨਿਕਲਦੀ ਐ ਤਾਂ ਉਹਨਾਂ ਨੂੰ ਪਹਿਲੋਂ ਦਿੱਤੀ ਜਾਂਦੀ ਐ। ਮਿਸ਼ਨ ਸਕੂਲਾਂ ਵਿਚ ਕਈ ਮਾਸਟਰ ਲਗ ਗਏ ਐ। ਜਿਹਨਾਂ ਨੂੰ ਅਸੀਂ ਕਮੀਨ ਕਹਿ-ਕਹਿ ਕੇ ਸਦੀਆਂ ਤੋਂ ਦੁਰਕਾਰਦੇ ਆ ਰਹੇ ਆਂ, ਉਹ ਸਾਨੂੰ ਇਲਮ ਪੜ੍ਹਾਂਦੈ ਐ। ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਦੇ ਮੁੰਡੇ ਉਹਨਾਂ ਕੋਲੋਂ ਪੜ੍ਹਦੇ ਐ। ਜਦ ਉਹ ਸਾਡੇ ਸਨ ਤਾਂ ਅਸੀਂ ਉਹਨਾਂ ਨੂੰ ਕਮੀਨ ਕਹਿੰਦੇ ਸਾਂ, ਹੁਣ ਉਹ ਕਮੀਨ ਨਹੀਂ ਰਹੇ, ਸਾਡੇ ਫਰੰਗੀ ਹਾਕਮਾਂ ਦੇ ਹੇਠਾਂ ਹੋ ਕੇ ਸਾਡੇ ਵੀ ਹਾਕਮ ਬਣ ਗਏ ਐ। ਅਸਲੀ ਪੁੱਛੋ ਤਾਂ ਇਹ ਸਭ ਪੁਆੜਾ ਪੇਟ ਦੀ ਭੁੱਖ ਦਾ ਐ। ਗੁੱਲੀ, ਜੁੱਲੀ, ਕੁੱਲੀ ਦਾ ਐ।'

ਬੀਬੀ ਗੁਲਾਬ ਕੌਰ, ਨਿਧਾਨ ਸਿੰਘ ਦੀਆਂ ਗੱਲਾਂ ਏਨੇ ਧਿਆਨ ਨਾਲ ਸੁਣ ਰਹੀ ਸੀ, ਜਿਵੇਂ ਉਸ ਦੀ ਸਮਾਧੀ ਲੱਗ ਗਈ ਹੋਵੇ। ਉਹ ਕਿੰਨੀ ਦੇਰ ਚੁੱਪ ਰਿਹਾ। ਹੋਰ ਵੀ ਕੋਈ ਨਾ ਬੋਲਿਆ। ਇਕ ਨਵੇਂ ਰਲੇ ਬੰਦੇ ਨੇ ਹੱਥ ਖੜ੍ਹਾ ਕਰ ਦਿੱਤਾ।

'ਕਰ ਗੱਲਾਂ' ਚੁੱਘੇ ਨੇ ਕਿਹਾ।

'ਭਾਈ ਜੀ ਮੈਨੂੰ ਥੋੜ੍ਹੇ ਦਿਨ ਹੀ ਹੋਏ ਐ ਦੇਸੋਂ ਆਇਆਂ। ਜੇ ਮੇਰੇ ਕੋਲ ਟਿਕਟ ਦੇ ਪੈਸੇ ਹੁੰਦੇ ਤਾਂ ਮੈਂ ਵੀ ਮੁੜ ਚਲਦਾ। ਪਹਿਲੋਂ ਗੋਰਿਆਂ ਦੀਆਂ ਜੜ੍ਹਾਂ ਵੱਢੋ। ਫੇਰ ਗਰੀਬੀ ਦੀ ਗੱਲ ਕਰਿਓ।'

'ਭਾਈ ਗੁਰਮੁਖਾ। ਤੇਰਾ ਨਾਂ, ਪਿੰਡ।'

'ਜੀ ਨਾਂ ਮੇਰਾ ਈਸ਼ਰ, ਪਿੰਡ ਧਰਮ ਕੋਟ, ਸਾਨੂੰ ਵੀ ਪਿੰਡ ਕਮੀਨ ਹੀ ਕਹਿੰਦੇ ਐ। ਅਸੀਂ ਮਜ਼ਹਬੀ ਹੁੰਦੇ ਆਂ।'

'ਗੁਰਮੁਖਾ। ਮੁੜ ਕੇ ਨਾ ਇਹ ਗੱਲ ਕਹੀਂ। ਗਦਰ ਪਾਰਟੀ ਵਿਚ ਸਭ ਇਕੋ ਜਿਹੇ ਐ।'

'ਜੀ। ਗ੍ਰੰਥ ਸਾਹਿਬ ਵਿਚ ਵੀ ਤਾਂ ਇਕੋ ਜਿਹੇ ਲਿਖਿਐ। ਗੱਲ ਤਾਂ ਮੰਨੇ ਦੀ ਐ।'

'ਤੂੰ ਈਸ਼ਰ ਸਿਹਾਂ ਤਿਆਰ ਹੋ ਜਾਹ। ਤੇਰਾ ਟਿਕਟ ਮੈਂ ਕਟਾ ਲਊਂ।'

'ਜੀ, ਤੇਰਾ ਭਲਾ ਹੋਵੇ। ਮੇਰਾ ਨਾਂ ਕੱਲਾ ਈਸ਼ਰ ਐ। ਮੈਂ ਤੁਹਾਡੇ ਨਾਲ ਕੰਮ ਕਰੂੰ। ਮੈਂ ਆਪਣੇ ਪਿੰਡ ਨਹੀਂ ਜੇ ਜਾਣਾ। ਉੱਥੇ ਮੈਨੂੰ ਫੇਰ ਕਮੀਨ ਮਜ਼ਹਬੀ ਸੱਦਣਗੇ।'

ਗੁਲਾਬ ਕੌਰ ਟਿਕ-ਟਿਕੀ ਲਾ ਕੇ ਈਸ਼ਰ ਦੇ ਚਿਹਰੇ ਵੱਲ ਤਕ ਰਹੀ ਸੀ।

'ਰਹੀ ਗੱਲ ਇਹ ਕਿ ਇਸਾਈ, ਸਾਡੀ ਜੰਗ ਵਿਚ ਸਾਡੇ ਨਾਲ ਤੁਰਨਗੇ, ਜਾਂ ਫਰੰਗੀਆਂ ਨਾਲ। ਜਦੋਂ ਅਸੀਂ ਗੋਰੇ ਕੱਢ ਦਿੱਤੇ ਤਾਂ ਉਹ ਇਹਨਾਂ ਈਸਾਈਆਂ ਨੂੰ ਨਾਲ ਵਲੈਤ ਨਹੀਂ ਲਿਜਾਣ ਲੱਗੇ। ਬੱਸ ਇਹ ਗੱਲ ਈਸਾਈਆਂ ਨੂੰ ਸਮਝਾਉਣ ਵਾਲੀ ਐ।'

ਇਕ ਗੱਲ ਹੋਰ, ਸਾਰੇ ਸਾਡੇ ਹਿੰਦੂ ਸਿੱਖ ਤੇ ਮੁਸਲਮਾਨ ਵੀ ਤਾਂ ਸਾਡੇ ਨਾਲ ਨਹੀਂ ਤੁਰਨ ਲੱਗੇ। ਮਜ਼ਹਬੀ ਧੜੇ ਤਾਂ ਝੂਠੇ ਧੜੇ ਐ। ਵੱਡੇ ਦੋ ਧੜੇ ਐ। ਇਕ ਅਮੀਰਾਂ ਦਾ ਤੇ ਦੂਜਾ ਗਰੀਬਾਂ ਦਾ। ਅਮੀਰ ਫਰੰਗੀ ਨਾਲ ਜਾਣਗੇ ਤੇ ਗਰੀਬਾਂ ਸਾਡੇ ਨਾਲ ਰਲਣੈ।'

'ਭਾਈ ਚੁੱਘਿਆ। ਤੂੰ ਤਾਂ ਅੱਜ ਮਧਾਣੀ ਪਾ ਕੇ ਦੁੱਧ ਰਿੜਕ ਕੇ ਲੱਸੀ ਤੇ ਮੱਖਣ ਅੱਡ-ਅੱਡ ਕਰ ਦਿੱਤੇ ਐ।' ਕਹਿੰਦਿਆਂ ਹੀ ਸੁਰਜਨ ਸਿੰਘ ਨੇ ਉਠਣਾ ਚਾਹਿਆ। ਗੁਲਾਬ ਕੌਰ ਨੇ ਉਸ ਨੂੰ ਗੋਡਿਓਂ ਫੜ ਕੇ ਬਿਠਾਂਦਿਆਂ ਪੁੱਛਿਆ 'ਕਿੱਥੇ ਚਲਿਐਂ ਬਾਊ ਵੀਰਾ।'

'ਬੀਬੀ ! ਬੈਠਿਆਂ-ਬੈਠਿਆਂ ਲੱਤਾਂ ਆਕੜ ਗਈਐਂ।

ਨਿਧਾਨ ਸਿੰਘ ਨੇ ਤਜਵੀਜ਼ ਕੀਤਾ 'ਚਲੋ ਥੋੜ੍ਹਾ ਫਿਰ ਤੁਰ ਲਈਏ।' ਸਭ ਉੱਠ ਖਲੋਤੇ। ਈਸ਼ਰ, ਨਿਧਾਨ ਸਿੰਘ ਦੇ ਪਿੱਛੇ-ਪਿੱਛੇ ਹੋ ਤੁਰਿਆ।

ਗੁਲਾਬ ਕੌਰ ਨੇ ਆਪਣੀ ਕੋਠੜੀ ਦਾ ਬੂਹਾ ਥੋੜ੍ਹਾ ਜਿਹਾ ਖੋਹਲ ਕੇ ਵੇਖਿਆ। ਜੀਵਨ ਸਿੰਘ ਅੱਜੇ ਵੀ ਘੂਕ ਸੁੱਤਾ ਪਿਆ ਸੀ।

# 7

'ਬੀਬੀ ਗੁਲਾਬੋ। ਤੂੰ ਮਾਰ ਲੈ ਝਿੜਕਾਂ ਜਿੰਨੀਆਂ ਮਾਰਨੀਐ। ਤੂੰ ਛੋਟੀ ਭੈਣ ਆਂ।'

'ਮੈਂ ਤਾਂ ਪੁਛਦੀ ਆਂ ਤੁਸੀਂ ਰਹੇ ਕਿੱਥੇ ਓ ? ਜਹਾਜ਼ ਉੱਤੇ ਵੀ ਨਹੀਂ ਵੇਖੇ।'

'ਬੀਬੀ। ਜ਼ਰਾ ਸਹਾਰਾ ਕਰ। ਸਾਹ ਕੱਢ ਲੈਣ ਦੇਹ। ਮੁੜ੍ਹਕੋ ਮੁੜ੍ਹਕੀ ਹੋਇਆ ਪਿਐ ਬਦਨ। ਤੈਨੂੰ ਧਰਮੇ ਨੇ ਕੀ ਦਸਣੈ, ਮੈਂ ਦੱਸਦਾਂ।'

ਧਰਮ ਸਿੰਘ ਨੇ ਪੌੜੀਆਂ ਵਿਚ ਹੀ ਬਹਿੰਦਿਆਂ ਕਿਹਾ 'ਚੰਗਾ। ਫੇਰ ਤੂੰ ਹੀ ਦੱਸ।'

ਕਰਮ ਸਿੰਘ ਨੇ ਪਿੱਠ ਤੋਂ ਕੁੜਤਾ ਉੱਚਾ ਕੀਤਾ ਹੋਇਆ ਸੀ। ਉਸਨੂੰ ਧਰਮੇ ਦੇ ਨਾਲ ਬਹਿੰਦਿਆਂ ਕੁੜਤਾ ਨੀਵਾਂ ਕਰਕੇ ਦੱਸਿਆ 'ਅਸੀਂ ਜਹਾਜ਼ੋਂ ਰਹਿ ਗਏ ਸੀ।'

'ਉਹ ਕਿਵੇਂ ?' ਬੀਬੀ ਗੁਲਾਬ ਕੌਰ ਉਨ੍ਹਾਂ ਦੇ ਸਾਹਮਣੇ ਖੜ੍ਹੀ ਸੀ।

'ਤੈਨੂੰ ਪਤੈ ਇਕ ਜਹਾਜ਼ ਚੰਘਈ ਵਾਲਾ ਤੇ ਦੂਜਾ ਸਾਡੇ ਵਾਲਾ, ਦੋਵੇਂ ਕੱਠੇ ਤੁਰਨੇ ਸੀ ਸਿੰਘਾਪੁਰੋਂ। ਅਸਾਂ ਸਮਝਿਆ ਚੰਘਈ ਵਾਲਾ ਤੁਰਨ ਲੱਗੈ, ਤੇ ਸਾਡੇ ਵਾਲਾ ਪਿੱਛੋਂ ਤੁਰੂ। ਜਦ ਜਹਾਜ਼ੇ ਚੜ੍ਹਨ ਲੱਗੇ ਤਾਂ ਪੱਤਾ ਲਗਾ, ਸਾਡਾ ਤੁਰ ਗਿਐ। ਅਸੀਂ ਦੂਜੇ ਜਹਾਜ਼ ਵਾਲਿਆਂ ਦੇ ਬੜੇ ਤਰਲੇ ਕੀਤੇ, ਪਰ ਉਹਨਾਂ ਇਕੋ ਨੰਨਾ ਫੜੀ ਰਖਿਆ। ਆਪਣੇ ਬੜੇ ਭਾਈ ਸੀ, ਉਸੇ ਜਹਾਜ਼ ਵਿਚ। ਉਹਨਾਂ ਦੱਸਿਆ ਕਿ ਦੋਵੇਂ ਜਹਾਜ਼ ਪਲਾਂਗ ਕੱਠੇ ਹੋ ਜਾਣੇ ਐ ਤੇ ਗੱਡੀ ਚੜ੍ਹ ਕੇ ਪਲਾਂਗ ਪਹੁੰਚ ਜਾਈਏ।'

ਸੁਆਲੀਆ ਨਜ਼ਰਾਂ ਨਾਲ ਵੇਖਦਿਆਂ ਗੁਲਾਬ ਕੌਰ ਨੇ ਪੁੱਛਿਆ 'ਫੇਰ।'

'ਫੇਰ ਕੀ ! ਅਸੀਂ ਗੱਡੀ ਚੜ੍ਹ ਪਏ।'

'ਟਿਕਟਾਂ ?'

'ਧਰਮੇ ਨੇ ਲਈਆਂ।'

'ਤੇ ਪੈਸੇ।'

'ਤੈਥੋਂ ਕੀ ਲੁਕੋ ਰਖਣੈ। ਧਰਮੇ ਦੀ ਵਾਂਸਲੀ ਵਿਚ ਸੀ ਕੁਛ ਡਾਲੇ।' ਕਰਮ ਸਿੰਘ ਦੀ ਗੱਲ ਸੁਣਦਿਆਂ ਧਰਮ ਸਿੰਘ ਨੇ ਨੀਵੀਂ ਪਾ ਲਈ।

'ਤੁਸੀਂ ਪਛੜ ਕਿਉਂ ਗਏ ਸੀ ? ਦੋ ਘੰਟੇ ਪਹਿਲੋਂ ਚੜ੍ਹਨਾ ਹੋਂਦਾ ਐ ਜਹਾਜ਼ੇ। ਗੁਲਾਬ ਕੌਰ ਦਾ ਇਹ ਸੁਆਲ ਸੁਣ ਕੇ ਕਰਮ ਸਿੰਘ ਬੋਲਿਆ 'ਧਰਮਿਆਂ ! ਤੂੰ ਵੀ ਕੁਝ ਬੋਲੇਂਗਾ।'

ਨੀਵੀਂ ਪਾਈ ਰਖਦਿਆਂ ਉਸਨੇ ਕਿਹਾ 'ਤੂੰ ਈ ਦਸ ਦੇਹ ਸਭ ਕੁਝ। ਗੁਲਾਬੋ ਤੋਂ ਕੋਈ ਲੁਕੋ ਨਹੀਂ ਰਖਣਾ।'

'ਬੀਬੀ। ਅਸੀਂ ਤਾੜੀ ਵਾਲੇ ਕਿੱਡੇ ਵਿਚ ਜਾ ਵੜੇ।'

'ਹੁਣ ਆਈ ਮੈਨੂੰ ਸਮਝ।'

'ਬੀਬੀ। ਭੈੜੀ ਵਾਦੀ ਪਈ ਐ। ਛੱਡਦਿਆਂ-ਛੱਡਦਿਆਂ ਛੱਡ ਹੋਊ। 'ਜ਼ਰਾ ਨਹਾ ਲਈਏ। ਦੋ ਦਿਨ ਹੋ ਗਏ ਨਹਾਤਿਆਂ।' ਕਰਮ ਸਿੰਘ ਉੱਠ ਖਲੋਤਾ। ਉਸ ਦੇ ਪਿੱਛੇ-ਪਿੱਛੇ ਧਰਮ ਸਿੰਘ ਤੁਰ ਪਿਆ। ਗੁਲਾਬ ਕੌਰ ਉਨ੍ਹਾਂ ਦੇ ਵਿਚਾਲੇ ਤੁਰ ਰਹੀ ਸੀ। ਧਰਮ ਸਿੰਘ ਨੇ ਕਰਮ ਸਿੰਘ ਵੱਲ ਕੋਈ ਇਸ਼ਾਰਾ ਕੀਤਾ। ਗੁਲਾਬ ਕੌਰ ਤਾੜ ਗਈ ਕਰਮ ਸਿੰਘ ਨੇ ਕਿਹਾ 'ਧਰਮਿਆ। ਅਗਲੀ ਗੱਲ ਤੂੰ ਦਸ ਦੇਹ।'

'ਬੀਬੀ ! ਨਵਾਬ ਨੂੰ ਇਕ ਕਿੱਡੇ ਵਿਚ ਤਾੜੀ ਪੀਂਦਿਆ ਵੇਖ ਕੇ ਅਸੀਂ ਦੂਜੇ ਕਿੱਡੇ ਵਿਚ ਜਾ ਵੜੇ। ਨਾਲੇ 'ਤਾੜੀ ਪੀਂਦਾ ਸੀ, ਨਾਲੇ ਸਿਗਰਟ। ਉਹਨੇ ਨਹੀਂ ਸੀ ਵੇਖਿਆ ਸਾਨੂੰ। ਪਿੱਠ ਦੇ ਕੇ ਬੈਠਾ ਸੀ।'

'ਚੋਰ ਆਪਣੀ ਚੋਰੀ ਲੁਕੋਂਦਾ ਤੇ ਦੂਜੇ ਦੀ ਚੋਰੀ ਦਸਦੈ।'

'ਗੁਲਾਬੋ। ਆਪਣੀ ਚੋਰੀ ਪਹਿਲੋਂ ਦੱਸੀ ਐ।'

'ਮੈਂ ਕਿਹੜੀ ਥੋਡੀ ਮਾਂ ਆਂ। ਤੁਸੀਂ ਜਾਣੋ ਤੇ ਥੋਡਾ ਕੰਮ। ਮੈਂ ਤਾਂ ਮਾਨੇ ਬੇਈਮਾਨ ਦੀ ਗੱਲ ਕਰਦੀ ਝੂਰਦੀ ਆਂ। ਜਿਹੜਾ ਨਸ਼ਾ ਪੀਂਦੈ, ਉਹ ਅੱਜ ਵੀ ਡਿੱਗਾ ਤੇ ਕਲ ਵੀ। ਉਹ ਕੋਈ ਗੱਲ ਲੁਕੋ ਕੇ ਨਹੀਂ ਰਖ ਸਕਦਾ। ਥੋਨੂੰ ਗਦਰ ਪਾਰਟੀ ਦੇ ਕੰਮ ਵਿਚ ਨਹੀਂ ਪੈਣਾ ਚਾਹੀਦਾ। ਪਲਾਂਗ ਹੀ ਰਹਿ ਜਾਓ।'

'ਨਹੀਂ ਗੁਲਾਬੋ। ਇਹ ਨਹੀਂ ਹੋਣਾ ਸਾਥੋਂ।' ਧਰਮ ਸਿੰਘ ਨੇ ਭਰੜਾਂਦੀ ਅਵਾਜ਼ ਵਿਚ ਕਿਹਾ।

ਕਰਮ ਸਿੰਘ ਨੇ ਦੱਸਿਆ 'ਅਸੀਂ ਦੋਵੇਂ ਚੇਤ ਸਿਹੁੰ ਨਾਲ ਜਾ ਕੇ ਸਿੰਘਾਪੁਰ ਛੌਣੀਆਂ ਵਾਲਿਆਂ ਨੂੰ ਗਦਰ ਦੇ ਕਾਗਜ਼ ਵੰਡਦੇ ਰਹੇ ਆਂ।

'ਜੇ ਫੜੇ ਜਾਂਦੇ ?'

'ਮਰਨਾ ਤਾਂ ਇਕੋ ਵਾਰੀ ਐ। ਅਸੀਂ ਮੌਤ ਤੋਂ ਨਹੀਂ ਡਰਦੇ।' ਕਰਮ ਸਿੰਘ ਨੇ ਆਕੜ ਕੇ ਕਿਹਾ।

'ਬੀਬੀ ! ਕਰਮਾ ਠੀਕ ਕਹਿੰਦੈ। ਤੂੰ ਸਾਨੂੰ ਪਰਤਾ ਕੇ ਵੇਖ ਲੈ।'

'ਮੈਨੂੰ ਤਾਂ ਆਪ ਕੁਝ ਸਮਝ ਨਹੀਂ। ਜੇ ਮਰਨ ਦੀ ਜਾਚ ਆ ਜਾਏ ਤਾਂ ਫੇਰ ਕਿਹੜੀ ਗੱਲ ਰਹਿ ਗਈ। ਚੁੱਘਾ ਵੀਰ ਕਹਿੰਦੈ ਜਿਹੜੇ ਲੋਕ ਮੌਤ ਤੋਂ ਡਰਦੇ ਐ, ਉਹ ਆਜ਼ਾਦੀ ਨਹੀਂ ਲੈ ਸਕਦੇ।' ਗੁਲਾਬ ਕੌਰ ਦੀ ਗੰਭੀਰ ਗੱਲ, ਸੁਣਦਿਆਂ ਹੀ, ਕਰਮ ਸਿੰਘ ਨੇ ਕਿਹਾ 'ਬੀਬੀ। ਅਸੀਂ ਨਹਾ ਲਈਏ ਫੇਰ।' ਗੁਲਾਬ ਕੌਰ ਦੋਹਾਂ ਨੂੰ ਡਿੱਘੀਆਂ ਵੱਲ ਜਾਂਦਿਆਂ ਵੇਖ ਰਹੀ ਸੀ।

# 8

'ਬੀਬੀ। ਤੇਰੀ ਕੋਠੜੀ ਦਾ ਬੂਹਾ ਖੁੱਲ੍ਹਾ ਵੇਖਕੇ ਮੈਂ ਅੰਦਰ ਜਾ ਸੁੱਤਾ। ਸਾਰੀ ਰਾਤ ਸੌਣਾ ਨਹੀਂ ਸੀ ਮਿਲਿਆ।'

'ਮੈਂ ਕਈ ਵਾਰੀ ਵੇਖਣ ਆਈ। ਤੂੰ ਘੂਕ ਸੁੱਤਾ ਸੀ।'

'ਹੁਣੇ ਨਹਾ ਕੇ ਮੁੜਿਆ ਤਾਂ ਕੁਝ ਸੁਰਤ ਆਈ ਐ। ਮੇਰੇ ਸਮਾਨ ਦੇ ਨਾਲ ਅਮਰ ਸਿਹੁੰ ਦਾ ਸਮਾਨ ਪਿਆ ਸੀ।'

'ਉਹ ਲੈ ਗਿਐ ਆਪਣਾ ਸਮਾਨ। ਜੀਹਦਾ ਜੀਅ ਕਰਦੈ ਰੱਖ ਜਾਂਦੈ, ਜੀਹਦਾ ਜੀਅ ਕਰਦੈ ਲੈ ਜਾਂਦੈ। ਮੈਨੂੰ ਕੋਈ ਪਤਾ ਨਹੀਂ ਕੀਹਦਾ-ਕੀਹਦਾ ਸਮਾਨ ਪਿਐ, ਮੇਰੀ ਕੋਠੜੀ ਵਿਚ।'

ਜੀਵਨ ਸਿੰਘ ਭਿੱਜੇ ਹੋਏ ਕੇਸ, ਅੱਗੇ ਲਮਕਾ ਕੇ ਕੰਘਾ ਕਰ ਰਿਹਾ ਸੀ। ਗੁਲਾਬ ਕੌਰ ਨੇ ਪੁੱਛਿਆ 'ਤੂੰ ਗਿਆ ਕਿੱਥੇ ਸੀ ?'

'ਜਿੱਥੇ ਡੂਟੀ ਲੱਗੀ ਸੀ।' ਗੁਲਾਬ ਕੌਰ ਜਾਣਨਾ ਚਾਹੁੰਦੀ ਸੀ ਕਿ ਉਹ ਕਿੱਥੇ ਗਿਆ ਸੀ, ਤੇ ਉਸ ਦੀ ਕੀ ਡਿਊਟੀ ਲੱਗੀ ਸੀ, ਪਰ ਉਹ ਪੁੱਛਣੋਂ ਝਕ ਗਈ। ਜੀਵਨ ਸਿੰਘ ਆਪੇ ਹੀ ਬੋਲ ਪਿਆ 'ਮੇਰੇ ਨਾਲ ਅਰਜਨ ਸਿਹੁੰ, ਕੇਸਰ ਸਿਹੁੰ, ਮੰਗਲ ਸਿਹੁੰ, ਅਮਰ ਸਿਹੁੰ ਤੇ ਉਮਰਾਓ ਸਿਹੁੰ ਗਏ ਸੀ। ਅਸੀਂ ਮਲਾਯਾ ਸਟੇਟਸ ਗਾਈਡ ਵਾਲਿਆਂ ਫੌਜੀਆਂ ਵਿਚ ਗਦਰ ਦੇ ਕਾਗਜ਼ ਜਾ ਵੰਡੇ। ਉਹਨਾਂ ਸਾਨੂੰ ਦੱਸਿਆ ਕਿ ਜਿਹੜਾ ਗੁਰੂ ਨਾਨਕ ਜਹਾਜ਼ ਕਨੇਡਾ ਤੋਂ ਮੁੜਿਆ ਸੀ, ਉਹਦੇ ਕਲਕੱਤੇ ਪਹੁੰਚਣ ਤੇ ਗੋਰਿਆਂ ਗੋਲੀ ਚਲਾ ਕੇ ਕਈ ਮੁਸਾਫਰ ਮਾਰ ਦਿੱਤੇ ਐ। ਕਈ ਨੱਸ ਗਏ. ਬਾਕੀ ਸਭ ਡੰਗਰਾਂ ਵਾਂਗੂੰ ਨੂੜ ਕੇ ਗੱਡੀ ਵਿਚ ਪੰਜਾਬ ਵੱਲ ਨੂੰ ਲੈ ਗਏ ਐ।'

'ਬੜਾ ਜ਼ੁਲਮ ਕੀਤੈ ਫਰੰਗੀਆਂ।'

'ਆਪਣੇ ਫੌਜੀਆਂ ਵਿਚ ਬੜਾ ਰੋਹ ਤੇ ਜੋਸ਼ ਐ। ਜਦ ਦੀ ਜੰਗ ਲੱਗੀ ਐ, ਗੋਰਿਆਂ ਨੇ ਕਈ ਜੁਆਨ ਕੈਦੀ ਬਣਾ ਕੇ ਬੈਰਕਾਂ ਵਿਚ ਡੱਕੇ ਹੋਏ ਐ। ਓਥੇ ਆਪਣਾ ਸਿੱਖ ਸੂਬੇਦਾਰ ਅਫ਼ਸਰ ਐ। ਉਹ ਡਾਢਾ ਗੁੱਸੇ 'ਚ ਸੀ। ਕਹਿਣ ਲੱਗਾ ਕਿ ਗੋਰਿਆਂ ਦਾ ਸਿੱਖਾਂ ਤੋਂ ਇਤਬਾਰ ਉੱਡ ਗਿਐ। ਜਰਮਨਾਂ ਉੱਤੋਂ ਸਿੱਖਾਂ ਦਾ ਪਹਿਰਾ ਹਟਾ ਕੇ ਉਨ੍ਹਾਂ ਗੋਰਿਆਂ ਦਾ ਲਾ ਦਿੱਤੈ।'

'ਜੀਇਆ ! ਤੂੰ ਇਹ ਦਸ। ਜੇ ਉਹਨਾਂ ਨਾਲ ਗੋਰਿਆਂ ਇਹ ਜ਼ੁਲਮ ਕੀਤੇ ਤਾਂ ਸਾਡੇ ਨਾਲ ਘਟ ਕਰਨਗੇ ?'

'ਇਹ ਗੱਲ ਵੀ ਤੁਰੀ ਸੀ। ਕੇਸਰ ਸਿਹੁੰ ਤੇ ਸੂਬੇਦਾਰ ਦੋਹਾਂ ਦੀ ਰਾਏ ਸੀ ਕਿ ਜੇ ਦੇਸ ਨਾ ਪਹੁੰਚ ਸਕੀਏ ਤਾਂ ਫੇਰ ਪਲਾਂਗ ਹੀ ਗ਼ਦਰ ਕਰ ਦੇਈਏ ਪਰ ਪਹਿਲੋਂ ਇਹ ਪਤਾ ਲਾਈਏ ਕਿ ਕਿਹੜੀ-ਕਿਹੜੀ ਫੌਜ ਵਿਚੋਂ ਬੰਦੇ ਰਲ ਸਕਦੇ ਐ ਤੇ ਹਥਿਆਰ ਕਿੱਥੋਂ-ਕਿੱਥੋਂ ਲੁੱਟੇ ਜਾ ਸਕਦੇ ਐ। ਫੌਜ ਤੇ ਪੁਲਸ ਸਭ ਆਪਣੀ ਐ। ਗੋਰੇ ਤਾਂ ਆਟੇ ਵਿਚ ਲੂਣ ਵੀ ਨਹੀਂ।' ਗੁਲਾਬ ਕੌਰ, ਜੀਵਨ ਸਿੰਘ ਦੀਆਂ ਗੱਲਾਂ ਸੁਣ ਕੇ ਹੈਰਾਨ ਖਲੋਤੀ ਸੀ। ਜੀਵਨ ਸਿੰਘ ਨੇ ਕੇਸ ਪਿੱਛੇ ਸੁਟਦਿਆਂ, ਗੁਲਾਬ ਕੌਰ ਦੇ ਚਿਹਰੇ ਵੱਲ ਗਹੁ ਨਾਲ ਤੱਕਿਆ, ਉਸ ਨੇ ਪੁੱਛਿਆ 'ਗੁਲਾਬੋ ! ਕੁਝ ਡਰੀ ਖਲੋਤੀ ਐਂ।'

ਜੀਵਨ ਸਿੰਘ ਦੀ ਗੱਲ ਸੁਣ ਕੇ ਗੁਲਾਬ ਕੌਰ ਦਾ ਤਰਾਹ ਨਿਕਲ ਗਿਆ।

'ਨਹੀਂ ! ਮੈਂ ਸੋਚ ਰਹੀ ਸਾਂ ਕਿ ਪਲਾਂਗ ਮਰਨ ਨਾਲੋਂ ਤਾਂ ਦੇਸ ਜਾ ਕੇ ਮਰਨਾ ਠੀਕ ਰਹੂ।'

'ਜਾਪਦੈ ਅੱਜੇ ਜੁਆਲਾ ਸਿਹੁੰ ਵਾਲੀ ਟੋਲੀ ਨਹੀਂ ਮੁੜੀ। ਉਹ ਵੀ ਸਾਡੇ ਨਾਲ ਹੀ ਤੁਰੀ ਸੀ ਪਰ ਰਾਹ ਵਿਚ ਜਾ ਕੇ ਨਿਖੜ ਗਏ।'

'ਤੈਨੂੰ ਪਤੈ ਧਰਮਾ ਤੇ ਕਰਮਾ ਸਿੰਘਾਪੁਰ ਰਹਿ ਗਏ ਸੀ। ਉਹ ਗੱਡੀ ਚੜ੍ਹ ਕੇ ਆ ਗਏ ਐ।''

'ਚੰਗਾ ਹੋਇਆ। ਮੌਜੀ ਬੰਦੇ ਐ ਦੋਵੇਂ ਪਰ ਦਿਲ ਦੇ ਖਰੇ ਐ।'

'ਤੈਨੂੰ ਪਤੈ ਰਾਹ ਵਿਚ ਇਕ ਪਰਮਾਨੰਦ ਸਾਡੇ ਨਾਲ ਰਲਿਆ ਸੀ। ਉਹ ਪਤਾ ਨਹੀਂ ਕਿੱਥੇ ਐ।'

'ਕਿਸੇ ਡੂਟੀ ਤੇ ਗਿਆ ਹੋਊ।'

'ਜਹਾਜ਼ੋਂ ਉਤਰਦਾ ਹੀ ਕਿਧਰੇ ਚਲਾ ਗਿਆ ਹੋਣੈ। ਗੁਰਦੁਆਰੇ ਨਹੀਂ ਆਇਆ।'

'ਮੈਂ ਵੀ ਨਹੀਂ ਵੇਖਿਆ।'

'ਨਵਾਬ ਤਾਂ ਏਥੇ ਹੀ ਰਿਹੈ। ਕਿਧਰੇ ਨਹੀਂ ਗਿਆ।'

'ਤੈਨੂੰ ਨਹੀਂ ਪਤਾ। ਉਹ ਬੜਾ ਡੂੰਘੈ। ਰਾਤੀਂ ਅੱਧੀ ਰਾਤੀਂ ਜਾ ਵੜਦੈ ਛਾਛੀਆਂ ਮੁਸਲਮਾਨਾਂ ਵਿਚ। ਜਿੰਨਾ ਕੰਮ ਉਹਨੇ ਕੀਤੈ ਹੋਰ ਕਿਸੇ ਨੇ ਨਹੀਂ ਕੀਤਾ। ਛਾਛੀ ਬੜੇ ਵਿਗੜੇ ਬੈਠੇ ਐ। ਇਹ ਪਲਟਨ ਪਸ਼ੌਰ ਸੀ। ਗੋਰੇ ਅਫ਼ਸਰ ਨੇ ਹਜੂਮ ਉੱਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ, ਪਰ ਇਹਨਾਂ ਗੋਲੀ ਨਾ ਚਲਾਈ।'

'ਕਿਉਂ ?'

''ਹਜੂਮ, ਸਾਰਾ ਮੁਸਲਮਾਨਾਂ ਦਾ ਸੀ। ਭਰਾ ਭਰਾਵਾਂ ਨੂੰ ਕਿਤਰਾਂ ਮਾਰਦੈ। ਗੋਰਿਆਂ ਸਜ਼ਾ ਦੇ ਕੇ ਸਮੁੰਦਰੋਂ ਪਾਰ ਬਦਲੀ ਕਰ ਦਿੱਤੀ। ਇਹਨਾਂ ਦੀ ਅੱਧੀ ਪਲਟਨ ਪਲਾਂਗ ਐ ਤੇ ਅੱਧੀ ਰੰਗੂਨ।

'ਫੇਰ ਤਾਂ ਬੜੇ ਕਾਹਲੇ ਐ। ਜੁਆਲਾ ਸਿਹੁੰ, ਕੇਸਰ ਸਿਹੁੰ ਤੇ ਸ਼ੇਰ ਨੇ ਨਵਾਬ ਨਾਲ ਜਾ ਕੇ ਉਹਨਾਂ ਨੂੰ ਸਮਝਾਇਐ ਕਿ ਕਾਹਲੀ ਨਾ ਕਰਨ।'

'ਫੇਰ ਤਾਂ ਨਵਾਬ ਬੜਾ ਕੰਮ ਦਾ ਬੰਦੈ।'

'ਹੋਰ ਕੀ ! ਪਰ ਨਸ਼ਾ ਨਹੀਂ ਛੱਡ ਸਕਦਾ। ਲੁਕ-ਲੁਕ ਕੇ ਪੀ ਲੈਂਦੈ।'

'ਕਰਮਾ ਕਹਿੰਦੇ ਉਹ ਸਿਗਰਟਾਂ ਵੀ ਪੀਂਦੈ।'

'ਪੀਂਦਾ ਹੋਊ।'

'ਗਦਰ ਦਾ ਹੁਕਮ ਐ ਕੋਈ ਨਸ਼ਾ ਨਹੀਂ ਕਰਨਾ।'

'ਗੁਲਾਬੋ ! ਤੂੰ ਬੜੀ ਭੋਲੀ ਐਂ। ਭੈੜੀਆਂ ਵਾਦੀਆਂ ਛੱਡਣੀਆਂ ਸੌਖੀਆਂ ਨਹੀਂ। ਸਾਰੇ ਮਜ੍ਹਬਾਂ ਧਰਮਾਂ ਵਿਚ ਨਸ਼ਿਆਂ ਦੀ ਮਨਾਹੀ ਐ ਪਰ ਅਸੀਂ ਕਦੋਂ ਹਟਦੇ ਆਂ। ਮੈਂ ਮਨੀਲਿਓਂ ਮੁੜਨ ਪਿੱਛੋਂ ਕੋਈ ਨਸ਼ਾ ਨਹੀਂ ਪੀਤਾ ਪਰ ਜਦ ਕਿਸੇ ਨੂੰ ਪੀਂਦਾ ਵਿੰਹਦਾ ਆਂ ਤਾਂ ਕਲੇਜੇ ਵਿਚ ਧੂਹ ਪੈਂਦੀ ਆ।'

'ਵੀਰਾ ! ਤੂੰ ਨਾ ਪੀਵੀਂ।'

'ਪੀਂਦਾ ਤਾਂ ਨਹੀਂ ਪਰ ਤੈਨੂੰ ਆਪਣੀ ਕਮਜ਼ੋਰੀ ਦਸਦਾਂ।'

'ਫੇਰ ਵਿਚਾਰੇ ਕਰਮੇ ਤੇ ਧਰਮੇ ਦਾ ਕੀ ਹਾਲ।' ਕਹਿ ਕੇ ਉਹ ਤੁਰਨ ਹੀ ਲੱਗੀ ਸੀ ਕਿ ਜੀਵਨ ਸਿੰਘ ਨੇ ਕਿਹਾ 'ਜੇ ਗਰਮ-ਗਰਮ ਚਾਹ ਮਿਲ ਜਾਏ ਤਾਂ ਬਦਨ ਖਿੜ ਜਾਏ।' ਉਹ ਦੋਵੇਂ ਲੰਗਰ ਵੱਲ ਤੁਰ ਪਏ। ਲਹੁਡੇ ਵੇਲੇ ਦੀ ਚਾਹ ਤਿਆਰ ਹੋ ਰਹੀ ਸੀ। ਪੰਡਤ ਜਗਤ ਰਾਮ ਨਹਾ ਕੇ ਹਟਿਆ ਸੀ। ਉਹ ਦੋਵੇਂ ਉਸ ਪਾਸ ਖਲੋ ਗਏ। ਗੁਲਾਬ ਕੌਰ ਨੇ ਪੁੱਛਿਆ 'ਪੰਡਤ ਜੀ! ਜਹਾਜ਼ ਕਦੋਂ ਤੁਰੂ ?'

'ਬੀਬੀ ! ਤੂੰ ਮੈਨੂੰ ਪੰਡਤ-ਪੰਡਤ ਨਾ ਕਿਹਾ ਕਰ, ਜੀਉਣ ਸਿਹੁੰ ਨੂੰ ਤੂੰ ਜੀਣਾ ਕਹਿੰਦੀ ਐਂ। ਮੇਰੇ ਵੀ ਇਕਹਿਰਾ ਨਾਮ ਬੁਲਾ ਲਿਆ ਕਰ।'

'ਚੰਗਾ ਫੇਰ ਤੂੰ ਦੱਸ ਜਹਾਜ਼ ਕਦੋਂ ਤੁਰੂ।'

'ਬੀਬੀ ! ਜਰਮਨਾਂ ਦਾ ਇਕ ਜਹਾਜ਼ ਐ। ਉਹਦਾ ਨਾਮ ਐ 'ਐਮਡਨ', ਉਹ ਜੰਗੀ ਜਹਾਜ਼ ਐ। ਉਹਨੇ ਫਰੰਗੀਆਂ ਦੇ ਕਈ ਜਹਾਜ਼ ਡੋਬ ਦਿੱਤੇ ਐ, ਫਰੰਗੀ ਧਰਕੇ ਖਲੋਤੇ ਐ, ਜਹਾਜ਼ਾਂ ਦੇ ਜਾਪਾਨੀ ਮਾਲਕ ਵੀ ਡਰਦੇ ਐ। ਉਂਝ ਦੋਵੇਂ ਜਹਾਜ਼ 'ਕੱਠੇ ਤਰੁਨਗੇ ਜਦ ਵੀ ਤੁਰੇ।'

'ਭੈੜੇ-ਭੈੜੇ ਨਾਂ ਐਂ ਦੋਹਾਂ ਜਹਾਜ਼ਾਂ ਦੇ ਮੇਰੇ ਮੂੰਹ ਉੱਤੇ ਹੀ ਨਹੀਂ ਚੜ੍ਹਦੇ।'

ਸਾਡੇ ਦਾ ਨਾਂ ਐ 'ਤੋਸ਼ਾ ਮਾਰੂ'। ਰੰਗੂਨ ਰੁਕ ਕੇ ਕਲਕੱਤੇ ਜਾਊ। ਚੁੱਘੇ ਹੋਰਾਂ ਦੇ ਜਹਾਜ਼ ਦਾ ਨਾਂ ਐ 'ਮਸ਼ੀਮਾ ਮਾਰੂ'। ਉਹਨੇ ਕੋਲੰਬੂ ਜਾਣੈ, ਜੀਹਨੂੰ ਲੰਕਾ ਕਹਿੰਦੈ ਐ।'

ਗੁਲਾਬ ਕੌਰ, ਜੀਵਨ ਸਿੰਘ ਤੇ ਜਗਤ ਰਾਮ ਲੰਗਰ ਦੀਆਂ ਪੌੜੀਆਂ ਵਿਚ ਚਾਹ ਪੀਣ ਬਹਿ ਗਏ। ਜਗਤ ਰਾਮ ਨੇ ਕਿਹਾ 'ਦੇਸ, ਸਟੇਸ਼ਨਾਂ ਉੱਤੇ ਲਿਖਿਆ ਹੋਂਦੈ ਗਰਮੀਓਂ ਮੇਂ ਗਰਮ ਚਾਏ ਠੰਢਕ ਪਹੁੰਚਾਤੀ ਹੈ।' ਫੇਰ ਉਹ ਤਿੰਨੇ ਹੱਸਣ ਲੱਗ ਪਏ।

# 9

ਰਾਤ ਦੇ ਨੌ ਵੱਜ ਚੁੱਕੇ ਸਨ। ਧਰਤੀ ਅੱਜੇ ਵੀ ਗਰਮ ਸੀ। ਗੁਰਦੁਆਰਾ ਹਾਲ ਉਪਰਲੀ ਛੱਤ ਉੱਤੇ ਹੋਣ ਕਰਕੇ ਹੇਠਲਾ ਥਾਂ ਖੁਲ੍ਹਾ ਪਿਆ ਸੀ। ਵਿਰਲੇ-ਵਿਰਲੇ ਗਦਰੀ ਆਪਣੀਆਂ ਵਿਛੀਆਂ ਦਰੀਆਂ ਤੇ ਚਾਦਰਾਂ ਉੱਤੇ ਬੈਠੇ ਤੇ ਲੇਟੇ ਗੱਲਾਂ ਬਾਤਾਂ ਕਰ ਰਹੇ ਸਨ। ਉਨ੍ਹਾਂ ਨੇ ਆਪਣਾ ਨਿਕ ਸੁਕ ਥੰਮ੍ਹੀਆਂ ਦੇ ਨਾਲ ਰੱਖਿਆ ਹੋਇਆ ਸੀ। ਉਹ ਸੌਣ ਦੀਆਂ ਤਿਆਰੀਆਂ ਵਿਚ ਸਨ ਪਰ ਇਕ ਗਰਮੀ ਤੇ ਦੂਜੇ ਮੱਛਰ ਉਨ੍ਹਾਂ ਦੇ ਸੌਣ ਵਿਚ, ਰੁਕਾਵਟ ਪਾ ਰਹੇ ਸਨ। ਹਵਾ ਬਿਲਕੁਲ ਰੁਕੀ ਹੋਈ ਸੀ। ਚਾਰ ਪੰਜ, ਗਦਰੀ ਡਿੱਘੀਆਂ ਵਿਚ ਬੈਠੇ ਨਹਾ ਰਹੇ ਸਨ।

ਗੁਲਾਬ ਕੌਰ ਆਪਣੇ ਕਮਰੇ ਦੇ ਬਾਹਰਵਾਰ ਦਰੀ ਵਿਛਾ ਕੇ ਕੰਧ ਨਾਲ ਢੋਅ ਲਾ ਕੇ ਸੋਚ ਰਹੀ ਸੀ ਕਿ ਉਹ ਆਪਣੀ ਦਰੀ ਇਸ ਹਾਲ ਤੇ ਲੰਗਰ ਦੇ ਵਿਚਾਲੇ ਖੁਲ੍ਹੇ ਵਿਹੜੇ ਵਿਚ ਕਿਉਂ ਨਾ ਲਾ ਲਵੇ। ਝੱਟ ਹੀ ਉਸ ਨੂੰ ਨੱਥਾ ਸਿੰਘ ਲਾਂਗਰੀ ਦੀ ਯਾਦ ਆ ਗਈ ਕਿ ਖੁਲ੍ਹੇ ਅਸਮਾਨ ਹੇਠਾਂ ਨਹੀਂ ਸੌਣਾ ਚਾਹੀਦਾ। ਜੇ ਰਾਤ ਤਰੇਲ ਪਵੇ ਤਾਂ ਉਸ ਨਾਲ ਸਿਰ ਫੜਿਆ ਜਾਂਦਾ ਹੈ ਤੇ ਸਰੀਰ ਜੁੜਣ ਦਾ ਵੀ ਡਰ ਹੁੰਦਾ ਹੈ। ਉਹ ਆਪਣੀ ਥਾਂ ਹੀ ਬੈਠੀ ਰਹੀ।

ਝਟ ਹੀ ਉਸ ਦਾ ਧਿਆਨ ਜੀਵਨ ਸਿੰਘ ਵੱਲ ਚਲਾ ਗਿਆ। ਉਹ ਸੋਚਣ ਲੱਗੀ ਕਿ ਸਾਰਾ ਦਿਨ ਸੁੱਤਾ ਰਿਹਾ ਹੈ ਤੇ ਤਕਾਲਾਂ ਪਈ ਫਿਰ ਕਿਧਰੇ ਨਿਕਲ ਗਿਆ ਹੈ। ਉਹਦੀ ਕੋਈ ਰਾਤ ਦੀ ਡੀਊਟੀ ਲੱਗੀ ਹੋਊ। ਮੱਛਰਾਂ ਤੋਂ ਅੱਕ ਕੇ ਉਸ ਨੇ ਦੁਪੱਟਾ ਲਾਹ ਕੇ ਆਪਣਾ ਚਿਹਰਾ ਢੱਕ ਲਿਆ। ਫਿਰ ਵੀ ਮੱਛਰ ਉਸ ਦੇ ਕੰਨਾਂ ਵਿਚ ਘੂੰ-ਘੂੰ ਕਰ ਰਹੇ ਸਨ।

ਅਚਾਨਕ ਹੀ ਉਸ ਦਾ ਧਿਆਨ ਮਨੀਲੇ ਜਾ ਪਹੁੰਚਾ। ਮਾਨ ਸਿੰਘ ਲੜਖੜਾਂਦੇ ਪੈਰਾਂ ਉੱਤੇ ਪੱਕੀ ਤਰ੍ਹਾਂ ਖਲੋਣ ਦਾ ਜਤਨ ਕਰ ਰਿਹਾ ਸੀ। ਉਹ ਮੂੰਹ ਵਿਚ ਹੀ ਬੁੜਬੁੜਾ ਰਹੀ ਸੀ 'ਵੇ ਮਾਨਿਆ। ਤੇਰਾ ਕੱਖ ਨਾ ਰਹੇ। ਮੈਂ ਆਪਣਿਆਂ ਤੇ ਤੇਰਿਆਂ ਨੂੰ ਕੀ ਮੂੰਹ ਵਿਖਾਊਂ ਜਾ ਕੇ। ਮੈਂ ਤੈਨੂੰ ਛੱਡਿਆ। ਛੱਡੇ ਤੇਰੇ ਤੇ ਆਪਣੇ। ਤੂੰ ਗੀਦੀ ਨਿਕਲਿਆ। ਤੂੰ ਮੇਰੇ ਨਾਲ ਚਾਰ ਭੁਆਂਟਣੀਆਂ ਲਈਆਂ। ਤੂੰ ਕਈ ਬਚਨ ਦਿੱਤੇ। ਇਕ ਵੀ ਨਾ ਨਿਭਾਇਆ। ਨਾ ਤੂੰ ਮੇਰਾ ਮਰਦ ਨਾ ਮੈਂ ਤੇਰੀ ਤੀਵੀਂ। ਪਰ ਮਾਨਿਆ, ਫੇਰ ਵੀ ਮੇਰਾ ਦਿਲ ਤੜਫਦੈ ਤੈਨੂੰ ਮਿਲਣ ਨੂੰ। ਤੇਰੇ ਬਿਨਾ ਮੈਂ ਕਿਵੇਂ ਗੁਜ਼ਾਰਾ ਕਰੂੰ। ਤੂੰ ਪਰਦੇਸਾਂ ਵਿਚ ਰੁਲ ਕੇ ਮਰ ਜਾਣੈ। ਤੇਰੀ ਮਾਂ ਰੋਂਦੀ ਪਿਟਦੀ ਮਰ ਜਾਊ। ਬਾਪੂ ਤੇਰਾ ਤਾਂ ਅੱਗੇ ਹੀ ਮੁਕਿਆ ਪਿਆ ਸੀ, ਤੇਰੇ ਤੁਰਨ ਵੇਲੇ। ਮੁੜ ਆ ਅਜੇ ਵੀ।'

ਕਿਸੇ ਦੇ ਪੈਰਾਂ ਦਾ ਖੜਾਕ ਸੁਣ ਕੇ ਉਸਦਾ ਖਿਆਲ ਟੁੱਟ ਗਿਆ। ਉਹ ਚੁੱਪ ਹੋ ਗਈ। ਉਸ ਨੇ ਚਿਹਰੇ ਉੱਤੋਂ ਦੁਪੱਟਾ ਲਾਹ ਕੇ ਲੰਗਰ ਵੱਲ ਜਾ ਰਹੇ ਨੱਥਾ ਸਿੰਘ ਲਾਂਗਰੀ ਨੂੰ ਵੇਖਿਆ। ਨੱਥਾ ਸਿੰਘ ਦੋਹਾਂ ਹੱਥਾਂ ਵਿਚ ਦੋ ਡੱਬੇ ਚੁੱਕ ਕੇ ਲੰਗਰ ਦੇ ਸਟੋਰ ਵੱਲ ਜਾ ਰਿਹਾ ਸੀ। ਜਦ ਉਹ ਉਸ ਦੀਆਂ ਅੱਖਾਂ ਤੋਂ ਉਹਲੇ ਹੋ ਗਿਆ ਤਾਂ ਉਸ ਨੇ ਫਿਰ ਚਿਹਰਾ ਢੱਕ ਲਿਆ ਤੇ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਈ। ਭਾਈ ਤਾਰੂ ਸਿੰਘ ਗ੍ਰੰਥੀ ਹਾਂਗਕਾਂਗ ਦਾ ਸਰੂਪ ਉਸ ਦੇ ਸਾਹਮਣੇ ਆ ਖਲੋਤਾ। ਤੀਹ ਬੱਤੀਆਂ ਸਾਲਾਂ ਦਾ ਦਰਮਿਆਨਾ ਸਰੀਰ। ਗੋਰਾ ਰੰਗ, ਤਿੱਖਾ ਨੱਕ, ਚਮਕਦੀਆਂ ਕਾਲੀਆਂ ਅੱਖਾਂ ਤੇ ਭਰ ਜੁਆਨ, ਕਾਲੀ ਦਾੜ੍ਹੀ। ਉਹ ਉਠਣ ਹੀ ਲੱਗੀ ਸੀ ਕਿ ਚੌਂਕੜੀ ਖੋਲ੍ਹ ਕੇ ਲੱਤਾਂ ਲਮਿਆਰ ਕੇ ਬਹਿ ਗਈ। ਚਿੱਟੀ ਚਾਦਰ ਨਾਲ ਉਸਨੇ ਸਰੀਰ ਢੱਕਿਆ ਹੋਇਆ ਸੀ। ਦੁਪੱਟਾ ਲਾਹ ਕੇ, ਦੋ ਤਿੰਨ ਵੱਲ ਦੇ ਕੇ, ਉਸ ਨੇ ਆਪਣੇ ਸਿਰ ਉੱਤੇ ਬੰਨ੍ਹ ਲਿਆ। ਬਾਬਾ ਕਹਿ ਰਿਹਾ ਸੀ 'ਬੀਬੀ। ਤੇਰੀ ਆਤਮਾ ਵਿਚ ਮਾਈ ਭਾਗੋ ਦੀ ਆਤਮਾ ਜਾਗ ਉੱਠੀ ਐ। ਤੂੰ ਪੰਥ ਦੀ ਬੱਚੀ ਐਂ। ਲਾਜ ਰੱਖੀਂ ਪੰਥ ਦੀ। ਆਪਣੇ ਗਦਰੀ ਭਰਾਵਾਂ ਨੂੰ ਰੱਖੜੀਆਂ ਬੰਨ੍ਹੀ। ਜਦ ਮੌਤ ਨੂੰ ਵਿਆਹੁਣ ਤੁਰਨ ਤਾਂ ਇਹਨਾਂ ਦੇ ਹੱਥੀਂ ਗਾਨੇ ਬੰਨ੍ਹੀ। ਇਹਨਾਂ ਦੀਆਂ ਘੋੜੀਆਂ ਗਾਵੀਂ। ਤੂੰ ਇਕੋ ਇਕ ਭੈਣ ਐਂ ਇਹਨਾਂ ਸੂਰਮਿਆਂ ਦੀ। ਵੇਖੀਂ ਕਿਤੇ ਥਿੜਕ ਨਾ ਜਾਈਂ। ਮਾਈ ਭਾਗੋ ਦੀ ਆਤਮਾ ਨੂੰ ਲਾਜ ਨਾ ਲਾਵੀਂ। ਜਾਹ ਭੈਣਾਂ ਜਾਹ। ਤੇਰੇ ਸਿਰ ਉੱਤੇ ਗੁਰੂ ਪੰਥ ਹੱਥ ਰੱਖੇ। ਤੂੰ ਸਦਾ ਸੁਹਾਗਣ ਰਹੇਂ।'

ਭਾਈ ਤਾਰੂ ਸਿੰਘ ਦੀ ਅਖੀਰਲੀ ਗੱਲ ਸੁਣ ਕੇ ਉਹ ਕੰਬ ਉੱਠੀ। ਉਸ ਦਾ ਸੁਪਨਾ ਟੁੱਟ ਗਿਆ। ਉਸਦੇ ਸਰੀਰ ਨੂੰ ਤਰੇਲੀ ਆ ਗਈ। ਉਹ ਮੁੜ੍ਹਕਾ ਸਮਝਕੇ ਦੁਪੱਟੇ ਦੀ ਇਕ ਨੁੱਕਰ ਨਾਲ ਪੂੰਝਣ ਲਗ ਪਈ। ਉਸਨੇ ਦੋਹਾਂ ਹੱਥਾਂ ਨਾਲ, ਦੋਹਾਂ ਪੱਟਾਂ ਉੱਤੇ ਦੁਹੱਥੜ ਮਾਰ ਕੇ ਕੁਝ ਕਹਿਣਾ ਚਾਹਿਆ ਪਰ ਉਹ ਕਹਿ ਨਾ ਸਕੀ।

ਉਹ ਬੁੜਬੁੜਾ ਰਹੀ ਸੀ। 'ਬਾਬਾ ਤਾਰੂ ਸਿਹਾਂ, ਤੂੰ ਕਿੱਥੇ ਬੈਠਾ ਸੈਂ, ਤੂੰ ਮੇਰੇ ਰੋਮ-ਰੋਮ ਵਿਚ ਵਸ ਗਿਐਂ। ਤੂੰ ਮੇਰੇ ਦਿਲ ਵਿਚ ਘਰ ਕਰ ਬੈਠੈਂ। ਜੇ ਮਾਨੇ ਬੇਈਮਾਨ ਦੀ ਥਾਂ ਤੂੰ ਹੋਂਦਾ...ਕਹਿ ਕੇ ਇਕਦਮ ਰੁਕ ਗਈ. ਉਹ ਉੱਠ ਖਲੋਤੀ, ਉੱਠ ਕੇ ਕਪੜੇ ਝਾੜ ਰਹੀ ਸੀ, ਜਿਵੇਂ ਆਏ ਖਿਆਲਾਂ ਨੂੰ ਝਾੜ ਰਹੀ ਹੋਵੇ।

ਤਰਕਾਲਾਂ ਵੇਲੇ ਉਹ ਨਹਾ ਕੇ ਹਟੀ ਸੀ। ਉਹ ਫੇਰ ਡਿੱਘੀਆਂ ਲਾਗੇ ਜਾ ਖਲੋਤੀ। ਨੱਥਾ ਸਿੰਘ ਲੰਗਰ ਵਿਚ ਬੈਠਾ ਸਬਜ਼ੀ ਚੀਰ ਰਿਹਾ ਸੀ। ਉਸ ਨੇ ਸੋਚਿਆ ਕਿ ਬੀਬੀ ਨਹਾਉਣ ਆਈ ਹੋਵੇਗੀ। ਉਹ ਆਪਣਾ ਕੰਮ ਛੱਡ ਕੇ ਲੰਗਰ ਦੇ ਪਿਛਲੇ ਪਾਸੇ ਵੱਲ ਜਾਣ ਹੀ ਲੱਗਾ ਸੀ ਕਿ ਗੁਲਾਬ ਕੌਰ ਨੇ ਕਿਹਾ 'ਨੱਥਾ ਸਿਹਾਂ, ਮੈਂ ਤਕਾਲੀਂ ਨਹਾਤੀ ਸਾਂ। ਬਦਨ ਫੇਰ ਮੁੜ੍ਹਕੋ ਮੁੜ੍ਹਕੀ ਹੋਇਆ ਪਿਐ। ਮੈਂ ਝੱਟ ਠਹਿਰ ਕੇ ਨਹਾ ਲਊਂ, ਤੂੰ ਕੱਟ ਗੱਠੇ। ਮੈਂ ਸਬਜ਼ੀ ਕੱਟ ਦਊਂ।' ਨੱਥਾ ਸਿੰਘ ਹੈਰਾਨੀ ਜਿਹੀ ਨਾਲ ਪਿਛਲੇ ਪੈਰੀਂ ਆਪਣੇ ਥਾਂ ਜਾ ਬੈਠਾ। ਗੁਲਾਬ ਕੌਰ ਉਸ ਦੇ ਸਾਹਮਣੇ ਪੈਰਾਂ ਪਰਨੇ ਬੈਠ ਕੇ ਕੱਦੂ ਚੀਰਨ ਲੱਗ ਪਈ। ਨੱਥਾ ਸਿੰਘ ਨੇ ਨੀਵੀਂ ਪਾਈ ਹੋਈ ਸੀ। ਘੜੀ ਨੇ ਦਸ ਵਜਾ ਦਿੱਤੇ। ਨੱਥਾ ਸਿੰਘ ਨੇ ਕਿਹਾ 'ਬੀਬੀ। ਦਸ ਵੱਜ ਗਏ। ਤੂੰ ਆਰਾਮ ਕਰ। ਮੈਂ ਸਵੇਰ ਸਾਰ ਉੱਠ ਕੇ ਕੰਮ ਕਰ ਲਊਂ।'

'ਨਹੀਂ ਮੁਕਾ ਲੈਂਦੇ ਹਾਂ ਹੁਣੇ ਕੰਮ, ਨੱਥਾ ਸਿਹਾਂ। ਤਕਾਲੀਂ ਸਾਰੇ ਕਿਧਰ ਤੁਰ ਜਾਂਦੇ ਐ ?'

'ਬੀਬੀ, ਤੈਨੂੰ ਪਤਾ, ਸੈਲ ਸਪਾਟੇ ਦਾ ਇਹੋ ਵੇਲਾ ਹੋਂਦੈ। ਦਿਨੇ ਤਾਂ ਗਰਮੀ ਰਹਿੰਦੀ ਐ। ਸੌਂ ਜਾਈਦਾ ਐ ਦੁਪਹਿਰੇ। ਰਾਤੀ ਠੰਢੇ ਠੰਢੌਰੇ ਸਭ ਦੁਕਾਨਾਂ ਖੁਲ੍ਹਦੀਐਂ। ਬੜੀ ਰੌਣਕ ਹੁੰਦੀ ਐ। ਬੀਬੀ। ਤੂੰ ਨਹੀਂ ਗਈ ਹੋਣੀ ਬਾਹਰ ਰਾਤੀਂ।'

ਮੈਂ ਤਾਂ ਗੁਰਦੁਆਰੇ ਦੀ ਹੱਦ ਤੋਂ ਬਾਹਰ ਨਹੀਂ ਨਿਕਲੀ।'

'ਬੀਬੀ। ਸ਼ਹਿਰ ਵੇਖਣ ਵਾਲੈ। ਬੜਾ ਸੋਹਣੈ। ਚੌਹੀਂ ਪਾਸੀਂ ਸਮੁੰਦਰ। ਵਿਚ ਵਿਚਾਲੇ ਸੁਪਾਰੀ ਵਰਗੀ ਪਹਾੜੀ। ਅਮੀਰ ਲੋਕ ਪਹਾੜੀ ਉੱਤੇ ਸੈਲ ਸਪਾਟਾ ਕਰਨ ਜਾਂਦੇ ਐ। ਓਥੇ ਬਾਹਲੇ ਫਰੰਗੀ ਜਾਂਦੇ ਆ। ਆਪਾਂ ਤਾਂ ਇਕ ਵਾਰੀ ਵੀ ਜਾ ਕੇ ਨਹੀਂ ਵੇਖਿਆ ਪਹਾੜੀ ਉੱਤੇ। ਕਹਿੰਦੇ ਐ ਕਈ ਵਾਰੀ ਉਡਦੇ ਬੱਦਲਾਂ ਵਿਚ ਲੰਘ ਕੇ ਗੱਡੀ ਪਹਾੜੀ ਉੱਤੇ ਚੜ੍ਹਦੀ ਐ।'

'ਆਪਣੇ ਬੰਦੇ ਅੱਧੀ-ਅੱਧੀ ਰਾਤੀਂ ਮੁੜਦੇ ਐ।'

'ਸਮੁੰਦਰ ਵਿਚ ਨਹਾਂਦੇ ਰਹਿੰਦੇ ਐ। ਸੈਲ ਸਪਾਟਾ ਕਰਦੇ ਰਹਿੰਦੇ ਐ। ਕਰਨ ਵੀ ਕੀ। ਦਿਨੇ ਤਾਂ ਬਾਹਰ ਨਹੀਂ ਨਿਕਲ ਸਕਦੇ।'

-'ਨੱਥਾ ਸਿਹਾਂ। ਤੈਨੂੰ ਇਕ ਗੱਲ ਪੁੱਛਾਂ ?' ਨੱਥਾ ਸਿੰਘ ਨੇ ਸਿਰ ਚੁੱਕ ਕੇ ਗੁਲਾਬ ਕੌਰ ਵੱਲ ਵੇਖਿਆ। ਖੱਬੇ ਹੱਥ ਨਾਲ ਉਹ ਅੱਖਾਂ ਪੂੰਝ ਰਿਹਾ ਸੀ ਤੇ ਸੱਜੇ ਵਿਚ ਉਸਨੇ ਵੱਡੀ ਸਾਰੀ ਛੁਰੀ ਫੜੀ ਹੋਈ ਸੀ। ਉਸ ਨੇ ਕਿਹਾ 'ਗੰਢੇ ਬੜੇ ਕੌੜੇ ਐ। ਅੱਖਾਂ ਵਿਚੋਂ ਪਾਣੀ ਨਿਕਲ ਆਇਐ। ਪੁੱਛ ਤੂੰ ਕੀ ਪੁੱਛਣੈ।'

'ਗ੍ਰੰਥੀ ਬਾਬੇ ਦਾ ਨਾਉਂ ਕੀ ਐ ?'

'ਭਾਈ ਕਿਰਪਾ ਸਿਹੁੰ।'

'ਜਾਂ ਉਹ ਪਾਠ ਕਰਦਾ ਰਹਿੰਦੇ ਜਾਂ ਫੇਰ ਕੋਠੜੀ ਵਿਚ ਵੜ ਕੇ ਕੁਝ ਕਰਦਾ ਰਹਿੰਦੈ।'

'ਸਾਝਰੇ ਉਠਦੈ ਅੰਮ੍ਰਿਤ ਵੇਲੇ। ਦੁਪਹਿਰੇ ਰੋਟੀ ਖਾ ਕੇ ਸੌਂ ਜਾਂਦੈ।'

ਗੁਲਾਬ ਕੌਰ ਦਾ ਮਨ ਕੀਤੇ ਕਿ ਕਹੇ ਕਿ ਉੱਲੂ ਵੀ ਦਿਨੇ ਸੌਂਦੇ ਤੇ ਰਾਤੀਂ ਜਾਗਦੇ ਐ, ਪਰ ਉਹ ਕਹਿਣ ਦੀ ਹਿੰਮਤ ਕਰ ਸਕੀ। 'ਨੱਥਾ ਸਿਹਾਂ, ਬਾਬਾ ਕਿਸੇ ਨਾਲ ਬੋਲਦਾ ਚਾਲਦਾ ਨਹੀਂ।'

'ਉਂਝ ਕਵੀਸ਼ਰੀ ਬੜੀ ਕਰਦੈ। ਬਸ ਬੰਨ੍ਹ ਕੇ ਰੱਖ ਦੇਂਦੈ।'

'ਅੱਛਾ।' ਗੁਲਾਬ ਕੌਰ ਨੇ ਹਰਾਨਗੀ ਵਾਲੇ ਲਹਿਜੇ ਵਿਚ ਕਿਹਾ, 'ਤੇ ਪੁੱਛਿਆ 'ਹੁਣ ਕਿੱਥੇ ਐ ਗ੍ਰੰਥੀ ਬਾਬਾ।'

'ਬਾਬਾ ਸੰਤੋਖ ਕੇ, ਬਾਹਰ ਨਿਕਲ ਜਾਂਦੈ। ਇਹਦਾ ਇਕ ਭਰਾ ਪੁਲਸ ਵਿਚ ਬਾਬੂ-ਕਲਰਕ ਐ।''

'ਗੁਲਾਬ ਕੌਰ ਇਹ ਗੱਲ ਸੁਣ ਕੇ ਤ੍ਰਬਕ ਉੱਠੀ। ਉਸ ਨੇ ਤਾੜਿਆ ਕਿ ਨੱਥਾ ਸਿੰਘ ਨੇ ਇਹ ਗੱਲ ਨੀਵੀਂ ਪਾ ਕੇ ਦਸੀ ਸੀ। ਉਸਨੇ ਪੁੱਛਿਆ 'ਨੱਥਾ ਸਿਹਾਂ। ਪੁਲਸ ਵਾਲੇ ਆਪਣੇ ਬੰਦੇ ਵੀ ਗੁਰਦੁਆਰੇ ਆਉਂਦੇ ਹੋਣਗੇ ?'

'ਨਹੀਂ ਬੀਬੀ। ਪੁਲਸੀਆਂ ਦਾ ਆਪਣਾ ਗੁਰਦੁਆਰਾ ਐ, ਆਪਣੀਆਂ ਬੈਰਕਾਂ ਵਿਚ। ਪਹਿਲੋਂ ਕੋਈ ਕੋਈ ਆ ਵੜਦਾ ਸੀ। ਹੁਣ ਉਹਨਾਂ ਨੂੰ ਆਉਣ ਦਾ ਹੁਕਮ ਨਹੀਂ। ਜਿਹੜੀਆਂ ਫੌਜਾਂ-ਆਈਆਂ ਨਵੀਆਂ, ਜੰਗ ਲੱਗਣ ਤੋਂ ਪਿੱਛੇ ਉਹਨਾਂ ਵਿਚੋਂ ਕੋਈ ਕੋਈ ਬੰਦਾ ਚਿੱਟੇ ਕਪੜਿਆਂ ਵਿਚ ਐਤਵਾਰ ਨੂੰ ਆ ਜਾਂਦੈ।'

'ਫੌਜੀਆਂ ਨੂੰ ਵੀ ਰੋਕ ਹੋਊ ?'

'ਜਦੋਂ ਦੇ ਮਿਰਕਣ ਦੇਸ ਨੂੰ ਮੁੜਨੇ ਸ਼ੁਰੂ ਹੋਏ ਐ, ਉਦੋਂ ਦੀ ਪਾਬੰਦੀ ਲੱਗੀ ਐ। ਨੱਥਾ ਸਿੰਘ ਨੇ ਉੱਠਦਿਆਂ ਕਿਹਾ 'ਬੀਬੀ। ਤੇਰੀ ਤੇ ਤੇਰੇ ਘਰ ਵਾਲੇ ਦੀ ਬੜੀ ਹਿੰਮਤ ਐ। ਉਸ ਦੀ ਗੱਲ ਵਿਚੋਂ ਹੀ ਫੜ ਕੇ ਗੁਲਾਬ ਕੌਰ ਨੇ ਦੱਸਿਆ 'ਨੱਥਾ ਸਿਹਾਂ।' ਮੇਰੇ ਘਰ ਵਾਲਾ ਡਰਾਕਲ ਨਿਕਲਿਐ। ਉਹ ਮੇਰੇ ਨਾਲ ਨਹੀਂ ਮੁੜਿਆ ਮਨੀਲੇ ਤੋਂ। ਗੁਲਾਬ ਕੌਰ ਦੀ ਗੱਲ ਸੁਣ ਕੇ ਨੱਥਾ ਸਿੰਘ ਹੈਰਾਨ ਹੋ ਕੇ ਘਬਰਾ ਉੱਠਿਆ। ਉਸ ਨੇ ਛੇਤੀ-ਛੇਤੀ ਹੱਥ ਧੋਤੇ। ਮੈਲੇ ਜਿਹੇ ਪੋਣੇ ਨਾਲ ਹੱਥ ਪੂੰਝੇ ਤੇ ਮੋਈ ਜਿਹੀ ਆਵਾਜ਼ ਵਿਚ ਕਿਹਾ 'ਬੀਬੀ। ਮੈਨੂੰ ਤਾਂ ਨੀਂਦ ਆ ਗਈ ਐ।' ਗੁਲਾਬ ਕੌਰ ਉਸ ਦੀ ਗੱਲ ਸੁਣ ਕੇ ਮਨ ਹੀ ਮਨ ਵਿਚ ਹੱਸ ਪਈ। ਨੱਥਾ ਸਿੰਘ ਪੌੜੀਆਂ ਚੜ੍ਹਕੇ ਆਪਣੇ ਕਮਰੇ ਵੱਲ ਜਾ ਰਿਹਾ ਸੀ। ਗੁਲਾਬ ਕੌਰ ਬਿਨਾਂ ਹੱਥ ਧੋਤੇ ਤੇ ਬਿਨਾਂ ਨਹਾਤੇ ਆਪਣੀ ਥਾਂ ਉੱਤੇ ਮੁੜੀ ਹੀ ਸੀ ਕਿ ਕਈ ਬੰਦਿਆਂ ਦੀਆਂ ਆਵਾਜ਼ ਸੁਣ ਕੇ ਬਾਹਰਲੇ ਗੇਟ ਵੱਲ ਹੋ ਤੁਰੀ। ਜੀਵਨ ਸਿੰਘ, ਅਮਰ ਸਿੰਘ, ਸੁਰਜਨ ਸਿੰਘ, ਲਾਲ ਸਿੰਘ, ਹਾਫਜ਼, ਰਹਿਮਤ ਅਲੀ ਤੇ ਹੋਰ ਕਈ ਗਦਰੀ ਗੇਟ ਦੇ ਅੰਦਰਵਾਰ ਖੜ੍ਹੇ ਹੋ ਕੇ ਗੱਲਾਂ ਕਰ ਰਹੇ ਸਨ। ਈਸ਼ਰ ਅੱਜੇ ਵੀ ਗੇਟੋਂ ਬਾਹਰ ਖਲੋਤਾ ਸੀ। ਉਹ ਕਹਿ ਰਿਹਾ ਸੀ 'ਜੇ ਜਹਾਜ਼ ਕੁਝ ਦਿਨ ਹੋਰ ਅਟਕ ਜਾਏ ਤਾਂ ਮੈਂ ਤੁਹਾਨੂੰ ਹੋਰ ਕਈ ਥਾਵਾਂ ਦਿਖਾਊਂ। ਅੱਜ ਤਾਂ ਤੁਸੀਂ ਸਮੁੰਦਰ ਦਾ ਇਕੋ ਕੰਢਾ ਵੇਖਿਐ ਤੇ ਬਸ ਵੇਖਿਐ ਵੱਡਾ ਬਜ਼ਾਰ। ਮੰਡੂਆ ਵੀ ਲਗਦੈ ਏਥੇ ਚੀਨਿਆਂ ਦਾ।' ਵਿਚੋਂ ਹੀ ਕਿਸੇ ਨੇ ਕਿਹਾ 'ਈਸ਼ਰ ਅਸੀਂ ਚੀਨਿਆਂ ਦੇ ਬਥੇਰੇ ਮੰਡੂਏ ਵੇਖੇ ਐ। ਨਾ ਕੁਝ ਪੱਲੇ ਏ ਤੇ ਨਾ ਅਸੀਂ ਵੇਖਣ ਜਾਈਏ।' ਅਮਰ ਸਿੰਘ ਨੇ ਪਿੱਛੇ ਮੁੜ ਕੇ ਵੇਖਿਆ, ਉਸ ਨੂੰ ਗੁਲਾਬ ਕੌਰ ਖੜ੍ਹੀ ਦਿਸ ਪਈ। ਉਹ ਬਿਨਾਂ ਕੁਝ ਕਹੇ ਅੰਦਰ ਵੱਲ ਤੁਰ ਪਿਆ। ਗੁਲਾਬ ਕੌਰ ਨੇ ਅੱਗੇ ਹੋ ਕੇ ਉਸ ਦਾ ਰਾਹ ਰੋਕਦਿਆਂ ਪੁੱਛਿਆ 'ਤੁਸੀਂ ਸਾਰੇ ਅੱਧੀ-ਅੱਧੀ ਰਾਤੀਂ ਕਿਥੇ ਫਿਰਦੇ ਰਹਿੰਦੇ ਓ। ਮੈਂ ਇਕੱਲੀ ਕਿੱਲੇ ਬੱਧੀ ਰਹਿੰਦੀ ਆਂ। ਤੀਵੀਂ ਭਾਵੇਂ ਕਿੰਨੀ ਚਾਹੇ ਮਰਦਾਂ ਦੀ ਕੀ ਰੀਸ ਕਰ ਲਊ।'

ਅਮਰ ਸਿੰਘ ਨੂੰ ਕੋਈ ਜਵਾਬ ਨਾ ਅਹੁੜਿਆ। ਉਨ੍ਹਾਂ ਵੱਲ ਵਧਦੇ ਜੀਵਨ ਸਿੰਘ ਨੇ ਖ਼ੁਸ਼ੀ ਵਿਚ ਦੱਸਿਆ 'ਬੀਬੀ ਗੁਲਾਬੋ। ਅੱਜ ਬੜੀਆਂ ਰੌਣਕਾਂ ਵੇਖੀਆਂ।'

'ਤੁਸੀਂ ਮਰਦ ਲੋਕ ਤੁਰੇ ਫਿਰਦੇ ਰਹਿੰਦੇ ਹੋ। ਮੈਂ ਤੀਵੀਂ ਜਾਤ...।' ਸੁਰਜਨ ਸਿੰਘ ਨੇ ਜੀਵਨ ਸਿੰਘ ਦੇ ਪਿੱਛੇ ਖਲੋਂਦਿਆਂ ਹੱਸਦਿਆਂ ਕਿਹਾ 'ਗੁਲਾਬੋ ਭੈਣੇ। ਗੁੱਸੇ ਕਿਉਂ ਹੁੰਦੀ ਐਂ। ਬੜੀ ਭਰੀ ਪੀਤੀ ਐਂ। ਜੀਇਆਂ, ਕੱਲ ਤਕਾਲੀਂ ਗੁਲਾਬੋ ਨੂੰ ਵੀ ਨਾਲ ਲੈ ਚਲੀਏ ਬਜ਼ਾਰ ਵੇਖਣ।'

'ਨਾ ਮੈਂ ਨਹੀਂ ਜਾਂਦੀ।' ਕਹਿ ਕੇ ਉਹ ਅੰਦਰ ਨੂੰ ਮੁੜ ਪਈ।

'ਅਸਾਂ ਅੱਜ ਰੱਜ ਕੇ ਅਨਾਨਾਸ, ਤੇ ਪਪੀਤੇ ਖਾਧੇ। ਨਾਲੇ ਨਾਰੀਅਲ ਦੀ ਗਿਰੀ ਖਾਧੀ ਤੇ ਨਾਰੀਅਲ ਦਾ ਮਿਠਾ ਪਾਣੀ ਪੀਤਾ।'

ਸੁਰਜਨ ਸਿੰਘ ਦੀ ਗੱਲ ਸੁਣ ਕੇ ਗੁਲਾਬ ਕੌਰ ਨੇ ਤਿਊੜੀ ਪਾ ਕੇ ਪੁੱਛਿਆ 'ਵੇ ਬਾਊ ਵੀਰਾ, ਭੈਣ ਵਾਸਤੇ ਕੀ ਲਿਆਇਐਂ ?'

ਸੁਰਜਨ ਸਿੰਘ ਨੇ ਮੂੰਹ ਲਮਕਾ ਕੇ ਨੀਵੀਂ ਪਾਂਦਿਆਂ ਜਵਾਬ ਦਿੱਤਾ 'ਗੁਲਾਬੋ ਭੈਣਾਂ, ਵੇਖੀਂ ਕੱਲ ਮੈਂ ਟੋਕਰੀ ਭਰ ਕੇ ਲਿਆਊਂ ਤੇਰੇ ਵਾਸਤੇ।'

ਗੁਲਾਬ ਕੌਰ ਉਨ੍ਹਾਂ ਦੇ ਅੱਗੇ-ਅੱਗੇ ਆਪਣੀ ਦਰੀ ਵੱਲ ਤੁਰ ਰਹੀ ਸੀ ਤੇ ਮਾਨ ਸਿੰਘ ਦੀ ਯਾਦ ਉਸ ਨੂੰ ਤੜਪਾ ਰਹੀ ਸੀ। ਉਹ ਬੇਹੋਸ਼ ਜਿਹੀ ਹੋ ਕੇ ਦੁਪੱਟੇ ਨਾਲ ਚਿਹਰਾ ਢੱਕ ਕੇ ਸਿਸਕੀਆਂ ਲੈਣ ਲੱਗ ਪਈ। ਉਸ ਦੀਆਂ ਸਿਸਕੀਆਂ ਦੀ ਆਵਾਜ਼ ਉਸ ਦੇ ਕਿਸੇ ਭਰਾ ਨੂੰ ਨਹੀਂ ਸੀ ਸੁਣਾਈ ਦੇ ਰਹੀ।

# 10

'ਇਕ ਤਾਂ ਆਪਾਂ ਚੰਗੇ ਹਨੇਰੇ ਹੋਏ ਜਹਾਜ਼ ਚੜ੍ਹੇ। ਅੱਜੇ ਮਸਾਂ ਡੂੰਘੇ ਸਮੁੰਦਰ ਵਿਚ ਜਹਾਜ਼ ਠਿਲ੍ਹਿਆ ਹੀ ਸੀ ਕਿ ਤੂਫਾਨ ਆ ਗਿਆ। ਜਹਾਜ਼ ਡੋਲਦਾ ਰਿਹਾ। ਕੋਈ ਸਿਰ ਫੜ ਕੇ ਬੈਠਾ ਸੀ ਤੇ ਕੋਈ ਉਲਟੀਆਂ ਕਰਦਾ ਰਿਹਾ। ਲੰਗਰ ਪੱਕਾ ਪਕਾਇਆ ਪਿਐ ਰਾਤ ਦਾ। ਬਾਹਲਿਆਂ ਨੇ ਮੂੰਹ ਨਹੀਂ ਲਾਇਆ। ਸਾਰੀ ਰਾਤ ਖਤਰੇ ਦੇ ਅਲਾਰਮ ਹੋਂਦੇ ਰਹੇ। ਐਮਡਨ ਦੇ ਹਮਲੇ ਦੇ ਡਰ ਕਰਕੇ ਜਪਾਨੀ ਖਲਾਸੀਆਂ ਨੇ ਬੱਤੀਆਂ ਕੀ ਜਗਾਉਣੀਆਂ ਸੀ, ਸਿਗਰਟ ਤੱਕ ਨਹੀਂ ਪੀਤੇ। ਕਪਤਾਨ ਯੋਸ਼ੀਦਾ ਡਰਦਾ ਮਾਰਿਆ ਸਾਰੀ ਰਾਤ ਨਸ਼ਾ ਪੀਂਦਾ ਰਿਹੈ। ਸਵੇਰ ਸਾਰ ਕੁਝ ਸ਼ਾਂਤੀ ਹੋਈ। ਦੋ-ਦੋ ਤਿੰਨ-ਤਿੰਨ ਕੱਪ ਚਾਹ ਦੇ ਪੀ ਕੇ ਕੁਝ ਸਹਾਰਾ ਹੋਇਐ। ਫੇਰ ਵੀ ਕਈ ਬੰਦੇ ਅੱਜੇ ਪੁੱਠੇ ਸਿੱਧੇ ਪਏ ਐ। ਆਪਾਂ ਜਿਹੜੇ ਥੋੜ੍ਹੇ ਜਿਹੇ ਬੰਦੇ ਕੱਠੇ ਹੋਏ ਹਾਂ, ਥੋੜ੍ਹੀਆਂ ਜਿਹੀਆਂ ਜ਼ਰੂਰੀ ਗੱਲਾਂ ਬਾਤਾਂ ਕਰ ਲਈਏ। ਅਸਲੀ ਸਕੂਲ ਤਾਂ ਰਾਤੀਂ ਖਾਣੇ ਪਿੱਛੋਂ ਹੀ ਲੱਗ ਸਕੂ।'

'ਜੀ, ਭਾਈ ਜੀ, ਅਸੀਂ ਕੁਛ ਬੰਦੇ ਪਲਾਂਗ ਤੋਂ ਚੜ੍ਹੇ ਆਂ। ਮੇਰਾ ਨਾਮ ਈਸ਼ਰ ਐ। ਪਿੰਡ ਵਾਲੇ ਮਜ਼ਹਬੀ ਈਸ਼ਰ ਸਦਦੇ ਐ। ਕੋਟ ਧਰਮ ਚੰਦ ਐ ਪਿੰਡ, ਤਰਨ ਤਾਰਨ ਦੇ ਲਾਗੇ।' ਈਸ਼ਰ ਆਪਣੀ ਗੱਲ ਕਰਕੇ ਚੁੱਪ ਹੋ ਗਿਆ।

'ਈਸ਼ਰ ਸਿਹਾਂ। ਤੂੰ ਯਾਦ ਕਰਾ ਦਿੱਤੈ। ਮੈਂ ਤਾਂ ਭੁੱਲ ਹੀ ਗਿਆ ਸਾਂ। ਗਦਰੀਓ। ਮੇਰਾ ਨਾਮ ਜਵਾਲਾ ਸਿਹੁੰ ਤੇ ਪਿੰਡ ਠੱਠੀਆਂ। ਆਪਾਂ ਮਿਰਕਣ ਤੋਂ ਆਏ ਹਾਂ।'

'ਭਾਈ ਜੀ, ਮੈਂ ਈਸ਼ਰ ਹਾਂ, ਕੱਲਾ ਈਸ਼ਰ, ਸਿਹੁੰ ਨਹੀਂ, ਮੈਂ ਅੰਬਰਤ ਨਹੀਂ ਛੱਕਿਆ।'

ਕਈ ਬੰਦੇ ਹੱਸ ਪਏ। ਜਵਾਲਾ ਸਿੰਘ ਨੇ ਦੱਸਿਆ 'ਅਸਾਂ ਕਿਹੜਾ ਛਕਿਐ।'

'ਨਹੀਂ, ਭਾਈ ਜੀ ! ਜੱਟ ਤਾਂ ਜੰਮਦਾ ਹੀ ਸਿੰਘ ਹੋਂਦੈ। ਮਜ਼ਹਬੀ ਤਾਂ ਅੰਬਰਤ ਛੱਕ ਕੇ ਵੀ ਮਜ਼ਹਬੀ ਹੀ ਰਹਿੰਦੈ।' ਉਹ ਆਪਣੀਆਂ ਤਰਾਸ਼ੀਆਂ ਮੁੱਛਾਂ ਨੂੰ ਵੱਟ ਦੇਣ ਲੱਗ ਪਿਆ।

ਜਵਾਲਾ ਸਿੰਘ ਨੇ ਮੁਸਕਰਾ ਕੇ ਮੰਨਿਆਂ 'ਤੂੰ ਠੀਕ ਕਹਿੰਦੈਂ। ਤੇਰੀ ਗੱਲ ਵੀ ਕਰਾਂਗੇ। ਤੂੰ ਜ਼ਰਾ ਸਬਰ ਰੱਖ। ਅੱਜ ਨਹੀਂ ਤਾਂ ਕੱਲ ਜਾਂ ਪਰਸੋਂ ਜ਼ਰੂਰ ਹੋਊ ਚਰਚਾ ਤੇਰੇ ਬਾਰੇ ਵੀ। ਹੁਣ ਆਪਾਂ ਥੋੜ੍ਹੀਆਂ ਜਿਹੀਆਂ ਗੱਲਾਂ ਕਰਨੀਐਂ। ਜੇ ਰਾਤੀਂ ਠੰਢ ਠੰਢੋਰਾ ਰਿਹਾ, ਤੜਾ ਤੂਫਾਨ ਨਾ ਆਇਆ ਤਾਂ ਬਹਿ ਕੇ ਗੱਲਾਂ ਕਰਾਂਗੇ।'

ਜਵਾਲਾ ਸਿੰਘ ਨੇ ਇਕ-ਇਕ ਦੋ ਹੋਰ ਬੰਦੈ ਆਉਂਦੇ ਵੇਖ ਕੇ ਪੁੱਛਿਆ, 'ਬੀਬੀ ਕਿਧਰੇ ਨਜ਼ਰ ਨਹੀਂ ਆਉਂਦੀ ?'

ਅਮਰ ਸਿੰਘ ਨੇ ਜਵਾਬ ਦਿੱਤਾ 'ਭਾਈ ਜੀ, ਉਹ ਰਾਤ ਸਾਰੀ ਪੈਰਾਂ ਤੇ ਖੜ੍ਹੀ ਰਹੀ ਐ। ਕਿਸੇ ਦਾ ਸਿਰ ਘੁੱਟ। ਕਿਸੇ ਦੀਆਂ ਉਲਟੀਆਂ ਸਾਫ਼ ਕਰ, ਕਿਸੇ ਦਾ ਮੂੰਹ ਧੋ, ਕਿਸੇ ਨੂੰ ਜੁਐਣ ਖੁਆ। ਬੱਸ, ਹੁਣੇ ਮੂੰਹ ਢੱਕ ਕੇ ਲੰਮੀਂ ਪਈ ਐ।'

'ਫੇਰ ਨਾ ਜਗਾਇਓ ਉਹਨੂੰ। ਗਦਰੀਓ ਵੇਖੋ। ਆਪਣੀ ਸਭ ਦੀ ਇਕੋ ਭੈਣ ਐ। ਤੁਹਾਨੂੰ ਪਤੈ ਉਹ ਆਪਣੇ ਘਰ ਵਾਲੇ ਨੂੰ ਛੱਡ ਕੇ ਆ ਗਈ ਐ।' ਪੀਨਾਂਗ ਤੇ ਸਿੰਘਾਪੁਰ ਤੋਂ ਨਵੇਂ ਚੜ੍ਹੇ ਬੰਦੇ ਜਵਾਲਾ ਸਿੰਘ ਦੀ ਗੱਲ ਸੁਣ ਕੇ ਇਕ ਦੂਜੇ ਵੱਲ ਵੇਖਣ ਲੱਗੇ। ਜਵਾਲਾ ਸਿੰਘ ਨੇ ਆਪਣੀ ਗੱਲ ਜਾਰੀ ਰਖੀ 'ਮੈਂ ਉਹਨੂੰ ਹਾਂਗ ਕਾਂਗ ਤਕਿਐ। ਉਹਦੀਆਂ ਗੱਲਾਂ ਤੇ ਹੌਸਲਾ ਸੁਣ ਕੇ, ਮੈਨੂੰ ਆਪਣਾ ਆਪ ਨਿੱਕਾ-ਨਿੱਕਾ ਲਗਣ ਲੱਗ ਪਿਐ। ਉਹਦੇ ਘਰ ਵਾਲਾ ਡਰ ਖਲੋਤਾ। ਉਹ ਗਦਰੀਆਂ ਦੀ ਭੈਣ ਬਣ ਕੇ ਆਪਣੇ ਸਾਰੇ ਸੁਖ ਕੁਰਬਾਨ ਕਰਨ ਲਈ ਸਾਡੇ ਨਾਲ ਤੁਰ ਪਈ ਐ। ਮੈਨੂੰ ਤਾਂ ਉਹਦੇ ਵਿਚੋਂ, ਆਪਣੀ ਭੈਣ ਹੀ ਨਹੀਂ, ਆਪਣੀ ਮਾਂ ਵੀ ਦਿਸਣ ਲੱਗ ਪਈ ਐ।' ਕਹਿੰਦਿਆਂ ਜਵਾਲਾ ਸਿੰਘ ਦਾ ਗਲਾ ਭਰ ਆਇਆ।

'ਭਾਈ ਜੀ, ਆਪਾਂ ਤਾਂ ਉਹਨੂੰ ਛੋਟੀ ਭੈਣ ਮੰਨ ਲਿਐ। ਜਿਹੜਾ ਉਹਦੇ ਅਲ ਕੈਰੀ ਅੱਖ ਕਰਕੇ ਵੇਖੂ, ਉਹ ਅੱਖਾਂ ਕੱਢ ਦੇਣੀਆਂ। ਆਪਾਂ ਮਜ਼ਹਬੀ ਆਂ। ਆਪਣੀ ਗੱਲ ਤੋਂ ਪਿਸ਼ੇ ਨਹੀਂ ਮੁੜਦੇ।'

'ਜੀਉਂਦਾ ਰਹੋ ਈਸ਼ਰ, ਜੀਉਂਦਾ ਰਹੋ। ਕਿਸੇ ਨੇ ਪਿੱਛਲੇ ਪਾਸਿਉਂ ਕਿਹਾ। ਈਸ਼ਰ ਨੇ ਪਿੱਛੇ ਮੁੜ ਕੇ ਤੱਕਿਆ, ਪਰ ਉਸ ਨੂੰ ਪਤਾ ਨਾ ਲੱਗਾ, ਕਿ ਇਹ ਗੱਲ ਕਿਸ ਨੇ ਕਹੀ ਸੀ। ਜਵਾਲਾ ਸਿੰਘ ਨੇ ਆਪਣੀ ਗੱਲ ਤੋਰ ਲਈ, 'ਗਦਰੀਓ। ਤਾਕਤ ਹਾਸਲ ਕਰਨ ਲਈ ਪ੍ਰਚਾਰ ਪਹਿਲਾ ਕੰਮ ਐ। ਇਸ ਦਾ ਮਤਲਬ ਐ ਬਈ ਸਾਨੂੰ ਪਤਾ ਹੋਵੇ ਕਿ ਅਸੀਂ ਕੀ ਕਰਨਾ ਐ ਤੇ ਕਿਉਂ ਕਰਨੈ। ਭੁੱਖ ਲੱਗੇ ਤਾਂ ਰੋਟੀ ਖਾਂਦੇ ਤਿਹ ਲੱਗੇ ਤਾਂ ਪਾਣੀ ਪੀਂਦੇ ਆਂ। ਇਸੇ ਤਰ੍ਹਾਂ ਗੁਲਾਮੀ ਦਾ ਤੌਕ ਲਾਹੁਣ ਲਈ ਤੇ ਆਜ਼ਾਦੀ ਲੈਣ ਲਈ

ਕੁਰਬਾਨੀ ਦੀ ਲੋੜ ਐ। ਜੇ ਕੁਰਬਾਨੀ ਨਹੀਂ ਦੇਣੀ ਤੇ ਮੌਤ ਤੋਂ ਡਰਨੈ ਤਾਂ ਫੇਰ ਗਦਰ ਵਿਚ ਸ਼ਾਮਲ ਹੀ ਨਹੀਂ ਹੋਣਾ ਚਾਹੀਦਾ। ਅਸੀਂ ਤਾਂ ਮਿਰਕਣ ਤੋਂ ਤੁਰਨ ਲਗਿਆਂ ਲੀਕ ਖਿੱਚ ਦਿੱਤੀ ਸੀ। ਜਿਹਨਾਂ ਲੀਕ ਟੱਪੀ, ਉਹ ਤੁਰ ਆਏ ਐ। ਕਈ ਅੱਗੇ ਲੰਘ ਗਏ ਐ। ਕਈ ਹੋਰ ਪਿੱਛੇ ਆ ਰਹੇ ਐ।

ਈਸ਼ਰ ਨੇ ਫਿਰ ਦਖਲ ਦੇਂਦਿਆਂ ਕਿਹਾ 'ਭਾਈ ਜੀ। ਤੈਨੂੰ ਇਕ ਗੱਲ ਦੱਸਦਾਂ। ਪੱਲੇ ਬੰਨ੍ਹ ਲਈਂ। ਜਿਹੜੇ ਵੱਡੀਆਂ-ਵੱਡੀਆਂ ਜਦੈਤਾਂ ਵਾਲੇ ਸਰਦਾਰ ਐ, ਉਹਨਾਂ ਨਹੀਓਂ ਤੇਰੇ ਨਾਲ ਤੁਰਨਾ। ਆਪਣੇ ਅਰਗੇ ਮਿਲਣਗੇ ਤੇਰੇ ਨਾਲ' ਈਸ਼ਰ ਗੱਲ ਕਰ ਰਿਹਾ ਸੀ ਤਾਂ ਸਭ ਉਸ ਵੱਲ, ਵੇਖ ਰਹੇ ਸਨ। ਕੇਸਰ ਸਿੰਘ ਠੱਠਗੜ੍ਹ ਨੇ ਕਿਹਾ, 'ਈਸ਼ਰ! ਤੂੰ ਭਾਈ ਹੋਰਾਂ ਨੂੰ ਗੱਲ ਕਰ ਲੈਣ ਦੇਹ। ਫੇਰ ਅਸੀਂ ਸੁਆਲ ਜੁਆਬ ਕਰਾਂਗੇ।'

ਜਵਾਲਾ ਸਿੰਘ ਨੇ ਕਿਹਾ, 'ਨਹੀਂ ! ਠੱਠਗੜ੍ਹੀਆ, ਜੀਹਦਾ ਜੀਅ ਕਰੇ ਜਦੋਂ ਜੀਅ ਕਰੇ, ਵਿਚੋਂ ਹੀ ਗੱਲ ਤੋਰ ਸਕਦੈ। ਏਤਰਾਂ ਹੀ ਤਾਂ ਗੱਲ ਤੁਰੂ ਅਗਾਂਹ। ਇਕ ਬੋਲਦਾ ਰਹੇ, ਬਾਕੀ ਸੁਣਦੇ ਰਹਿਣ ਤਾਂ ਗੱਲ ਨਹੀਂ ਬੁਣਦੀ।'

ਈਸ਼ਰ ਬੋਲ ਪਿਆ, 'ਭਾਈ ਜੀ ! ਮੈਂ ਤਾੜ ਗਿਆਂ। ਠੱਠਗੜ੍ਹੀਏ ਦਾ ਮਤਲਬ ਐ ਕਿ ਮੈਂ ਹੀ ਘੜੀ-ਘੜੀ ਨਾ ਬੋਲੀ ਜਾਵਾਂ।'

'ਤੂੰ ਇਹ ਗਲਤ ਸਮਝਿਐ ਈਸ਼ਰ। ਮੇਰਾ ਇਹ ਉਕਾ ਮਤਲਬ ਨਹੀਂ ਸੀ।' ਕੇਸਰ ਸਿੰਘ ਦੀ ਗੱਲ ਸੁਣ ਕੇ ਜਵਾਲਾ ਸਿੰਘ ਨੇ ਫਿਰ ਗੱਲ ਤੋਰ ਲਈ, ਕਿਸੇ ਉੱਤੇ ਕੋਈ ਬੰਦਸ਼ ਨਹੀਂ। ਕਿਸੇ ਨੇ ਦਸ ਸੁਆਲ ਕਰਨੇ ਐ ਤੇ ਕਈਆਂ ਨੇ ਮੂੰਹ ਹੀ ਨਹੀਂ ਖੋਲ੍ਹਣਾ। ਕੋਈ ਬੰਦਸ਼ ਨਹੀਂ ਕਿਸੇ ਉੱਤੇ। ਉਸ ਦੀ ਗੱਲ ਸੁਣ ਕੇ ਈਸ਼ਰ ਨੇ ਖ਼ੁਸ਼ ਹੋ ਕੇ ਚੌਹੀਂ ਪਾਸੀਂ ਵੇਖਿਆ।

ਜਵਾਲਾ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ, 'ਫਰੰਗੀਆਂ ਨੇ ਤਾਕਤ ਨਾਲ ਸਾਡੇ ਦੇਸ ਉੱਤੇ ਕਬਜ਼ਾ ਕੀਤੈ। ਸਾਨੂੰ ਗੁਲਾਮ ਬਣਾਇਐ। ਤਾਕਤ ਤੋਂ ਬਿਨਾਂ ਅਸੀਂ ਆਜ਼ਾਦੀ ਨਹੀਂ ਲੈ ਸਕਦੇ। ਤਾਕਤ ਲੈਣ ਲਈ ਜਥੇਬੰਦੀ ਦੀ ਲੋੜ ਐ। ਇਹ ਜਥੇਬੰਦੀ ਐ ਗਦਰ ਪਾਰਟੀ। ਲੋਕਾਂ ਵਿਚ ਪਰਚਾਰ ਕਰਨ ਲਈ ਪਾਰਟੀ ਨੇ ਗਦਰ ਅਖਬਾਰ ਕਢਿਐ। ਜੇ ਸਾਨੂੰ ਸਮਝ ਆ ਜਾਏ ਕਿ ਅਸਾਂ ਕੀ ਕਰਨੈ ਤੇ ਕਿਉਂ ਕਰਨੈ ਤਾਂ ਤਾਕਤ ਲੈਣ ਲਈ ਜੰਗੀ ਹਥਿਆਰਾਂ ਦੀ ਲੋੜ ਐ। ਹਥਿਆਰ ਕਿਥੋਂ ਲਈਏ। ਸਭ ਤੋਂ ਪਹਿਲਾ ਸੁਆਲ ਇਹੋ ਉਠਦੈ। ਫੇਰ ਲੋੜ ਐ ਕਿ ਸਾਨੂੰ ਹਥਿਆਰ ਚਲੌਣ ਦਾ ਇਲਮ ਹੋਵੇ।'

'ਅਸੀਂ ਫੌਜੀ ਹਾਂ। ਮੈਂ ਦਸ ਸਾਲ ਤੋਪਖਾਨੇ 'ਚ ਕੰਮ ਕੀਤੈ।' ਲਾਲ ਸਿੰਘ ਦੀ ਗੱਲ ਸੁਣ ਕੇ ਜਵਾਲਾ ਸਿੰਘ ਨੇ ਹਾਂ ਵਿਚ ਸਿਰ ਹਿਲਾ ਕੇ ਕਿਹਾ 'ਇਹ ਗੱਲ ਬਿਲਕੁਲ ਠੀਕ ਐ। ਅਸੀਂ ਬਾਹਲੇ ਫੌਜਾਂ ਵਿਚੋਂ ਹੀ ਆਏ ਸਾਂ। ਫੇਰ ਵੀ ਲੋੜ ਐ ਨਵੇਂ ਹਥਿਆਰਾਂ ਦੀ ਵਰਤੋਂ ਸਿਖਣ ਦੀ। ਫਰੰਗੀ ਹਰ ਨਵੇਂ ਦਿਨ ਨਵੇਂ ਹਥਿਆਰ ਤਿਆਰ ਕਰੀ ਜਾਂਦੈ ਐ। ਆਪਣਾ ਇਕ ਅਲੂਆਂ ਨੌਜਵਾਨ ਐ ਕਰਤਾਰ। ਉਹ ਹਵਾਈ ਜਹਾਜ਼ ਸਿੱਖ ਕੇ ਆਇਆ ਮਿਰਕਣ ਤੋਂ।'

'ਕਿਥੇ ਐ ਉਹ।' ਪਿੱਛੋਂ ਆਵਾਜ਼ ਆਈ।

'ਉਹ ਸਭ ਨਾਲੋਂ ਪਹਿਲੋਂ ਦੇਸ ਨੂੰ ਤੁਰ ਗਿਆ ਸੀ। ਪਿੰਡ ਉਹਦਾ ਸਰਾਭੈ। ਉਹ ਬੰਬ ਬਣਾਉਣੇ ਵੀ ਜਾਣਦੈ। ਸਾਨੂੰ ਅਜਿਹੇ ਸੂਰਮਿਆਂ ਦੀ ਵੀ ਲੋੜ ਐ ਜੋ ਬੰਬ ਬਣਾਉਣੇ ਸਿਖਣ।'

ਇਕੱਠੀਆਂ ਹੀ ਕਈ ਅਵਾਜ਼ਾਂ ਆਈਆਂ 'ਮੈਂ ਸਿਖੂੰ, ਮੈਂ ਵੀ ਸਿਖੂੰ ਬੰਬ ਬਣਾਉਣੇ।' ਈਸ਼ਰ ਦਾ ਹੱਥ ਅੱਜੇ ਵੀ ਖੜ੍ਹਾ ਸੀ, ਜੁਆਲਾ ਸਿੰਘ ਨੇ ਪੁੱਛਿਆ 'ਕਿਉਂ ਈਸ਼ਰ ! ਕੁਝ ਕਹਿਣੈ ?'

'ਨਹੀਂ ਜੀ ! ਮੈਂ ਨਹੀਂ ਕੁਛ ਵੀ ਕਹਿਣਾ।'

ਕਰਮ ਸਿੰਘ ਬੋਲ ਪਿਆ 'ਬਾਈ ਠੱਠੀਆਂ ਵਾਲਿਆ, ਇਹ ਦਸ ਸਰਾਭਾ ਜਿਹੜਾ ਸਾਡੇ ਪਿੰਡ ਗੁਜਰਵਾਲ ਦੇ ਲਾਗੇ ਐ ?'

'ਹਾਹੋ ! ਉਹੋ ਸਰਾਭਾ, ਲੁਧਿਆਣੇ ਜ਼ਿਲੇ ਵਿਚ ਐ।'

'ਜੀ ! ਅਸੀਂ ਦੋਵੇਂ ਧਰਮ ਤੇ ਮੈਂ ਗੁਜਰਵਾਲ ਦੇ ਹਾਂ। ਕਰਤਾਰ ਤਾਂ ਫੇਰ ਸਾਡਾ ਪੇਂਡੂ ਨਿਕਲਿਆ।' ਕਰਮ ਸਿੰਘ, ਧਰਮ ਸਿੰਘ ਨੂੰ ਮੋਢਿਓਂ ਫੜ ਕੇ ਕਹਿ ਰਿਹਾ ਸੀ। ਦੋਹਾਂ ਦੇ ਚਿਹਰੇ ਖਿੜੇ ਹੋਏ ਸਨ। ਕਰਮ ਸਿੰਘ ਫੇਰ ਬੋਲ ਪਿਆ 'ਮੈਂ ਤਾਂ ਉਹਤੋਂ ਬੰਬ ਬਣਾਉਣੈ ਸਿਖੂੰ। ਚੌਂਟ੍ਹੇ ਚੁੱਕ ਦਊਂ ਫਰੰਗੀਆਂ ਦੇ' ਕਹਿ ਕੇ ਉਹ ਫੁੰਕਾਰੇ ਮਾਰਨ ਲੱਗ ਪਿਆ।

'ਗਦਰੀਓ ! ਕਈ ਲੋਕਾਂ ਕੋਲ ਸਭ ਕੁਝ ਹੁੰਦੈ, ਫੇਰ ਵੀ ਉਹ ਨਿਘਰੇ ਰਹਿੰਦੇ ਐ। ਕਿਹੜੀ ਚੀਜ਼ ਐ ਜਿਹੜੀ ਸਾਡੇ ਕੋਲ ਹੈ ਨਹੀਂ। ਸਾਡੀਆਂ ਚੌੜੀਆਂ ਛਾਤੀਆਂ ਤੇ ਗੁੰਦਵੇਂ ਡੌਲੇ ਆਪਣੀ ਗੁਲਾਮੀ ਪੱਕੀ ਕਰ ਰਹੇ ਐ ਹੋਰਨਾਂ ਨੂੰ ਗੁਲਾਮ ਬਣਾਉਣ ਲਈ ਵੀ

ਫਰੰਗੀਆਂ ਦੇ ਅੱਗੇ-ਅੱਗੇ ਆਂ। ਸਾਡੀ ਧਰਤੀ ਸੋਨਾ ਉਗਲਦੀ ਐ। ਫੇਰ ਵੀ ਅਸੀਂ ਦਸਾਂ-ਦਸਾਂ ਛਿਲੜਾਂ ਪਿੱਛੇ ਪਰਦੇਸਾਂ ਵਿਚ ਰੁਲ ਰਹੇ ਆਂ, ਫਰੰਗੀਆਂ ਦੇ ਆਖੇ ਲਗ ਕੇ ਕੁੱਤਿਆਂ ਦੀ ਮੌਤੇ ਰੁਲਦੇ-ਰੁਲਦੇ ਮਰ ਰਹੇ ਆਂ। ਜੇ ਮਰਨਾ ਈ ਐ ਤਾਂ ਫੇਰ ਆਪਣੇ ਦੇਸ ਦੀ ਗੁਲਾਮੀ ਕੱਟਣ ਲਈ ਮਰੋ।' ਜਵਾਲਾ ਸਿੰਘ ਨੇ ਖੰਘੂਰਾ ਮਾਰ ਕੇ ਜ਼ਰਾ ਉੱਚੀ ਆਵਾਜ਼ ਵਿਚ ਕਿਹਾ 'ਗਦਰੀਓ ! ਜਿਹੜੀ ਕੌਮ ਆਜ਼ਾਦੀ ਜਾਂ ਮੌਤ ਆਪਣਾ ਮੂਲ ਮੰਤਰ ਸਮਝਦੀ ਐ, ਉਹ ਆਜ਼ਾਦ ਐ ਦੂਜੀ ਗੁਲਾਮ ਐ।

'ਗੱਲ ਕੀਤੀ ਐ ਨਾ ਭਾਈ ਜੀ ਹੁਣ।' ਈਸ਼ਰ ਨੇ ਜਵਾਲਾ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਕਿਹਾ 'ਸਰਦਾਰਾ ਕਰੀ ਜਾ ਗੱਲ। ਤੇਰੀ ਗੱਲ ਮੇਰੇ ਦਿਲ ਲਗਦੀ ਐ। ਹੋਰ ਕਰ ਗੱਲਾਂ।'

'ਈਸ਼ਰ। ਆਜ਼ਾਦੀ ਵਰਗੀ ਚੀਜ਼ ਮੰਗਿਆਂ ਨਹੀਂ ਮਿਲਦੀ। ਨਾ ਹੀ ਫਰੰਗੀਆਂ ਸਾਥੋਂ ਮੰਗ ਕੇ ਲਈ ਐ। ਜੁੱਤੀ ਨਾਲ ਈ ਲੈਣੀ ਪਊ। ਆਜ਼ਾਦੀ ਹਾਸਲ ਕਰਨ ਲਈ ਤੇ ਆਜ਼ਾਦੀ ਕਾਇਮ ਰੱਖਣ ਵਾਸਤੇ ਤਾਕਤ ਦਾ ਹੋਣਾ ਲਾਜ਼ਮੀ ਐ। ਤਾਕਤ ਕਾਇਮ ਰੱਖਣ ਲਈ ਕੁਝ ਗੱਲਾਂ ਜ਼ਰੂਰੀ ਐ ? ਗੱਲਾਂ ਬੜੀਐਂ ਪਰ, ਪਹਿਲੀ ਗੱਲ ਐ ਮਜ਼ਹਬੀ ਝਗੜੇ। ਅਸਾਂ ਮਜ਼ਹਬਾਂ ਦੀ ਗੱਲ ਨਹੀਂ ਕਰਨੀ। ਮਜ਼ਹਬੀ ਝਗੜਿਆਂ ਦੀ ਗੱਲ ਕਰਨੀ ਐ।'

'ਮਜ਼ਹਬਾਂ ਦੀ ਕਿਉਂ ਨਹੀਂ ਕਰਨੀ ?' ਪੰਡਤ ਜਗਤ ਰਾਮ ਨੇ ਪੁੱਛਿਆ।

'ਪੰਡਤ ਜੀ, ਪਹਿਲੋਂ ਮਜ਼ਹਬੀ ਝਗੜਿਆਂ ਦੀ ਗੱਲ ਕਰੀਏ। ਫਰੰਗੀ ਨੇ ਫਰਜ਼ੀ ਜਿਹੀਆਂ ਹੱਦਾਂ ਪਾ ਕੇ ਲੋਕਾਂ ਨੂੰ ਪਾੜਿਆ ਹੋਇਐ। ਮਜ਼ਹਬ ਦੀ ਬਿਨਾਅ ਤੇ ਫੌਜਾਂ ਬਣਾਈਆਂ ਹੋਈਐਂ। ਕੋਈ ਸਿੱਖਾਂ ਦੀ ਫੌਜ, ਕੋਈ ਮੁਸਲਮਾਨਾਂ ਦੀ, ਕੋਈ ਰਾਜਪੂਤਾਂ ਦੀ, ਡੋਗਰਿਆਂ ਦੀ। ਸਿੱਖ ਬੱਕਰੇ ਝਟਕਾਂਦੇ ਐ, ਸੂਰ ਦਾ ਮਾਸ ਵੀ ਖਾਂਦੇ ਐ। ਮੁਸਲਮਾਨਾਂ ਨੂੰ ਗਊ ਮਾਸ ਖਾਣ ਦੀ ਖੁਲ੍ਹ ਐ। ਰਾਜਪੂਤ ਤੇ ਡੋਗਰੇ ਆਪਣੀਆਂ ਮਨਮਾਨੀਆਂ ਕਰਦੇ ਐ। ਕੋਈ ਮਾਸਾਹਾਰੀ ਐ ਤੇ ਕੋਈ ਫਲਾਹਾਰੀ। ਤੁਸੀਂ ਝਟਕਾ ਤੇ ਹਲਾਲ ਵਾਲੇ ਆਪਸ ਵਿਚ ਲੜਦੇ ਰਹਿੰਦੇ ਓ। ਤੁਹਾਡੇ ਹੁਕਮਰਾਨ ਫਰੰਗੀ, ਬੱਕਰੇ, ਸੂਰ, ਗਊ, ਮੱਛੀ, ਮੁਰਗੀ ਸਭ ਰਲਾ ਕੇ ਖਾ ਜਾਂਦੇ ਐ। ਤੁਸੀਂ ਉਹਨਾਂ ਦੇ ਖਿਲਾਫ ਕਿਉਂ ਨਹੀਂ ਉਠਦੇ। ਆਪਸ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਉੱਤੇ ਕਿਉਂ ਜੁੱਤੀਓ ਜੁੱਤੀ ਹੋਂਦੇ ਰਹਿੰਦੇ ਓ ?'

'ਭਾਈ ਜੀ। ਤੁਸੀਂ ਬਿਲਕੁਲ ਠੀਕ ਕਹਿੰਦੇ ਹੋ। ਜ਼ਰਾ ਸੁੱਚ ਤੇ ਭਿੱਟ ਦੀ ਗੱਲ ਵੀ ਨਾਲ ਹੀ ਕਰ ਦਿਓ।' ਬਾਬੂ ਸੁਰਜਨ ਸਿੰਘ ਨੇ ਨਵਾਬ ਖਾਨ ਨੂੰ ਮੋਢਾ ਮਾਰਦਿਆਂ ਹੱਸ ਕੇ ਕਿਹਾ।

'ਆਪਾਂ ਪਹਿਲੋਂ ਵੀ ਇਹ ਗੱਲਾਂ ਕਰ ਚੁੱਕੇ ਆਂ। ਬਾਊ ਜੀ, ਦੁਹਰਾਉਣ ਦੀ ਲੋੜ ਨਹੀਂ। ਗਦਰ ਪਾਰਟੀ ਵਿਚ ਲੰਗਰ ਪੱਕਦੈ। ਕੋਈ ਪਕਾਏ, ਕੋਈ ਵਰਤਾਏ, ਕੋਈ ਖਾਏ ਸਭ ਨੂੰ ਇਕੋ ਜਿਹੀ ਖੁਲ੍ਹ ਐ। ਬੱਸ ਇਕ ਗੱਲ ਜ਼ਰੂਰੀ ਐ ਕਿ ਕਿਸੇ ਕਿਸਮ ਦਾ ਮਾਸ ਗਦਰੀ ਲੰਗਰ ਵਿਚ ਨਹੀਂ ਪੱਕ ਸਕਦਾ।'

'ਭਾਈ ਜੀ। ਤੁਸੀਂ ਨਹੀਂ ਸੀ ਸਾਡੇ ਨਾਲ। ਜਦੋਂ ਅਸੀਂ ਮਨੀਲੀਓਂ ਤੁਰੇ ਤਾਂ ਨਵਾਬ ਖਾਨ ਲੰਗਰ ਵਰਤਾਉਣ ਲੱਗ ਪਿਆ। ਸਾਡੇ ਕਈ ਭਾਈਆਂ ਨੇ ਉਸ ਦਿਨ ਰੋਟੀ ਨਹੀਂ ਖਾਧੀ।' ਸੁਰਜਨ ਨੇ ਦੱਸਿਆ।

'ਇਹ ਕਿਵੇਂ ਹੋ ਸਕਦੈ ?' ਜਵਾਲਾ ਸਿੰਘ ਨੇ ਪੁੱਛਿਆ।

ਨਵਾਬ ਖਾਨ ਨੇ ਨੀਵੀਂ ਪਾ ਕੇ ਦੱਸਿਆ 'ਹੋਇਐ। ਸਾਡੇ ਜਹਾਜ਼ ਵਿਚ।'

'ਅੱਛਾ।' ਜਵਾਲਾ ਸਿੰਘ ਨੇ ਹੈਰਾਨੀ ਪਰਗਟ ਕੀਤੀ।

ਜਵਾਲਾ ਸਿੰਘ ਦੇ ਪਿੱਛਲੇ ਪਾਸਿਓਂ ਅਵਾਜ਼ ਆਈ 'ਮੈਂ ਦਸਦੀ ਆਂ।' ਨਾਲ ਹੀ ਗੁਲਾਬ ਕੌਰ ਹੱਥ ਜੋੜ ਕੇ ਖੜ੍ਹੀ ਹੋ ਗਈ। ਉਹ ਅਛੋਪਲੇ ਹੀ ਆ ਬੈਠੀ ਸੀ ਤੇ ਜਵਾਲਾ ਸਿੰਘ ਨੂੰ ਉਸ ਦੇ ਉੱਥੇ ਹੋਣ ਬਾਰੇ ਪਤਾ ਨਹੀਂ ਸੀ।

'ਭਾਊ ਜੀ' ਗੁਲਾਬ ਕੌਰ ਨੇ ਗੱਲ ਸ਼ੁਰੂ ਕੀਤੀ ਹੀ ਸੀ ਕਿ ਵਿਚੋਂ ਹੀ ਕਈ ਹੱਸ ਪਏ। ਉਹ ਕੜਕ ਕੇ ਬੋਲੀ 'ਮਿਰਕਣ ਤੋਂ ਜਿੰਨੇ ਭਾਈ ਆਏ ਐ ਇਕ ਦੂਜੇ ਨੂੰ ਭਾਊ-ਭਾਊ ਕਹਿੰਦੇ ਐ ਤੇ ਮੈਂ ਕਹਿ ਲਿਆ ਤਾਂ ਕੀ ਹੋਇਆ। ਭਾਊ ਦਾ ਮਤਲਬ ਵੀਰ ਭਰਾ ਹੀ ਐ।' ਗੁਲਾਬ ਕੌਰ ਦੀ ਗੱਲ ਉੱਤੇ ਬਾਕੀਆਂ ਦੇ ਨਾਲ ਜਵਾਲਾ ਸਿੰਘ, ਈਸ਼ਰ ਸਿੰਘ ਵੇਈਂ ਪੋਈਂ, ਤੇ ਕੇਸਰ ਸਿੰਘ ਠਠਗੜ ਵੀ ਹੱਸ ਪਏ।

'ਮੈਂ ਆਪਣੀ ਭੁੱਲ ਮਨੂੰ। ਮੈਂ ਨਹੀਂ ਖਾਧੀ ਨਵਾਬ ਦੇ ਹੱਥਾਂ ਦੀ ਰੋਟੀ। ਮੇਰਾ ਮਨ ਨਾ ਮੰਨਿਆ। ਮੈਂ ਬੜਾ ਮਨਾਇਆ। ਐਵੇਂ ਇਕ ਦਿਨ ਭੁੱਖੀ ਰਹੀ।' ਫੇਰ ਸਾਰੇ ਹੱਸ ਪਏ।

'ਜੀਣੋ ਵੀਰ ਨੇ ਬੜਾ ਸਮਝਾਇਆ। ਕਹਿਣ ਲੱਗਾ, ਸਾਡੇ ਘੜੇ ਘੁਮਿਆਰ ਬਣਾਂਦੇ ਐ, ਓਸੇ ਵਿਚ ਹਿੰਦੂ ਤੇ ਮੁਸਲਮਾਨ ਪਾਣੀ ਭਰ-ਭਰ ਪੀਂਦੇ ਐ। ਕਣਕ ਕਿਹੜੀ ਸਿੱਖ ਬੀਜਦੇ ਐ। ਮਿਰਕਣ ਗੋਰਿਆਂ ਦੀ ਉਗਾਈ ਖਾਂਦੇ ਆਂ। ਉਹ ਸੂਰ ਵੀ ਖਾ ਜਾਂਦੇ ਐ ਅਤੇ ਗਾਂ ਵੀ।' ਸਾਰੇ ਲੋਕ ਗੁਲਾਬ ਕੌਰ ਵੱਲ ਟਿਕਟਿਕੀ ਲਾ ਕੇ ਵੇਖ ਰਹੇ ਸਨ। ਉਸ ਨੇ ਜ਼ਰਾ ਖਹੁਰੀ ਅਵਾਜ਼ ਵਿਚ ਪੁੱਛਿਆ 'ਜਿਹੜੇ ਗਦਰੀ ਸ਼ਰਾਬਾਂ ਪੀਂਦੇ ਓ, ਉਹ ਪਹਿਲੋਂ ਵੇਖ ਲਿਆ ਕਰੋ ਕਿ ਭਾਈ ਪੰਡਤ ਜਾਂ ਮੁੱਲਾਂ ਦੀ ਬਣਾਈ ਹੋਈ ਐ।' ਕਹਿ ਕੇ ਉਹ ਖੁਲ੍ਹ ਕੇ ਹੱਸ ਪਈ। ਉਸ ਦੇ ਜੋੜੇ ਹੋਏ ਹੱਥ ਵੱਖ ਹੋ ਗਏ। ਉਹ ਕਦੇ ਸੱਜੇ ਤੇ ਕਦੇ ਖੱਬੇ ਹੱਥ ਨਾਲ ਇਸਾਰੇ ਕਰ ਕਰ ਕੇ ਅਮਲੀਆਂ ਨੂੰ ਡਰਾ ਰਹੀ ਸੀ। ਈਸ਼ਰ ਨੀਵੀਂ ਪਾ ਕੇ ਬੈਠਾ ਸੀ। ਉਸ ਨੂੰ ਆਪਣਾ ਡਰ ਸੀ ਕਿ ਕਿਧਰੇ ਗੁਲਾਬ ਕੌਰ ਉਸ ਵੱਲ ਨਾ ਇਸ਼ਾਰਾ ਕਰ ਦਏ। ਨਵਾਬ ਆਪਣੀ ਥਾਂ ਤੇ ਕਰਮ ਸਿੰਘ ਧਰਮ ਸਿੰਘ ਆਪਣੇ ਥਾਂ ਡਰੇ ਬੈਠੇ ਸਨ।

'ਭਾਊ ਜੀ। ਮੈਂ ਇਕ ਸੁਆਲ ਪੁੱਛਣੈ।' ਖਾਣੇ ਦੀ ਘੰਟੀ ਵੱਜ ਗਈ। ਜਵਾਲਾ ਸਿੰਘ ਨੇ ਕਿਹਾ 'ਬੀਬੀ। ਆਪਣਾ ਸੁਆਲ ਯਾਦ ਰੱਖੀਂ। ਸ਼ਾਮ ਦੇ ਖਾਣੇ ਪਿੱਛੋਂ ਫੇਰ ਸਕੂਲ ਲੱਗੂ।'

# 11

'ਸਾਰੀ ਰਾਤ ਜਹਾਜ਼ ਡੋਲਦਾ ਰਿਹੈ। ਜਰਮਨਾਂ ਦਾ ਜੰਗੀ ਜਹਾਜ਼ ਐਮਡਨ ਫਰੰਗੀਆਂ ਦੇ ਕਈ ਜਹਾਜ਼ ਡੋਬ ਚੁੱਕੈ। ਕਹਿੰਦੇ ਐ ਕਾਲੇ ਪਾਣੀਆਂ ਦੇ ਆਲੇ ਦੁਆਲੇ ਘੁੰਮਦਾ ਫਿਰਦੈ। ਜਪਾਨੀ ਕਪਤਾਨ ਨਸ਼ੇ ਵਿਚ ਸੀ। ਉਹਨੇ ਸਭ ਬੱਤੀਆਂ ਬੰਦ ਤੇ ਘੁੰਮਣ ਫਿਰਨ ਦੀ ਮਨਾਹੀ ਕਰ ਦਿੱਤੀ ਸੀ। ਇਸੇ ਕਰਕੇ ਅਸੀਂ ਸਕੂਲ ਨਾ ਲਾ ਸਕੇ। ਹੁਣ ਧੁੱਪ ਸੋਹਣੀ ਨਿਕਲ ਆਈ ਐ। ਨਾਲੇ ਚਾਹ ਪੀਓ ਨਾਲੇ ਗੱਲਾਂ ਬਾਤਾਂ ਕਰੀਏ।' ਜਵਾਲਾ ਸਿੰਘ ਨੇ ਜ਼ਰਾ ਰੁਕ ਕੇ ਏਦਰ ਓਧਰ ਨਜ਼ਰ ਮਾਰੀ ਤੇ ਪੁੱਛਿਆ 'ਮਨੀਲੇ ਵਾਲੇ ਹਾਫਜ਼ ਤੇ ਅਲੀ ਨਹੀਂ ਕਿਧਰੇ ਨਜ਼ਰੀਂ ਪੈਂਦੇ।'

ਜੀਵਨ ਸਿੰਘ ਤੇ ਅਮਰ ਸਿੰਘ ਦੇ ਵਿਚਾਲੇ ਤੇ ਜਵਾਲਾ ਸਿੰਘ ਦੇ ਸੱਜੇ ਪਾਸੇ ਬੈਠੀ ਗੁਲਾਬ ਕੌਰ ਬੋਲ ਪਈ 'ਭਾਊ। ਅੱਜ ਮੈਂ ਹਾਫ਼ਜ਼ ਤੇ ਰਹਿਮਤ ਦੀ ਵਾਰੀ ਲਾਈ ਸੀ ਚਾਹ ਬਣੌਣ ਦੀ। ਮੈਂ ਸੋਚਿਆ ਰੋਜ਼ ਭਿੱਟੀ ਹੋਈ ਚਾਹ ਪੀਂਦੇ ਰਹੇ ਆਂ, ਅੱਜ ਉਹ ਦੋਵੇਂ ਰਲ ਕੇ ਸੁੱਚੀ ਕਰ ਦੇਣ।' ਉਸ ਦਾ ਹਾਸਾ ਨਿਕਲਣ ਨੂੰ ਫਿਰਦਾ ਸੀ ਪਰ ਉਹ ਮੂੰਹ ਘੁੱਟੀ ਬੈਠੀ ਸੀ। ਬਾਕੀ ਸਭ ਉਸ ਦੀ ਗੱਲ ਸੁਣ ਕੇ ਹੱਸ ਰਹੇ ਸਨ।

ਨਵਾਬ ਨੇ ਤਿਰਛੀ ਨਜ਼ਰ ਨਾਲ ਗੁਲਾਬ ਕੌਰ ਵੱਲ ਵੇਖਦਿਆਂ ਪੁੱਛਿਆ 'ਭੈਣਾਂ ਗੁਲਾਬੋ। ਮੇਰੀਆਂ ਵੰਡੀਆਂ ਰੋਟੀਆਂ ਤਾਂ ਭਿੱਟੀਆਂ ਹੋਈਆਂ ਸੀ ?'

ਗੁਲਾਬ ਕੌਰ ਕੜਕ ਕੇ ਬੋਲੀ। 'ਠੀਕ ਭਿੱਟੀਆਂ ਹੋਈਆਂ ਸੀ। ਜਾਹ, ਤੂੰ ਅੱਜ ਸ਼ਾਮੀਂ ਆਟਾ ਵੀ ਗੁੰਨ੍ਹੀ ਤੇ ਰੋਟੀਆਂ ਵੀ ਪਕਾਈਂ।'

ਨਵਾਬ ਖਾਂ ਕਹਿ ਰਿਹਾ ਸੀ 'ਮੈਂ ਤਾਂ ਕਦੇ ਆਟਾ ਨਹੀਂ ਗੁੰਨ੍ਹਿਆ। ਡਬਲ ਰੋਟੀਆਂ ਹੀ ਖਾਂਦਾ ਰਿਹਾ।' ਉਸ ਦੀ ਗੱਲ ਕਿਸੇ ਨਾ ਸੁਣੀ। ਚੌਹੀਂ ਪਾਸੀਂ ਹਾਸਾ ਪਿਆ ਹੋਇਆ ਸੀ।

ਹਾਸਾ ਜ਼ਰਾ ਕੁ ਮੱਠਾ ਪਿਆ ਤਾਂ ਜਵਾਲਾ ਸਿੰਘ ਨੇ ਗੱਲ ਤੋਰ ਲਈ, 'ਕੱਲ ਆਪਾਂ ਗੱਲ ਛੇੜੀ ਸੀ ਕਿ ਤਾਕਤ ਤੋਂ ਬਿਨਾਂ ਨਾ ਅਜ਼ਾਦੀ ਮਿਲ ਸਕਦੀ ਐ ਤੇ ਨਾ ਹੀ ਕਾਇਮ ਰੱਖੀ ਜਾ ਸਕਦੀ ਐ। ਤਾਕਤ ਲਈ ਹਥਿਆਰ ਤੇ ਹਥਿਆਰਾਂ ਦਾ ਇਲਮ ਹੋਣਾ ਲਾਜ਼ਮੀ ਐ। ਇਕ ਗੱਲ ਆਪੇ ਤੁਰ ਪਈ ਕਿ ਜਦ ਤਕ ਮਜ਼ਹਬੀ ਝਗੜੇ ਇਕ ਪਾਸੇ ਨਹੀਂ ਛੱਡੇ ਜਾਂਦੇ, ਤਦ ਤੱਕ ਏਕਤਾ ਨਹੀਂ ਹੋ ਸਕਦੀ। ਫਰੰਗੀ ਮਜ਼ਹਬੀ ਝਗੜੇ ਖੜ੍ਹੇ ਕਰੀ ਰੱਖਦੇ ਐ ਤਾਂ ਕਿ ਸਾਨੂੰ ਕਿਸੇ ਹੋਰ ਗੱਲ ਦੀ ਵਿਹਲ ਨਾ ਮਿਲੇ।'

ਗੁਲਾਬ ਕੌਰ ਦਾ ਹੱਥ ਖੜ੍ਹਾ ਵੇਖ ਕੇ ਜਵਾਲਾ ਸਿੰਘ ਨੇ ਕਿਹਾ

'ਬੀਬੀ। ਮੈਨੂੰ ਪਤੈ ਤੂੰ ਕੋਈ ਸੁਆਲ ਪੁੱਛਣੈ ਪਰ ਪਹਿਲਾਂ ਮੇਰੀ ਗੱਲ ਸਭ ਧਿਆਨ ਨਾਲ ਸੁਣ ਲੈ।' ਹਾਫਜ਼ ਅਬਦੁਲਾ ਤੇ ਰਹਿਮਤ ਅਲੀ ਨੂੰ ਆਉਂਦਿਆਂ ਵੇਖ ਕੇ, ਉਸ ਨੇ ਕੁਝ ਰੁਕ ਕੇ ਫਿਰ ਗੱਲ ਸ਼ੁਰੂ ਕਰ ਲਈ 'ਅੱਜ ਆਪਾਂ ਗੱਲ ਕਰਨੀ ਐ ਪੰਚੈਤੀ ਰਾਜ ਦੀ। ਪੰਚੈਤੀ ਰਾਜ ਵਿਚ ਕੱਲੇ ਕਾਰੇ ਬੰਦੇ ਦੀ ਪੁੱਛ ਓਨੀ ਹੀ ਹੋ ਸਕਦੀ ਐ ਜਿੰਨੀ ਇਕ ਬੰਦੇ ਦੀ। ਇਕ ਬੰਦਾ ਭਾਵੇਂ ਉਹ ਕਿੰਨਾ ਵੱਡਾ ਲੀਡਰ ਹੋਵੇ, ਉਹ ਆਪਣੇ ਆਪ ਕੋਈ ਫੈਸਲਾ ਨਹੀਂ ਕਰ ਸਕਦਾ। ਜੇ ਪੰਜਾਂ ਦੀ ਪੰਚੈਤ ਹੋਵੇ ਤਾਂ ਪੰਜਾਂ ਦੀ ਗੱਲ ਚੱਲੂ। ਜੇ ਪੰਜੇ ਇਕੋ ਗੱਲ ਤੇ ਰਾਜ਼ੀ ਹੋਣ ਤਾਂ ਫੇਰ ਉਹਦੇ ਵਾਲੀ ਤਾਂ ਕੋਈ ਗੱਲ ਹੀ ਨਹੀਂ। ਜੇ ਲੀਡਰ ਕੁਝ ਕਹੇ ਤੇ ਬਾਕੀ ਚਾਰ ਕੁਝ ਹੋਰ ਕਹੀ ਜਾਣ ਤਾਂ ਲੀਡਰ ਨੂੰ ਬਾਕੀਆਂ ਚੌਂਹਾਂ ਪੰਚਾਂ ਦੀ ਮੰਨਣੀ ਪਊ। ਮੇਰਾ ਮਤਲਬ ਐ ਬਈ ਗਦਰ ਪਾਰਟੀ ਵਿਚ ਪੰਚੈਤੀ ਰਾਜ ਚੱਲੂ। ਕੱਲੇ ਕਾਰੇ ਦੀ ਨਹੀਂ ਚੱਲਣੀ।'

'ਭਾਊ। ਫੇਰ ਨਾ ਰਾਜੇ, ਨਾ ਮਹਾਰਾਜੇ, ਨਾ ਨਵਾਬ ਨਾ ਸੁਲਤਾਨ।' ਸੁਰਜਨ ਸਿੰਘ ਦੀ ਗੱਲ ਸੁਣ ਕੇ ਜੁਆਲਾ ਸਿੰਘ ਨੇ ਕਿਹਾ 'ਬਿਲਕੁਲ ਠੀਕ। ਕਿਸੇ ਇਕ ਸ਼ਖਸ਼ ਦਾ ਰਾਜ ਨਹੀਂ ਚੱਲੇਗਾ।'

ਨਵਾਬ ਖਾਨ ਨੇ ਗੋਡਿਆਂ ਪਰਨੇ ਹੋ ਕੇ ਦੱਸਿਆ 'ਭਾਊ। ਆਹ ਵੇਖ ਕਰਮਾ ਤੇ ਧਰਮਾ ਦੋਨੋਂ ਮੈਨੂੰ ਹੁੱਝਾਂ ਮਾਰਨੋਂ ਨਹੀਂ ਟਲਦੇ। ਕਹਿੰਦੇ ਐ ਹੁਣ ਤੇਰੀ ਨਵਾਬੀ ਨਹੀਂ ਚੱਲਣੀ। ਮਾਂ ਨੇ ਨਾਮ ਰੱਖ ਦਿੱਤਾ ਨਵਾਬ ਖਾਨ। ਮੈਂ ਹੁਣ ਗੁਲਾਮ ਖਾਨ ਰੱਖਣੋਂ ਤਾਂ ਰਿਹਾ।' ਹਾਸਾ ਪੈ ਗਿਆ।

ਸ਼ੇਰ ਸਿੰਘ ਵੇਈਂ ਪੋਈਂ ਬੋਲ ਪਿਆ 'ਮੇਰਾ ਨਾਂ ਮੇਰੇ ਮਾਪਿਆਂ ਸ਼ੇਰ ਸਿਹੁੰ ਰੱਖਿਐ। ਮੈਂ ਕੋਈ ਸ਼ੇਰਾਂ ਵਾਲਾ ਕੰਮ ਕਰੂੰ ਤਾਂ ਹੀ ਗੱਲ ਬਣੂੰ। ਨਹੀਂ ਤਾਂ ਕਈ ਸ਼ੇਰ ਸਿਹੁੰ, ਸ਼ਮਸ਼ੇਰ ਸਿਹੁੰ ਤੁਰੇ ਫਿਰਦੇ ਐ। ਖੋਤਿਆਂ ਵਾਂਗੂੰ ਹੀਂਗਦੇ ਤੇ ਕੁੱਤਿਆਂ ਵਾਂਗੂੰ ਭੌਂਕਦੇ ਫਿਰਦੇ ਐ।' ਕੁਝ ਬੰਦੇ ਹੱਸ ਪਏ। ਫਿਰ ਇਕ ਦਮ ਗੰਭੀਰਤਾ ਛਾ ਗਈ।

ਜਵਾਲਾ ਸਿੰਘ ਨੇ ਦੋਵੇਂ ਹੱਥ ਖੜ੍ਹੇ ਕਰਕੇ ਗਦਰੀਆਂ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਕਿਹਾ 'ਕੱਲ ਮੈਂ ਬੜੀਆਂ ਗੱਲਾਂ ਕੀਤੀਐਂ ਤੇ ਅੱਜ ਵੀ ਕਰੀ ਜਾਂਦਾਂ। ਏਸੇ ਨੂੰ ਸ਼ਖਸ਼ੀ ਰਾਜ ਦੀ ਇਕ ਸ਼ਾਖ ਕਹਿੰਦੇ ਐ। ਏਸੇ ਲਈ ਤੁਸੀਂ ਅੱਜ ਬੰਦੇ ਚੁਣੋ ਜਿਹੜੇ ਸਭ ਦੇ ਸੁਆਲਾਂ ਦਾ ਜੁਆਬ ਦੇਣ। ਭਾਊ ਕੇਸਰ ਸਿਹੁੰ ਮਿਰਕਣ ਤੋਂ ਆਇਐ। ਗਦਰ ਪਾਰਟੀ ਦਾ ਮੀਤ ਪਰਧਾਨ ਐ। ਵੱਡਾ ਪਰਧਾਨ ਸੋਹਣ ਸਿਹੁੰ ਭਕਨਾ ਐ। ਉਹ ਪਹਿਲੋਂ ਤੁਰ ਗਿਐ, ਭਾਊ ਸ਼ੇਰ ਸਿਹੁੰ ਕਨੇਡਾ ਤੋਂ ਆਇਐ। ਪੈਂਤੀ ਬੰਦੇ ਨਾਲ ਲਿਆਇਐ। ਤਿੰਨ ਬੰਦੇ ਹੋਰ ਲੈ ਲਓ। ਇਹ ਜ਼ਰੂਰੀ ਨਹੀਂ ਕਿ ਅੱਜ ਦੀ ਪੰਚੈਤ ਵਿਚ ਤੁਸੀਂ ਮਿਰਕਣ ਤੇ ਕਨੇਡਾ ਤੋਂ ਆਏ ਗਦਰੀ ਜ਼ਰੂਰ ਲਵੋ। ਮੈਂ ਤਾਂ ਇਹਨਾਂ ਦੀ ਜਾਣ ਪਛਾਣ ਹੀ ਕਰਾਈ ਐ।'

ਜਵਾਲਾ ਸਿੰਘ ਅੱਜੇ ਚੁੱਪ ਕੀਤਾ ਹੀ ਸੀ ਕਿ ਧਿਆਨ ਸਿੰਘ ਬੋਲ ਪਿਆ 'ਇਕ ਮਿਰਕਣ ਤੋਂ, ਇਕ ਕਨੇਡਾ ਤੋਂ, ਇਕ ਮਨੀਲੇ ਤੋਂ ਇਕ ਸ਼ੰਘਈ ਤੋਂ ਤੇ ਇਕ ਸਿੰਘਾਪੁਰ ਪਲਾਂਗ ਤੋਂ ਲੈ ਲੋ।'

'ਸਾਡੇ ਵੱਲੋਂ ਤਾਂ ਹਾਫਜ਼ ਜਾਂ ਅਲੀ ਲੈ ਲਵੋ।' ਚੰਦਾ ਸਿੰਘ ਵੜੈਚ ਨੇ ਆਪਣੀ ਰਾਏ ਦਿੱਤੀ।

ਰਹਿਮਤ ਅਲੀ ਬੋਲ ਪਿਆ 'ਹਾਫ਼ਜ਼ ਠੀਕ ਐ।'

ਕਰਮ ਸਿੰਘ ਨੇ ਕਿਹਾ 'ਚੰਘਈ ਵਾਲੇ ਤਾਂ ਚੁੱਘੇ ਵਾਲੇ ਜਹਾਜ਼ ਵਿਚ ਚਲੇ ਗਏ ਐ। ਨਾ ਮੈਂ ਪੰਚੈਤ ਵਿਚ ਬਹਿਣੈ ਤੇ ਨਾ ਹੀ ਧਰਮੇ ਨੇ। ਤੁਸੀਂ ਜਾਣੋ।'

'ਬੀਬੀ ਗੁਲਾਬੋ ਨੂੰ ਵੀ ਪਾਓ ਪੰਚੈਤ ਵਿਚ।' ਸੁਰਜਨ ਸਿੰਘ ਨੇ ਤਜਵੀਜ਼ ਦਿੱਤੀ।

'ਵੇ ਬਾਊ ਵੀਰਾ। ਮੈਂ ਤਾਂ ਆਪ ਸੁਆਲ ਪੁੱਛਣੇ ਐਂ। ਤੂੰ ਆਪ ਪੈ ਜਾਹ। ਦਸ ਪੜ੍ਹ ਕੇ ਆਇਐਂ।' ਗੁਲਾਬ ਕੌਰ ਦੀ ਗੱਲ ਸੁਣ ਕੇ ਸਭ ਸੁਰਜਨ ਸਿੰਘ ਵੱਲ ਵੇਖਣ ਲੱਗ ਪਏ।

ਪੰਡਤ ਜਗਤ ਰਾਮ ਨੇ ਕਿਹਾ 'ਭਾਊ ਸ਼ੇਰ ਸਿਹੁੰ, ਭਾਊ ਕੇਸਰ ਸਿਹੁੰ ਹਾਫਜ਼, ਬੀਬੀ ਤੇ ਬਾਊ ਪੰਜ ਹੋ ਗਏ।'

ਜਵਾਲਾ ਸਿੰਘ ਦੇ ਚਿਹਰੇ ਉੱਤੇ ਖੁਸ਼ੀ ਚਮਕ ਉੱਠੀ। ਉਸ ਨੇ ਖਿੜ ਕੇ ਕਿਹਾ 'ਗਦਰੀਓ। ਅੱਜ ਤੁਸੀਂ ਮੁੱਢ ਬੰਨ੍ਹ ਰਹੇ ਓ ਪੰਚੈਤੀ ਰਾਜ ਦਾ। ਪੰਚ ਵੀ ਸੁਆਲ ਪੁੱਛ ਸਕਦੈ। ਬੀਬੀ ਨੂੰ ਆਪਣਾ ਸੁਆਲ ਪੁੱਛ ਲੈਣ ਦਿਓ। ਕੱਲ ਦੀ ਪੁੱਛਣ-ਪੁੱਛਣ ਕਰਦੀ ਐ। ਜੁਆਬ ਮੈਂ ਨਹੀਂ ਦੇਣਾ। ਪੰਚਾਂ ਵਿਚੋਂ ਕੋਈ ਦਊ।' ਜਵਾਲਾ ਸਿੰਘ ਖਿਸਕ ਕੇ ਥੋੜਾ ਪਿੱਛੇ ਹੋ ਗਿਆ।

ਬੀਬੀ ਨੇ ਪੁੱਛਿਆ 'ਅਸੀਂ ਜਹਾਜ਼ ਵਿਚ ਲੰਗਰ ਕੱਠਾ ਕਰ ਲੈਂਦੇ ਆਂ। ਪਲਾਂਗ ਗੁਰਦੁਆਰੇ ਵਿਚ ਨਵਾਬ ਨੇ ਰੋਟੀਆਂ ਕਿਉਂ ਨਹੀਂ ਵਰਤਾਈਆਂ ?'

ਕੇਸਰ ਸਿੰਘ ਠੱਠਗੜ੍ਹ ਨੇ ਜੁਆਬ ਦੇਣਾ ਸ਼ੁਰੂ ਕੀਤਾ 'ਬੀਬੀ। ਗਦਰੀਆਂ ਦੇ ਅਸੂਲ ਗੁਰਦੁਆਰਿਆਂ, ਮੰਦਰਾਂ ਤੇ ਮਸੀਤਾਂ ਵਿਚ ਨਹੀਂ ਚੱਲ ਸਕਦੇ। ਹਰ ਮਜ਼ਹਬ ਦੇ ਆਪੋ ਆਪਣੇ ਅਸੂਲ ਐ। ਅਸਾਂ ਮਜ਼ਹਬਾਂ ਦੇ ਅਸੂਲਾਂ ਵਿਚ ਦਖਲ ਨਹੀਂ ਦੇਣਾ। ਅਸਾਂ ਤਾਂ ਮਜ਼ਹਬੀ ਝਗੜੇ ਚੱਕਣੇ ਐਂ।'

ਈਸ਼ਰ ਬੋਲ ਪਿਆ 'ਭਾਊ ਠੱਠਗੜੀਆ ਮੈਨੂੰ ਮਜ਼ਹਬੀ ਸਮਝ ਕੇ ਪਲਾਂਗ ਵਾਲੇ ਪੰਗਤ ਵਿਚ ਨਹੀਂ ਸੀ ਬਹਿਣ ਦੇਂਦੇ। ਜਦੋਂ ਦੇ ਤੁਸੀਂ ਆਏ ਮੈਂ ਵੀ ਤੁਹਾਡੇ ਨਾਲ ਪੰਗਤ ਵਿਚ ਬਹਿ ਗਿਆਂ। ਉਸ ਦਿਨ ਕਿਸੇ ਦੀ ਮਜਾਲ ਨਹੀਂ ਪਈ ਬੋਲਣ ਦੀ। ਤਗੜੇ ਦਾ ਛਿਆਂ ਵੀਹਾਂ ਦਾ ਸੌ ਹੋਂਦੈ।'

'ਪੰਗਤ ਵਿਚ ਬਹਿ ਕੇ ਖਾ ਲੈਣਾ ਹੋਰ ਗੱਲ ਐ।

'ਬਾਬਾ ਤਾਰੂ ਸਿਹੁੰ ਹੋਰੀਂ ਦੱਸਦੇ ਸੀ ਕਿ ਜਦ ਅਕਬਰ ਬਾਦਸ਼ਾਹ ਕਿਸੇ ਗੁਰੂ ਜੀ ਨੂੰ ਮਿਲਣ ਆਇਆ ਸੀ ਤਾਂ ਉਹਨੇ ਵੀ ਸਭ ਨਿੱਕਿਆ ਵੱਡਿਆਂ ਨਾਲ ਬਹਿ ਕੇ ਲੰਗਰ ਖਾਧਾ ਸੀ ਪਰ ਅਕਬਰ ਨੂੰ ਵੀ ਉਹਨਾਂ ਵਰਤਾਉਣ ਨਹੀਂ ਦਿੱਤਾ ਹੋਣਾ।'

'ਬੀਬੀ ਭੈਣਾਂ। ਤੂੰ ਤਾਂ ਸਭ ਦੇ ਕੰਨ ਕੁਤਰਦੀ ਐਂ। ਓਦੋਂ ਤੂੰ ਭੁੱਖੀ ਰਹੀ ਸਾਰੀ ਰਾਤ। ਅੱਜ ਤੂੰ ਪੁੱਛਦੀ ਐ ਕਿ ਮੁਸਲਮਾਨਾਂ ਨੂੰ ਗੁਰਦੁਆਰੇ ਵਿਚ ਲੰਗਰ ਪਕਾਉਣ ਤੇ ਵਰਤਾਉਣ ਕਿਉਂ ਨਹੀਂ ਦੇਂਦੇ। ਕੱਲ ਪੁੱਛੇਂਗੀ ਕਿ ਮੰਦਰਾਂ ਵਿਚ ਨਮਾਜ਼ ਕਿਉਂ ਨਹੀਂ ਪੜ੍ਹਨ

ਦੇਂਦੇ। ਪਰਸੋਂ ਪੁੱਛੇਂਗੀ ਮਸਜਦ ਵਿਚ ਆਰਤੀ ਕਿਉਂ ਨਹੀਂ ਹੋ ਸਕਦੀ। ਤੂੰ ਤਾਂ ਬਹੁਤ ਤੇਜ ਤੁਰ ਪਈ ਐਂ।' ਕਹਿ ਕੇ ਹਾਫਜ਼ ਅਬਦੁਲਾ ਮੁਸਕਰਾਉਣ ਲੱਗ ਪਿਆ।

'ਬਾਈ ਹਾਫਜ਼ਾ ! ਤੇਰੀ ਗੱਲ ਮੇਰੇ ਮਨ ਲੱਗੀ ਐ। ਤੂੰ ਠੀਕ ਕਹਿੰਦੈਂ।' ਗੁਲਾਬ ਕੌਰ ਨੇ ਚੁੱਪ ਕਰਕੇ ਨੀਵੀਂ ਪਾ ਲਈ।

ਸ਼ੇਰ ਸਿੰਘ ਵੇਈਂ ਪੋਈਂ ਨੇ ਆਪਣੀ ਰਾਏ ਦਿੱਤੀ 'ਜੇ ਵੀਹ ਪੌੜੀਆਂ ਚੜ੍ਹਨੀਆਂ ਹੋਣ ਤਾਂ ਇਕ-ਇਕ ਕਰਕੇ ਚੜ੍ਹਨੀ ਜਾਂ ਉਤਰਨੀ ਚਾਹੀਦੀ ਐ। ਜੇ ਕੱਠੀਆਂ ਵੀਹ ਟੱਪਣ ਲਈ ਛਾਲ ਮਾਰ ਦਈਏ ਤਾਂ ਲੱਤਾਂ ਗੋਡੇ ਹੀ ਤੁੜੌਣੇ ਐ। ਸਾਡੀ ਪਹਿਲੀ ਪੌੜੀ ਐ ਕਿ ਸਭ ਨੂੰ ਬਿਨਾ ਕਿਸੇ ਭੇਦ ਭਾਵ ਤੇ ਜਾਤ ਪਾਤ ਦੇ ਇਕ ਲੜੀ ਵਿਚ ਪਰੋਇਆ ਜਾਏ। ਗਦਰ ਪਾਰਟੀ ਸਭ ਲਈ ਖੁਲ੍ਹੀ ਐ। ਸਾਡਾ ਸਭ ਤੋਂ ਵੱਡਾ ਟੀਚਾ ਇਹ ਐ ਕਿ ਫਰੰਗੀਆਂ ਨੂੰ ਕੱਢਿਆ ਜਾਏ ਤੇ ਪੰਚੈਤੀ ਰਾਜ ਕਾਇਮ ਕੀਤਾ ਜਾਏ, ਜਿਸ ਵਿਚ ਸਭ ਨੂੰ ਇਕੋ ਜਿਹੇ ਹੱਕ ਹਾਸਲ ਹੋਣ।'

ਸੁਰਜਨ ਸਿੰਘ ਨੇ ਆਪਣੀ ਰਾਇ ਦਿੱਤੀ 'ਜੇ ਸਭ ਮਜ਼ਹਬਾਂ ਵਾਲੇ ਇਕੱਠੇ ਹੋ ਜਾਣ ਤਾਂ ਹੀ ਗੱਲ ਤੁਰ ਸਕਦੀ ਐ। ਮਜ਼ਹਬਾਂ ਦੇ ਨਾਂ ਤੇ ਫਸਾਦ ਕਰੌਣ ਵਾਲੇ ਫਰੰਗੀਆਂ ਦੇ ਏਜੰਟ ਐ। ਅਸਲੀ ਪੁੱਛੋਂ ਤਾਂ ਮਜ਼ਹਬੀ ਝਗੜਿਆਂ ਦੀ ਤਹਿ ਵਿਚ ਵੀ ਰੋਟੀ ਦਾ ਸੁਆਲ ਕੰਮ ਕਰ ਰਿਹੈ। ਮਜ਼ਹਬੀ ਲੀਡਰ ਆਪਣੇ ਪੇਟ ਦੀ ਖਾਤਰ ਭੋਲੇ ਭਾਲੇ ਲੋਕਾਂ ਨੂੰ ਆਪਸ ਵਿਚ ਲੜਾ-ਲੜਾ ਕੇ ਮਾਰਦੇ ਐ। ਫਰੰਗੀ ਹਕੂਮਤ, ਵੱਢੀਆਂ ਦੇ ਕੇ ਮਜ਼ਹਬੀ ਦੰਗੇ ਕਰੌਂਦੀ ਐ। ਸਾਡਾ ਫਰਜ਼ ਐ ਕਿ ਅਜਿਹੇ ਮਜ਼ਹਬੀ ਜਨੂੰਨੀਆਂ ਨੂੰ ਵੀ...।'

'ਬਾਊ ਵੀਰਾ। ਆਪਾਂ ਪਹਿਲੋਂ ਫਰੰਗੀਆਂ ਨੂੰ ਕੱਢੀਏ। ਆਪਣੇ ਵਿਗੜੇ ਹੋਏ ਲੋਕਾਂ ਨੂੰ ਮਗਰੋਂ ਸਿੱਝ ਲਾਂਗੇ।' ਗੁਲਾਬ ਕੌਰ ਦੀ ਗੱਲ ਸੁਣ ਕੇ ਜਵਾਲਾ ਸਿੰਘ ਦੀਆਂ ਅੱਖਾਂ ਚਮਕ ਉੱਠੀਆਂ। ਈਸ਼ਰ ਨੇ ਕਿਹਾ 'ਮੈਂ ਇਕ ਗੱਲ ਕਰਨੀ ਐ।'

ਸ਼ੇਰ ਸਿੰਘ ਨੇ ਕਿਹਾ 'ਕਰ ਗੱਲ ਈਸ਼ਰ। ਖੁਲ੍ਹ ਕੇ ਗੱਲ ਕਰ।'

'ਭਾਊ। ਤੂੰ ਹੀ ਦੱਸ। ਕੰਮ ਸਾਰਾ ਅਸੀਂ ਕਰੀਏ। ਖਾਣ ਨੂੰ ਹੋਰ। ਅਸੀਂ ਕਾਮੇ ਉਹ ਚਿੱਚੜ। ਦੋ ਧੜੇ ਹੋਏ ਕਿ ਨਾ ਸਾਡੇ ? ਇਕ ਟੋਲਾ ਸਾਡਾ ਕਿਰਤੀਆਂ ਕਾਮਿਆਂ ਦਾ, ਦੂਜਾ ਵਿਹਲੜਾਂ ਦਾ। ਵਿਹਲੜ ਥੋੜ੍ਹੇ ਐ ਪਰ ਅਸੀਂ ਕਿਰਤੀ, ਲੱਖਾਂ ਦੀ ਗਿਣਤੀ ਵਿਚ ਇਹਨਾਂ ਚਿੱਚੜਾਂ ਦੇ ਥੱਲੇ ਲੱਗੇ ਹੋਏ ਆਂ। ਵਿਹਲੜਾਂ ਦਾ ਧੜਾ ਐ। ਫਰੰਗੀ ਵੀ ਉਹਨਾਂ ਦੀ ਹੀ ਗੱਲ ਮੰਨਦੇ ਐ। ਪਹਿਲੋਂ ਤਾਂ ਵਿਹਲੜਾਂ, ਸਰਦਾਰਾਂ, ਜਗੀਰਦਾਰਾਂ ਨੂੰ ਵੱਢਣਾ ਪਊ।'

ਵਿਚੋਂ ਹੀ ਬੀਬੀ ਫੇਰ ਬੋਲ ਪਈ 'ਈਸ਼ਰ। ਤੂੰ ਫੇਰ ਬਾਊ ਵਾਲੀ ਗੱਲ ਹੀ ਤੋਰ ਲਈ।'

ਕੇਸਰ ਸਿੰਘ ਨੇ ਰਾਏ ਦਿੱਤੀ 'ਬੀਬੀ ਠੀਕ ਕਹਿੰਦੀ ਐ। ਪਹਿਲੋਂ ਫਰੰਗੀਆਂ ਨੂੰ ਕੱਢੋ। ਫੇਰ ਵਿਹਲੜਾਂ ਚਿੱਚੜਾਂ ਨਾਲ ਵੀ ਨਿੱਬੜ ਲਵਾਂਗੇ ?'

ਅਕਤੂਬਰ ਦਾ ਮਹੀਨਾ ਹੁੰਦਿਆਂ ਵੀ ਚੰਗੀ ਧੁੱਪ ਚੜ੍ਹ ਆਈ ਸੀ। ਸੂਰਜ ਦੀਆਂ ਕਿਰਨਾਂ ਗਦਰੀਆਂ ਦੀਆਂ ਪਿੱਠਾਂ ਉੱਤੇ ਪਰ ਪੰਚਾਂ ਦਿਆਂ ਚਿਹਰਿਆਂ ਉੱਤੇ ਪੈ ਰਹੀਆਂ ਸਨ। ਨਵਾਬ ਨੇ ਗੁੱਟ-ਘੜੀ ਉੱਤੋਂ ਵਕਤ ਵੇਖ ਕੇ ਦੱਸਿਆ 'ਬੜੇ ਭਾਊ। ਸਾਢੇ ਦਸ ਵੱਜ ਗਏ ਐ। ਆਟਾ ਗੁੰਨਿਆ ਪਿਐ। ਦਾਲ ਵੀ ਪਈ ਐ ਤਿਆਰ। ਰੋਟੀਆਂ ਲਾਹੁਣੀਐਂ ਅੱਜੇ।'

ਕਰਮ ਸਿੰਘ ਨੇ ਗੋਡਿਆ ਉੱਤੇ ਹੱਥ ਰੱਖਦਿਆਂ ਉਠਣਾ ਚਾਹਿਆ। ਧਰਮ ਸਿੰਘ ਨੇ ਉਸ ਨੂੰ ਬਾਹੋਂ ਫੜ ਕੇ ਬਿਠਾ ਲਿਆ। ਸ਼ੇਰ ਸਿੰਘ ਨੇ ਕਿਹਾ 'ਗੱਲਾਂ ਤਾਂ ਸਾਡੀਆਂ ਮੁੱਕਣੀਆਂ ਹੀ ਨਹੀਂ। ਫੇਰ ਕਰਾਂਗੇ ਸ਼ਾਮੀਂ। ਚੱਲੋ ਪਹਿਲੋਂ ਪੇਟ ਪੂਜਾ ਕਰੀਏ।'

ਕਰਮ ਸਿੰਘ ਨੇ ਉਠਦਿਆਂ ਕਿਹਾ 'ਬੜੇ ਭਾਊ। ਭਲਾ ਹੋਵੇ ਤੇਰਾ। ਮੇਰੇ ਢਿੱਡ ਵਿਚ ਤਾਂ ਚੂਹੇ ਨੱਚਣ...।' ਧਰਮ ਸਿੰਘ ਨੇ ਕਰਮ ਸਿੰਘ ਦੇ ਮੂੰਹ ਉੱਤੇ ਹੱਥ ਦੇ ਕੇ ਉਸ ਦੀ ਗੱਲ ਪੂਰੀ ਨਾ ਹੋਣ ਦਿੱਤੀ।

## 12

ਦਿਨ ਚੜ੍ਹਦੇ ਹੀ ਜਹਾਜ਼ ਰੰਗੂਨ ਦੀ ਬੰਦਰਗਾਹ ਉੱਤੇ ਜਾ ਲੱਗਾ। ਰਾਤ ਚਿਰਕੇ ਸੌਣ ਕਰਕੇ ਕਈ ਗਦਰੀ ਅੱਜੇ ਸੁੱਤੇ ਹੋਏ ਸਨ। 'ਰੰਗੂਨ ਸ਼ਹਿਰ ਆ ਗਿਆ, 'ਰੰਗੂਨ ਆ ਗਿਆ' ਦਾ ਰੌਲਾ ਸੁਣ ਕੇ ਉਹ ਵੀ ਉੱਠ ਖਲੋਤੇ। ਸਭ ਲੋਕ ਸ਼ਹਿਰ ਵੇਖਣ ਦੀਆਂ ਤਿਆਰੀਆਂ ਕਰਨ ਲੱਗ ਪਏ। ਜਦ ਇਹ ਪਤਾ ਲੱਗਾ ਕਿ ਦਸ ਵਜੇ ਤੋਂ ਪਹਿਲੋਂ ਕੋਈ ਮੁਸਾਫਰ ਜਹਾਜ਼ੋਂ ਨਹੀਂ ਉੱਤਰ ਸਕੇਗਾ ਤਾਂ ਸਭ ਢਿੱਲੇ ਪੈ ਗਏ। ਕਰਮ ਸਿੰਘ ਤੇ ਧਰਮ ਸਿੰਘ, ਈਸ਼ਰ ਨੂੰ ਨਾਲ ਲੈ ਕੇ ਚਾਹ ਬਣਾਉਣ ਲਈ ਤੁਰ ਪਏ। ਕਰਮ ਸਿੰਘ ਨੇ ਚਾਹ

ਦਾ ਪਾਣੀ ਧਰਦਿਆਂ ਕਿਹਾ 'ਧਰਮਿਆ। ਰੰਡੀ ਚਾਹ ਪੀਂਦਿਆਂ-ਪੀਂਦਿਆਂ ਮਨ ਅੱਕ ਗਿਐ। ਮੈਂ ਸ਼ਹਿਰ ਜਾ ਕੇ ਕੁਝ ਬਿਸਕੁਟਾਂ ਤੇ ਹੋਰ ਨਿਕ ਸੁਕ ਲੈ ਕੇ ਆਵਾਂ ਚਾਹ ਨਾਲ ਖਾਵਾਂਗੇ ਪਰ ਸਹੁਰੇ ਕਪਤਾਨ ਨੇ ਉਲਟਾ ਹੁਕਮ ਚਾੜ੍ਹ ਦਿੱਤੈ।'

'ਕਰਮਿਆਂ। ਇਉਂ ਕਰੀਏ। ਹੁਣ ਪੀ ਲੈ ਜਿਹੜੀ ਮਿਲਦੀ ਐ। ਬਾਕੀ ਸ਼ਹਿਰ ਜਾ ਕੇ ਦੂਹਰੀ ਵਾਰੀ ਪੀ ਲਾਂਗੇ। ਬਿਸਕੁਟਾਂ ਨਾ ਮਿਲੀਆਂ ਤਾਂ ਰਸ ਮਿਲ ਜਾਣਗੇ ਤੇ ਜੇ ਰਸ ਵੀ ਨਾ ਮਿਲੇ ਤਾਂ ਡਬਲ ਰੋਟੀ ਤਾਂ ਕਿਤੇ ਗਈ ਹੀ ਨਹੀਂ।'

'ਮੈਂ ਤਾਂ ਕੇਕ ਲੱਭ ਕੇ ਖਾਊਂ।' ਈਸ਼ਰ ਦੀ ਗੱਲ ਸੁਣ ਕੇ ਕਰਮ ਸਿੰਘ ਬੁੜ੍ਹਕ ਪਿਆ 'ਈਸ਼ਰ। ਤੂੰ ਸਾਡਾ ਅਸਲੀ ਆੜੀ ਐਂ। ਪਤਾ ਨਹੀਂ ਕਿੱਥੇ ਰਿਹੈਂ। ਪਹਿਲੋਂ ਕਿਉਂ ਨਹੀਂ ਆ ਮਿਲਿਆ ਸਾਡੇ ਨਾਲ। ਹੁਣ ਸਾਡੀ ਤਿਕੜੀ ਹੋ ਗਈ। ਕੇਕ ਖਾਵਾਂਗੇ ਕੇਕ। ਉਹ ਜਿਹੜੇ ਖੋਪੇ ਤੇ ਸੌਗੀ ਵਾਲੇ ਹੋਂਦੇ ਐ।'

'ਮੇਰੇ ਮੂੰਹ ਵਿਚ ਤਾਂ ਪਾਣੀ ਭਰ ਆਇਐ।'

'ਓਏ ਈਸ਼ਰ। ਬਹੁਤਾ ਮੂੰਹ ਨਾ ਖੋਲ੍ਹੀਂ ਕਿਤੇ ਮੱਖੀਆਂ ਨਾ ਆ ਵੜਨ।' ਕਹਿ ਕੇ ਕਰਮ ਸਿੰਘ ਹੱਸਣ ਲੱਗ ਪਿਆ। ਈਸ਼ਰ ਨੇ ਉਸ ਨੂੰ ਕੂਹਣੀ ਮਾਰ ਕੇ ਪਿੱਛੇ ਧੱਕ ਦਿੱਤਾ। ਕਰਮ ਸਿੰਘ ਨੇ ਈਸ਼ਰ ਵੱਲ ਕੈਰੀ ਨਜ਼ਰ ਨਾਲ ਵੇਖਿਆ। ਧਰਮ ਸਿੰਘ ਨੇ ਵਿਚ ਪੈ ਕੇ ਕਿਹਾ 'ਓਏ ਕਰਮਿਆਂ। ਤਿਕੜੀ ਦੇ ਕੁਝ ਲਗਦਿਆ, ਤੂੰ ਹੁਣ ਈਸ਼ਰ ਨਾਲ ਠੱਠੇ ਕਰਨ ਲੱਗ ਪਿਆਂ।'

'ਧਰਮਿਆਂ। ਕਰ ਲੈਣ ਦੇ ਕਰਮੇ ਨੂੰ ਝੇਡਾਂ। ਮੈਂ ਕਿਹੜਾ ਘੱਟ ਆਂ। ਇਹਦਾ ਮੂੰਹ ਬੰਦ ਕਰ ਦਊਂ, ਕੰਨਾਂ ਨੂੰ ਹੱਥ ਲਾਊ ਤਾਂ ਛੱਡੂੰ।'

'ਵੇ ਤੁਸੀਂ ਤਿੰਨੇ ਅਮਲੀ ਤਾਂ ਨਹੀਂ। ਅਜੇ ਤਕ ਚਾਹ...।' ਪਿੱਛੇ ਖਲੋਤੀ ਗੁਲਾਬ ਕੌਰ ਦੀ ਗੱਲ ਸੁਣ ਕੇ ਕਰਮ ਸਿੰਘ ਦੇ ਮੂੰਹੋਂ ਨਿਕਲ ਗਿਆ 'ਛੜਿਆਂ ਦੀ ਅੱਗ ਨਾ...।' ਤੇ ਝੱਟ ਹੀ ਉਸਨੇ ਮੂੰਹ ਅੱਗੇ ਹੱਥ ਦੇ ਲਿਆ। ਗੁਲਾਬ ਕੌਰ ਨੇ ਇਉਂ ਜਤਲਾਇਆ ਜਿਉਂ ਉਸ ਨੇ ਕਰਮ ਸਿੰਘ ਦੀ ਗੱਲ ਸੁਣੀ ਹੀ ਨਾ ਹੋਵੇ। ਉਹ ਪਿੱਛੇ ਮੁੜ ਪਈ।

ਅੱਜੇ ਮਸਾਂ ਨੌ ਹੀ ਵੱਜੇ ਸਨ ਕਿ ਮੁਸਾਫਰ ਜਹਾਜ਼ ਉੱਤੋਂ ਉਤਰਨ ਲੱਗ ਪਏ। ਕਰਮ ਸਿੰਘ ਨੇ ਫੂਕਾਂ ਮਾਰ-ਮਾਰ ਕੇ ਅੱਗ ਬਾਲੀ ਸੀ। ਉਸ ਨੇ ਪਾਣੀ ਪਾ ਕੇ ਅੱਗ ਬੁਝਾ ਦਿੱਤੀ। ਤਿੰਨੇ ਨਵੀਆਂ ਲੱਕ ਬੱਧੀਆਂ ਲੱਠੇ ਦੀਆਂ ਚਾਦਰਾਂ ਖੜਕਾਂਦੇ ਉਤਰਨ ਵਾਲੇ ਮੁਸਾਫਰਾਂ ਦੀ ਕਤਾਰ ਵਿਚ ਜਾ ਖਲੋਤੇ। ਜੀਵਨ ਸਿੰਘ ਦੌਲੇ ਸਿੰਘ ਵਾਲੀਆ ਉੱਚੀ-ਉੱਚੀ ਬੋਲ ਕੇ ਕਹਿ ਰਿਹਾ ਸੀ 'ਸੂਰਜ ਡੁੱਬਣ ਤੋਂ ਪਹਿਲੋਂ ਸਭ ਮੁੜ ਆਇਓ। ਸਭ ਖਾ ਪੀ ਕੇ ਆਇਓ। ਰਾਤ ਲੰਗਰ ਦੀ ਛੁੱਟੀ ਰਹੂ। ਸਵੇਰੇ ਲੰਗਰ ਜ਼ਰੂਰ ਲੱਗੂਗਾ।'

ਸੂਰਜ ਡੁੱਬਦਿਆਂ ਹੀ ਮੁਸਾਫਰ ਵਾਪਸ ਆਉਣੇ ਸ਼ੁਰੂ ਹੋ ਗਏ। ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ ਡੈੱਕ ਉੱਤੇ ਬੈਠੇ ਆਪੋ ਆਪਣੀਆਂ ਗੱਲਾਂ ਕਰਨ ਲੱਗ ਪਏ। ਡੁੱਬ ਚੁੱਕੇ ਸੂਰਜ ਦੀ ਲਾਲੀ ਅੱਜੇ ਵੀ ਪੱਛਮ ਵਿਚ ਮੌਜੂਦ ਸੀ। ਜਹਾਜ਼ ਦੀ ਇਕ ਵੀ ਬੱਤੀ ਨਹੀਂ ਸੀ ਜਗਾਈ ਗਈ। ਡੁਬਦੀ ਲਾਲੀ ਵਿਚ ਲੋਕਾਂ ਦੇ ਝੌਲੇ ਪੈ ਰਹੇ ਸਨ ਪਰ ਕਿਸੇ ਦੀ ਪਛਾਣ ਨਹੀਂ ਸੀ ਹੋ ਸਕਦੀ, ਦੂਰ ਖਲੋਤਿਆਂ ਗੁਲਾਬ ਕੌਰ ਜਹਾਜ਼ ਦੀ ਬਾਹੀ ਨਾਲ ਢੋਅ ਲਾ ਕੇ ਖਲੋਤੀ ਸੋਚਾਂ ਵਿਚ ਪਈ ਜਾਪਦੀ ਸੀ। ਉਹ ਦੂਰ ਖਲੋਤੀ ਅਮਰ ਸਿੰਘ ਜਾਂ ਜੀਵਨ ਸਿੰਘ ਨੂੰ ਉਡੀਕ ਰਹੀ ਸੀ।

ਅਚਾਨਕ ਹੀ ਜਹਾਜ਼ ਦੇ ਡੈੱਕ ਉਤਲੀ ਇਕ ਵੱਡੀ ਬੱਤੀ ਜਗ ਪਈ। ਮੁਸਾਫਰ ਆਪਣੇ ਵਿਛੌਣੇ ਸਿੱਧੇ ਕਰਨ ਲੱਗ ਪਏ। ਜੀਵਨ ਸਿੰਘ ਦੀ ਉੱਚੀ ਆਵਾਜ਼ ਉੱਠੀ 'ਜਿਹੜੇ ਬੰਦੇ ਅੱਜੇ ਵੀ ਬਾਹਰ ਖੜੋਤੇ ਓ ਝੱਟ ਪੱਟ ਜਹਾਜ਼ ਵਿਚ ਚੜ੍ਹ ਆਓ। ਥੋੜ੍ਹੀ ਦੇਰ ਨੂੰ ਜਹਾਜ਼ ਦੇ ਫੱਟੇ ਚੁੱਕ ਦਿੱਤੇ ਜਾਣਗੇ ਤੇ ਮਗਰੋਂ ਕੋਈ ਨਹੀਂ ਚੜ੍ਹ ਸਕੂਗਾ।'

ਉਸ ਦੀ ਗੱਲ ਸੁਣ ਕੇ ਬਾਹਰ ਖਲੋਤੇ ਮੁਸਾਫਰ ਝੱਟ ਪੱਟ ਜਹਾਜ਼ ਉੱਤੇ ਚੜ੍ਹਨ ਲੱਗ ਪਏ।

ਸਭ ਤੋਂ ਪਿੱਛੋਂ ਕਰਮ ਸਿੰਘ, ਧਰਮ ਸਿੰਘ ਤੇ ਈਸ਼ਰ ਜਹਾਜ਼ ਉੱਤੇ ਚੜ੍ਹੇ। ਕਰਮ ਸਿੰਘ ਨੇ ਦੋਵੇਂ ਹੱਥ ਲੱਕ ਉੱਤੇ ਰੱਖਦਿਆਂ ਸਿੱਧਾ ਹੋ ਕੇ ਖਲੋਂਦਿਆਂ ਕਿਹਾ 'ਧਰਮਿਆ। ਅੱਜ ਤਾਂ ਈਸ਼ਰ ਨੇ ਭਜਾ-ਭਜਾ ਕੇ ਖੁੱਚਾਂ ਕੱਢ ਦਿੱਤੀਆਂ।'

'ਕਰਮਿਆ। ਸਾਡੇ ਧੌਲੇ ਆਏ ਵਏ ਐ, ਤੇ ਤੂੰ ਗੱਭਰੂ ਈਸ਼ਰ ਨਾਲ ਬਿੱਦਾਂ ਬਿੱਦਣ ਲੱਗ ਪਿਐਂ।'

'ਧਰਮਿਆ, ਕਹੋ ਕਰਮੇ ਨੂੰ, ਲਾਏ ਕੰਨਾਂ ਨੂੰ ਹੱਥ। ਤੜਕੇ ਹੀ ਝੇਡਾਂ ਕਰਨ ਬਹਿ ਗਿਆ ਸੀ।'

ਉਹ ਤਿੰਨੇ ਆਪਸ ਵਿਚ ਖਹਿਬੜਦੇ ਆਪਣੀਆਂ ਦਰੀਆਂ ਉੱਤੇ ਜਾ ਬੈਠੇ। ਅਜੇ ਉਹਨਾਂ ਸਾਹ ਵੀ ਨਹੀਂ ਸੀ ਲਿਆ ਕਿ ਜੀਵਨ ਸਿੰਘ ਨੇ ਹੋਕਾ ਦਿੱਤਾ 'ਅੱਠ ਵਜੇ ਐ। ਘੜੀਆਂ ਦੇ ਟੈਮ ਠੀਕ ਕਰ ਲੋ। ਪੂਰੇ ਨੌਂ ਵਜੇ ਸਕੂਲ ਲੱਗੂ, ਬੱਸ ਇਕ ਘੰਟੇ ਲਈ। ਦਸ ਵਜੇ ਬੱਤੀਆਂ ਬੁਝ ਜਾਣੀਐਂ।'

'ਧਰਮਿਆਂ। ਮੈਂ ਜ਼ਰਾ ਲੱਕ ਸਿੱਧਾ ਕਰ ਲਵਾਂ। ਅੱਜੇ ਘੰਟਾ ਪਿਐ।' ਕਰਮ ਸਿੰਘ ਤੇ ਧਰਮ ਸਿੰਘ ਇਕ ਦੂਜੇ ਵੱਲ ਪਿੱਠ ਕਰ ਕੇ ਲੇਟੇ ਹੋਏ ਸਨ। ਈਸ਼ਰ ਉੱਠ ਕੇ ਟਹਿਲਦਾ-ਟਹਿਲਦਾ ਗੁਲਾਬ ਕੌਰ ਪਾਸ ਜਾ ਪਹੁੰਚਾ। ਉਹ ਦਾ ਤਰਾਹ ਨਿਕਲ ਗਿਆ। ਈਸ਼ਰ ਨੇ ਕਿਹਾ 'ਬੀਬੀ। ਤੂੰ ਅੱਜ ਸਾਰਾ ਦਿਨ ਨਹੀਂ ਦਿੱਸੀ।'

'ਵੀਰਾ। ਅਸੀਂ ਵੀ ਸ਼ਹਿਰ ਫਿਰਦੇ ਰਹੇ।' ਵੀਰਾ ਸ਼ਬਦ ਸੁਣ ਕੇ ਈਸ਼ਰ ਤਣ ਕੇ ਖਲੋ ਗਿਆ। ਗੁਲਾਬ ਕੌਰ ਨੇ ਨੀਵੀਂ ਪਾਈ ਹੋਈ ਸੀ। ਈਸ਼ਰ ਨੇ ਉਸ ਦੇ ਚਿਹਰੇ ਉੱਤੇ ਨਜ਼ਰਾਂ ਗੱਡਦਿਆਂ ਕਿਹਾ 'ਬੀਬੀ ! ਤੂੰ ਆਪ ਧਿਆਨੀ ਸੋਚਾਂ ਵਿਚ ਡੁੱਬੀ ਸੀ। ਮੈਂ ਤੈਨੂੰ...।' ਉਸ ਦੀ ਗੱਲ ਵਿਚੋਂ ਹੀ ਟੋਕ ਕੇ ਗੁਲਾਬ ਕੌਰ ਨੇ ਕਿਹਾ 'ਨਹੀਂ ਈਸ਼ਰ ਮੇਰਾ ਧਿਆਨ ਪਿੰਡ ਪਹੁੰਚਿਆ ਹੋਇਆ ਸੀ।'

ਏਨੇ ਨੂੰ ਰਹਿਮਤ ਅਲੀ ਤੇ ਹਾਫ਼ਜ਼ ਅਬਦੁਲਾ ਉਨ੍ਹਾਂ ਪਾਸੋਂ ਲੰਘਦੇ-ਲੰਘਦੇ ਜਹਾਜ਼ ਦੀ ਬਾਹੀ ਨੂੰ ਹੱਥ ਪਾ ਕੇ ਖਲੋ ਗਏ। ਈਸ਼ਰ ਗੁਲਾਬ ਕੌਰ ਪਾਸੋਂ ਹਟ ਕੇ ਉਨ੍ਹਾਂ ਦੇ ਨੇੜੇ ਹੋ ਖਲੋਤਾ। ਅਚਾਨਕ ਦੋ ਭੁੱਲੇ ਭਟਕੇ ਸਮੁੰਦਰੀ ਪੰਛੀ ਉਨ੍ਹਾਂ ਦੇ ਸਿਰਾਂ ਉੱਤੇ ਲੰਘੇ। ਸਭ ਦਾ ਧਿਆਨ ਪੰਛੀਆਂ ਵੱਲ ਹੋ ਗਿਆ। ਗੁਲਾਬ ਕੌਰ ਨੇ ਲੰਘ ਗਏ ਪੰਛੀਆਂ ਵੱਲ ਤੱਕਦਿਆਂ ਉਭਾ ਸਾਹ ਲਿਆ। ਉਹ ਹੌਲੀ-ਹੌਲੀ ਤੁਰਦੀ ਨਿੱਕੇ-ਨਿੱਕੇ ਕਦਮ ਪੁੱਟਦੀ ਸਾਰਾ ਜਹਾਜ਼ ਲੰਘ ਕੇ ਜਹਾਜ਼ ਦੀ ਦੂਜੇ ਪਾਸੇ ਵਾਲੀ ਬਾਹੀ ਨੂੰ ਫੜ ਕੇ, ਬੰਦਰਗਾਹ ਉੱਤੇ ਕੰਮ ਕਰ ਰਹੇ ਮਜ਼ਦੂਰਾਂ ਵੱਲ ਵੇਖਣ ਲੱਗ ਪਈ। ਉਹ ਜਹਾਜ਼ ਵਿਚ ਸਬਜ਼ੀਆਂ ਆਲੂ ਤੇ ਗੰਢੇ ਆਦਿਕ ਚੀਜ਼ਾਂ ਲੱਦ ਰਹੇ ਸਨ।

ਗੁਲਾਬ ਕੌਰ ਸੋਚਦੀ-ਸੋਚਦੀ ਕਦੇ ਮਨੀਲੇ ਪਹੁੰਚ ਜਾਂਦੀ ਤੇ ਕਦੇ ਪਿੰਡ। ਮਨੀਲੇ ਤਾਂ ਉਸ ਨੇ ਮੁੜਨਾ ਹੀ ਨਹੀਂ ਸੀ। ਉਹ ਪਿੰਡ ਵੀ ਨਾ ਜਾਣ ਦਾ ਮਨ ਬਣਾ ਰਹੀ ਸੀ। ਉਸ ਨੇ ਜੀਵਨ ਸਿੰਘ ਨੂੰ ਲੱਭ ਕੇ ਉਸ ਨਾਲ ਗੱਲ ਕਰਨ ਦੀ ਸੋਚੀ। ਫਿਰ ਉਸ ਨੇ ਇਹ ਖਿਆਲ ਢਿੱਲਾ ਪਾ ਦਿੱਤਾ।

ਅੱਜੇ ਨੌਂ ਨਹੀਂ ਸਨ ਵੱਜੇ ਪਰ ਗਦਰੀ, ਸਕੂਲ ਵਾਲੀ ਥਾਂ ਉੱਤੇ ਬਹਿਣੇ ਸ਼ੁਰੂ ਹੋ ਗਏ। ਗੁਲਾਬ ਕੌਰ ਆਪਣੀਆਂ ਸੋਚਾਂ ਵਿਚ ਡੁੱਬੀ ਇਕ ਨੁੱਕਰ ਵਿਚ ਬੈਠੀ ਝੂਰ ਰਹੀ ਸੀ। ਉਸ ਨੂੰ ਆਪਣੇ ਇਰਾਦੇ ਤੇ ਅਮਲ ਉੱਤੇ ਕੋਈ ਪਛਤਾਵਾ ਨਹੀਂ ਸੀ ਪਰ ਆਉਣ ਵਾਲੇ ਸਮੇਂ ਦੀਆਂ ਅਣ-ਪਛਾਤੀਆਂ ਸ਼ਕਲਾਂ ਦਾ ਝੌਲਾ ਵੀ ਸਾਹਮਣੇ ਨਾ ਹੋਣ ਕਰਕੇ, ਚਿੰਤਤ ਸੀ। ਉਹ ਸੋਚ ਰਹੀ ਸੀ ਕਿ ਜੇ ਪਿੰਡ ਗਈ ਤਾਂ ਪੇਕੇ ਸਹੁਰੇ ਸੌ ਸੁਆਲ ਪੁੱਛਣਗੇ। ਪੁਲਸ ਵਾਲੇ ਪੇਕਿਆਂ ਤੇ ਸਹੁਰਿਆਂ ਨੂੰ ਤੰਗ ਕਰਨਗੇ। ਜੇ ਜੀਵਨ ਸਿੰਘ ਨਾਲ ਗੱਲ ਕਰੇ ਤਾਂ ਕਿਸ ਤਰ੍ਹਾਂ ਕਰੇ। ਉਹ ਉਨ੍ਹਾਂ ਦੇ ਗੁਆਂਢੀ ਪਿੰਡ ਦਾ ਸੀ। ਉਨ੍ਹਾਂ ਦੇ ਨਾਲ ਹੀ ਮਨੀਲੇ ਗਿਆ ਸੀ। ਸਾਰੇ ਮੁਸਾਫਰਾਂ ਵਿਚੋਂ ਸਭ ਤੋਂ ਪੁਰਾਣਾ ਜਾਣੂੰ ਉਹੋ ਸੀ। ਉਸ ਦੀ ਮਾਂ ਦਾ ਬੁੱਤ ਆ ਖਲੋਤਾ। ਉਸ ਦਾ ਮਨ ਕੀਤਾ ਕਿ ਉਹ ਮਾਂ ਦੀ ਜੱਫੀ ਵਿਚ ਬੱਝ ਕੇ ਰੱਜ ਕੇ ਰੋਵੇ ਪਰ ਝੱਟ ਹੀ ਉਸ ਦਾ ਸੁਪਨਾ ਟੁੱਟ ਗਿਆ ਜਦ ਜੀਵਨ ਸਿੰਘ ਨੇ ਹੋਕਾ ਦੇ ਦਿੱਤਾ 'ਨੌਂ ਵੱਜ ਗਏ ਗਦਰੀਓ।'

ਝੱਟ ਕੁ ਰੁਕ ਕੇ ਜੀਵਨ ਸਿੰਘ ਨੇ ਕਿਹਾ 'ਕਈ ਤਾਂ ਥੱਕੇ ਟੁੱਟੇ ਪਏ ਐ।'

ਨਵਾਬ ਖਾਨ, ਕੇਸਰ ਸਿੰਘ ਠਠਗੜ੍ਹ ਦੇ ਗੋਡੇ ਨਾਲ ਗੋਡਾ ਜੋੜ ਕੇ ਹੌਲੀ-ਹੌਲੀ ਉਸ ਨੂੰ ਕੁਝ ਦੱਸ ਰਿਹਾ ਸੀ। ਉਹ ਅੱਗੋਂ ਸਿਰ ਹਿਲਾ ਦੇਂਦਾ। ਨਵਾਬ ਨੇ ਗੱਲ ਮੁਕਾ ਕੇ ਏਧਰ ਓਧਰ ਵੇਖ ਕੇ ਕਿਹਾ 'ਹਰ ਵਾਰੀ ਪੰਚੈਤ ਚੁਣਨ ਦੀ ਲੋੜ ਨਹੀਂ। ਕਈ ਥੱਕੇ ਟੁੱਟੇ ਲੰਮੇ ਪੈ ਗਏ ਐ। ਜਿਸ ਦਾ ਜੀਅ ਚਾਹੇ, ਉਹ ਆਪਣੀ ਗੱਲ ਤੋਰ ਲਵੇ। ਜੇ ਕਹੋ ਤਾਂ ਮੈਂ ਆਪਣੀ ਰਪੋਟ ਦਿਆਂ।' ਕਿਸੇ ਪਾਸਿਓਂ ਕੋਈ ਅਵਾਜ਼ ਨਾ ਆਉਂਦੀ ਵੇਖ ਕੇ ਨਵਾਬ ਨੇ ਦੱਸਣਾ ਸ਼ੁਰੂ ਕੀਤਾ 'ਮੈਂ ਤੇ ਜਗਤ ਰਾਮ ਨੇ ਕੱਠੇ ਜਾਣਾ ਸੀ। ਬੀਬੀ ਕਹੇ ਮੈਂ ਵੀ ਥੋਡੇ ਨਾਲ ਜਾਣੈ। ਅਸੀਂ ਕੁੜਿੱਕੀ ਵਿਚ ਫਸ ਗਏ। ਨਾ ਹਾਂ ਕਰੀਏ ਨਾ ਨਾਂਹ। ਸਲਾਹ ਇਹ ਪੱਕੀ ਕਿ ਮੇਰਾ ਨਾਮ ਨਵਾਬ, ਜਗਤ ਰਾਮ ਦਾ ਨਾਮ, ਜੱਗਾ ਲੁਹਾਰ ਤੇ ਬੀਬੀ ਗੁਲਾਬੋ, ਗੁਲਾਬ ਬਾਨੋ।' ਨਵਾਬ ਦੀ ਅਖੀਰਲੀ ਗੱਲ ਸੁਣ ਕੇ ਈਸ਼ਰ ਦਾ ਹਾਸਾ ਨਿਕਲਣ ਲੱਗਾ, ਉਸ ਨੇ ਮੂੰਹ ਉੱਤੇ ਹੱਥ ਰੱਖ ਲਿਆ। ਉਸ ਨੇ ਵੇਖਿਆ ਕਰਮ ਸਿੰਘ ਤੇ ਧਰਮ ਸਿੰਘ ਨੇ ਵੀ ਆਪਣੇ ਮੂੰਹਾਂ ਅੱਗੇ ਹੱਥ ਦਿੱਤੇ ਹੋਏ ਸਨ। 'ਅਸਾਂ ਜਾਣਾ ਸੀ ਫੌਜਾਂ ਵਿਚ। ਬੀਬੀ ਨੂੰ ਲੈ ਕੇ ਕਿਧਰ ਜਾਂਦੇ।' ਉਸ ਨੇ ਗੁਲਾਬ ਕੌਰ ਵੱਲ ਵੇਖ ਕੇ ਕਿਹਾ 'ਬੀਬੀ, ਤੂੰ ਚੁੱਪ ਰਹੀਂ। ਜਦ ਤੇਰੀ ਵਾਰੀ ਆਊ ਤੂੰ ਆਪਣੀ ਗੱਲ ਕਰ ਲਈਂ।'

'ਜੀ, ਫੇਰ ਅਸੀਂ ਇਕ ਫੌਜੀ ਦੇ ਪਿੱਛੇ-ਪਿੱਛੇ ਤਿੰਨ ਮੀਲ ਨਿਕਲ ਗਏ। ਉਹ ਤਿੱਖਾ ਤੁਰਿਆ ਜਾਏ। ਅਸੀਂ ਉਹਦਾ ਖਹਿੜਾ ਛੱਡ ਕੇ ਨਾਰੀਅਲ ਪੀਣ ਬਹਿ ਗਏ। ਨਾਲੇ ਗਿਰੀ ਖਾਧੀ। ਓਥੇ ਹੀ ਇਕ ਚਿੱਟ ਕੱਪੜੀਆ ਫੌਜੀ ਮੁਸਲਮਾਨ ਆ ਨਿਕਲਿਆ। ਦੁਆ ਸਲਾਮ ਹੋਈ। ਬੀਬੀ ਨੇ ਦੁਪੱਟੇ ਨਾਲ ਸਾਰਾ ਮੂੰਹ ਢੱਕਿਆ ਹੋਇਆ ਸੀ। ਸਿਰਫ ਅੱਖਾਂ ਨੰਗੀਆਂ ਰੱਖੀਆਂ ਹੋਈਆਂ ਸਨ। ਉਹ ਸਾਡੇ ਵੱਲ ਇਉਂ ਵੇਖੇ ਜਿਉਂ ਅਸੀਂ ਕੋਈ ਓਪਰੇ ਹੋਂਦੇ ਆਂ। ਫੇਰ ਝੱਕਦਾ-ਝੱਕਦਾ ਗੱਲੀਂ ਪੈ ਗਿਆ। ਮੈਂ ਦੱਸਿਆ ਕਿ ਮੈਂ ਚੰਘਈ ਪੁਲਸ ਵਿਚ ਹਵਾਲਦਾਰ ਆਂ ਤੇ ਮੈਂ ਆਪਣੇ ਭਰਾ ਤੇ ਭੈਣ ਨਾਲ ਪੰਜਾਬ ਛੁੱਟੀ ਕੱਟਣ ਜਾ ਰਿਹਾ ਹਾਂ। ਮੈਂ ਪੁੱਛਿਆ ਕਿ ਕੋਈ ਵੇਖਣ ਵਾਲੀ ਥਾਂ ਦੱਸੋ। ਅਸਾਂ ਤਿੰਨ ਦਿਨ ਰਹਿ ਕੇ ਸ਼ਹਿਰ ਦੀ ਸੈਰ ਕਰਨੀ ਐ। ਸਾਡੀ ਤਿੰਨਾਂ ਦੀ ਗੱਲ ਸੁਣ ਕੇ ਉਹ ਖੁਲ੍ਹ ਕੇ ਦੱਸਣ ਲੱਗ ਪਿਆ ਕਿ ਉਨ੍ਹਾਂ ਨੂੰ ਰੰਗੂਨ ਆਇਆਂ ਅੱਜੇ ਕੁਝ ਮਹੀਨੇ ਹੋਏ ਐ। ਮਹੀਨੇ ਵਿਚ ਦੋ ਵਾਰੀ ਸ਼ਹਿਰ ਦਾ ਪਾਸ ਮਿਲਦੈ। ਪੰਜ ਵੱਜੇ ਲੈਨ ਵਿਚ ਹਾਜ਼ਰ ਹੋਣਾ ਪੈਂਦੈ। ਅੱਜੇ ਬਾਰਾਂ ਵੀ ਨਹੀਂ ਸੀ ਵੱਜੇ। ਉਹ ਰਿਕਸ਼ੇ ਵਾਲੇ ਚੀਨੇ ਦੀ ਉਡੀਕ ਵਿਚ ਸੀ। ਕਿੰਨ੍ਹੀ ਦੇਰ ਕੋਈ ਰਿਕਸ਼ਾ ਨਾ ਆਇਆ। ਉਹ ਕਹਿਣ ਲੱਗਾ ਵੇਖਣ ਨੂੰ ਤਾਂ ਏਥੇ ਬੜਾ ਕੁਝ ਐ ਪਰ ਫੌਜੀਆਂ ਨੂੰ ਕਈ ਥਾਂ ਜਾਣ ਦੀ ਮਨਾਹੀ ਐ। ਅਸਾਂ ਪੁੱਛਿਆ ਉਹ ਕਿਹੜੀ ਥਾਂ ਐ ਜਿੱਥੇ ਮਨਾਹੀ ਐ ਅਸੀਂ ਤਾਂ ਫੌਜੀ ਨਹੀਂ। ਅਸੀਂ ਅਜਿਹੀ ਕੋਈ ਥਾਂ ਵੇਖ ਆਵਾਂਗੇ। ਉਸ ਨੇ ਮੇਰੇ ਹੱਥ ਵਿਚ ਹੱਥ ਪਾਂਦਿਆਂ ਦੱਸਿਆ 'ਏਥੇ ਮੁਗਲੀਆ ਖਾਨਦਾਨ ਦੇ ਅਖੀਰਲੇ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦਾ ਮਜ਼ਾਰ ਐ। ਉੱਥੇ ਜਾਣ ਦੀ ਬਿਲਕੁਲ ਮੁਮਾਨਤ ਐ ਪਰ ਕਈ ਫੌਜੀ ਚੋਰੀ-ਚੋਰੀ ਮਜ਼ਾਰ ਵੇਖ ਆਏ ਐ।'

'ਮੁਗਲ ਬਾਦਸ਼ਾਹ ਦਾ ਮਜ਼ਾਰ ਰੰਗੂਨ ਵਿਚ ?' ਰਹਿਮਤ ਅਲੀ ਨੇ ਹੈਰਾਨੀ ਨਾਲ ਪੁੱਛਿਆ।

'ਹਾਂ। ਅਠਾਰਾਂ ਸੌ ਸਤਵੰਜਾ ਦੇ ਗਦਰ ਪਿੱਛੋਂ ਬਹਾਦਰ ਸ਼ਾਹ ਤੇ ਉਸ ਦੇ ਖਾਨਦਾਨ ਨੂੰ ਫਰੰਗੀਆਂ ਨੇ ਜਲਾਵਤਨ ਕਰਕੇ ਰੰਗੂਨ ਵਿਚ ਕੈਦ ਕਰ ਦਿੱਤਾ ਸੀ। ਉਹ ਫੁਰਕਤ ਤੇ ਗੁਰਬਤ ਦੀ ਹਾਲਤ ਵਿਚ ਦਮ ਤੋੜ ਗਿਆ। ਉਹਦੀ ਕਬਰ ਬਣੀ ਹੋਈ ਐ। ਅਸੀਂ ਦੂਰੋਂ-ਦੂਰੋਂ ਵੇਖ ਕੇ ਆਏ ਆਂ। ਇਕ ਫਰੰਗੀ ਅਫਸਰ ਦੀ ਕੋਠੀ ਦੀ ਇਕ ਨੁੱਕਰ ਵਿਚ ਐ ਉਹ ਕਬਰ। ਅਸਾਂ ਦੂਰੋਂ ਹੀ ਸਿਜਦਾ ਕੀਤਾ ਤੇ ਮੁੜ ਆਏ। ਫਰੰਗੀ ਦੇ ਦੋ ਕੁੱਤੇ ਭੌਂਕਣੋਂ ਨਾ ਹਟਣ।'

ਸਭ ਗਦਰੀਆਂ ਲਈ ਇਹ ਗੱਲ ਨਵੀਂ ਸੀ। ਹਿੰਦੂ ਸਿੱਖ, ਮੁਸਲਮਾਨ ਸਭ ਅਫਸੋਸੇ ਬੈਠੇ ਨਵਾਬ ਦੀ ਗੱਲ ਸੁਣ ਰਹੇ ਸਨ। ਉਹ ਗੁੱਸੇ ਵਿਚ ਭਰਿਆ ਪੀਤਾ ਬੋਲ ਰਿਹਾ ਸੀ 'ਮੇਰਾ ਦਿਲ ਕਰੇ ਕਿ ਡਾਂਗ ਲੈ ਕੇ ਜਾ ਵੜਾਂ ਤੇ ਕੁੱਤਿਆਂ ਦੇ ਨਾਲ ਫਰੰਗੀ ਦਾ ਵੀ ਸਿਰ ਫਿਹ ਦਿਆਂ ਪਰ ਬੇ ਵਸ ਸਾਂ। ਗੁਲਾਮ ਹਾਂ। ਮੈਂ ਗੁਲਾਮ ਹਾਂ ?' ਕਹਿ ਕੇ ਨਵਾਬ ਅੱਗੋਂ ਬੋਲ ਨਾ ਸਕਿਆ। ਗਮ ਦੀ ਚੁੱਪ ਛਾਈ ਹੋਈ ਸੀ। ਕਰਮ ਸਿੰਘ ਸਿਸਕੀਆਂ ਭਰ ਰਿਹਾ ਸੀ। ਧਰਮ ਸਿੰਘ ਉਸ ਦੀ ਪਿੱਠ ਉੱਤੇ ਹੱਥ ਫੇਰ ਰਿਹਾ ਸੀ। ਈਸ਼ਰ ਦੰਦ ਕਰੀਚ ਰਿਹਾ ਸੀ। ਨਵਾਬ ਨੇ ਉੱਠਦਿਆਂ ਕਿਹਾ 'ਹਾਫਜ਼ ਸਾਹਿਬ। ਮੇਰੀਆਂ ਲੱਤਾਂ ਕੰਬ ਰਹੀਐਂ। ਮੇਰੇ ਕੋਲੋਂ ਨਹੀਂ ਹੋਰ ਬੈਠਣ ਹੋਂਦਾ।' ਨਵਾਬ ਦੇ ਪਿੱਛੋਂ ਇਕ-ਇਕ ਦੋ-ਦੋ ਕਰਕੇ ਸਭ ਉੱਠੇ ਖਲੋਤੇ।

'ਹਾਂਗ ਕਾਂਗ ਵਿਚ ਇਕ ਗੁਰਦੁਆਰਾ ਆਮ ਸੰਗਤਾਂ ਦਾ ਐ ਤੇ ਦੂਜਾ ਪੁਲਸੀਆਂ ਦਾ, ਏਸੇ ਤਰ੍ਹਾਂ ਪਲਾਂਗ ਵਿਚ ਵੀ ਇਕ ਪੁਲਸੀਆਂ ਦਾ ਤੇ ਇਕ ਸੰਗਤ ਦਾ, ਪਰ ਰੰਗੂਨ ਵਿਚ ਇਕੋ ਗੁਰਦੁਆਰੈ ਤੇ ਉਹ ਵੀ ਪੁਲਸੀਆਂ ਦਾ। ਆਮ ਲੋਕ ਵੀ ਉੱਥੇ ਹੀ ਜਾਂਦੇ ਐ। ਦੀਵਾਨ ਦੁਪਹਿਰੋਂ ਬਾਦ ਦੋ ਵੱਜੇ ਲਗਦਾ ਐ ਤੇ ਚਾਰ ਵੱਜੇ ਭੋਗ ਪਾਂਦੇ ਐ। ਜਿੱਥੇ ਵੀ ਸਿੱਖਾਂ ਦੀ ਪੁਲਸ ਐ, ਉੱਥੇ ਫਰੰਗੀਆਂ ਨੇ ਸਿੱਖਾਂ ਨੂੰ ਗੁਰਦੁਆਰੇ ਬਣਾ ਕੇ ਦਿੱਤੇ ਹੋਏ ਐ। ਬੱਸ ਐਤਵਾਰ ਨੂੰ ਢੋਲਕੀਆਂ ਛੈਣੇ ਕੁੱਟਣ ਪਹੁੰਚ ਜਾਂਦੇ ਐ। ਆਮ ਭੋਲੇ-ਭਾਲੇ ਪੁਲਸੀਏ ਸਮਝਦੇ ਐ ਕਿ ਇਹ ਉਹਨਾਂ ਦਾ ਗੁਰੂ ਘਰ ਐ, ਪਰ ਅਸਲ ਵਿਚ ਇਹ ਸਰਕਾਰੀ ਅੱਡੇ ਐ। ਇਹ ਅੱਡੇ ਫਰੰਗੀਆਂ ਦੇ ਕਈ ਕੰਮ ਸਾਰਦੇ ਐ। ਪਹਿਲਾ ਇਹ ਕਿ ਸਿੱਖ ਸਮਝਣ ਕਿ ਫਰੰਗੀ ਉਨ੍ਹਾਂ ਦੇ ਧਰਮ ਦਾ ਬੜਾ ਸਤਕਾਰ ਕਰਦੇ ਐ। ਦੂਜਾ ਇਹ ਕਿ ਪੁਲਸੀਏ ਗੁਰਦੁਆਰੇ ਵਿਚ ਰੁੱਝੇ ਰਹਿੰਦੇ ਐ ਤੇ ਹੋਰ ਕੁਝ ਸੋਚਣ ਦੀ ਵਿਹਲ ਹੀ ਨਹੀਂ ਮਿਲਦੀ ਇਹਨਾਂ ਨੂੰ। ਤੀਜੀ ਗੱਲ ਇਹ ਕਿ ਪੁਲਸ ਅਫਸਰ ਹੀ ਗੁਰਦੁਆਰੇ ਦਾ ਹਾਕਮ ਹੋਂਦੈ। ਜੇ ਸਿੱਖ ਫੌਜੀ ਆ ਵੜਨ ਤਾਂ ਪੁਲਸੀਏ ਸਿੱਖ ਤੇ ਫੌਜੀ ਸਿੱਖ ਆਪਸ ਵਿਚ ਖਹਿਬੜਦੇ ਰਹਿੰਦੇ ਐ। ਗ੍ਰੰਥੀ ਵੀ ਪੁਲਸ ਦਾ ਹੋਂਦੈ। ਉਹ ਸਾਰੀ ਖਬਰ ਰਖਦੈ ਤੇ ਗੋਰੇ ਅਫਸਰਾਂ ਤਕ ਸਭ ਰਪੋਟਾਂ ਪਹੁੰਚਦੀਆਂ ਰਹਿੰਦੀਐਂ। ਇਹਨਾਂ ਗੁਰਦੁਆਰਿਆਂ ਦੇ ਗ੍ਰੰਥੀ ਚੁਣ ਕੇ ਰਖੇ ਜਾਂਦੇ ਐ, ਜੋ ਪੁਲਸ ਅਫਸਰਾਂ ਬਾਰੇ ਵੀ ਉੱਤੇ ਪੂਰੀਆਂ ਰਪੋਟਾਂ ਦੇਂਦੇ ਰਹਿਣ। ਗ੍ਰੰਥੀ ਵੀ ਸਮਝਦੈ ਕਿ ਗੋਰੇ ਅਫਸਰ ਉਸਦੀ ਬੜੀ ਕਦਰ ਕਰਦੇ ਐ। ਬੱਸ ਏਸ ਤਰ੍ਹਾਂ ਦਾ ਚੱਕਰ ਚਲਾਈ ਰਖਦੇ ਐ ਫਰੰਗੀ। ਸਾਰੇ ਸਿੱਖ ਅਫਸਰ ਤੇ ਗ੍ਰੰਥੀ ਇਕ ਦੂਜੇ ਤੋਂ ਡਰਦੇ ਰਹਿੰਦੇ ਐ। ਫਰੰਗੀ ਦਾ ਕੰਮ ਤੁਰਿਆ ਰਹਿੰਦੈ।'

ਜਵਾਲਾ ਸਿੰਘ ਠੱਠੀਆਂ ਗੱਲਾਂ ਕਰਦਾ ਜਾ ਰਿਹਾ ਸੀ। ਗੁਲਾਬ ਕੌਰ ਉਸ ਦੇ ਬਰਾਬਰ ਸੱਜੇ ਪਾਸੇ ਤੁਰਦੀ ਸੁਣਦੀ ਜਾ ਰਹੀ ਸੀ। ਕੇਸਰ ਸਿੰਘ, ਅਮਰ ਸਿੰਘ ਤੇ ਸ਼ੇਰ ਸਿੰਘ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰਦੇ ਗੁਰਦੁਆਰੇ ਦੇ ਬੂਹੇ ਅੱਗੇ ਜਾ ਖਲੋਤੇ।

ਅੰਦਰੋਂ ਸ਼ਬਦ ਪੜ੍ਹਨ ਦੀ ਆਵਾਜ਼ ਆ ਰਹੀ ਸੀ। ਗੁਲਾਬ ਕੌਰ ਨੇ ਮੱਥਾ ਟੇਕ ਏਧਰ ਉਧਰ ਨਜ਼ਰ ਮਾਰੀ। ਕੋਈ ਇਕ ਵੀ ਬੀਬੀ ਉਸ ਨੂੰ ਨਜ਼ਰ ਨਾ ਆਈ। ਨਾ ਹੀ ਕੋਈ ਬੱਚਾ ਦਿੱਸਿਆ। ਉਹ ਪਿੱਛਲੇ ਪੈਰੀਂ ਮੁੜ ਕੇ ਇਕ ਨਵੇਕਲੀ ਥਾਂ ਜਾ ਬੈਠੀ। ਸੱਤਰ ਅੱਸੀ ਬੰਦੇ ਹਾਜ਼ਰ ਸਨ। ਇਕ ਹਾਰਮੋਨੀਅਮ ਵਜਾ ਰਿਹਾ ਸੀ, ਦੂਜਾ ਢੋਲਕ। ਉਨ੍ਹਾਂ ਦੇ ਪਿੱਛੇ ਇਕ ਬੰਦਾ ਚਿਮਟਾ ਤੇ ਦੂਜਾ ਛੈਣੇ ਵਜਾ ਰਿਹਾ ਸੀ। ਬੜੇ ਜ਼ੋਰ ਸ਼ੋਰ ਨਾਲ ਸ਼ਬਦ ਪੜ੍ਹੇ ਜਾ ਰਹੇ ਸਨ। ਕੁਝ ਦੇਰ ਮਗਰੋਂ ਜੋਟੀਆਂ ਦੇ ਸ਼ਬਦ ਸ਼ੁਰੂ ਹੋ ਗਏ।

ਗੁਲਾਬ ਕੌਰ ਦਾ ਮਨ ਉਬਲ ਰਿਹਾ ਸੀ ਕਿ ਕਦੋਂ ਕੀਰਤਨ ਦਾ ਭੋਗ ਪਵੇ ਤੇ ਕਦੋਂ ਉਹ ਗਦਰ ਗੂੰਜਾਂ ਪੜ੍ਹ ਕੇ ਸੰਗਤ ਨੂੰ ਸੁਣਾਵੇ। ਜਵਾਲਾ ਸਿੰਘ ਦੀਆਂ ਗੱਲਾਂ ਸੁਣਨ ਪਿੱਛੋਂ ਵੀ ਉਸਨੂੰ ਇਹ ਖਿਆਲ ਨਹੀਂ ਸੀ ਆਇਆ ਕਿ ਹਾਂਗ ਕਾਂਗ ਦਾ ਗੁਰਦੁਆਰਾ ਤਾਂ ਆਮ ਸੰਗਤਾਂ ਦਾ ਸੀ ਤੇ ਰੰਗੂਨ ਦਾ ਗੁਰਦੁਆਰਾ ਪੁਲਸ ਦਾ ਹੈ। ਇਸ ਲਈ ਗਦਰ ਗੂੰਜਾਂ ਪੜ੍ਹਨ ਦੀ ਗੱਲ ਸੋਚਣੀ ਹੀ ਨਹੀਂ ਚਾਹੀਦੀ।

ਜਦ ਵੀ ਇਕ ਸ਼ਬਦ ਦਾ ਭੋਗ ਪੈਂਦਾ ਤਾਂ ਉਹ ਕਾਹਲੀ ਪਈ ਹੋਈ ਕਦੇ ਚੌਂਕੜੀ ਮਾਰਦੀ ਤੇ ਕਦੇ ਖੋਹਲਦੀ ਤੇ ਫਿਰ ਜਦ ਕੋਈ ਹੋਰ ਸ਼ਬਦ ਸ਼ੁਰੂ ਹੋ ਜਾਂਦਾ ਤਾਂ ਫਿਰ ਚੌਂਕੜੀ ਮਾਰ ਲੈਂਦੀ। ਜਵਾਲਾ ਸਿੰਘ ਤਾੜ ਗਿਆ ਕਿ ਕਿਸੇ ਗੱਲੋਂ ਗੁਲਾਬ ਕੌਰ ਕਾਹਲੀ ਪਈ ਹੋਈ ਹੈ। ਉਹ ਤਿੰਨੇ ਉਸ ਤੋਂ ਕਾਫੀ ਦੂਰ ਬੈਠੇ ਹੋਏ ਸਨ। ਜਵਾਲਾ ਸਿੰਘ ਸੋਚਣ ਲੱਗਾ ਕਿ ਗੁਲਾਬ ਕੌਰ ਦਾ ਕਾਹਲੇ ਪੈ ਜਾਣਾ ਕੁਦਰਤੀ ਹੈ, ਕਿਉਂਕਿ ਇਕ ਵੀ ਹੋਰ ਔਰਤ ਨਾ ਜਹਾਜ਼ ਵਿਚ ਸੀ ਤੇ ਨਾ ਹੀ ਗੁਰਦੁਆਰੇ ਵਿਚ। ਇਸ ਲਈ ਉਸ ਨੇ ਗੁਲਾਬ ਕੌਰ ਦੇ ਕਾਹਲੇ ਪੈਣ ਵੱਲ ਖਾਸ ਧਿਆਨ ਨਾ ਦਿੱਤਾ।

ਅਰਦਾਸਾ ਹੋ ਗਿਆ। ਵਾਕ ਲਿਆ ਗਿਆ। ਪ੍ਰਸ਼ਾਦ ਵਰਤਣ ਲੱਗਾ ਤਾਂ ਗੁਲਾਬ ਕੌਰ ਹੱਥ ਜੋੜ ਕੇ ਖੜ੍ਹੀ ਹੋ ਗਈ। ਸਭ ਦੀ ਨਜ਼ਰ ਗੁਲਾਬ ਕੌਰ ਵੱਲ ਚਲੀ ਗਈ। ਪ੍ਰਸ਼ਾਦ ਵਰਤਾਉਣ ਵਾਲੇ ਇਕ ਸਿੰਘ ਨੂੰ, ਗ੍ਰੰਥੀ ਨੇ ਇਸ਼ਾਰਾ ਕਰਕੇ ਕਿਹਾ, 'ਬੀਬੀ ਜੀ ਨੂੰ ਪਹਿਲੋਂ ਪ੍ਰਸ਼ਾਦ ਦੇ ਦਿਓ।' ਉਸ ਨੇ ਪ੍ਰਸ਼ਾਦ ਲੈਂਦਿਆਂ, ਪ੍ਰਸ਼ਾਦ ਦੇਣ ਵਾਲੇ ਨਾਲ ਕੋਈ ਗੱਲ ਕੀਤੀ। ਉਹ ਉੱਚੀ ਸਾਰੀ ਬੋਲ ਪਿਆ 'ਬੀਬੀ ਜੀ। ਗ੍ਰੰਥੀ ਬਾਬੇ ਨਾਲ ਗੱਲ ਕਰੋ।'

ਜਵਾਲਾ ਸਿੰਘ ਝੱਟ ਪੱਟ ਉੱਠ ਕੇ ਗੁਲਾਬ ਕੌਰ ਪਾਸ ਜਾ ਪਹੁੰਚਾ। ਉਹ ਅੱਗੋਂ ਬੋਲੀ 'ਮੈਂ ਇਹਨਾਂ ਨੂੰ ਵੀ ਗਦਰ ਗੂੰਜਾਂ ਸੁਣਾਊਂ।' ਜਵਾਲਾ ਸਿੰਘ ਨੇ ਉਸ ਨੂੰ ਦਰਵਾਜ਼ਿਓਂ ਬਾਹਰ ਹੋ ਕੇ ਗੱਲ ਸੁਣਨ ਲਈ ਕਿਹਾ, 'ਬੀਬੀ ! ਇਹ ਪੁਲਸੀਆਂ ਦਾ ਗੁਰਦੁਆਰੈ।'

'ਫੇਰ ਕੀ ਹੋਇਆ। ਮੈਨੂੰ ਖਾ ਲੈਣਗੇ।'

'ਨਹੀਂ ਬੀਬੀ ਨਹੀਂ।'

'ਭਾਊ। ਫੇਰ ਤੇਰੀ ਮਰਜ਼ੀ। ਤੂੰ ਹੀ ਡਰਿਆ ਖਲੋਤੈਂ।'

ਜਵਾਲਾ ਸਿੰਘ ਦੇ ਚਿਹਰੇ ਉੱਤੇ ਲਾਲੀ ਫਿਰ ਗਈ। ਉਹ ਮੁੜ ਕੇ ਸੰਗਤ ਵਿਚ ਜਾ ਬੈਠਾ। ਕੇਸਰ ਸਿੰਘ ਇਕ ਨਵੇਂ ਬੰਦੇ ਨਾਲ ਹੱਥ ਮਿਲਾ ਕੇ ਗੱਲਾਂ ਕਰ ਰਿਹਾ ਸੀ, ਜਵਾਲਾ ਸਿੰਘ ਤੇ ਸ਼ੇਰ ਸਿੰਘ ਪ੍ਰਸ਼ਾਦ ਲੈ ਕੇ ਗੁਲਾਬ ਕੌਰ ਪਾਸ ਆ ਖਲੋਤੇ ਤੇ ਕੇਸਰ ਸਿੰਘ ਦੀ ਉਡੀਕ ਕਰਨ ਲੱਗੇ। ਕੇਸਰ ਸਿੰਘ ਨੇ ਆ ਕੇ ਉਨ੍ਹਾਂ ਨੂੰ ਦੱਸਿਆ ਕਿ ਉਸ ਨੂੰ ਇਕ ਪੇਂਡੂ ਮਿਲ ਗਿਆ ਸੀ ਤੇ ਗ੍ਰੰਥੀ ਬਾਬਾ ਤਾਂ ਉਸਦੇ ਆਪਣੇ ਪਿੰਡ ਠੱਠਗੜ੍ਹ ਦਾ ਹੈ। ਉਸ ਨੇ ਸੁਨੇਹਾ ਭੇਜਿਆ ਹੈ ਕਿ ਮਿਲ ਕੇ ਜਾਣਾ। ਇਸ ਲਈ ਤੁਸੀਂ ਅਟਕ ਜਾਉ। ਜਾਂ ਫੇਰ ਤੁਸੀਂ ਚੱਲੋ। ਮੈਂ ਆਪੇ ਆ ਜਾਊਂ।' ਕੇਸਰ ਸਿੰਘ ਨੇ ਜਵਾਲਾ ਸਿੰਘ ਨੂੰ ਅੱਖ ਦਾ ਇਸ਼ਾਰਾ ਕੀਤਾ।

ਜਵਾਲਾ ਸਿੰਘ ਸ਼ੇਰ ਸਿੰਘ ਅੱਗੇ-ਅੱਗੇ ਤੇ ਗੁਲਾਬ ਕੌਰ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰੀ ਜਾ ਰਹੇ ਸਨ। ਕੁਝ ਦੇਰ ਉਹ ਚੁੱਪ ਕੀਤੇ ਤੁਰੇ ਗਏ। ਇਕ ਚੀਨੇ ਦੀ ਚਾਹ ਵਾਲੀ ਦੁਕਾਨ ਉੱਤੇ ਉਨ੍ਹਾਂ ਕਈ ਬਰਮੇ ਬੈਠੇ ਵੇਖੇ। ਪਹਿਲੋਂ ਉਨ੍ਹਾਂ ਚਾਹ ਪੀਣ ਦੀ ਸਲਾਹ ਬਣਾਈ ਤੇ ਫਿਰ ਹਟਾ ਦਿੱਤੀ। ਉਸੇ ਦੁਕਾਨ ਦੇ ਸਾਹਮਣੇ ਰਿਕਸ਼ਿਆਂ ਵਾਲੇ ਕਈ ਚੀਨੇ ਖੜ੍ਹੇ ਸਨ। ਜਵਾਲਾ ਸਿੰਘ ਨੇ ਪੁੱਛਿਆ 'ਬੀਬੀ ਜੇ ਥੱਕ ਗਈ ਹੋਵੇਂ ਤਾਂ ਰਿਕਸ਼ੇ ਕਰ ਲਈਏ।' ਗੁਲਾਬ ਕੌਰ ਵੱਲੋਂ ਕੋਈ ਜੁਆਬ ਨਾ ਮਿਲਦਾ ਵੇਖ ਕੇ ਉਸ ਨੇ ਪਿੱਛੇ ਮੁੜ ਕੇ ਤੱਕਿਆ।

ਉਹ ਉਨ੍ਹਾਂ ਤੋਂ ਕਾਫੀ ਪਿੱਛੇ-ਪਿੱਛੇ ਤੁਰੀ ਆ ਰਹੀ ਸੀ। ਉਸ ਤਕ ਜੁਆਲਾ ਸਿੰਘ ਦੀ ਗੱਲ ਪਹੁੰਚੀ ਹੀ ਨਹੀਂ ਸੀ। ਉਸ ਨੇ ਕਿਹਾ 'ਸ਼ੇਰ ਸਿਹਾਂ, ਬੀਬੀ ਅੰਞਾਣ ਪੁਣੇ ਵਿਚ ਛੇਟ ਤੱਤੀ ਹੋ ਜਾਂਦੀ ਐ।'

'ਭਾਊ। ਤੂੰ ਉਹਨੂੰ ਅੰਞਾਣ ਕਹਿ ਲੈ, ਅਲ੍ਹੜ ਕਹਿ ਲੈ ਪਰ ਹੈ ਬੜੀ ਦਲੇਰ। ਇਕ ਕਦਮ ਪਿੱਛੇ ਨਾ ਹਟੂ। ਜਿੱਥੇ ਮਰਜ਼ੀ ਖੜ੍ਹੀ ਕਰ ਦੇਹ।'

'ਸ਼ੇਰ ਸਿਹਾਂ, ਤੇਰੀ ਇਹ ਗੱਲ ਤਾਂ ਠੀਕ ਐ। ਤੈਨੂੰ ਦਸਾਂ; ਅੱਜ ਮੈਨੂੰ ਪੈ ਗਈ। ਗਦਰ ਗੂੰਜਾਂ ਸੁਣੌਣ ਨੂੰ ਫਿਰਦੀ ਸੀ। ਮੈਂ ਜ਼ਰਾ ਹਟਕਿਆ ਤਾਂ ਮੈਨੂੰ ਕਹਿੰਦੀ ਐ ਤੂੰ ਡਰਿਆ ਖਲੋਤੈਂ।' ਜੁਆਲਾ ਸਿੰਘ ਦਾ ਗੰਭੀਰ ਚਿਹਰਾ ਵੇਖ ਕੇ ਸ਼ੇਰ ਸਿੰਘ ਨੇ ਗੱਲ ਆਈ ਗਈ ਕਰਨ ਲਈ ਗੱਲ ਹੋਰ ਪਾਸੇ ਤੋਰ ਲਈ 'ਭਾਊ, ਠਠਗੜ੍ਹੀਆ ਕਿਉਂ ਰੁਕ ਗਿਐ। ਅਮਰ ਸਿਹੁੰ ਵੀ ਨਹੀਂ ਦਿਸਦਾ ਕਿਧਰੇ ?'

'ਗ੍ਰੰਥੀ ਬਾਬਾ ਉਹਦਾ ਪੇਂਡੂ ਨਿਕਲ ਆਇਐ। ਆ ਜਾਊ ਆਪੇ, ਕਿਹੜਾ ਰਾਹ ਭੁੱਲਣ ਲੱਗੈ।' ਅਮਰ ਸਿਹੁੰ ਵੀ ਉਹਦੇ ਨਾਲ ਹੋਣੈ।'

ਗੁਲਾਬ ਕੌਰ ਨੂੰ ਨੇੜੇ ਢੁਕਦਿਆਂ ਵੇਖ ਕੇ ਜੁਆਲਾ ਸਿੰਘ ਨੇ ਪੁੱਛਿਆ 'ਬੀਬੀ। ਤੂੰ ਪਿੱਛੇ ਰਹਿ ਗਈ. ਕੀ ਸੋਚੀਂ ਪਈ ਐਂ ? ਜੇ ਥੱਕ ਗਈ ਐਂ ਤਾਂ ਦੋ ਰਿਕਸ਼ੇ ਕਰ ਲਈਏ।'

ਗੁਲਾਬ ਕੌਰ ਨੇ ਜੁਆਬ ਦਿੱਤਾ 'ਛੋਟੇ ਭਾਊ। ਵੇਖ ਬੜਾ ਭਾਊ ਥੱਕ ਆਪ ਗਿਐ। ਮਿਰਕਣ ਵਿਚ ਮੋਟਰਾਂ 'ਤੇ ਚੜ੍ਹਦਾ ਰਿਹੈ। ਹੁਣ ਮੇਰੇ ਬਹਾਨੇ ਨਾਲ ਰਿਕਸ਼ਾ ਲੈਣਾ ਚਾਹੁੰਦੈ।' ਉਸ ਦੀ ਗੱਲ ਸੁਣ ਕੇ ਜਵਾਲਾ ਸਿੰਘ ਨੇ ਹੋਰ ਤੇਜ਼ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ। ਗੁਲਾਬ ਕੌਰ ਕੁਝ ਕਦਮ ਦੌੜ ਕੇ ਉਨ੍ਹਾਂ ਨਾਲ ਰਲ ਕੇ ਉਨ੍ਹਾਂ ਦੀ ਚਾਲੇ ਤੁਰਨ ਲੱਗ ਪਈ। ਗੁਲਾਬ ਕੌਰ ਨੂੰ ਸਾਹ ਚੜ੍ਹ ਗਿਆ। ਵੇਖ ਕੇ ਜਵਾਲਾ ਸਿੰਘ ਨੇ ਤੋਰ ਮੱਠੀ ਪਾ ਲਈ।

'ਭਾਊ। ਇਹ ਦਸੋ ਕਿ ਪਲਾਂਗਵੀ ਤੇ ਰੰਗੂਨਵ ਚੀਨੇ ਹੀ ਕਿਉਂ ਰਿਕਸ਼ੇ ਵਾਹੁੰਦੇ ਐ। ਮਲਾਈ ਤੇ ਬਰਮੇ ਕਿਉਂ ਨਹੀਂ ਵਾਹੁੰਦੇ।'

'ਬੀਬੀ, ਮਲਾਯਾ ਮਲਾਈਆਂ ਦਾ ਦੇਸ ਤੇ ਬਰਮਾ ਬਰਮਿਆਂ ਦਾ, ਚੀਨੇ ਪਰਦੇਸੀ। ਜੋ ਕੰਮ ਮਿਲਦੈ ਕਰ ਲੈਂਦੇ ਐ। ਤੂੰ ਕਲਕੱਤੇ ਨਹੀਂ ਵੇਖੇ ਚੀਨੇ ਰਿਕਸ਼ਿਆਂ ਅੱਗੇ ਦੌੜਦੇ।' ਸ਼ੇਰ ਸਿੰਘ ਨੇ ਪੁੱਛਿਆ।

'ਵੇਖੇ ਸੀ। ਕਈ ਵਾਰੀ ਤੀਵੀਂ ਆਦਮੀ ਤੇ ਬੱਚੇ ਵੀ ਬੈਠੇ ਹੋਂਦੇ ਐ। 'ਵਿਚਾਰਾ ਇਕ ਚੀਨਾ ਖਿਚਣ ਵਾਲਾ। ਸਿਰ ਸੁੱਟ ਕੇ ਦੌੜੇ ਜਾਂਦੇ ਐ।'

'ਬੀਬੀ। ਵਿਚਾਰੇ ਹਫੀਮ ਖਾਂਦੇ ਐ ਤੇ ਹਫੀਮ ਦੇ ਜ਼ੋਰ ਨਾਲ ਭੱਜੇ ਫਿਰਦੇ ਐ।'

'ਆਪਣੇ ਅਮਲੀ ਤਾਂ ਡੱਕਾ ਬੰਨ ਕੇ ਦੋਹਰਾ ਨਹੀਂ ਕਰਦੇ।' ਗੁਲਾਬ ਕੌਰ ਨੇ ਕਿਸੇ ਦੇ ਦੌੜਨ ਦੀ ਆਵਾਜ਼ ਸੁਣ ਕੇ ਪਿੱਛੇ ਵੇਖਿਆ। ਅਮਰ ਸਿੰਘ ਭੱਜਾ ਆ ਰਿਹਾ ਸੀ। ਉਸ ਨੇ ਉਨ੍ਹਾਂ ਪਾਸ ਰੁਕਦਿਆਂ ਦੱਸਿਆ 'ਭਾਊ ਕੇਸਰ ਸਿਹੁੰ ਤਾਂ ਰਾਤੀਂ ਵੀ ਗ੍ਰੰਥੀ ਬਾਬੇ ਕੋਲ ਠਹਿਰਦਾ ਜਾਪਦੈ।'

'ਕੋਈ ਨਹੀਂ ਜਹਾਜ਼ ਤਾਂ ਕੱਲ ਸਾਰਾ ਦਿਨ ਅਟਕਣੈ। ਸ਼ੈਂਤ ਅੱਧੀ ਰਾਤੀਂ ਤੁਰੇ। ਜਵਾਲਾ ਸਿੰਘ ਨੇ ਨਰਮ ਜਿਹੀ ਅਵਾਜ਼ ਵਿਚ ਕਿਹਾ।

ਥੋੜ੍ਹੀ ਦੂਰ ਚੁੱਪ ਕਰਕੇ ਤੁਰਦੇ ਗਏ। ਗੁਲਾਬ ਕੌਰ ਨੇ ਕਿਹਾ। 'ਮੈਨੂੰ ਤਾਂ ਤਿਹਾ ਲੱਗੀ ਐ।'

'ਬਾਜ਼ਾਰ ਬਾਹਲਾ ਦੂਰ ਨਹੀਂ। ਮੇਰਾ ਮਨ ਤਾਂ ਸ਼ਕੰਜਵੀ ਪੀਣ ਨੂੰ ਕਰਦੈ।' ਅਮਰ ਸਿੰਘ ਦੀ ਗੱਲ ਸੁਣ ਕੇ ਸ਼ੇਰ ਸਿੰਘ ਨੇ ਹੱਸਦਿਆਂ ਕਿਹਾ 'ਤੇਰਾ ਤਾਂ ਰਹੁ ਪੀਣ ਨੂੰ ਵੀ ਕਰਦਾ ਹੋਊ ਮਨ। ਦੇਸ ਜਾ ਕੇ ਸ਼ਕੰਜਵੀ ਵੀ ਮਿਲ ਜੂ, ਰਹੁ ਵੀ ਮਿਲ ਜੂ। ਅੱਜ ਸਾਰੇ ਚਾਹ ਪੀ ਲਿਉ।' ਗੁਲਾਬ ਕੌਰ ਗੱਲ ਕਰਦੀ ਹੀ ਹੱਸ ਪਈ।

'ਬੀਬੀ ਚਾਹ ਪੀ ਪੀ ਕੇ ਤਾਂ ਅੱਕ ਗਏ ਆਂ।'

'ਫੇਰ ਨਸ਼ਾ ਪੀ ਲਿਉ। ਨਸ਼ਾ ਪੀਂਦਿਆਂ ਤਾਂ ਕੋਈ ਨਹੀਂ ਅੱਕਦਾ।'

ਜਵਾਲਾ ਸਿੰਘ ਬੋਲ ਪਿਆ 'ਬੀਬੀ। ਤੂੰ ਛੇੜਾਂ ਕਰਨੋਂ ਨਹੀਂ ਟਲਦੀ। ਸਭ ਨੂੰ ਤੂੰ...।' ਉਸ ਨੇ ਗੱਲ ਪੂਰੀ ਨਾ ਕੀਤੀ। ਉਹ ਕਹਿਣਾ ਚਾਹੁੰਦਾ ਸੀ ਕਿ ਤੂੰ ਸਭ ਨੂੰ ਮਾਨ ਸਿਹੁੰ, ਬੇਈਮਾਨ ਸਿਹੁੰ ਸਮਝ ਲਿਐ, ਪਰ ਡਰ ਕੇ ਛਿੱਪਕ ਗਿਆ.

'ਨਹੀਂ ਬੜੇ ਭਾਊ। ਮੈਂ ਕੌਣ ਹੋਂਦੀ ਆਂ ਝੇੜਾਂ ਕਰਨ ਵਾਲੀ। ਮੈਨੂੰ ਤਾਂ ਸਭ ਵਿਚੋਂ ਮਾਨਾ ਬੇਈਮਾਨਾਂ ਈ ਕਈ ਵਾਰੀ ਦਿਸਣ ਲੱਗ ਪੈਂਦੈ। ਮੈਨੂੰ ਪਤੈ ਮੈਂ ਗਲਤ ਆਂ। ਫੇਰ ਵੀ ਸੱਪ ਦੀ ਡੱਸੀ, ਸੜੀ ਰੱਸੀ ਤੋਂ ਡਰੀ ਜਾਂਦੀ ਆਂ।'

ਜਵਾਲਾ ਸਿੰਘ ਨੇ ਬੜੀਆਂ ਤਰਸ ਭਰੀਆਂ ਨਜ਼ਰਾਂ ਨਾਲ ਗੁਲਾਬ ਕੌਰ ਵੱਲ ਵੇਖਿਆ। ਉਸ ਨੂੰ ਠੁੱਡਾ ਲੱਗਾ। ਮਸਾਂ ਹੀ ਡਿਗਣੋਂ ਬਚਿਆ। ਸੜਕ ਵਿਚ ਟੋਏ ਪਏ ਹੋਏ ਸਨ। ਉਹ ਸੜਕ ਛੱਡ ਕੇ ਸੜਕ ਦੀ ਪਟੜੀ ਉੱਤੇ ਤੁਰਨ ਲੱਗ ਪਏ ! ਮੁਸਲਮਾਨ ਫੌਜੀਆਂ ਦਾ ਭਰਿਆ ਇਕ ਟਰੱਕ ਉਨ੍ਹਾਂ ਕੋਲੋਂ ਲੰਘ ਗਿਆ। ਜਿੰਨੀ ਦੇਰ ਟਰੱਕ ਉਨ੍ਹਾਂ ਤੋਂ ਉਹਲੇ ਨਹੀਂ ਹੋ ਗਿਆ, ਫੌਜੀ ਉਹਨਾਂ ਵੱਲ ਤੇ ਉਹ ਫੌਜੀਆਂ ਵੱਲ ਵੇਖਦੇ ਰਹੇ। ਜਵਾਲਾ ਸਿੰਘ ਦੇ ਚਾਲ ਮੱਠੀ ਕਰਕੇ ਗੁਲਾਬ ਕੌਰ ਦੇ ਬਰਾਬਰ ਤੁਰਦਿਆਂ ਪੁੱਛਿਆ 'ਬੀਬੀ। ਤੂੰ ਇਹ ਤਾਂ ਪੁੱਛਿਐ ਕਿ ਕਲਕਤੇ, ਪਲਾਂਗ ਤੇ ਰੰਗੂਨ ਚੀਨੇ ਕਿਉਂ ਰਿਕਸ਼ੇ ਖਿੱਚਦੇ ਐ, ਪਰ ਤੂੰ ਇਹ ਗੱਲ ਨਹੀਂ ਪੁੱਛੀ ਕਿ ਬਰਮਾ, ਮਲਾਯਾ, ਹਾਂਗ ਕਾਂਗ ਤੇ ਚੀਨ ਵਿਚ ਸਾਡੇ ਫੌਜੀ ਤੇ ਪੁਲਸ ਕੀ ਕਰਦੀ ਫਿਰਦੀ ਐ?'

'ਬੜੇ ਭਾਊ, ਤੂੰ ਆਪੇ ਦੱਸ ਦੇਹ। ਮੈਨੂੰ ਨਹੀਂ ਇਹ ਗੱਲ ਸੁੱਝੀ।' ਗੁਲਾਬ ਕੌਰ ਟਿਕ ਟਿਕੀ ਲਾ ਕੇ ਜਵਾਲਾ ਸਿੰਘ ਦੇ ਚਿਹਰੇ ਵੱਲ ਤੱਕ ਰਹੀ ਸੀ। ਜਵਾਲਾ ਸਿੰਘ ਨੇ ਸ਼ੇਰ ਸਿੰਘ ਨੂੰ ਕਿਹਾ 'ਭਾਊ। ਦੇਹ ਬੀਬੀ ਦੀ ਗੱਲ ਦਾ ਜੁਆਬ।'

ਸ਼ੇਰ ਸਿੰਘ ਨੇ ਦੱਸਣਾ ਸ਼ੁਰੂ ਕੀਤਾ 'ਬੀਬਾ। ਏਸ ਸੁਆਲ ਦਾ ਜੁਆਬ ਬਹੁਤ ਵੱਡਾ ਤੇ ਲੰਮੈ, ਪਰ ਮੈਂ ਥੋੜ੍ਹੇ ਜਿਹੇ ਵਿਚ ਦੱਸਦਾਂ।' ਗੁਲਾਬ ਕੌਰ ਉਸ ਦੇ ਨੇੜੇ ਹੋ ਕੇ ਤੁਰਨ ਲੱਗ ਪਈ।

'ਜਦ ਸਿੱਖਾਂ ਦਾ ਰਾਜ ਜਾਂਦਾ ਰਿਹਾ ਤਾਂ ਫਰੰਗੀਆਂ ਨੂੰ ਇਹ ਡਰ ਖਾਂਦਾ ਰਿਹਾ ਕਿ ਸਿੱਖ ਕਿਧਰੇ ਫੇਰ ਨਾ ਉੱਠ ਖਲੋਣ। ਉਹਨਾਂ ਸਕੀਮ ਬਣਾਈ ਕਿ ਸਿੱਖ ਚੋਬਰਾਂ ਨੂੰ ਪੰਜਾਬ ਵਿਚੋਂ ਕੱਢ ਕੇ ਦੂਰ ਲੈ ਜਾਉ। ਦੂਜੇ ਫਰੰਗੀਆਂ ਨੂੰ ਲੋੜ ਸੀ, ਗੁਲਾਮ ਫੌਜ ਦੀ, ਜੋ ਬਰਮੀਆਂ, ਮਲਾਈਆਂ, ਚੀਨੀਆਂ ਤੇ ਹੋਰ ਲੋਕਾਂ ਨੂੰ ਦਬਾ ਕੇ ਰੱਖੇ। ਏਸ ਤਰ੍ਹਾਂ ਫਰੰਗੀ ਦੇ ਦੋਵੇਂ ਕੰਮ ਸੌਰ ਗਏ। ਸਿੱਖ ਗੱਭਰੂ ਪੰਜਾਬੋਂ ਬਾਹਰ ਨਿਕਲ ਤੁਰੇ ਤੇ ਹੋਰਨਾਂ ਨੂੰ ਫਰੰਗੀਆਂ ਵਾਸਤੇ ਗੁਲਾਮ ਬਣਾਉਣ ਲੱਗ ਪਏ।'

'ਭਾਊ, ਜੇ ਸਾਡੀ ਫੌਜ ਤੇ ਪੁਲਸ ਏਥੇ ਨਾ ਹੋਵੇ ਤਾਂ ਬਰਮੇ ਆਪਣੀ ਆਜ਼ਾਦੀ ਲੈ ਸਕਦੇ ਐ।'

'ਭਲਾ ਹੋਵੇ ਤੇਰਾ, ਬੀਬਾ। ਤੂੰ ਤਾਂ ਬੜੀ ਛੇਤੀ ਸਮਝਦੀ ਐਂ।'

'ਭਾਊ। ਜੇ ਆਪਣੇ ਦੇਸ ਦੀ ਫੌਜ ਫਰੰਗੀਆਂ ਦੀ ਮਦਤ ਨਾ ਕਰੇ ਤਾਂ ਆਪਾਂ ਵੀ ਆਜ਼ਾਦ ਹੋ ਸਕਦੇ ਆਂ।'

'ਬਿਲਕੁਲ ਠੀਕ, ਬੀਬਾ। ਬਿਲਕੁਲ ਠੀਕ। ਜਦੋਂ ਅਸੀਂ ਦੇਸ ਨੂੰ ਤਿਆਰੀਆਂ ਕਰਨ ਲੱਗੇ ਤਾਂ ਸਭ ਤੋਂ ਪਹਿਲੋਂ ਇਹ ਗੱਲ ਤੁਰੀ ਕਿ ਆਪਣੇ ਫੌਜੀਆਂ ਨੂੰ ਕਿਵੇਂ ਫਰੰਗੀਆਂ ਦੇ ਉਲਟ ਕੀਤਾ ਜਾਏ।'

'ਭਾਊ, ਮੈਂ ਵੀ ਇਕ ਗੱਲ ਕਰਾਂ' ਕਹਿ ਕੇ ਜਵਾਲਾ ਸਿੰਘ ਨੇ ਦੱਸਣਾ ਸ਼ੁਰੂ ਕੀਤਾ 'ਬੀਬੀ। ਇਹ ਗੱਲ ਕੋਈ ਸੌਖੀ ਨਹੀਂ। ਫਰੰਗੀਆਂ ਨੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀਆਂ ਵੱਖਰੀਆਂ-ਵੱਖਰੀਆਂ ਪਲਟਨਾਂ ਖੜ੍ਹੀਆਂ ਕੀਤੀਆਂ ਹੋਈਐਂ। ਉਹ ਇਹਨਾਂ ਫੌਜੀਆਂ ਵਿਚ ਮਜ਼ਹਬੀ ਵੈਰ ਵਿਰੋਧ ਦਾ ਜ਼ਹਿਰ ਘੋਲਦੇ ਰਹਿੰਦੇ ਐ। ਤੈਨੂੰ ਪਤਾ ਹੋਊ ਅਠਾਰਾਂ ਸੌ ਸਤਵੰਜਾ ਦੇ ਗਦਰ ਦੀ ਕਹਾਣੀ ਦਾ।'

'ਨਹੀਂ ਭਾਊ ! ਮੈਨੂੰ ਨਹੀਂ ਪਤਾ ਕੁਝ ਵੀ। ਤੂੰ ਦਸ ਦੇ।'

'ਮੈਂ ਤੈਨੂੰ ਦਸਦਾਂ ਥੋੜ੍ਹੇ ਵਿਚ ਈ। ਫਰੰਗੀਆਂ ਦੇ ਜ਼ੁਲਮਾਂ ਤੋਂ ਤੰਗ ਆ ਕੇ ਲੋਕਾਂ ਨੇ ਗਦਰ ਕਰ ਦਿੱਤਾ। ਹਿੰਦੂ ਮੁਸਲਮ ਸਭ ਉੱਠ ਖਲੋਤੇ। ਦਿੱਲੀ ਦਾ ਬਾਦਸ਼ਾਹ ਸੀ ਬਹਾਦਰ ਸ਼ਾਹ ਮੁਸਲਮਾਨ।'

'ਨਵਾਬ ਨੇ ਉਹਦੀ ਕਬਰ ਵਿਖਾਈ ਐ। ਕਿੰਨਾ ਜ਼ੁਲਮ ਕੀਤੈ ਫਰੰਗੀਆਂ। ਨਵਾਬ ਨੂੰ ਬੜਾ ਪਤੈ ਇਹਨਾਂ ਗੱਲਾਂ ਦਾ।

'ਨਵਾਬ ਨੇ ਤੈਨੂੰ ਇਹ ਨਹੀਂ ਦੱਸਿਆ ਹੋਣਾ ਕਿ ਜਦ ਫਰੰਗੀਆਂ ਨੇ ਬਰਮਾ ਉੱਤੇ ਹਮਲਾ ਕੀਤਾ ਤਾਂ ਸਿੱਖ ਫੌਜਾਂ ਸਭ ਤੋਂ ਅੱਗੇ-ਅੱਗੇ ਸਨ। ਇਕ ਸਿੱਖ ਜਮਾਂਦਾਰ ਨੇ ਬਰਮਾ ਦੇ ਰਾਜੇ ਨੂੰ ਫੜ ਕੇ ਚਪੇੜਾਂ ਮਾਰੀਆਂ। ਫਰੰਗੀ ਬਰਮਾ ਦੇ ਰਾਜੇ ਨੂੰ ਜਲਾਵਤਨ ਕਰਕੇ ਹਿੰਦੁਸਤਾਨ ਲੈ ਗਏ।'

'ਬੜੇ ਭਾਊ ! ਇਹਦਾ ਮਤਲਬ ਐ ਕਿ ਸਾਡੇ ਬਾਦਸ਼ਾਹ ਨੂੰ ਫੜ ਕੇ ਰੰਗੂਨ ਲੈ ਆਏ ਤੇ ਬਰਮਾ ਦੇ ਰਾਜੇ ਨੂੰ ਫੜ ਕੇ ਸਾਡੇ ਦੇਸ ਲੈ ਗਏ।'

'ਤੂੰ ਠੀਕ ਸਮਝਿਐ, ਇਕ ਗੱਲ ਹੋਰ ਸਮਝ ਲੈ। ਇਹ ਦੋਵੇਂ ਜ਼ੁਲਮ ਫਰੰਗੀਆਂ ਨੇ ਸਾਡੀਆਂ ਫੌਜਾਂ ਪਾਸੋਂ ਕਰਵਾਏ।'

'ਲੋਹੜਾ ਪੈ ਜਾਏ ਇਹਨਾਂ ਫਰੰਗੀਆਂ ਨੂੰ ਤੇ ਨਾਲੇ ਸਾਡੀਆਂ ਫੌਜਾਂ ਨੂੰ।'

'ਤੂੰ ਮੇਰੀ ਅਗਲੀ ਗੱਲ ਸੁਣ। ਤੇਰੇ ਮਤਲਬ ਦੀ ਐ। ਧਿਆਨ ਨਾਲ ਸੁਣੀਂ। ਜਿਨ੍ਹਾਂ ਲੋਕਾਂ ਗਦਰ ਕੀਤਾ, ਉਹਨਾਂ ਵਿਚ ਝਾਂਸੀ ਦੀ ਰਾਣੀ ਵੀ ਸੀ। ਉਹਦਾ ਨਾਂ ਸੀ ਲਖਸ਼ਮੀ ਬਾਈ। ਉਹ ਜੰਗ ਵਿਚ ਲੜ ਕੇ ਸ਼ਹੀਦ ਹੋਈ।'

ਜਵਾਲਾ ਸਿੰਘ ਨੇ ਜ਼ਰਾ ਰੁਕ ਕੇ ਗੁਲਾਬ ਕੌਰ ਦੇ ਚਿਹਰੇ ਉੱਤੇ ਆਏ ਪ੍ਰਭਾਵ ਪੜ੍ਹਨੇ ਚਾਹੇ। ਫਿਰ ਉਸ ਨੇ ਪੁੱਛਿਆ 'ਬੀਬੀ। ਤੈਨੂੰ ਪਤੈ। ਓਸ ਗਦਰ ਵਿਚ ਵੀ ਸਿੱਖ ਫੌਜਾਂ ਨੇ ਫਰੰਗੀਆਂ ਦੀ ਮਦਤ ਕੀਤੀ ਤੇ ਸਾਡੀਆਂ ਫੌਜਾਂ ਨੇ ਹੀ ਆਪਣੇ ਦੇਸ ਦੀ ਗੁਲਾਮੀ ਹੋਰ ਪੱਕੀ ਕਰ ਦਿੱਤੀ।'

ਗੁਲਾਬ ਕੌਰ ਹੈਰਾਨ ਹੋਈ ਜਵਾਲਾ ਸਿੰਘ ਦੀਆਂ ਗੱਲਾਂ ਸੁਣ ਰਹੀ ਸੀ। ਉਸ ਨੂੰ ਇਉਂ ਜਾਪਿਆ ਜਿਵੇਂ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਸ਼ੇਰ ਸਿੰਘ ਤੇ ਮੱਘਰ ਸਿੰਘ ਨੂੰ ਚੰਗੀ ਤਰ੍ਹਾਂ ਪਤਾ ਹੋਵੇ। ਜਵਾਲਾ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ 'ਜੇ ਸਿੱਖ ਵਿਗੜਨ ਤਾਂ ਮੁਸਲਮਾਨ ਫਰੰਗੀਆਂ ਨਾਲ। ਜੇ ਮੁਸਲਮਾਨ ਗੜਬੜ ਕਰਨ ਤਾਂ ਹਿੰਦੂ ਸਿੱਖ ਫੌਜਾਂ ਨਾਲ। ਪਾਟੇ ਹੋਏ ਘਰ ਨੂੰ ਕੌਣ ਆਜ਼ਾਦ ਕਰਾ ਸਕਦੈ ਫਰੰਗੀਆਂ ਤੋਂ। ਜਵਾਲਾ ਸਿੰਘ ਰੁਕਿਆ ਹੀ ਸੀ ਕਿ ਮਘਰ ਸਿੰਘ ਨੇ ਗੱਲ ਤੋਰ ਲਈ, 'ਬੀਬੀ। ਸਭ ਤੋਂ ਵੱਡਾ ਕੰਮ ਐ, ਫੌਜਾਂ ਨੂੰ ਫਰੰਗੀਆਂ ਦੇ ਖਿਲਾਫ ਕਰਨਾ। ਹੈ ਵੀ ਬੜਾ ਔਖਾ ਪਰ ਅਸੀਂ ਆਪਣਾ ਸਾਰਾ ਟਿੱਲ ਲਾ ਦੇਣੈ। ਜੇ ਤਖਤ ਨਹੀਂ ਤਾਂ ਤਖਤਾ ਹੀ ਸਹੀ। ਜੇ ਆਜ਼ਾਦੀ ਨਹੀਂ ਤਾਂ ਫਾਂਸੀ ਤਾਂ ਚੜ੍ਹਾਂਗੇ ਹੀ।'

ਅਮਰ ਸਿੰਘ ਦੀ ਗੱਲ ਸੁਣ ਕੇ ਗੁਲਾਬ ਕੌਰ ਦੇ ਪੈਰ ਥਿੜਕ ਗਏ। ਉਸ ਦਾ ਦਿਲ ਧੱਕ-ਧੱਕ ਕਰਨ ਲੱਗ ਪਿਆ। ਉਸ ਦੇ ਬੁਲ੍ਹ ਸੁੱਕੇ ਹੋਏ ਸਨ। ਉਸ ਨੇ ਕਿਹਾ 'ਤਿਹਾ ਬੜੀ ਲੱਗੀ ਹੈ।

ਜਵਾਲਾ ਸਿੰਘ ਅੱਗੇ-ਅੱਗੇ ਤੇ ਬਾਕੀ ਉਸ ਦੇ ਪਿੱਛੇ-ਪਿੱਛੇ ਇਕ ਚੀਨੇ ਰੈਸਟੋਰੈਂਟ ਵਿਚ ਦਾਖਲ ਹੋ ਗਏ।

# 13

'ਮਾਂਹ ਦੀ ਦਾਲ ਨੂੰ ਤੜਕਾ ਲੱਗਾ ਸੀ ਚੰਗਾ, ਰੋਟੀ ਬਹੁਤੀ ਖਾ ਹੋ ਗਈ ਐ।' ਆਪਣੇ ਸੁੱਕੇ ਹੋਏ ਪੇਟ ਉੱਤੇ ਹੱਥ ਫੇਰਦਿਆਂ ਕਰਮ ਸਿੰਘ ਨੇ ਕਿਹਾ ਹੀ ਸੀ ਕਿ ਈਸ਼ਰ ਬੋਲ ਪਿਆ 'ਆਪਾਂ ਤਾਂ ਪੰਜ ਛੇ ਰੋਟੀਆਂ ਮਰੋੜ ਕੇ ਅੰਦਰ ਸੁੱਟੀਐਂ ਤੇ ਉੱਤੋਂ ਪੀਤਾ ਐ ਜਗ ਭਰ ਕੇ ਚਾਹ ਦਾ। ਐਨ ਪਰਸੰਨ ਹੋਏ ਪਏ ਆਂ। ਧਰਮਿਆ! ਕਰਮਾ ਖਾਊ ਥੋੜ੍ਹਾ ਪਰ ਰੌਲਾ ਬਾਹਲਾ ਪਾਊ। ਦੇਹ ਇਹਨੂੰ ਜਵੈਣ ਦੀ ਫੱਕੀ।' ਧਰਮ ਸਿੰਘ ਨੇ ਬਿਨਾ ਕੁਝ ਕਹੇ ਉਸ ਨੂੰ ਚੁੱਪ ਕਰ ਜਾਣ ਦਾ ਇਸ਼ਾਰਾ ਕੀਤਾ।

ਜਹਾਜ਼ ਦੀ ਬਾਹੀ ਨਾਲ ਢੋ ਲਾ ਕੇ ਖਲੋਤੇ ਨਵਾਬ ਖਾਨ ਨੇ ਬੈਠਦਿਆਂ ਕਿਹਾ 'ਜੇ ਮੇਰੀ ਮੰਨੋ ਤਾਂ ਅੱਜ ਜੱਗੇ ਲੁਹਾਰ ਨੂੰ ਦਿਲ ਖੋਲ੍ਹ ਕੇ ਗੱਲਾਂ ਕਰਨ ਦਈਏ। ਕਦੇ ਦਾ ਫੁੱਲਿਆ ਫਿਰਦੈ।' ਸਭ ਗਦਰੀ ਏਧਰ ਓਧਰ ਵੇਖਣ ਲੱਗੇ ਕਿ ਜੱਗਾ ਲੁਹਾਰ ਕਿਹੜਾ ਹੈ। ਗੁਲਾਬ ਕੌਰ ਬੋਲ ਪਈ 'ਨਵਾਬ! ਸਿੱਧਾ ਕਹੋ ਜਗਤ ਰਾਮ ਪਾੜ੍ਹਾ ਮਿਰਕਣ ਵਾਲਾ।'

ਜਗਤ ਰਾਮ ਜਿਵੇਂ ਪਹਿਲੋਂ ਹੀ ਤਿਆਰ ਹੁੰਦਾ ਹੈ, ਉਸ ਨੇ ਪਤਲੂਣ ਦੇ ਦੋਵੇਂ ਜੇਬ ਫੋਲ ਕੇ ਕਾਗਜ਼ ਕੱਢਕੇ ਅਪਣੀ ਝੋਲੀ ਵਿਚ ਰੱਖ ਲਿਆ। ਜਵਾਲਾ ਸਿੰਘ ਨੇ ਕਿਹਾ 'ਜੇ ਭਾਊ ਠਠਗੜ੍ਹੀਏ ਨੂੰ ਆਪਣੀ ਗੱਲ ਪਹਿਲੋਂ ਕਰ ਲੈਣ ਦਈਏ ਤਾਂ ਜੱਗੇ ਲੁਹਾਰ ਨੂੰ ਖੁਲ੍ਹਾ ਟੈਮ ਮਿਲ ਜਾਊ।' ਜਵਾਲਾ ਸਿੰਘ ਦੇ ਮੂੰਹੋਂ ਵੀ ਆਪਣਾ ਨਾਂ ਜੱਗਾ ਲੁਹਾਰ ਸੁਣ ਕੇ ਪੰਡਤ ਜਗਤ ਰਾਮ ਖਿੜ ਖਿੜਾ ਕੇ ਹੱਸ ਪਿਆ।

ਕੇਸਰ ਸਿੰਘ ਨੇ ਕਿਹਾ 'ਮੈਂ ਤਾਂ ਬਸ ਇਕ ਭੈੜੀ ਖਬਰ ਹੀ ਸੁਣਾਉਣੀ ਐ। ਤੁਸੀਂ ਜਾਣਦੇ ਓ ਆਪਣਾ ਕਨੇਡਾ ਗਿਆ ਜਹਾਜ਼ ਫਰੰਗੀਆਂ ਮੋੜ ਦਿੱਤਾ ਸੀ। ਕਲਕੱਤੇ ਲਾਗੇ, ਬੱਜ-ਬੱਜ ਘਾਟ ਉੱਤੇ ਫਰੰਗੀਆਂ ਰੋਕ ਲਿਆ। ਫਰੰਗੀਆਂ ਕਾਨੂੰਨ ਪਾਸ ਕਰ ਦਿੱਤੈ ਕਿ ਜਿਹੜਾ ਵੀ ਬੰਦਾ ਕਿਸੇ ਬਾਹਰਲੇ ਦੇਸੋਂ ਕਿਸੇ ਘਾਟ ਉੱਤੇ ਉਤਰੇ ਤਾਂ ਉਸ ਨੂੰ ਬਿਨਾਂ ਵਰੰਟ ਜਾਰੀ ਕੀਤਿਆਂ ਪੁਲਸ ਹਿਰਾਸਤ ਵਿਚ ਲੈ ਸਕਦੀ ਐ। ਗੋਰਿਆਂ ਸਭ ਮੁਸਾਫਰਾਂ ਨੂੰ ਮੱਲੋ ਮੱਲੀ ਗੱਡੀ ਉੱਤੇ ਚੜ੍ਹਾ ਕੇ ਪੰਜਾਬ ਲਿਜਾਣਾ ਚਾਹਿਆ, ਪੁਲਸ ਦੀ ਹਿਰਾਸਤ ਵਿਚ। ਸਾਡੇ ਬੰਦੇ ਮੰਨੇ ਨਾ। ਝਗੜਾ ਹੋ ਗਿਆ। ਫਰੰਗੀਆਂ ਗੋਲੀ ਚਲਾ ਦਿੱਤੀ। ਕਈ ਬੰਦੇ ਸ਼ਹੀਦ ਹੋ ਗਏ। ਕਈ ਜ਼ਖ਼ਮੀ ਹੋਏ ਫੜੇ ਗਏ। ਕਈ ਨੱਸ ਗਏ. ਕਹਿੰਦੇ ਐ ਗੁਰੂ ਨਾਨਕ ਜਹਾਜ਼ ਦਾ ਲੀਡਰ ਗੁਰਦਿਤ ਸਿਹੁੰ ਵੀ ਨੱਸ ਗਿਐ। ਫੜੇ ਗਏ ਮੁਸਾਫਰਾਂ ਦੀਆਂ ਗੱਡੀਆਂ ਭਰ ਕੇ ਫਰੰਗੀ ਪੰਜਾਬ ਵੱਲ ਨੂੰ ਲੈ ਗਏ ਐ। ਏਸ ਤੋਂ ਵੱਧ ਕੁਝ ਪਤਾ ਨਹੀਂ ਲੱਗ ਸਕਿਆ। ਮੈਂ ਆਪਣੇ ਪੇਂਡੂ ਗ੍ਰੰਥੀ ਕੋਲ ਰਾਤ ਰਹਿਣਾ ਸੀ ਪਰ ਇਹ ਗੱਲ ਸੁਣ ਕੇ ਮੁੜ ਆਇਆਂ।'

'ਇਹਦਾ ਮਤਲਬ ਐ ਕਿ ਸਾਡੇ ਨਾਲ ਵੀ ਇਹੋ ਹਾਲ ਹੋਣੈ।' ਰਹਿਮਤ ਅਲੀ ਦੀ ਗੱਲ ਸੁਣ ਕੇ ਸਭ ਗਦਰੀ ਇਕ ਦੂਜੇ ਵੱਲ ਵੇਖਣ ਲੱਗੇ। ਈਸ਼ਰ ਨੇ ਕੂਹਣੀ ਮਾਰ ਕੇ ਕਿਹਾ 'ਕਰਮਿਆਂ ਸੁਣਦੈਂ। ਤੂੰ ਤਾਂ ਊਂਘਦਾ ਜਾਪਦੈਂ।'

'ਨਹੀਂ ਨਹੀਂ ਈਸ਼ਰਾ ਮੈਂ ਕੈਮ ਆਂ, ਮੈਂ ਸੁਣਦਾਂ ਸਾਰੀ ਗੱਲ। ਆਪਾਂ ਛੜੇ ਛਾਂਟ ਐਂ। ਡਾਹ ਦਿਆਂਗੇ ਸਿਰ ਫਰੰਗੀ ਦੀ ਤੋਪ ਅੱਗੇ। ਤੂੰ ਨਾ ਕਿਤੇ ਧਰਕੀਂ।'

'ਭਾਈ। ਆਪਸ ਵਿਚ ਗੱਲਾਂ ਨਾ ਕਰੋ। ਗੱਲ ਤਾਂ ਬੜੀ ਮਾੜੀ ਹੋਈ ਐ। ਜੇ ਉਖਲੀ ਵਿਚ ਸਿਰ ਦਿੱਤੈ ਤਾਂ ਫਿਰ ਮੋਹਲਿਆਂ ਦਾ ਕੀ ਡਰ।' ਨਵਾਬ ਦੀ ਗੱਲ ਸੁਣ ਕੇ ਸਭ ਦਾ ਧਿਆਨ ਕੇਸਰ ਸਿਹੁੰ ਵੱਲ ਮੁੜ ਪਿਆ। ਉਸ ਨੇ ਕਿਹਾ 'ਬਸ ! ਮੈਂ ਤਾਂ ਜੋ ਖ਼ਬਰ ਦੇਣੀ ਸੀ ਦੇ ਦਿੱਤੀ ਐ। ਅੱਗੋਂ ਤੁਹਾਨੂੰ ਸਕੂਲ ਲਾਉਣਾ ਚਾਹੀਦੈ।'

ਪੰਡਤ ਜਗਤ ਰਾਮ ਨੇ ਮਰੋੜਿਆ ਹੋਇਆ ਕਾਗਜ਼ ਖੋਲ੍ਹਿਆ ਹੀ ਸੀ ਕਿ ਬੀਬੀ ਗੁਲਾਬ ਕੌਰ ਬੋਲ ਪਈ 'ਸਭ ਤੋਂ ਪਹਿਲੋਂ ਗਦਰ ਦੀ ਗੂੰਜ ਪੜ੍ਹ ਕੇ ਸਕੂਲ ਲਾਉਣਾ ਚਾਹੀਦੈ।'

'ਪੜ੍ਹ ਫੇਰ ! ਤੈਨੂੰ ਪੜ੍ਹਨ ਦਾ ਬੜਾ ਸ਼ੌਕ ਐ।' ਜਵਾਲਾ ਸਿੰਘ ਦੀ ਗੱਲ ਸੁਣ ਕੇ ਗੁਲਾਬ ਕੌਰ ਨੇ ਕਿਹਾ 'ਮੈਂ ਪੜ੍ਹੂੰ ! ਜ਼ਰੂਰ ਪੜ੍ਹੂੰ, ਵਿਚੋਂ ਕੋਈ ਨਾ ਬੋਲਿਓ। ਧਿਆਨ ਨਾਲ ਸੁਣਿਓਂ, ਇਕ ਭੈਣ ਦੀ ਅਰਜੋਈ ਐ ਆਪਣੇ ਪਿਆਰੇ ਵੀਰਾਂ ਵੱਲ।'

ਇਕ ਖਿਣ ਚੁੱਪ ਕਰਕੇ ਉਸ ਨੇ ਕਿਹਾ 'ਅਸਲ ਵਿਚ ਇਹ ਭਾਰਤ ਮਾਤਾ ਦੀ ਪੁਕਾਰ ਐ, ਸੁਣੋ ਧਿਆਨ ਨਾਲ।'

'ਮੇਰੀ ਅਰਜ਼ ਨੂੰ ਨਾਲ ਧਿਆਨ ਸੁਣਨਾ, ਮੇਰੇ ਸਿੱਖ ਹਿੰਦੂ ਮੁਸਲਮਾਨ ਵੀਰੋ।

ਪਾਜੀ ਗੋਰਿਆਂ ਨੇ ਮੈਨੂੰ ਤੰਗ ਕੀਤਾ, ਆਈ ਨੱਕ ਤੇ ਮੈਂਡੜੀ ਜਾਨ ਵੀਰੋ।

ਬੱਚੇ ਬੱਚੀਆਂ ਹਿੰਦ ਦੇ ਫਿਰਨ ਰੁਲਦੇ, ਢੋਈ ਮਿਲੇ ਨਾ ਵਿਚ ਜਹਾਨ ਵੀਰੋ।
ਭਾਰਤ ਬੱਚੀਆਂ ਜਿਹਲਾਂ ਦੇ ਵਿਚ ਤੜਫਨ, ਕੰਬ ਉੱਠਿਆ ਜ਼ਿਮੀ ਅਸਮਾਨ ਵੀਰੋ।
ਭਾਰਤ ਵਿਚ ਨਾ ਢੂੰਡਿਆਂ ਮਿਲੇ ਕੌਡੀ, ਮਾਲਾ ਮਾਲ ਹੋਇਆ ਇੰਗਲਸਤਾਨ ਵੀਰੋ।
ਕੁੱਤੇ ਖਾਣ ਫਰੰਗੀ ਦੇ ਪੇਟ ਭਰ ਕੇ, ਭੁੱਖੇ ਹਿੰਦ ਦੇ ਮਰਨ ਇਨਸਾਨ ਵੀਰੋ।
ਵਾਰਸ ਹਿੰਦ ਦੇ ਬਣੇ ਅੰਗਰੇਜ਼ ਜ਼ਾਲਮ, ਕੀਤੇ ਪਕੜ ਬੇਦਖਲ ਕਿਰਸਾਣ ਵੀਰੋ।
ਨਹਿਰਾਂ, ਖੂਹਾਂ, ਜ਼ਮੀਨਾਂ ਦੇ ਤੁਸੀਂ ਮਾਲਕ, ਕਾਹਦੇ ਵਾਸਤੇ ਭਰੋ ਲਗਾਣ ਵੀਰੋ।
ਕੁਲ ਤੋਪਖਾਨੇ ਜੰਗੀ ਪਲਟਨਾਂ ਜੋ, ਭਾੜੇ ਭੰਗ ਦੇ ਦੇਂਵਦੇ ਜਾਨ ਵੀਰੋ।
ਪੈਣ ਕਾਲ ਤੇ ਮੌਤ ਪਲੇਗ ਆਵੇ ਹੈਜ਼ਾ ਤਾਪ ਤੇ ਰੋਗ ਭੀ ਖਾਣ ਵੀਰੋ।
ਮੌਜ ਕੁੱਲ ਜਹਾਨ ਦੀ ਲੈਣ ਗੋਰੇ ਹਿੰਦੀ ਫੋਕੇ ਹੀ ਸੰਖ ਵਜਾਣ ਵੀਰੋ।'

ਕਰਮ ਸਿੰਘ ਦੇ ਮੂੰਹੋਂ ਅਚਾਨਕ ਨਿਕਲ ਗਿਆ ਬੀਬੀ ! ਕਹੋ ਫੋਕੇ ਹੀ ਸੰਖ ਵਜਾਣ ਵੀਰੋ ਤੇ ਫੋਕੇ ਜੈਕਾਰੇ ਲਗਾਣ ਵੀਰੋ।' ਕਰਮ ਸਿੰਘ ਦੀ ਗੱਲ ਸੁਣ ਕੇ ਕੁਝ ਹੱਸ ਪਏ। ਧਰਮ ਸਿੰਘ ਨੇ ਕਿਹਾ। 'ਕਰਮਾ ਗੱਭਰੂ ਹੁੰਦਾ ਕਵੀਸ਼ਰੀ ਕਰਦਾ ਰਿਹੈ। ਤੁਸੀਂ ਮੰਨੋ ਨਾ ਮੰਨੋ।' ਕਰਮ ਸਿੰਘ ਨੇ ਨੀਵੀਂ ਪਾਈ ਹੋਈ ਸੀ। ਗੁਲਾਬ ਕੌਰ ਨੇ ਕਿਹਾ 'ਕਰਮੇ ਨੇ ਬਿਲਕੁਲ ਠੀਕ ਜੋੜੀ ਐ ਕਵੀਸ਼ਰੀ। ਹੁਣ ਸੁਣੋ ਅੱਗੇ

'ਨਾਲ ਤਰਲਿਆਂ ਮੂਲ ਨਹੀਂ ਕੁਝ ਬਣਨਾ ਮੇਰਾ ਆਖਰੀ ਸੁਣੋ ਫੁਰਮਾਨ ਵੀਰੋ।
ਹਿੰਦੂ ਦੇਵਤੇ, ਸਿੰਘਾਂ ਗ੍ਰੰਥ ਵਾਲੀ, ਮੁਸਲਮਾਨਾਂ ਨੂੰ ਕਸਮ ਕੁਰਾਨ ਵੀਰੋ।
ਘਰੋਂ ਚੋਰ ਨੂੰ ਪਕੜ ਕੇ ਬਾਹਰ ਕੱਢੋ ਕਾਇਮ ਆਪਣਾ ਕਰੋ ਨਿਸ਼ਾਨ ਵੀਰੋ।
ਬਸਤੀ ਤੀਹ ਕਰੋੜ ਦਾ ਨਾਮ ਸੁਣਕੇ ਸਾਰੀ ਖਲਕ ਖੁਦਾ ਹੈਰਾਨ ਵੀਰੋ।
ਤੁਸੀਂ ਕਰੋ ਤਿਆਰੀਆਂ ਗਦਰ ਦੀਆਂ ਤੁਸਾਂ ਵੱਲ ਹੈ ਸਭ ਦਾ ਧਿਆਨ ਵੀਰੋ।
ਖਾਤਰ ਮੁਲਕ ਦੀ ਜਿਨ੍ਹਾਂ ਨੇ ਜਾਨ ਵਾਰੀ ਸਿਰ ਤੇ ਝੂਲਦੇ ਫਿਰਨ ਨਿਸ਼ਾਨ ਵੀਰੋ।
ਹਿੰਦ ਬਾਗ ਬਣਿਆ ਖਾਤਰ ਹਿੰਦੀਆਂ ਦੀ, ਕਿਉਂ ਨਾ ਹਿੰਦੀ ਬਣਨ ਬਾਗਬਾਨ ਵੀਰੋ।
ਤੁਸੀਂ ਆਪਣੀ ਫੌਜ ਤਿਆਰ ਕਰ ਲੈ, ਹਿੰਦੁਸਤਾਨੀਓ ਬਣੋ ਬਲਵਾਨ ਵੀਰੋ।
ਜੰਗ ਕਰਨ ਦੇ ਲਈ ਤਿਆਰ ਹੋ ਜੋ ਸਿੰਘੋ ਹਿੰਦੂਓ ਤੇ ਮੁਸਲਮਾਨ ਵੀਰੋ।
ਜੇ ਕਰ ਹਿੰਦ ਵਾਸੀ ਹੱਲਾ ਕਰਨ ਰਲਕੇ, ਗੋਰੇ ਛੱਡ ਜਾਵਣ ਹਿੰਦੁਸਤਾਨ ਵੀਰੋ।
ਟੁੱਟੇ ਜ਼ੋਰ ਫਰੰਗੀ ਦਾ ਜੱਗ ਉੱਤੋਂ ਬਾਦਸ਼ਾਹੀ ਦਾ ਮਿਟੇ ਨਿਸ਼ਾਨ ਵੀਰੋ।
ਦੇਸੋਂ ਕੱਢ ਫਰੰਗੀਆਂ ਬਾਂਦਰਾਂ ਨੂੰ, ਆਪ ਮੁਲਕ ਦੇ ਬਣੋ ਸੁਲਤਾਨ ਵੀਰੋ।'

ਬੀਬੀ ਇਕ ਵਾਰੀ ਹੋਰ ਕਹੋ ਦੇਸੋਂ ਕੱਢ ਫਰੰਗੀਆਂ ਬਾਂਦਰਾਂ ਨੂੰ।' ਹਾਫਿਜ਼ ਅਬਦੁਲਾ ਦੀ ਗੱਲ ਸੁਣ ਕੇ ਉਸ ਵੱਲ ਵੇਖ ਕੇ ਗੁਲਾਬ ਕੌਰ ਨੇ ਫਿਰ ਪੜ੍ਹਿਆ

'ਦੇਸੋਂ ਕੱਢ ਫ਼ਰੰਗੀਆਂ ਬਾਂਦਰਾਂ ਨੂੰ ਆਪ ਮੁਲਕ ਦੇ ਬਣੋ ਸੁਲਤਾਨ ਵੀਰੋ।
ਜੀਂਦੇ ਰਹੇ ਤਾਂ ਕਰਾਂਗੇ ਬਾਦਸ਼ਾਹੀ, ਮਰ ਗਏ ਤਾਂ ਜੱਸ ਜਹਾਨ ਵੀਰੋ।
ਭਾਰਤ ਵਰਸ਼ ਵਿਚ ਖ਼ੁਸ਼ੀ ਦੇ ਜਗਣ ਦੀਵੇ, ਦੀਵੇ ਗੁਲ ਹੋਵਣ ਇੰਗਲਸਤਾਨ ਵੀਰੋ।'

ਅੰਤਲੀ ਤੁੱਕ ਸੁਣ ਕੇ ਕਈ ਅਵਾਜ਼ਾਂ ਉੱਠੀਆਂ

'ਦੀਵੇ ਗੁਲ ਹੋਵਣ ਇੰਗਲਸਤਾਨ ਵੀਰੋ।'

'ਬੀਬੀ। ਸ਼ਾਬਾਸ਼ੇ। ਅੱਜ ਤਾਂ ਬੀਬੀ ਨੇ ਦਿਲ ਹਿਲਾ ਦਿੱਤੈ।' ਈਸ਼ਰ ਨੇ ਖ਼ੁਸ਼ ਹੋ ਕੇ ਕਿਹਾ।

ਸਭ ਪੰਡਤ ਜਗਤ ਰਾਮ ਵੱਲ ਵੇਖਣ ਲੱਗੇ। ਉਸ ਨੇ ਕਿਹਾ 'ਬੀਬੀ ਦੀ ਗਦਰ ਗੂੰਜ ਸੁਣ ਕੇ ਹੁਣ ਮੇਰੀਆਂ ਖੁਸ਼ਕ ਗੱਲਾਂ ਕੌਣ ਸੁਣੂੰ।'

'ਪੰਡਤਾ। ਤੂੰ ਆਪਣੀ ਕਰਨੀ ਐ। ਕਰ ਗਹਾਂ ਗੱਲ', ਈਸ਼ਰ ਫਿਰ ਬੋਲ ਪਿਆ।

ਪੰਡਤ ਜਗਤ ਰਾਮ ਜਵਾਲਾ ਸਿੰਘ, ਕੇਸਰ ਸਿੰਘ ਤੇ ਈਸਰ ਸਿੰਘ ਨੂੰ ਇਕੱਠਿਆਂ ਬੈਠਿਆਂ ਵੇਖ ਕੇ, ਉਨ੍ਹਾਂ ਵੱਲ ਤੱਕ ਕੇ ਕਿਹਾ 'ਬੜੇ ਭਾਊ, ਠਠੀਆਂ, ਠਠਗੜ੍ਹ ਤੇ ਵੇਈਂ ਪੋਈਂ ਵੱਲੋਂ ਮੇਰੀ ਡੂਟੀ ਲੱਗੀ ਐ ਕਿ ਮੈਂ ਰਾਜਸੀ ਆਜ਼ਾਦੀ, ਆਰਥਕ ਆਜ਼ਾਦੀ, ਜੀਹਨੂੰ ਅਸੀਂ ਮਾਲੀ ਆਜ਼ਾਦੀ ਕਹਿੰਦੇ ਆਂ ਤੇ ਸ਼ਖਸੀ ਆਜ਼ਾਦੀ ਬਾਰੇ ਆਪਣੇ ਖਿਆਲ ਦੱਸਾਂ।'

'ਪਹਿਲੋਂ ਆਪਣੀ ਗੱਲ ਕਰਾਂ। ਘਰੋਂ ਪੜ੍ਹਨ ਗਿਆ ਸਾਂ ਮਿਰਕਣ। ਉਥੇ ਜਾ ਕੇ ਗੁਲਾਮੀ ਤੇ ਆਜ਼ਾਦੀ ਦੇ ਫਰਕ ਦਾ ਪਤਾ ਲੱਗਾ। ਮਿਰਕਣ ਜਮਾਤੀ ਪੁੱਛਣ ਤੁਸੀਂ ਤੀਹ ਕਰੋੜ ਓ। ਥੋੜ੍ਹੇ ਜਿਹੇ ਅੰਗਰੇਜ਼ ਕਿਉਂ ਤੁਹਾਨੂੰ ਦਬਾਈ ਬੈਠੇ ਐ ? ਕੋਈ ਨਾ ਕੋਈ ਹਰ ਰੋਜ਼ ਪੁੱਛ ਲਵੇ। ਮੈਂ ਇਹ ਸੁਆਲ ਸੁਣ-ਸੁਣ ਕੇ ਤੰਗ ਆ ਗਿਆ। ਜਦੋਂ ਗਦਰ ਅਖਬਾਰ ਨਿਕਲਿਆ ਤਾਂ ਮੈਨੂੰ ਰਾਹ ਲੱਭ ਪਿਆ। ਮੈਂ ਪੜ੍ਹਾਈ ਛੱਡ ਕੇ ਗਦਰੀਆਂ ਵਿਚ ਭਰਤੀ ਹੋ ਗਿਆ।'

'ਆਪਣੇ ਦੇਸ਼ ਵਿਚ ਆਪਣੇ ਹੀ ਲੋਕਾਂ ਦੀ ਹਕੂਮਤ ਹੋਵੇ। ਹੋਵੇ ਪੰਚੈਤੀ ਰਾਜ। ਜਿਵੇਂ ਆਪਾਂ ਸਕੂਲ ਲਾਉਣ ਲੱਗਿਆਂ ਪੰਚੈਤ ਚੁਣ ਲੈਂਦੇ ਆਂ। ਹਰ ਬੰਦੇ ਨੂੰ ਇਕੋ ਜਿਹਾ ਹੱਕ ਹੋਵੇ। ਕੋਈ ਗਰੀਬ ਹੋਵੇ ਜਾਂ ਅਮੀਰ, ਔਰਤ ਹੋਵੇ ਜਾਂ ਮਰਦ, ਕਿਰਸਾਣ ਹੋਵੇ ਜਾਂ ਉਹਦੇ ਅੱਗੇ ਕੰਮ ਕਰਨ ਵਾਲਾ ਕਾਮਾ, ਉੱਚਾ ਹੋਵੇ ਜਾਂ ਨੀਵਾਂ, ਸਭ ਨੂੰ ਇਕੋ ਜਿਹਾ ਹੱਕ ਹੋਵੇ। ਬਗੈਰ ਕਿਸੇ ਭੇਦ ਭਾਵ ਦੇ ਹਰ ਇਕ ਦੀ ਵੋਟ ਹੋਵੇ। ਚੋਣਾਂ ਹੋਣ। ਜੋ ਵੋਟਾਂ ਬਹੁਤੀਆਂ ਲੈਣ, ਉਹ ਸਰਕਾਰ ਬਣਾਉਣ ਤੇ ਲੋਕਾਂ ਦੀ ਮਰਜ਼ੀ ਨਾਲ ਪੰਚੈਤੀ ਰਾਜ ਕੈਮ ਹੋਵੇ।'

'ਪੰਡਤ ਜੀ, ਮਜ਼ਹਬੀਆਂ ਦੀ ਵੋਟ ਹੋਊ ਕਿ ਨਹੀਂ ?'

'ਈਸ਼ਰ। ਮੈਂ ਪਹਿਲੋਂ ਕਹਿ ਦਿੱਤੈ ਕਿ ਊਚ ਨੀਚ ਕੋਈ ਨਾ ਹੋਵੇ। ਸਭ ਇਕੋ ਜਿਹੇ ਹੋਣ, ਸਭ ਦੀ ਇਕ ਵੋਟ ਹੋਵੇ।'

'ਪੰਡਤਾ। ਸੱਚੀ ਪੁੱਛੇਂ ਤਾਂ ਤੇਰੇ ਈ ਵੱਡੇ ਵਡੇਰਿਆਂ ਇਹ ਸਾਰੇ ਪੁਆੜੇ ਪਾਏ ਐ।'

'ਤੇ ਮੈਂ ਹੁਣ ਤੋੜਨ ਨੂੰ ਵੀ ਫਿਰਦਾਂ।' ਕਹਿ ਕੇ ਜਗਤ ਰਾਮ ਮੁਸਕ੍ਰਾਉਣ ਲੱਗ ਪਿਆ।

'ਜੀਉਂਦਾ ਰਹੋ ਪੰਡਤਾ। ਤੇਰੇ ਅਰਗੇ ਪੰਡਤ ਹੋਣ ਤਾਂ ਹੀ ਦੁਨੀਆ ਵੱਸੂ।'

ਜਗਤ ਰਾਮ ਨੇ ਨੀਵੀਂ ਪਾ ਕੇ ਆਪਣੀ ਗੱਲ ਸ਼ੁਰੂ ਕਰ ਲਈ ਪੰਚੈਤ ਰਾਜ ਦੀ ਹਕੂਮਤ ਦੀ ਆਪਣੀ ਫੌਜ ਤੇ ਪੁਲਸ ਹੋਵੇ। ਪੁਲਸ ਅੰਦਰ ਦਾ ਕੰਮ ਸੰਭਾਲਣ ਲਈ ਤੇ ਫੌਜ ਬਿਦੇਸ਼ੀ ਹਮਲੇ ਰੋਕਣ ਲਈ. ਸਾਰਾ ਖ਼ਜ਼ਾਨਾ ਹਕੂਮਤ ਦੇ ਵੱਸ ਹੋਵੇ। ਹੋਰ ਦੇਸ਼ਾਂ ਨਾਲ ਮੇਲ ਜੋਲ, ਵਪਾਰ ਲੈਣ ਦੇਣ ਸਭ ਪੰਚੈਤੀ ਰਾਜ ਪਾਸ ਹੋਵੇ।'

'ਰਾਜਸੀ ਪਾਰਟੀਆਂ ਬੰਨ੍ਹਣ ਦੀ ਖੁੱਲ੍ਹ ਹੋਵੇ। ਮਜ਼ਹਬਾਂ ਦੇ ਆਧਾਰ ਉੱਤੇ ਪਾਰਟੀਆਂ ਕੋਈ ਨਾ ਬੰਨ੍ਹੇ। ਸਭ ਰਾਜਸੀ ਪਾਰਟੀਆਂ ਖਿਆਲਾਂ ਦੇ ਆਧਾਰ ਉੱਤੇ ਬੱਝਣ। ਸਭ ਹਿੰਦੂ ਮੁਸਲਮ ਸਿੱਖ ਰਲ ਕੇ ਪਾਰਟੀਆਂ ਬੰਨ੍ਹਣ। ਮਜ਼ਹਬਾਂ ਤੇ ਧਰਮਾਂ ਦੇ ਕੰਮ ਵਿਚ ਰਾਜਸੀ ਪਾਰਟੀਆਂ ਦਖਲ ਨਾ ਦੇਣ। ਮਜ਼ਹਬ ਸਭ ਦਾ ਆਪੋ ਆਪਣਾ ਰੱਖਣ। ਮਜ਼ਹਬੀ ਝਗੜੇ ਨਾ ਹੋਣ ਦਿੱਤੇ ਜਾਣ।'

'ਜੇ ਗੌਰਮਿੰਟ ਆਪ ਝਗੜੇ ਕਰਾਵੇ ਤਾਂ ਫੇਰ ?' ਗੁਲਾਬ ਕੌਰ ਨੇ ਸੁਆਲ ਕੀਤਾ।

'ਬੀਬੀ। ਜੇ ਆਪਣੀ ਪੰਚੈਤੀ ਸਰਕਾਰ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਤੇ ਹੋਰ ਮਜ਼ਹਬਾਂ ਦੀ ਰਲ ਕੇ ਬਣਾਈ ਜਾਏ ਤਾਂ ਉਹ ਮਜ਼ਹਬੀ ਝਗੜੇ ਕਿਉਂ ਕਰਾਊ ?'

'ਮੈਂ ਤਾਂ ਕਹਿੰਦੀ ਆਂ ਕਿਉਂਕਿ ਫਰੰਗੀਆਂ ਦੇ ਆਉਣ ਤੋਂ ਪਹਿਲੋਂ ਵੀ ਹਿੰਦੂ-ਮੁਸਲਮ ਲੜਦੇ ਰਹੇ ਐ।'

ਜਵਾਲਾ ਸਿੰਘ ਦਾ ਹੱਥ ਖੜ੍ਹਾ ਵੇਖ ਕੇ ਜਗਤ ਰਾਮ ਚੁੱਪ ਰਿਹਾ। ਜਵਾਲਾ ਸਿੰਘ ਨੇ ਕਿਹਾ 'ਬੀਬੀ ਠੀਕ ਆਂਹਦੀ ਐ। ਫਰੰਗੀ ਦੇ ਔਣ ਤੋਂ ਪਹਿਲੋਂ ਵੀ ਹਿੰਦੂ ਮੁਸਲਮ ਜੰਗ ਹੋਏ ਐ। ਮੇਰੀ ਤਜਵੀਜ਼ ਐ ਕਿ ਇਸ ਸੁਆਲ ਉੱਤੇ ਬਹਿਸ ਕਰਨ ਲਈ ਇਕ ਦਿਨ ਉਚੇਚਾ ਸਕੂਲ ਲਾਇਆ ਜਾਏ। ਅੱਜ ਜਿਹੜੀ ਗੱਲ ਸ਼ੁਰੂ ਹੋਈ ਐ ਉਹਦੇ ਉੱਤੇ ਤੁਰੇ ਚਲੀਏ।'

ਜਗਤ ਰਾਮ ਨੇ ਫਿਰ ਗੱਲ ਤੋਰ ਲਈ 'ਆਓ। ਅਸੀਂ ਵੇਖੀਏ ਕਿ ਫਰੰਗੀਆਂ ਨੇ ਅਮੀਰਾਂ ਤੇ ਗਰੀਬਾਂ ਵਿਚ ਪਾੜਾ ਕਿਵੇਂ ਪਾਇਆ ਹੋਇਐ। ਸਿਰਫ ਚੋਦਾਂ ਬੰਦਿਆਂ ਨੂੰ ਸੌ ਪਿੱਛੇ ਵੋਟ ਦੇਣ ਦਾ ਹੱਕ ਐ। ਵੋਟ ਬੰਦੇ ਨੂੰ ਨਹੀਂ, ਜਦੈਤ ਨੂੰ ਦਿੱਤਾ ਹੋਇਐ। ਜੀਹਦੀ ਵੱਡੀ ਜਗੀਰ ਐ ਜਦੈਤ ਐ, ਉਹ ਵੋਟ ਦੇ ਸਕਦੈ। ਜਦੈਤਾਂ ਵਾਲੇ ਜਗੀਰਦਾਰ ਫਰੰਗੀਆਂ ਦੇ ਪਿੱਠੂ ਐ। ਗਰੀਬ ਕਿਰਸਾਣ

ਦੇ ਮਜ਼ਦੂਰ ਦੀ ਕੋਈ ਪੁੱਛ ਨਹੀਂ। ਫਰੰਗੀਆਂ ਨੇ ਸਾਡੇ ਸਿਰਾਂ ਉੱਤੇ ਹਿੰਦੂ, ਸਿੱਖ, ਮੁਸਲਮਾਨ, ਰਾਜੇ, ਮਹਾਰਾਜੇ, ਸੁਲਤਾਨ ਤੇ ਨਵਾਬ ਬਿਠਾਏ ਹੋਏ ਐ।'

ਨਵਾਬ ਨੇ ਹੱਥ ਖੜ੍ਹਾ ਕਰਕੇ ਕਿਹਾ 'ਮੈਂ ਨਹੀਂ ਉਹਨਾਂ ਵਿਚੋਂ।'

'ਉਹਨਾਂ ਉੱਤੇ ਸਰਕਾਰ ਆਪ ਐ ਫਰੰਗੀਆਂ ਦੀ। ਅਸੀਂ ਦੋਹਰੇ ਗੁਲਾਮ ਆਂ।'

'ਆਪਣੇ ਪਟਿਆਲੇ ਵਾਲੇ ਰਾਜੇ ਨੇ ਤਾਂ ਸੁਣਿਐ ਤਿੰਨ ਸੌ ਤੀਵੀਆਂ ਰੱਖੀਆਂ ਹੋਈਐਂ।' ਗੁਲਾਬ ਕੌਰ ਦੀ ਗੱਲ ਸੁਣ ਕੇ ਜਗਤ ਰਾਮ ਨੇ ਕਿਹਾ 'ਬਿਲਕੁਲ ਠੀਕ ਹੋਣੈ।'

ਕਰਮ ਸਿੰਘ ਨੇ ਸੱਜੀ ਕੂਹਣੀ ਧਰਮ ਸਿੰਘ ਨੂੰ ਤੇ ਖੱਬੀ ਈਸ਼ਰ ਨੂੰ ਮਾਰੀ। ਉਹਨਾਂ ਦੋਹਾਂ ਨੂੰ ਉਸ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਉਹ ਫੇਰ ਵੀ ਨਾ ਟਲਿਆ 'ਉਸ ਨੇ ਧਰਮ ਸਿੰਘ ਦੇ ਕੰਨ ਵਿਚ ਕਿਹਾ 'ਆਪਣੇ ਹਿੱਸੇ ਇਕ ਨੀ ਤੇ ਉਹ ਤਿੰਨ ਸੌ ਲਈ ਫਿਰਦੈ।' ਧਰਮ ਸਿੰਘ ਨੇ ਉਸ ਨੂੰ ਕੂਹਣੀ ਮਾਰ ਕੇ ਚੁੱਪ ਕਰਾਇਆ।

'ਰਾਜਸੀ ਆਜ਼ਾਦੀ ਹੋਵੇ ਤਾਂ ਹੀ ਮਾਲੀ ਆਜ਼ਾਦੀ ਤੇ ਸ਼ਖਸੀ ਆਜ਼ਾਦੀ ਦਾ ਮੁੱਢ ਬੱਝਦੈ। ਜੇ ਤੋਤੇ ਨੂੰ ਪਿੰਜਰੇ ਪਾਈ ਰੱਖੋ। ਬੌਲਦ ਨੂੰ ਕਿੱਲੇ ਬੰਨ੍ਹੀ ਰੱਖੋ ਤਾਂ ਜੋ ਉਸ ਨੂੰ ਦਿਓਗੇ ਖਾਏਗਾ। ਤੋਤੇ ਨੂੰ ਕੀ ਪਤਾ ਕਿ ਪਿੰਜਰਿਓਂ ਬਾਹਰ ਕਿਹੜੀ ਦੁਨੀਆਂ ਵੱਸਦੀ ਐ ਤੇ ਬੌਲਦ ਨੂੰ ਕੀ ਪਤੈ ਕਿ ਹਰੇ ਖੇਤ ਵੀ ਹੋਦੇ ਐ। ਇਸ ਲਈ ਪਹਿਲਾ ਕਦਮ ਐ ਰਾਜਸੀ ਆਜ਼ਾਦੀ। ਰਾਜਸੀ ਅਜ਼ਾਦੀ ਬਿਨਾਂ ਮਾਲੀ ਆਜ਼ਾਦੀ ਦੇ ਸੁਫਨੇ ਲੈਣੇ ਹਵਾਈ ਕਿਲ੍ਹੇ ਬਣਾਉਣ ਵਾਲੀ ਗੱਲ ਐ। ਜੇ ਖਜ਼ਾਨਾ ਫਰੰਗੀਆਂ ਪਾਸ ਐ ਤਾਂ ਸਾਰਾ ਵਪਾਰ, ਰੁਜ਼ਗਾਰ, ਸਨਅਤ ਸਭ ਕੁਝ ਉਹਨਾਂ ਦੇ ਵੱਸ ਐ। ਜੀਹਨੂੰ ਚਾਹੁਣ ਰੱਖਣ, ਜੀਹਨੂੰ ਚਾਹੁਣ ਕੱਢਣ। ਰੋਜ਼ੀ ਕਮੌਣ ਦੇ ਸਭ ਵਸੀਲੇ ਫਰੰਗੀਆਂ ਪਾਸ ਐ। ਜੀਵਨ ਦੀਆਂ ਲੋੜਾਂ ਲਈ ਅਸੀਂ ਸਭ ਫਰੰਗੀਆਂ ਦੇ ਗੁਲਾਮ ਆਂ। ਢਿੱਡ ਨੂੰ ਝੁਲਕਾ ਦੇਣ ਲਈ ਆਪਣੇ ਦੇਸ ਵਿਚ ਭੁੱਖੇ ਮਰਦੇ ਪਰਦੇਸਾਂ ਨੂੰ ਭੱਜ ਉਠਦੇ ਆਂ। ਫਰੰਗੀ ਆਏ ਐ ਸਾਡੇ ਉੱਤੇ ਹਕੂਮਤ ਕਰਨ ਲਈ। ਅਸੀਂ ਦੂਜੇ ਦੇਸਾਂ ਵਿਚ ਗੁਲਾਮੀ ਕਰਨ ਲਈ ਰੁਲਦੇ ਫਿਰਦੇ ਆਂ।'

'ਇਕ ਗੱਲ ਤੁਹਾਨੂੰ ਹੋਰ ਦੱਸਦਾਂ। ਇਹ ਨਾ ਸਮਝ ਲਿਓ ਕਿ ਇੰਗਲਸਤਾਨ ਦੇ ਸਭ ਫਰੰਗੀ ਅਮੀਰ ਐ। ਓਥੇ ਵੀ ਦੋ ਸੌ ਟੱਬਰ ਈ ਰਾਜ ਕਰਦੇ ਐ। ਬਾਕੀ ਸਾਰੀ ਲੁਕਾਈ ਗਰੀਬ ਐ। ਜਾਪਾਨ ਵਿਚ ਮਸਾਂ ਪੰਜ ਸੱਤ ਘਰਾਣੇ ਰਾਜ ਕਰਦੇ ਐ। ਸਭ ਕਾਰਖਾਨੇ ਉਹਨਾਂ ਦੇ ਐ। ਬਾਕੀ ਲੋਕ ਤਾਂ ਮਜ਼ਦੂਰੀਆਂ ਕਰਦੇ ਐ। ਫਰਾਂਸ ਵਿਚ ਵੀ ਸੌ ਕੁ ਘਰਾਣੇ ਰਾਜ ਕਰਦੇ ਐ। ਬਾਕੀ ਸਭ ਉਹਨਾਂ ਦੇ ਗੁਲਾਮ ਹੀ ਸਮਝੋ। ਉਹ ਲੋਕ ਰਾਜਸੀ ਤੌਰ ਤੇ ਤਾਂ ਆਜ਼ਾਦ ਹੋਣਗੇ ਪਰ ਮਾਲੀ ਤੌਰ ਤੇ ਆਪਣੇ ਲੋਕਾਂ ਦੇ ਹੀ ਗੁਲਾਮ ਐ। ਰਾਜਸੀ ਆਜ਼ਾਦੀ ਰੱਖਣ ਵਾਲੇ ਦੇਸਾਂ ਵਿਚ ਵੀ ਬਹੁ-ਗਿਣਤੀ ਮਾਲੀ ਤੌਰ ਤੇ ਥੋੜ੍ਹੇ ਜਿਹੇ ਸਰਮਾਏਦਾਰਾਂ ਦੀ ਗੁਲਾਮ ਐ। ਇਸ ਲਈ ਮਾਲੀ ਆਜ਼ਾਦੀ ਹੋਰ ਸਭ ਕਿਸਮ ਦੀਆਂ ਆਜ਼ਾਦੀਆਂ ਨਾਲੋਂ ਲਾਜ਼ਮੀ ਐ। ਪਰ ਇਹ ਯਾਦ ਰਖਣਾ ਚਾਹੀਦਾ ਐ ਕਿ ਰਾਜਸੀ ਆਜ਼ਾਦੀ ਬਿਨਾਂ ਮਾਲੀ ਆਜ਼ਾਦੀ ਲੰਗੜੀ ਰਹੇਗੀ। ਅਸਲ ਗੱਲ ਤਾਂ ਇਹ ਐ ਕਿ ਕਿਸੇ ਦੂਜੇ ਦੇਸ਼ ਨੂੰ ਰਾਜਸੀ ਤੌਰ ਤੇ ਇਸੇ ਲਈ ਗੁਲਾਮ ਬਣਾਇਆ ਜਾਂਦਾ ਐ ਤਾਂ ਕਿ ਉਸਨੂੰ ਮਾਲੀ ਤੌਰ ਤੇ ਗੁਲਾਮ ਰੱਖਿਆ ਜਾ ਸਕੇ। ਸਾਡੀ ਮਾਲੀ ਗੁਲਾਮੀ ਪੱਕੀ ਕਰਨ ਲਈ ਹੀ ਲੁਟੇਰੇ ਫਰੰਗੀਆਂ ਨੇ ਸਾਨੂੰ ਰਾਜਸੀ ਗੁਲਾਮ ਬਣਾਇਆ ਹੋਇਐ। ਮਾਲੀ ਆਜ਼ਾਦੀ ਤੋਂ ਬਿਨਾਂ ਲੋਕ ਸੁਖੀ ਨਹੀਂ ਹੋ ਸਕਦੇ। ਸਾਰੀ ਦੁਨੀਆਂ ਦੇ ਮਾਲੀ ਗੁਲਾਮ ਮਾਲੀ ਅਜ਼ਾਦੀ ਲਈ ਲੜ ਰਹੇ ਐ। ਸਾਡੀ ਆਜ਼ਾਦੀ ਦੀ ਜੰਗ ਦੁਨੀਆਂ ਦੀ ਇਸ ਜੰਗ ਦਾ ਇਕ ਹਿੱਸਾ ਹੈ।' ਜਗਤ ਰਾਮ ਨੇ ਕੁਝ ਰੁਕ ਕੇ ਪੁੱਛਿਆ 'ਕੀ ਕਿਸੇ ਗਦਰੀ ਨੇ ਕੋਈ ਸੁਆਲ ਪੁੱਛਣੈ ?'

ਹਾਫ਼ਜ਼ ਅਬਦੁਲਾ ਨੇ ਕਿਹਾ 'ਜਗਤ ਰਾਮਾ, ਸੁਆਲ ਤਾਂ ਬੜੇ ਐ ਪੁੱਛਣ ਵਾਲੇ। ਤੂੰ ਅੱਜ ਬੜੀਆਂ ਵੱਡੀਆਂ ਗੱਲਾਂ ਕੀਤੀ ਐਂ। ਮੈਂ ਤਾਂ ਸਮਝਿਆ ਸੀ ਕਿ ਇਹ ਅਲ੍ਹੜ ਜਿਹਾ ਪਾੜ੍ਹਾ ਕੀ ਪੜ੍ਹਾਊ ਸਾਨੂੰ ਪਰ ਤੂੰ ਤਾਂ ਮੇਰੇ ਕੰਨ ਖੋਲ੍ਹ ਦਿੱਤੇ ਐ। ਤੂੰ ਪਹਿਲੋਂ ਆਪਣੀ ਸਾਰੀ ਗੱਲ ਮੁਕਾਅ ਲੈ, ਤੂੰ ਅਜੇ ਸ਼ਖਸ਼ੀ ਆਜ਼ਾਦੀ ਦੀ ਗੱਲ ਕਰਨੀ ਐ। ਉਹ ਕਰ ਲੈ। ਸੁਆਲ ਜੁਆਬ ਫਿਰ ਸਹੀ।

ਜਗਤ ਰਾਮ ਨੇ ਆਪਣੇ ਗੋਡਿਆਂ ਉੱਤੇ ਰੱਖੇ ਕਾਗਜ਼ ਉਲੱਥਦਿਆਂ-ਪੁੱਲਥੱਦਿਆਂ ਆਪਣੀ ਗੱਲ ਤੋਰ ਲਈ ਗੁਲਾਮ ਮੁਲਕਾਂ ਵਿਚ ਰਹਿਣ ਵਾਲੇ ਨਾ ਆਜ਼ਾਦੀ ਦਾ ਮਤਲਬ ਸਮਝਦੇ ਐ ਤੇ ਨਾ ਹੀ ਆਜ਼ਾਦੀ ਦੀ ਕਦਰ ਜਾਣਦੇ ਐ। ਜਿਹੜਾ ਪੰਛੀ ਸਾਰੀ ਉਮਰ ਪਿੰਜਰੇ ਵਿਚ ਰਿਹਾ ਹੋਵੇ, ਉਸ ਨੂੰ ਆਜ਼ਾਦੀ ਦਾ ਕੀ ਪਤਾ। ਮਿਰਕਣ ਲੋਕਾਂ ਨੇ ਵੀ ਫਰੰਗੀਆਂ ਦੀ ਗੁਲਾਮੀ ਕੀਤੀ ਐ।

ਕੁਰਬਾਨੀਆਂ ਦੇ ਕੇ ਅਜ਼ਾਦ ਹੋਏ ਐ। ਉਹਨਾਂ ਨੂੰ ਆਜ਼ਾਦੀ ਦੀ ਕੀਮਤ ਦਾ ਪਤੈ। ਆਜ਼ਾਦੀ ਦੇ ਨਸ਼ੇ ਦਾ ਪਤੈ। ਉਹਨਾਂ ਨੂੰ ਗੁਲਾਮੀ ਤੇ ਆਜ਼ਾਦੀ ਦੇ ਫਰਕ ਦਾ ਪਤੈ।

ਕਈ ਭੁੱਲੜ ਲੋਕ ਸਮਝਦੇ ਐ ਕਿ ਹਰ ਇਕ ਨੂੰ ਮਨ ਆਈ ਕਰਨ ਦੀ ਖੁਲ੍ਹ ਹੋਣੀ ਚਾਹੀਦੀ ਐ। ਇਹ ਖਿਆਲ ਸਰਾਸਰ ਗਲਤ ਐ। ਕਿਸੇ ਆਜ਼ਾਦ ਮੁਲਕ ਵਿਚ ਹਰ ਇਕ ਆਦਮੀ ਹਰ ਕੰਮ ਵਿਚ ਮਨ ਆਈ ਨਹੀਂ ਕਰ ਸਕਦਾ। ਜੇਕਰ ਏਸ ਤਰ੍ਹਾਂ ਹੋਵੇ ਤਾਂ ਨਾ ਕੋਈ ਜਥੇਬੰਦੀ ਖੜ੍ਹੀ ਹੋ ਸਕਦੀ ਐ ਤੇ ਨਾ ਬਣੀ ਰਹਿ ਸਕਦੀ ਐ। ਜਥੇਬੰਦੀ ਬਿਨਾਂ ਤਾਕਤ ਨਹੀਂ ਬਣ ਸਕਦੀ। ਤਾਕਤ ਬਿਨਾਂ ਆਜ਼ਾਦੀ ਨਹੀਂ ਹਾਸਲ ਹੋ ਸਕਦੀ ਤੇ ਨਾ ਹੀ ਆਜ਼ਾਦੀ ਕੈਮ ਰੱਖੀ ਜਾ ਸਕਦੀ ਐ।'

ਜਿਸ ਦੇਸ ਦੇ ਲੋਕ ਕੱਲੇ-ਕੱਲੇ ਮਨ ਆਈ ਕਰਦੇ ਐ ਉਹ ਗੁਲਾਮ ਰਹਿੰਦੈ ਐ। ਜਿਸ ਦੇਸ ਦੇ ਲੋਕ ਆਪਣੀ ਜ਼ਾਤੀ ਆਜ਼ਾਦੀ ਦਾ ਕੁਝ ਹਿੱਸਾ ਕੁਰਬਾਨ ਕਰਕੇ ਜਥੇਬੰਦ ਹੋ ਸਕਦੇ ਐ ਉਹ ਆਜ਼ਾਦ ਵੀ ਹੋ ਸਕਦੇ ਐ ਤੇ ਆਜ਼ਾਦੀ ਕੈਮ ਵੀ ਰੱਖ ਸਕਦੇ ਐ, ਕੱਲਾ-ਕੱਲਾ ਆਦਮੀ ਆਪਣੇ-ਆਪਣੇ ਚਿੱਤ ਦੀ ਖ਼ੁਸ਼ੀ ਓਸੇ ਕੰਮ ਵਿਚ ਕਰ ਸਕਦੈ, ਜਿਸ ਕੰਮ ਦਾ ਹੋਰ ਕਿਸੇ ਨਾਲ ਵਾਸਤਾ ਨਾ ਹੋਵੇ। ਅੱਜਕੱਲ ਦੀ ਦੁਨੀਆਂ ਵਿਚ ਅਜਿਹੇ ਕੰਮ ਥੋੜ੍ਹੇ ਹੀ ਰਹਿ ਗਏ ਐ ਜਿਨ੍ਹਾਂ ਵਿਚ ਆਦਮੀ ਕੱਲਾ ਆਪਣੀ ਖ਼ੁਸ਼ੀ ਅਨੁਸਾਰ ਕਰ ਸਕਦੈ। ਬਹੁਤੇ ਕੰਮ ਅਜਿਹੇ ਐ ਜਿਨ੍ਹਾਂ ਨੂੰ ਕੱਲਾ ਕਰ ਹੀ ਨਹੀਂ ਸਕਦਾ। ਮਿਲਕੇ ਕਰਨ ਵਾਲੇ ਕੰਮ ਜਥੇਬੰਦੀ ਤੋਂ ਬਿਨਾਂ ਨਹੀਂ ਹੋ ਸਕਦੇ। ਹਰ ਇਕ ਦੇ ਮਨ ਆਈ ਕਰਨ ਨਾਲ ਜਥੇਬੰਦੀ ਨਹੀਂ ਹੋ ਸਕਦੀ।'

ਜਿਹੜੇ ਲੋਕ ਸ਼ਖ਼ਸੀ ਆਜ਼ਾਦੀ ਦੀ ਖਾਤਰ ਕੌਮੀ ਆਜ਼ਾਦੀ ਕੁਰਬਾਨ ਕਰ ਦੇਂਦੇ ਐ ਉਹ ਸ਼ਖਸੀ ਆਜ਼ਾਦੀ ਵੀ ਕੈਮ ਨਹੀਂ ਰੱਖ ਸਕਦੇ ਤੇ ਕੌਮੀ ਆਜ਼ਾਦੀ ਵੀ ਗੁਆ ਲੈਂਦੇ ਐ। ਜਿਨ੍ਹਾਂ ਦਿਨਾਂ ਵਿਚ ਕੱਲਾ-ਕੱਲਾ ਆਦਮੀ ਦੂਰ-ਦੂਰ ਜੰਗਲਾਂ ਵਿਚ ਰਹਿੰਦਾ ਸੀ, ਉਨ੍ਹਾਂ ਦਿਨਾਂ ਵਿਚ ਹਰ ਆਦਮੀ ਮਨ ਆਈ ਕਰ ਸਕਦਾ ਸੀ, ਓਦੋਂ ਇਕ ਆਦਮੀ ਦੇ ਕੰਮ ਦਾ ਦੂਜੇ ਦੇ ਕੰਮ ਉੱਤੇ ਕੋਈ ਵੱਡਾ ਅਸਰ ਨਹੀਂ ਸੀ ਪੈਂਦਾ। ਅੱਜ ਕੱਲ ਰੇਲਾਂ, ਤਾਰਾਂ, ਜਹਾਜ਼ਾਂ ਨੇ ਦੁਨੀਆਂ ਨੂੰ ਛੋਟਾ ਕਰ ਦਿੱਤੈ। ਇਕ ਦੂਜੇ ਦੇ ਨੇੜੇ ਕਰ ਦਿੱਤੈ ! ਅੱਜ ਬਹੁਤੇ ਕੰਮਾਂ ਵਿਚ ਮਨ ਆਈ ਨਹੀਂ ਕੀਤੀ ਜਾ ਸਕਦੀ।

'ਅੱਜ ਆਜ਼ਾਦ ਦੇਸਾਂ ਵਿਚ ਕਿਸੇ ਆਦਮੀ ਨੂੰ ਆਪਣੇ ਕੰਮ ਕਰਨ ਲਈ ਓਨਾ ਚਿਰ ਹੀ ਸ਼ਖਸੀ ਆਜ਼ਾਦੀ ਐ, ਜਿੰਨਾਂ ਚਿਰ ਓਸ ਦੀ ਸ਼ਖਸੀ ਆਜ਼ਾਦੀ ਕਿਸੇ ਹੋਰ ਦੀ ਸ਼ਖਸੀ ਆਜ਼ਾਦੀ ਵਿਚ ਕੋਈ ਅੜਿਕਾ ਨਹੀਂ ਪਾਉਂਦੀ। ਮਿਸਾਲ ਦੇ ਤੌਰ ਤੇ ਤੁਸੀਂ ਆਪਣੇ ਘਰ ਵਿਚ ਵੀ ਢੋਲ ਢਮਕੇ ਵਜਾ ਕੇ ਗੁਆਂਢੀਆਂ ਦੀ ਨੀਂਦ ਖ਼ਰਾਬ ਨਹੀਂ ਕਰ ਸਕਦੇ।'

'ਇਕ ਹੋਰ ਮਿਸਾਲ ਲੈ ਲਓ; ਮੈਂ ਆਪਣੀ ਸਮਝ ਅਨੁਸਾਰ ਗੱਲਾਂ ਕਰ ਰਿਹਾਂ। ਤੁਸੀਂ ਸੁਣ ਰਹੇ ਹੋ। ਜੇ ਅਸੀਂ ਸਾਰੇ ਇਕੋ ਵੇਲੇ ਕਾਵਾਂ ਰੌਲੀ ਪਾ ਦਈਏ ਤਾਂ ਕਿਸੇ ਦਾ ਕੀ ਸੌਰੂ। ਸਾਡੇ ਗੁਆਂਢੀ ਵੀ ਔਖੇ ਹੋ ਜਾਣਗੇ।'

ਜਗਤ ਰਾਮ ਆਪਣੇ ਕਾਗਜ਼ ਲਪੇਟ ਕੇ ਜ਼ਰਾ ਪਿੱਛੇੋ ਹਟਿਆ ਹੀ ਸੀ ਕਿ ਗੁਲਾਬ ਕੌਰ ਖੜ੍ਹੀ ਹੋ ਗਈ। ਸਭ ਦਾ ਧਿਆਨ ਉਸ ਵੱਲ ਚਲਾ ਗਿਆ। 'ਬੜੇ ਭਾਊ। ਮੈਂ ਤਾਂ ਕਹੂੰ ਕਿ ਜੱਗੇ ਲੁਹਾਰ ਨੂੰ ਕੱਲ ਵੀ ਗੱਲਾਂ ਕਰਨ ਦਿਓ। ਬੜੀ ਸਮਝ ਪੈਂਦੀ ਐ।' ਗੁਲਾਬ ਕੌਰ ਦੀ ਗੱਲ ਸੁਣ ਕੇ ਈਸ਼ਰ ਨੇ ਉੱਚੀ ਸਾਰੀ ਕਿਹਾ 'ਬੀਬੀ ਗੁਲਾਬੋ ਠੀਕ ਆਂਹਦੀ ਐ।'

ਸ਼ੇਰ ਸਿੰਘ ਨੇ ਕਿਹਾ 'ਜਿਵੇਂ ਤੁਸੀਂ ਚਾਹੋ ਓਵੇਂ ਹੋਊ।'

# 14

ਗੁਲਾਬ ਕੌਰ ਹਰ ਰੋਜ਼ ਤੜਕੇ ਉੱਠ ਕੇ ਜਹਾਜ਼ ਦੀ ਡੈੱਕ ਉੱਤੇ ਟਹਿਲਦੀ ਰਹਿੰਦੀ ਸੀ। ਅੱਜ ਉਹ ਤੜਕੇ ਜਾਗ ਕੇ ਚੌਕੜੀ ਮਾਰ ਕੇ ਨਿਕਲਦੇ ਸੂਰਜ ਵੱਲ ਪਿੱਠ ਕਰਕੇ ਬੈਠੀ ਪਾਠ ਕਰ ਰਹੀ ਸੀ। ਅਰਦਾਸ ਕਰਨ ਪਿੱਛੋਂ ਉਹ ਨਿਤ ਦੀ ਤਰ੍ਹਾਂ ਟਹਿਲਣ ਲੱਗ ਪਈ, ਸੂਰਜ ਚੰਗਾ ਨਿਕਲ ਆਇਆ ਸੀ। ਕਦੇ ਨੀਲੇ ਆਸਮਾਨ ਵਿਚ ਪੰਛੀਆਂ ਨੂੰ ਉਡਦਿਆਂ ਵੇਖਦੀ। ਕਦੇ ਉਸ ਦਾ ਧਿਆਨ ਜਹਾਜ਼ ਨਾਲ ਟਕਰਾ ਰਹੀਆਂ ਨਿੱਕੀਆਂ-ਨਿੱਕੀਆਂ ਛੱਲਾਂ ਵੱਲ ਚਲਾ ਜਾਂਦਾ। ਉਹ ਟਹਿਲਦੀ-ਟਹਿਲਦੀ ਜਹਾਜ਼ ਦੇ ਦੂਜੇ ਪਾਸੇ ਜਾ ਖਲੋਤੀ। ਉਹ ਵਹਿੰਗੀਆਂ ਚੁਕ ਕੇ ਏਧਰ ਓਧਰ ਜਾ ਰਹੀਆਂ ਬਰਮੀ ਔਰਤਾਂ ਵੱਲ ਵੇਖਣ ਲੱਗ ਪਈ। ਵਹਿੰਗੀਆਂ ਵਾਲੀਆਂ ਕਈ ਔਰਤਾਂ ਇਕ-ਇਕ ਕਰਕੇ ਪਾਲ ਬੰਨ੍ਹ ਕੇ ਬੈਠਣ ਲੱਗ ਪਈਆਂ। ਉਹ ਸਬਜ਼ੀਆਂ, ਫਲ ਤੇ ਖਾਣ ਵਾਲਾ ਹੋਰ ਨਿਕਸੁਕ ਵੇਚਣ ਲਈ ਆ ਬੈਠੀਆਂ ਸਨ। ਜਹਾਜ਼ ਦੇ ਮੁਸਾਫ਼ਰਾਂ ਦੀ ਉਡੀਕ ਵਿਚ ਆਪਸ ਵਿਚ ਗੱਲਾਂ ਬਾਤਾਂ ਕਰ ਰਹੀਆਂ ਸਨ।

ਗੁਲਾਬ ਕੌਰ ਸੋਚ ਰਹੀ ਸੀ ਕਿ ਸਾਡੇ ਆਪਣੇ ਦੇਸ਼ ਵਿਚ ਤੀਵੀਆਂ ਘਰਾਂ ਦੇ ਕੰਮ ਤੋਂ ਹੀ ਵਿਹਲੀਆਂ ਨਹੀਂ ਹੁੰਦੀਆਂ। ਜਾਂ ਫਿਰ ਹਲ ਵਾਹਕਾਂ ਨੂੰ ਰੋਟੀ ਭੱਤਾ ਦੇਣ ਗਈਆਂ ਉਨ੍ਹਾਂ ਨਾਲ ਮਾੜਾ ਮੋਟਾ ਹੱਥ ਵਟਾ ਲੈਂਦੀਆਂ ਹਨ। ਆਪਣੇ ਦੇਸ਼ ਦੀਆਂ ਔਰਤਾਂ ਬਜ਼ਾਰਾਂ ਵਿਚ ਛਾਬੜੀਆਂ ਨਹੀਂ ਲਾਉਂਦੀਆਂ। ਇਹ ਸਭ ਔਰਤਾਂ ਹੀ ਔਰਤਾਂ ਦਿਸਦੀਆਂ ਹਨ। ਉਹ ਸੋਚ ਰਹੀ ਸੀ ਕਿ ਬਰਮੇ ਮਖੱਟੂ ਜਾਂ ਆਲਸੀ ਹੋਣਗੇ। ਉਸ ਨੂੰ ਯਾਦ ਆ ਗਿਆ ਕਿ ਮਲਾਯਾ ਵਿਚ ਵੀ ਤਾਂ ਮਲਾਈ ਔਰਤਾਂ ਹੀ ਸਭ ਕੰਮ ਕਰਦੀਆਂ ਹਨ। ਘੜੀ ਮੁੜੀ ਉਹ ਇਹ ਸੋਚਦੀ ਕਿ ਮਲਾਯਾ ਤੇ ਬਰਮਾ ਵਿਚ ਸਭ ਰਿਕਸ਼ਾ ਵਾਹਕ ਚੀਨੇ ਹਨ, ਮਲਾਈ ਤੇ ਬਰਮੇ ਰਿਕਸ਼ੇ ਕਿਉਂ ਨਹੀਂ ਵਾਹੁੰਦੇ। ਉਸ ਨੂੰ ਚੀਨਿਆਂ ਉੱਤੇ ਤਰਸ ਪਰ ਬਰਮਿਆਂ ਤੇ ਮਲਾਈਆਂ ਉੱਤੇ ਗੁੱਸਾ ਆਉਂਦਾ। ਉਹ ਸੋਚਦੀ ਕਿ ਜਿਵੇਂ ਅਸੀਂ ਦੂਜੇ ਦੇਸਾਂ ਵਿਚ ਮਜ਼ਦੂਰੀਆਂ ਕਰਨ ਲਈ ਦੇਸ ਛੱਡਦੇ ਹਾਂ, ਏਸੇ ਤਰ੍ਹਾਂ ਚੀਨੇ ਵੀ ਮਜਬੂਰ ਹੋ ਚੀਨ ਛੱਡਦੇ ਹੋਣਗੇ।

ਉਹ ਜਗਤ ਰਾਮ ਦੀਆਂ ਗੱਲਾਂ ਯਾਦ ਕਰ ਰਹੀ ਸੀ ਕਿ ਜਿਨ੍ਹਾਂ ਦੀ ਮਾਲੀ ਹਾਲਤ ਚੰਗੀ ਨਹੀਂ ਹੁੰਦੀ, ਉਹ ਪਰਦੇਸਾਂ ਵੱਲ ਮੂੰਹ ਕਰ ਲੈਂਦੇ ਹਨ। ਉਹ ਸੋਚ ਰਹੀ ਸੀ ਕਿ ਸਾਡਾ ਦੇਸ ਗੁਲਾਮ ਹੈ। ਚੀਨ ਤਾਂ ਆਜ਼ਾਦ ਹੈ। ਫੇਰ ਇਹ ਚੀਨ ਨੇ ਦੂਜੇ ਦੇਸਾਂ ਵਿਚ ਕਿਉਂ ਰੁਲਦੇ ਫਿਰਦੇ ਹਨ। ਉਹ ਸੋਚ ਰਹੀ ਸੀ ਕਿ ਇਸ ਦਾ ਕਾਰਨ ਉਹ ਪਾੜ੍ਹੇ ਜਗਤ ਰਾਮ ਤੋਂ ਪੁੱਛੇਗੀ।

ਏਨੇ ਨੂੰ ਉਸ ਨੇ ਜੀਵਨ ਸਿੰਘ ਤੇ ਅਮਰ ਸਿੰਘ ਨੂੰ ਦੂਜੇ ਸਿਰੇ ਜਹਾਜ਼ ਦੀ ਬਾਹੀ ਨਾਲ ਢੋਅ ਲਾ ਕੇ ਚਾਹ ਪੀਂਦਿਆਂ ਵੇਖਿਆ। ਉਹ ਸੋਚ ਰਹੀ ਸੀ ਕਿ ਜੇ ਮਾਨ ਸਿੰਘ ਉਸਦੇ ਨਾਲ ਆਇਆ ਹੁੰਦਾ ਤਾਂ ਹੋਰ ਗੱਲ ਸੀ। ਗਦਰੀ ਨਾ ਬਣਦਾ, ਘਰ ਜਾ ਕੇ ਹੀ ਬਹਿ ਜਾਂਦਾ। ਆਪਣੇ ਖੇਤ ਸਾਂਭ ਲੈਂਦਾ। ਇਹ ਗੱਲ ਤਾਂ ਬਣੀ ਰਹਿੰਦੀ ਕਿ ਮੇਰਾ ਪਤੀ ਮੇਰੇ ਨਾਲ ਹੈ। ਹੁਣ ਉਹ ਕੀ ਕਰੇ। ਮੈਂ ਉਹਨੂੰ ਫੇਰ ਵੀ ਛੱਡ ਦੇਣਾ ਸੀ। ਉਹ ਬੁਜ਼ਦਿਲ ਹੈ, ਡਰਾਕਲ ਹੈ, ਮੈਂ ਗਦਰ ਕਰਨ ਜਾਣਾ ਹੈ। ਇਕ ਗੱਲ ਤਾਂ ਬਣੀ ਰਹਿੰਦੀ ਕਿ ਮੇਰੇ ਘਰ ਵਾਲਾ ਹੈ। ਉਹ ਇਸ ਗੱਲ ਬਾਰੇ ਹਰ ਰੋਜ਼ ਸੋਚਦੀ, ਹੁਣ ਕੀ ਕਰਾਂ। ਪੇਕੇ ਘਰ ਮੈਂ ਜਾ ਨਹੀਂ ਸਕਦੀ। ਨਾ ਹੀ ਸਹੁਰੇ ਘਰ ਜਾਣਾ ਹੈ। ਫੇਰ ਵੀ ਜਦ ਪੁਲਸ ਨੂੰ ਪਤਾ ਲੱਗ ਗਿਆ ਤਾਂ ਉਹ ਮੇਰੇ ਪੇਕਿਆਂ ਤੇ ਸਹੁਰਿਆਂ ਸਭ ਨੂੰ ਧੱਸੀ ਫਿਰਨਗੇ।

ਇਕ ਦਮ ਉਸ ਦੇ ਮਨ ਵਿਚ ਇਹ ਫੁਰਨਾ ਫੁਰਿਆ ਕਿ ਉਹ ਜੀਵਨ ਜਾਂ ਅਮਰ ਸਿੰਘ ਨੂੰ ਆਪਣਾ ਝੂਠਾ ਮੂਠਾ ਪਤੀ ਕਿਉਂ ਨਾ ਬਣਾ ਲਵੇ। ਫੇਰ ਉਹ ਡਰ ਖਲੋਤੀ ਕਿ ਲੋਕੀ ਕੀ ਗੱਲਾਂ ਕਰਨਗੇ। ਨਾਲ ਹੀ ਉਸ ਨੇ ਇਹ ਗੱਲ ਵੀ ਪੱਕੀ ਕਰ ਲਈ ਕਿ ਉਸ ਨੇ ਪਤੀ-ਬ੍ਰਤਾ ਰਹਿਣਾ ਹੈ। ਭਾਵੇਂ ਉਸ ਨੇ ਆਪਣੇ ਪਤੀ ਨੂੰ ਛੱਡ ਹੀ ਦਿੱਤਾ ਹੈ। ਉਹ ਇਸ ਸ਼ਸ਼ੋਪੰਜ ਵਿਚ ਪਈ ਹੋਈ ਸੀ ਕਿ ਇਹ ਦੋਵੇਂ ਗੱਲਾਂ ਕਿਵੇਂ ਨਿਭਣਗੀਆਂ। ਇਕ ਨੂੰ ਮੈਂ ਪਤੀ ਬਣਾਵਾਂ ਤੇ ਫੇਰ ਉਸ ਨਾਲ ਪਤੀ ਵਾਲਾ ਵਰਤਾ ਨਾ ਕਰਾਂ। ਪਤੀ ਬਣਾਕੇ ਮੈਂ ਉਸ ਨੂੰ ਵੀਰ ਕਹਿ ਕੇ ਕਿਵੇਂ ਬੁਲਾਵਾਂਗੀ, ਇਹ ਗੱਲਾਂ ਅਣਹੋਣੀਆਂ ਹੀ ਹੋਣਗੀਆਂ।

ਅਚਾਨਕ ਇਕ ਕਬੂਤਰ ਤੇ ਕਬੂਤਰੀ ਆਪਸ ਵਿਚ ਚੋਹਲ ਮੋਹਲ ਕਰਦੇ ਉਸ ਦੇ ਸਾਹਮਣੇ ਡੈੱਕ ਉੱਤੇ ਆ ਡਿੱਗੇ। ਕਬੂਤਰੀ ਅੱਗੇ-ਅੱਗੇ ਤੇ ਕਬੂਤਰ ਉਸ ਦੇ ਪਿੱਛੇ-ਪਿੱਛੇ ਗਲਾ ਫੈਲਾ ਕੇ ਘੂੰ-ਘੂੰ ਕਰਦਾ ਜਾ ਰਿਹਾ ਸੀ। ਗੁਲਾਬ ਕੌਰ ਦਾ ਦਿਲ ਧੜਕਣ ਲੱਗ ਪਿਆ। ਉਹ ਦਿਲ ਉੱਤੇ ਸੱਜਾ ਹੱਥ ਰੱਖ ਕੇ, ਇਕ ਦਮ ਦਿਲ ਦੀ ਵੱਧ ਗਈ ਧੜਕਣ ਦੀ ਟੋਹ ਲੈ ਰਹੀ ਸੀ। ਉਹ ਮਨ ਹੀ ਮਨ ਵਿਚ ਮਾਨ ਸਿੰਘ ਨੂੰ ਕੋਸਣ ਲੱਗ ਪਈ। ਉਸ ਨੇ ਇਨ੍ਹਾਂ ਸੋਚਾਂ ਤੋਂ ਛੁਟਕਾਰਾ ਪਾਉਣ ਲਈ ਉਧਰ ਤੁਰਨਾ ਸ਼ੁਰੂ ਕਰ

ਦਿੱਤਾ, ਜਿੱਥੇ ਈਸ਼ਰ ਚਾਹ ਵਰਤਾ ਰਿਹਾ ਸੀ ਤੇ ਕਰਮ ਸਿੰਘ ਤੇ ਧਰਮ ਸਿੰਘ ਦੋਵੇਂ ਉਸ ਦੇ ਕੋਲ ਬੈਠੇ ਗਰਮ-ਗਰਮ ਚਾਹ ਦੇ ਸੁੜਕੇ ਭਰ ਰਹੇ ਸਨ।

ਉਹ ਚਾਹ ਦਾ ਭਰਿਆ ਮੱਘ ਲੈ ਕੇ ਅਮਰ ਸਿੰਘ ਤੇ ਜੀਵਨ ਸਿੰਘ ਵੱਲ ਤੁਰੀ ਹੀ ਸੀ ਕਿ ਉਸ ਨੇ ਆਪਣਾ ਰੁਖ ਮੋੜ ਲਿਆ। ਉਹ ਨਿੱਕੇ-ਨਿੱਕੇ ਕਦਮੀਂ ਤੁਰਦੀ ਨਿੱਕੇ-ਨਿੱਕੇ ਘੁਟ ਭਰਦੀ ਆਪਣੀ ਪਹਿਲੀ ਥਾਂ ਉੱਤੇ ਜਾ ਖਲੋਤੀ। ਭਾਈ ਤਾਰੂ ਸਿੰਘ ਉਸ ਦੇ ਸਾਹਮਣੇ ਆ ਖਲੋਤਾ। ਉਹ ਉਸ ਦੀਆਂ ਕਹੀਆਂ ਗੱਲਾਂ ਯਾਦ ਕਰਨ ਲੱਗ ਪਈ 'ਬੀਬੀ। ਤੇਰੇ ਅੰਦਰ ਮਾਈ ਭਾਗੋ ਦੀ ਆਤਮਾ ਜਾਗ ਉੱਠੀ ਹੈ। ਤਿਲਕੀਂ ਨਾ। ਤੂੰ ਪੰਥ ਦੀ ਬੱਚੀਂ ਹੈਂ। ਪੰਥ ਦੀ ਲਾਜ ਰੱਖੀਂ।' ਇਹ ਸੋਚਦਿਆਂ-ਸੋਚਦਿਆਂ ਉਸ ਨੇ ਪੱਕੇ ਪੈਰੀਂ ਖਲੋਣ ਲਈ ਕਈ ਵਾਰੀ ਪੈਰ ਬਦਲੇ। ਜੀਵਨ ਸਿੰਘ ਜਾਂ ਅਮਰ ਸਿੰਘ ਨਾਲ ਪਤੀ ਪਤਨੀ ਦਾ ਸਾਂਗ ਰਚਾਉਣ ਦਾ ਖਿਆਲ ਛੱਡ ਦੇਣ ਦੀ ਸੋਚਣ ਲੱਗ ਪਈ। ਉਹ ਚਾਹ ਪੀ ਚੁੱਕੀ ਸੀ। ਖਾਲੀ ਮੱਘ ਫੜ ਕੇ ਕਿੰਨੀ ਦੇਰ ਉੱਥੇ ਹੀ ਖਲੋਤੀ ਰਹੀ।

ਸ਼ੇਰ ਸਿੰਘ ਚਾਹ ਪੀ ਕੇ ਦੂਜੀ ਵਾਰ ਚਾਹ ਲੈਣ ਜਾ ਰਿਹਾ ਸੀ। ਉਸ ਦਾ ਮਨ ਕੀਤਾ ਕਿ ਉਹ ਵੀ ਇਕ ਵਾਰੀ ਹੋਰ ਚਾਹ ਲੈ ਆਵੇ ਪਰ ਜਹਾਜ਼ ਦੀ ਬਾਹੀ ਨਾਲ ਲਗ ਕੇ ਖਾਲੀ-ਖਾਲੀ ਨਜ਼ਰਾਂ ਨਾਲ ਏਧਰ ਓਧਰ ਝਾਕਦੀ ਰਹੀ। ਸ਼ੇਰ ਸਿੰਘ ਨੇ ਮੱਘ ਭਰਵਾ ਕੇ ਉਸ ਦੇ ਕੋਲੋਂ ਲੰਘਦਿਆਂ ਪੁੱਛਿਆ 'ਕੀ ਸੋਚੀ ਜਾਂਦੀ ਐਂ ਬੀਬੀ। ਹਰ ਵੇਲੇ ਸੋਚਾਂ ਵਿਚ ਨਾ ਪਈ ਰਿਹਾ ਕਰ। ਅੱਗੇ ਦੀ ਸੋਚ। ਭੁੱਲ ਜਾਹ ਪਿੱਛਾ।' ਸ਼ੇਰ ਸਿੰਘ ਦੀ ਗੱਲ ਸੁਣ ਕੇ ਉਹ ਤ੍ਰੱਬਕ ਉੱਠੀ। ਜਿਵੇਂ ਸੁੱਤੀ ਜਾਗ ਪਈ ਹੋਵੇ। ਕਿੰਨੀ ਦੇਰ ਤੁਰੇ ਜਾਂਦੇ ਸ਼ੇਰ ਸਿੰਘ ਦੀ ਪਿੱਠ ਵੱਲ ਵੇਖਦੀ ਰਹੀ। ਉਹ ਉੱਥੇ ਜਾ ਖਲੋਤਾ ਜਿੱਥੇ ਕੇਸਰ ਸਿੰਘ, ਜਵਾਲਾ ਸਿੰਘ, ਰਹਿਮਤ ਅਲੀ, ਹਾਫਜ਼ ਅਬਦੁਲਾ, ਨਵਾਬ ਖਾਨ ਤੇ ਹੋਰ ਕਈ ਗਦਰੀ ਬੈਠੇ ਚਾਹ ਪੀਂਦੇ ਗੱਲੀਂ ਲੱਗੇ ਹੋਏ ਸਨ। ਸ਼ੇਰ ਸਿੰਘ ਨੇ ਖਲੋਤਿਆ-ਖਲੋਤਿਆਂ ਚਾਹ ਦਾ ਘੁੱਟ ਭਰ ਕੇ ਕਿਹਾ 'ਅਸੀਂ ਸੈਂਕੜੇ ਭਰਾ ਤੇ ਸਾਡੀ ਇਕੋ ਭੈਣ, ਗੁਲਾਬੋ ! ਵਿਚਾਰੀ ਜਦ ਵੇਖੋ ਸੋਚਾਂ ਵਿਚ ਡੁੱਬੀ ਹੁੰਦੀ ਐ।'

'ਭਾਊ ! ਤੂੰ ਆਪਣੇ ਆਪ ਨੂੰ ਉਹਦੀ ਥਾਂ ਰੱਖ ਕੇ ਵੇਖ, ਫੇਰ ਤੈਨੂੰ ਸਮਝ ਆਊ।' ਬਾਬੂ ਸੁਰਜਨ ਸਿੰਘ ਦੀ ਗੱਲ ਸੁਣ ਕੇ ਸ਼ੇਰ ਸਿੰਘ ਨੇ ਜਵਾਬ ਦਿੱਤਾ 'ਮੈਂ ਸਮਝਦਾਂ, ਮੈਂ ਸਮਝਦਾਂ। ਤੁਸੀਂ ਸਾਰੇ ਦੱਸੋ...।' ਉਸ ਦੀ ਗੱਲ ਵਿਚੋਂ ਹੀ ਟੁੱਕ ਕੇ ਨਵਾਬ ਨੇ ਕਿਹਾ 'ਬੀਬੀ ਔਰਤ ਨਹੀਂ, ਮਰਦ ਐ, ਮੇਰੀ ਗੱਲ ਯਾਦ ਰੱਖਿਓ।'

ਗੁਲਾਬ ਕੌਰ ਆਪਣੀ ਥਾਂ ਤੋਂ ਹਿਲ ਕੇ ਉਹਨਾਂ ਦੇ ਨੇੜੇ ਆ ਖਲੋਤੀ ਸੀ ਪਰ ਅੱਜੇ ਵੀ ਉਹਨਾਂ ਤੋਂ ਵੀਹ ਕੁ ਕਦਮ ਦੂਰ ਹੋਵੇਗੀ। ਉਸ ਦਾ ਧਿਆਨ ਬੈਠੇ ਗਦਰੀਆਂ ਵੱਲ ਉੱਕਾ ਨਹੀਂ ਸੀ ਗਿਆ। ਉਹ ਸੋਚ ਰਹੀ ਸੀ, ਜੇ ਝਾਂਸੀ ਵਾਲੀ ਰਾਣੀ ਰਾਜ ਭਾਗ ਛੱਡ ਕੇ ਫਰੰਗੀਆਂ ਨਾਲ ਲੜ ਕੇ ਸ਼ਹੀਦ ਹੋ ਸਕਦੀ ਐ ਤਾਂ ਫੇਰ ਉਹ ਵੀ ਕੱਲੀ ਤੀਵੀਂ ਹੋਈ ਐਂ ਹਜ਼ਾਰਾਂ ਮਰਦਾਂ ਵਿਚ।' ਇਹ ਸੋਚ ਕੇ ਉਹ ਪੱਕੇ ਕਦਮੀਂ ਗਦਰੀਆਂ ਵੱਲ ਤੁਰ ਪਈ। ਉਸ ਨੂੰ ਨੇੜੇ ਢੁਕਦਿਆਂ ਵੇਖ ਕੇ ਸਭ ਗਦਰੀ ਚੁੱਪ ਹੋ ਗਏ। ਉਸ ਨੇ ਪੁੱਛਿਆ 'ਮੇਰੇ ਆਉਣ ਤੇ ਤੁਸੀਂ ਚੁੱਪ ਗੜੁਪ ਕਿਉਂ ਹੋ ਗਏ ਓ ?'

'ਬੀਬੀ ! ਅਸੀਂ ਤੈਥੋਂ ਡਰਦੇ ਜੁ ਹੋਏ।' ਕਹਿ ਕੇ ਜਵਾਲਾ ਸਿੰਘ ਹੱਸ ਪਿਆ।

ਅੱਜ ਖਾਣਾ ਉਹ ਖਾਈਏ, ਜਿਹੜਾ ਬੀਬੀ ਨੂੰ ਪਸੰਦ ਹੋਵੇ।' ਜੀਵਨ ਸਿੰਘ ਦੀ ਗੱਲ ਸੁਣਕੇ ਗੁਲਾਬ ਕੌਰ ਨੇ ਕਿਹਾ 'ਇਹਨਾਂ ਬਰਮਿਆਂ ਚੀਨਿਆਂ ਦੇ ਖਾਣੇ ਦਾ ਮੈਨੂੰ ਕੀ ਪਤਾ।'

'ਜੇ ਕੋਈ ਨਵਾਂ ਖਾਣਾ ਖਾਵਾਂਗੇ ਤਾਂ ਹੀ ਪਤਾ ਲੱਗੂ ਕਿ ਕਿਹੋ ਜਿਹਾ ਐ। ਬਿਨਾ ਗੁੜ ਖਾਏ ਕਿਵੇਂ ਪਤਾ ਲੱਗੂ ਕਿ ਗੁੜ ਮਿੱਠਾ ਹੋਂਦੈ।

ਜੀਵਨ ਸਿੰਘ ਨੇ ਕਿਹਾ 'ਅਮਰ ਸਿਹਾਂ। ਤੇਰੀ ਗੱਲ ਠੀਕ ਐ। ਚੀਨੀ ਖਾਣਾ ਤਾਂ ਕਈ ਵਾਰੀ ਖਾਧੈ। ਅੱਜ ਬਰਮੀ ਖਾਣਾ ਖਾ ਕੇ ਵੇਖੀਏ।'

ਉਹ ਤਿੰਨੇ ਬਜ਼ਾਰ ਵਿਚ ਘੁੰਮਦੇ-ਘੁੰਮਦੇ ਚੰਗਾ ਬਰਮੀ ਰੈਸਟੋਰੈਂਟ ਲੱਭਦੇ-ਲੱਭਦੇ ਇਕ ਰੈਸਟੋਰੈਂਟ ਅੱਗੇ ਜਾ ਖਲੋਤੇ। ਉਨ੍ਹਾਂ ਦਾ ਖਿਆਲ ਸੀ ਕਿ ਜੇ ਕੋਈ ਹਿੰਦੁਸਤਾਨੀ ਮਿਲ ਜਾਏ ਤਾਂ ਉਸ ਤੋਂ ਚੰਗੇ ਰੈਸਟੋਰੈਂਟ ਬਾਰੇ ਪੁੱਛ ਲੈਣ, ਜਿੱਥੇ ਕੋਈ ਹਿੰਦੁਸਤਾਨੀ ਜਾਂ ਅੰਗਰੇਜ਼ੀ ਜਾਣਦਾ ਹੋਵੇ। ਉਨ੍ਹਾਂ ਬਥੇਰਾ ਚਾਹਿਆ ਪਰ ਉਨ੍ਹਾਂ ਦੀ ਨਜ਼ਰੀਂ ਕੋਈ ਹਿੰਦੁਸਤਾਨੀ ਨਾ ਆਇਆ। ਉਹ ਝੱਕਦੇ-ਝੱਕਦੇ, ਉਸੇ ਰੈਸਟੋਰੈਂਟ ਵਿਚ ਜਾ ਵੜੇ।

ਜੀਵਨ ਸਿੰਘ ਤੇ ਅਮਰ ਸਿੰਘ ਇਕ ਪਾਸੇ ਤੇ ਗੁਲਾਬ ਕੌਰ ਉਨ੍ਹਾਂ ਦੇ ਸਾਹਮਣੇ ਬੈਠ ਗਈ। ਇਕ ਬਰਮੇ ਨੌਜਵਾਨ ਨੇ ਉਨ੍ਹਾਂ ਦੇ ਸਾਹਮਣੇ ਹੱਥੀਂ ਲਿਖਿਆ ਮੀਨੂ ਆ ਰੱਖਿਆ। ਅਮਰ ਸਿੰਘ ਨੇ ਵੇਖਿਆ ਕਿ ਸਭ ਖਾਣਿਆਂ ਦੇ ਨਾਮ ਬਰਮੀ, ਅੰਗਰੇਜ਼ੀ ਤੇ ਉਰਦੂ ਵਿਚ ਲਿਖੇ ਹੋਏ ਹਨ। ਉਸ ਨੇ ਖ਼ੁਸ਼ ਹੋ ਕੇ ਮੀਨੂੰ ਜੀਵਨ ਸਿੰਘ ਦੇ ਸਾਹਮਣੇ ਰੱਖ ਦਿੱਤਾ। ਉਹ ਉਰਦੂ ਵਿਚ ਖਾਣੇ ਲਿਖੇ ਵੇਖ ਕੇ ਖ਼ੁਸ਼ ਹੋ ਉੱਠਿਆ।

ਮੀਨੂੰ ਵਿਚ ਬਰਮੀ ਅੰਗਰੇਜ਼ੀ ਤੇ ਹਿੰਦੁਸਤਾਨੀ ਸਭੇ ਖਾਣੇ ਸ਼ਾਮਲ ਸਨ। ਤਿੰਨੇ ਕੁਝ ਦੇਰ ਖਾਣੇ ਦੀ ਚੋਣ ਕਰਦੇ ਰਹੇ। ਅੰਤ ਵਿਚ ਇਹ ਫੈਸਲਾ ਹੋਇਆ ਕਿ ਤਿੰਨ ਖਾਣੇ ਲਏ ਜਾਣ। ਜਦ ਉਹ ਆਰਡਰ ਕਰਨ ਲੱਗੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਰੈਸਟੈਰੈਂਟ ਵਿਚ ਨਾ ਕੋਈ ਉਰਦੂ ਜਾਣਦਾ ਸੀ ਤੇ ਨਾ ਹੀ ਅੰਗਰੇਜ਼ੀ। ਉਨ੍ਹਾਂ ਤਿੰਨਾਂ ਆਪੋ ਆਪਣੇ ਖਾਣਿਆਂ ਉੱਤੇ ਉਂਗਲਾਂ ਰੱਖੀਆਂ ਤੇ ਕੁਝ ਮਿੰਟਾਂ ਵਿਚ ਹੀ ਤਿੰਨੇ ਖਾਣੇ ਆ ਗਏ।

ਗੁਲਾਬ ਕੌਰ ਦੇ ਅੱਗੇ ਹਰੇ ਬਾਂਸ ਦੀ ਛੇ ਕੁ ਇੰਜ ਲੰਮੀ ਪੋਰੀ ਤੇ ਉਸ ਦੇ ਨਾਲ ਆਲੂ, ਮਟਰ ਤੇ ਗਾਜਰਾਂ ਦੀ ਰਲਵੀਂ ਤਰੀ ਵਾਲੀ ਸਬਜ਼ੀ ਰੱਖੀ ਹੋਈ ਸੀ। ਉਨ੍ਹਾਂ ਤਿੰਨਾਂ ਨੂੰ ਪਤਾ ਸੀ ਕਿ ਬਾਂਸ ਦੀ ਹਰੀ ਪੋਰੀ ਦੇ ਅੰਦਰ, ਬਰਮੇ ਚੌਲ ਪਕਾਂਦੇ ਹਨ। ਗੁਲਾਬ ਕੌਰ ਨੇ ਪੋਰੀ ਦਾ ਇਕ ਪਾਸਾ ਖੋਲ੍ਹਿਆ ਹੀ ਸੀ ਬਾਸਮਤੀ ਦੀ ਖੁਸ਼ਬੋ ਵਰਗੀ ਖੁਸ਼ਬੋ ਆਉਣ ਲੱਗ ਪਈ। ਗੁਲਾਬ ਕੌਰ ਨੇ ਕਿਹਾ 'ਤਿੰਨ ਪੋਰੀਆਂ ਹਨ। ਇਕ-ਇਕ ਵੰਡ ਕੇ ਖਾ ਲਾਂਗੇ।'

ਅਮਰ ਸਿੰਘ ਨੇ ਤਰੀ ਵਾਲੀ ਮੱਛੀ ਤੇ ਚੌਲ ਮੰਗਵਾਏ ਸਨ। ਉਹ ਆਪਣਾ ਖਾਣਾ ਵੇਖ ਕੇ ਖ਼ੁਸ਼ ਨਹੀਂ ਸੀ। ਜੀਵਨ ਸਿੰਘ ਤਲੀ ਹੋਈ ਮੱਛੀ ਤੇ ਅੰਡਿਆਂ ਵਿਚ ਭੁੰਨੇ ਹੋਏ ਚਾਵਲ ਵੇਖ ਕੇ ਖ਼ੁਸ਼ ਸੀ। ਖਾਣੇ ਦੇ ਨਾਲ ਹੀ ਉਨ੍ਹਾਂ ਨੂੰ ਨਿੱਕੀਆਂ-ਨਿੱਕੀਆਂ ਸ਼ੀਸ਼ੇ ਦੀਆਂ ਕੌਲੀਆਂ ਵਿਚ ਸਿਰਕਾ ਤੇ ਉਸ ਵਿਚ ਲਾਲ ਮਿਰਚਾਂ ਵਾਲੇ ਬੀ ਪਏ ਮਿਲ ਗਏ। ਜੀਵਨ ਸਿੰਘ ਨੇ ਮਿਰਚਾਂ ਵਾਲੀ ਕੌਲੀ ਵੱਲ ਵੇਖ ਕੇ ਕਿਹਾ 'ਏਨੀਆਂ ਮਿਰਚਾਂ ਖਾ ਕੇ ਮਰਨੈ।'

'ਤੂੰ ਭੋਰਾ ਕੁ ਚੌਲਾਂ ਵਿਚ ਪਾ ਕੇ ਵੇਖ।'

'ਨਹੀਂ। ਅਮਰ ਸਿਹਾਂ ਆਪਣੀ ਰੋਟੀ ਦੀਆਂ ਰੀਸਾਂ, ਦੁਪਹਿਰ ਦਾ ਲੰਗਰ ਨਹੀਂ ਪੱਕਦਾ, ਨਹੀਂ ਤਾਂ ਮੈਂ ਤਾ ਖਾ ਕੇ ਜਹਾਜ਼ੋਂ ਬਾਹਰ ਨਿਕਲਣਾ ਸੀ।'

ਕਹਿੰਦੇ ਸੀ ਜਹਾਜ਼ ਚੰਗੀ ਰਾਤ ਹੋਏ ਤੁਰਨੈ ਪਰ ਹੁਣ ਹੁਕਮ ਮਿਲ ਗਿਐ ਕਿ ਚਾਰ ਵਜੇ ਤੋਂ ਪਹਿਲੋਂ ਸਭ ਮੁਸਾਫਰ ਜਹਾਜ਼ ਵਿਚ ਪਹੁੰਚ ਜਾਣ।'

'ਮੈਂ ਦੱਸਾਂ, ਜਹਾਜ਼ ਕਿਉਂ ਛੇਤੀ ਤੁਰਨੈ ?'

ਅਮਰ ਸਿੰਘ ਤੇ ਜੀਵਨ ਸਿੰਘ ਦੋਵੇਂ ਗੁਲਾਬ ਕੌਰ ਵੱਲ ਵੇਖਣ ਲੱਗੇ।

'ਥੋਨੂੰ ਸ਼ੈਦ ਪਤਾ ਨਹੀਂ ਲੱਗਾ ਹੋਣਾ। ਨਵਾਬ ਰਾਤੀਂ ਦੱਸਦਾ ਸੀ ਕਿ ਇਕ ਸ਼ਹਿਰ ਐ ਮਾਂਡਲੇ। ਓਥੋਂ ਦੇ ਬਰਮੇ ਉੱਠ ਬੈਠੇ ਐ। ਉਨ੍ਹਾਂ ਗਦਰ ਕਰ ਦਿੱਤੈ। ਰੇਲ ਦੀਆਂ ਪਟੜੀਆਂ ਪੁੱਟ ਦਿੱਤੀਐਂ। ਜਿਹੜੀ ਗੱਡੀ ਵਿਚ ਲੱਦਿਆ ਮਾਲ ਜਹਾਜ਼ ਵਿਚ ਚੜ੍ਹਨਾ ਸੀ, ਉਹ ਰੇਲ ਦੀ ਪਟੜੀ ਤੋਂ ਉਲਟ ਕੇ ਡਿੱਗ ਪਈ ਐ।'

'ਸਾਨੂੰ ਤਾਂ ਏਸ ਗੱਲ ਦਾ ਕੋਈ ਪਤਾ ਨਹੀਂ। ਫੇਰ ਤਾਂ ਬਰਮੇ ਵੀ ਉੱਠ ਬੈਠੇ ਐ।'

'ਨਵਾਬ ਦੱਸਦਾ ਸੀ ਕਿ ਬਰਮੇ ਗਦਰੀ ਸਾਡੇ ਫੌਜੀਆਂ ਨੂੰ ਬੜੀ ਨਫ਼ਰਤ ਕਰਦੇ ਐ। ਕੱਲਾ ਦੁਕੱਲਾ ਮਿਲੇ ਤਾਂ ਵੱਢ ਸੁੱਟਦੇ ਐ। ਏਸੇ ਲਈ ਫੌਜੀ ਰਾਤ ਨੂੰ ਬਾਹਰ ਨਹੀਂ ਨਿਕਲ ਸਕਦੇ।' ਨਾਲ ਨਾਲ ਹੀ ਗੁਲਾਬ ਕੌਰ ਮਿਰਚਾਂ ਲੱਗਣ ਕਰਕੇ ਸੀਅ-ਸੀਅ ਕਰ ਰਹੀ ਸੀ।

ਉਹ ਤਿੰਨੇ ਖਾਣਾ ਵੰਡ ਕੇ ਖਾ ਰਹੇ ਸਨ। ਬਰਮੇ ਨੌਜਵਾਨ ਨੇ ਇਕ ਹੋਰ ਮੀਨੂੰ ਉਨ੍ਹਾਂ ਦੇ ਸਾਹਮਣੇ ਲਿਆ ਰੱਖਿਆ। ਬਰਫੀ, ਲੱਡੂ ਤੇ ਜਲੇਬੀਆਂ ਦੇ ਨਾਮ ਵੇਖ ਕੇ ਅਮਰ ਸਿੰਘ ਟੱਪ ਉੱਠਿਆ। ਉਸ ਨੇ ਉਨ੍ਹਾਂ ਨਾਲ ਸਲਾਹ ਕੀਤੇ ਬਿਨਾ ਹੀ ਬਰਫੀ, ਲੱਡੂਆਂ ਤੇ ਜਲੇਬੀਆਂ ਦੀ ਇਕ-ਇਕ ਪਲੇਟ ਦਾ ਆਰਡਰ ਕਰਨ ਲਈ ਉਂਗਲਾਂ ਰੱਖ ਕੇ ਸਮਝਾ ਦਿੱਤਾ। ਉਹ ਝੱਟ ਪੱਟ ਪਲੇਟਾਂ ਭਰ ਕੇ ਲੈ ਆਇਆ। ਜੀਵਨ ਸਿੰਘ ਤੇ ਗੁਲਾਬ ਕੌਰ ਨੂੰ ਓਦੋਂ ਹੀ ਪਤਾ ਲੱਗਾ ਜਦ ਪਲੇਟਾਂ ਉਨ੍ਹਾਂ ਦੇ ਸਾਹਮਣੇ ਆ ਗਈਆਂ।

ਚਾਰ ਲੱਡੂਆਂ ਵਿਚੋਂ ਦੋ ਲੱਡੂ ਚੁੱਕ ਕੇ ਗੁਲਾਬ ਕੌਰ ਨੇ ਆਪਣੀ ਪਲੇਟ ਵਿਚ ਰੱਖਦਿਆਂ ਹੱਸਣਾ ਸ਼ੁਰੂ ਕਰ ਦਿੱਤਾ। ਜੀਵਨ ਸਿੰਘ ਨੇ ਕਿਹਾ 'ਕੋਈ ਗੱਲ ਨਹੀਂ। ਤੇਰਾ ਹੱਕ ਬਣਦੈ।'

ਗੁਲਾਬ ਕੌਰ ਸੋਚਣ ਲੱਗੀ ਕਿ ਜੀਵਨ ਸਿੰਘ ਦੀ ਗੱਲ ਦਾ ਕੀ ਮਤਲਬ ਹੈ ਪਰ ਉਸ ਨੂੰ ਕੋਈ ਸਮਝ ਨਾ ਆਈ ਤੇ ਨਾ ਹੀ ਉਸ ਨੇ ਉਸ ਨੂੰ ਪੁੱਛਣਾ ਚਾਹਿਆ।

ਜਲੇਬੀਆਂ ਠੰਢੀਆਂ ਸਨ ਪਰ ਫਿਰ ਵੀ ਉਹ ਪਲੇਟ ਝੱਟ ਖਾਲੀ ਹੋ ਗਈ। ਬਰਫੀ ਦੀ ਸਾਬਤ ਟੁਕੜੀ ਮੂੰਹ ਵਿਚ ਪਾਂਦਿਆਂ ਅਮਰ ਸਿੰਘ ਨੇ ਕਿਹਾ...'ਮਨ ਕਰਦੈ ਥੋੜ੍ਹੀ ਜਿਹੀ ਮਠਿਆਈ ਨਾਲ ਲੈ ਚੱਲੀਏ। ਵੰਡ ਕੇ ਖਾ ਨਹੀਂ ਹੋਣੀ ਤੇ ਚੋਰੀ-ਚੋਰੀ ਬੁੱਕਲ ਵਿਚ ਖਾਣੀ, ਗਦਰੀਆਂ ਦੇ ਅਸੂਲ ਦੇ ਖਿਲਾਫ ਐ।'

'ਮੈਂ ਨਿੱਕਾ ਹੁੰਦਾ ਖੰਡ ਵਿਚ ਗੁਲੇਫੇ ਛੋਲੇ ਖਾਣ ਦਾ ਬੜਾ ਸ਼ੌਕੀਨ ਸਾਂ। ਬਾਪੂ ਗੁੜ ਦੀ ਰੋੜੀ ਦੇ ਕੇ ਪੜ੍ਹਨ ਤੋਰ ਦੇਂਦਾ ਸੀ। ਮੈਂ ਬਾਣੀਏ ਤੋਂ ਹੁਦਾਰੇ ਲੈ ਲੈਂਦਾ।'

ਅਮਰ ਸਿੰਘ ਖਾਣੇ ਦੇ ਪੈਸੇ ਦੇਣ ਲਈ ਬਟੂਆ ਫਰੋਲ ਰਿਹਾ ਸੀ।

ਗੁਲਾਬ ਕੌਰ ਨੇ ਕਿਹਾ 'ਅਮਰ ਸਿਹਾਂ। ਤੂੰ ਪੈਸੇ ਦੇ ਦੇਹ, ਮਿਰਕਣ ਤੋਂ ਕਮਾਈ ਕਰਕੇ ਲਿਆਇਐਂ ਪਰ ਅਜੇ ਅਸਾਂ ਥੋੜ੍ਹੀ ਦੇਰ ਹੋਰ ਬਹਿਣੈ।

'ਕਿਉਂ ? ਕਹਿ ਕੇ ਅਮਰ ਸਿੰਘ ਜੇਬ ਵਿਚੋਂ ਘੜੀ ਕੱਢ ਕੇ ਵਕਤ ਵੇਖਿਆ 'ਬੀਬੀ। ਇਕ ਵੱਜ ਗਿਐ। ਸੈਂਤ ਘੰਟਾ ਲੱਗ ਜਾਏ ਮੁੜਦਿਆਂ।'

'ਕੋਈ ਨਹੀਂ ਅੱਜੇ ਬੜਾ ਵਕਤ ਐ।' ਕਹਿ ਕੇ ਗੁਲਾਬ ਕੌਰ ਨੇ ਨੀਵੀਂ ਪਾ ਲਈ। ਅਮਰ ਸਿੰਘ ਤੇ ਜੀਵਨ ਸਿੰਘ ਇਕ ਦੂਜੇ ਵੱਲ ਇਸ਼ਾਰੇ ਕਰਕੇ ਗੁਲਾਬ ਕੌਰ ਵੱਲ ਵੇਖ ਰਹੇ ਸਨ। ਗੁਲਾਬ ਕੌਰ ਨੇ ਸਿਰ ਉੱਚਾ ਚੁਕਦਿਆਂ ਬੜੇ ਗੰਭੀਰ ਚਿਹਰੇ ਨਾਲ ਸੰਜੀਦਾ ਅਵਾਜ਼ ਵਿਚ ਕਿਹਾ 'ਮੈਂ ਅੱਜ ਜਾਣ ਬੁੱਝ ਕੇ ਥੋਨੂੰ ਦੋਹਾਂ ਨੂੰ ਨਾਲ ਲੈ ਕੇ ਆਈ ਆਂ। ਮੈਂ ਅੱਜ ਥੋਡੇ ਨਾਲ ਇਕ ਗੱਲ ਕਰਨੀ ਐ। ਮੇਰੀ ਹਿੰਮਤ ਨਹੀਂ ਪੈਂਦੀ ਪਰ ਕਰਨੀ ਪਊ। ਭਾਊ ਸ਼ੇਰ ਸਿਹੁੰ ਅੱਜ ਲੰਘਦਾ-ਲੰਘਦਾ ਕਹਿ ਗਿਆ ਸੀ 'ਅੱਗੇ ਦੀ ਸੋਚ। ਪਿੱਛਾ ਛੱਡ' ਮੈਨੂੰ ਉਹਦੀ ਗੱਲ ਤੀਰ ਵਾਂਗ ਲੱਗੀ। ਮੈਂ ਵੀ ਕਈ ਦਿਨਾਂ ਤੋਂ ਉਹੋ ਗੱਲ ਸੋਚ ਰਹੀ ਸਾਂ ਜੋ ਭਾਊ ਕਹਿ ਗਿਆ ਸੀ।'

'ਕੀ ਗੱਲ ਐ ਅਜਿਹੀ ?'

'ਅਮਰ ਸਿਹਾਂ ਦੱਸਦੀ ਆਂ। ਤੁਸੀਂ ਦੋਵੇਂ ਧਿਆਨ ਨਾਲ ਸੁਣਿਓ।'

'ਬੀਬੀ। ਅਜਿਹੀ ਕਿਹੜੀ ਗੱਲ ਐ ਤੂੰ ਏਨੀ ਘਬਰਾਈ ਦਿਸਦੀ ਐਂ।'

'ਜੀਇਆ। ਮੈਂ ਘਬਰਾਈ ਘਬਰੂਈ ਕੋਈ ਨਹੀਂ। ਤੂੰ ਦਿਲ ਉੱਤੇ ਹੱਥ ਰੱਖ ਕੇ ਸੁਣੀ। ਮੈਂ ਅੱਜ ਫੈਸਲਾ ਕਰ ਲਿਐ ਕਿ ਥੋਡੇ ਦੋਹਾਂ ਵਿਚੋਂ ਕਿਸੇ ਇਕ ਵੀਰ ਨੂੰ ਮੈਂ ਆਪਣੇ ਘਰ ਵਾਲਾ ਬਣਾਊਂ।'

'ਤੂੰ ਪਾਗਲ ਹੋ ਗਈ ਐਂ।' ਜੀਵਨ ਸਿੰਘ ਨੇ ਘਬਰਾ ਕੇ ਆਖਿਆ।

'ਲੋਕੀ ਕੀ ਆਖਣਗੇ ? ਗਦਰੀ ਕੀ ਸਮਝਣਗੇ ? ਅਮਰ ਸਿੰਘ ਬੋਲ ਪਿਆ।

'ਤੁਸੀਂ ਦੋਵੇਂ ਮਰਦ ਹੋ ਕੇ, ਫੇਰ ਗਦਰੀ ਹੋ ਕੇ ਡਰੇ ਖਲੋਤੇ ਓ। ਮੈਂ ਨਿਤਾਣੀ ਤੀਵੀਂ ਆਂ। ਮਾਨੇ ਬੇਈਮਾਨੇ ਨੂੰ ਛੱਡ ਕੇ ਆ ਗਈ। ਨਾ ਸਹੁਰੀਂ ਨਾ ਪੇਕੀਂ ਜਾਣ ਜੋਗੀ। ਜਾਊਂ ਤਾਂ ਕਿੱਥੇ ਜਾਊਂ। ਪੁਲਸ ਪੁੱਛੂ ਤੂੰ ਕੌਣ ਆਂ, ਤੇਰਾ ਘਰ ਘਾਟ, ਤਾਂ ਕੀ ਦੱਸੂੰ। ਤੁਸੀਂ ਦੋਵੇਂ ਦੱਸੋ ਪੁਲਸ ਦੋਹਾਂ ਘਰਾਂ ਤੇ ਛਾਪੇ ਮਾਰੂ। ਉਹਨਾਂ ਦਾ ਕੀ ਗੁਨਾਹ ਐ। ਉਹਨਾਂ ਨਿਦੋਸ਼ਿਆਂ ਨੂੰ ਜੁੰਡਿਆਂ ਤੋਂ ਫੜ ਕੇ ਘਸੀਟਦੀ ਫਿਰੂ' ਅਮਰ ਸਿੰਘ ਤੇ ਜੀਵਨ ਸਿੰਘ ਘਬਰਾਏ ਹੋਏ ਉਸ ਦੀਆਂ ਗੱਲਾਂ ਸੁਣ ਰਹੇ ਸਨ। ਉਸ ਨੇ ਥੋੜ੍ਹੀ ਦੇਰ ਰੁਕ ਕੇ ਨੀਵੀਂ ਪਾ ਲਈ। 'ਤੁਸੀਂ ਪਹਿਲੋਂ ਮੇਰੀ ਗੱਲ ਸੁਣੋ। ਤੁਸੀਂ ਮੇਰੇ ਵੀਰ ਤੇ ਮੈਂ ਥੋਡੀ ਭੈਣ। ਵੀਰ ਭੈਣ ਦਾ ਰਿਸ਼ਤਾ ਪੱਕਾ ਰਹੂ ਪਰ ਘਰ ਵਾਲਾ ਬਣਨਾ ਪਊ ਥੋਡੇ ਦੋਹਾਂ ਵਿਚੋਂ ਇਕ ਨੂੰ।'

ਜੀਵਨ ਸਿੰਘ ਨੇ ਪਾਣੀ ਦੇ ਘੁੱਟ ਭਰਦਿਆਂ-ਭਰਦਿਆਂ ਸਾਰਾ ਗਲਾਸ ਖਾਲੀ ਕਰਕੇ ਇਸ਼ਾਰੇ ਨਾਲ ਹੋਰ ਪਾਣੀ ਮੰਗ ਲਿਆ। ਉਹ ਘੜੀ ਮੁੜੀ ਕਦੇ ਹੇਠਾਂ ਫਰਸ਼ ਉੱਤੇ ਰੱਖਦਾ ਤੇ ਕਦੇ ਚੁੱਕ ਲੈਂਦਾ। ਅਮਰ ਸਿੰਘ ਕੁਝ ਘੱਟ ਘਬਰਾਇਆ ਹੋਇਆ ਸੀ ਪਰ ਉਹ ਵੀ ਪਾਣੀ ਦੇ ਘੁੱਟ ਭਰਨ ਲੱਗ ਪਿਆ।

'ਮੈਂ ਹੁਣੇ ਫੈਸਲਾ ਕਰਕੇ ਉਠਣੈ ਕਿ ਥੋੜੇ ਵਿਚੋਂ ਕਿਹੜਾ ਵੀਰ ਮੇਰੀ ਬਾਂਹ ਫੜਦੈ। ਤੁਸੀਂ ਆਪਸ ਵਿਚ ਫੈਸਲਾ ਕਰ ਲਵੋ।'

ਅਮਰ ਸਿੰਘ ਨੇ ਕਿਹਾ-'ਜੀਇਆ। ਬੀਬੀ ਠੀਕ ਕਹਿੰਦੀ ਐਂ। ਮੈਂ ਤਾਂ ਬੀਬੀ ਦਾ ਹੌਸਲਾ ਵੇਖ ਕੇ ਦੰਗ ਰਹਿ ਗਿਆਂ। ਏਡੀ ਬਹਾਦਰ ਐ ਭੈਣ ਸਾਡੀ। ਝੂਠਾ ਮੂਠਾ ਘਰ ਵਾਲਾ ਬਣਨੈ। ਬੱਸ ਪੁਲਸ ਨੂੰ ਝਕਾਨੀ ਦੇਣੀ ਐ। ਤੂੰ ਲਿਖਾ ਦਈਂ ਕਿ ਬੀਬੀ ਤੇਰੀ ਤੀਵੀਂ ਐਂ।'

'ਅਮਰ ਸਿਹਾਂ। ਤੂੰ ਵੀ ਪਾਗਲ ਹੋ ਗਿਐਂ ਬੀਬੀ ਦੇ ਨਾਲ। ਤੂੰ ਕਿਉਂ ਨਹੀਂ ਲਿਖਾ ਦੇਂਦਾ ਆਪਣਾ ਨਾਉਂ ?'

'ਵੇਖ ਜੀਇਆ। ਇਹ ਰਾਜਸੀ ਚਾਲ ਐ। ਬੀਬੀ ਸਾਡੇ ਦੋਹਾਂ ਨਾਲੋਂ ਸਿਆਣੀ ਤੇ ਦਲੇਰ ਐ, ਭਾਵੇਂ ਤੂੰ ਮੰਨ ਨਾ ਮੰਨ। ਤੂੰ ਮਾਨਾ ਤੇ ਬੀਬੀ ਗੁਆਂਢੀ ਪਿੰਡਾਂ ਦੇ ਹੋ। ਤੁਸੀਂ ਦੇਸੋਂ ਕੱਠੇ ਤੁਰੇ ਕੱਠੇ ਸਫਰ ਕੀਤਾ। ਕੱਠੇ ਮਨੀਲੇ ਪਹੁੰਚੇ ਓਥੇ ਜਾ ਕੇ ਵੀ ਕੱਠੇ ਰਹੇ। ਮੈਂ ਤਾਂ ਪਰਦੇਸੀ ਆਂ। ਤੁਹਾਨੂੰ ਮਨੀਲੇ ਆ ਕੇ ਮਿਲਿਆਂ ! ਤੂੰ ਹੁਣ ਨਾਂਹ ਨੁੱਕਰ ਨਾ ਕਰ। ਮੰਨ ਜਾ। ਬੀਬੀ ਦੇ ਮਨ ਵਿਚ ਪਤੀ ਪਤਨੀ ਵਾਲਾ ਕੋਈ ਖਿਆਲ ਨਹੀਂ ਤੇ ਨਾ ਹੀ ਤੇਰੇ ਮਨ ਵਿਚ ਐ; ਤੁਸਾਂ ਭੈਣ ਭਰਾ ਹੀ ਬਣ ਕੇ ਰਹਿਣੈ। ਬੱਸ ਪੁਲਸ ਨੂੰ ਝਾਕਾ ਦੇਣੈ।' ਜੀਵਨ ਸਿੰਘ ਨੀਵੀਂ ਪਾ ਕੇ ਬੈਠਾ ਸੀ। ਜਦ ਉਸ ਨੇ ਸਿਰ ਚੁੱਕਿਆ ਤਾਂ ਉਸ ਦੀਆਂ ਅੱਖਾਂ ਵਿਚੋਂ ਹੰਝੂ ਤਰਿਪ-ਤਰਿਪ ਵਗ ਰਹੇ ਸਨ। ਗੁਲਾਬ ਕੌਰ ਨੇ ਉਸ ਦੇ ਪਾਸ ਜਾ ਕੇ ਆਪਣੇ ਦੁਪੱਟੇ ਨਾਲ ਉਸ ਦੇ ਹੰਝੂ ਪੂੰਝਣੇ ਸ਼ੁਰੂ ਕਰ ਦਿੱਤੇ।

# 15

'ਰਾਤੀਂ ਅਸੀਂ ਸਕੂਲ ਨਹੀਂ ਸੀ ਲਾਇਆ। ਸੋਚਿਆ ਇਕ ਦਿਨ ਛੁੱਟੀ ਰਹਿਣ ਦਈਏ। ਸਭ ਗਦਰੀ ਥੱਕੇ ਹੋਏ ਸ਼ਹਿਰੋਂ ਮੁੜੇ ਸੀ। ਨਾਲੇ ਜਹਾਜ਼ ਨੇ ਤੁਰਨ ਲਗਿਆਂ ਚੰਗੀ ਰਾਤ ਕਰ ਦਿੱਤੀ ਸੀ। ਹੁਣ ਆਪਾਂ ਚਾਹ ਪੀ ਬੈਠੇ ਆਂ। ਬੈਠ ਕੇ ਕੁਝ ਗੱਲਾਂ ਕਰ ਲਈਏ। ਕਿਸੇ ਇਕ ਮਜ਼ਮੂਨ ਉੱਤੇ ਗੱਲ ਨਹੀਂ ਕਰਨੀ। ਜੀਹਦਾ ਜੀਅ ਕਰੇ ਗੱਲ ਤੋਰ ਲਏ।' ਹਾਫਜ਼ ਅਦਬੁਲਾ ਦੀ ਗੱਲ ਸੁਣ ਕੇ ਨਵਾਬ ਖਾਂ ਬੋਲ ਪਿਆ-'ਅੱਜ ਮੀਟਿੰਗ ਦੀ ਪਰਧਾਨਗੀ ਬੀਬੀ ਗੁਲਾਬੋ ਨੂੰ ਦਿੱਤੀ ਜਾਏ।'

ਗੁਲਾਬ ਕੌਰ ਨੇ ਨਵਾਬ ਵੱਲ ਘੂਰ ਕੇ ਵੇਖਦਿਆਂ ਕਿਹਾ-'ਵੇ ਨਵਾਬ। ਤੂੰ ਕਿਹੜਾ ਵੈਰ ਕੱਢਣ ਲੱਗੈਂ। ਮੈਂ ਤਾਂ ਤੈਨੂੰ ਕਦੇ ਨਹੀਂ...।' ਹਾਫਜ਼ ਨੇ ਉਸ ਦੀ ਗੱਲ ਵਿਚੋਂ ਹੀ ਫੜ ਕੇ ਕਿਹਾ-'ਗਦਰ ਪਾਰਟੀ ਵਿਚ ਔਰਤ ਤੇ ਮਰਦ ਦਾ ਹੱਕ ਇਕੋ ਜਿਹੈ।'

'ਮੈਂ ਆਪਣਾ ਹੱਕ ਆਪੇ ਛੱਡਦੀ ਆਂ।'

'ਤੂੰ ਕਿਹੜਾ ਲੈਕਚਰ ਕਰਨੈ ਬੀਬੀ।' ਕਰਮ ਸਿੰਘ ਦੀ ਗੱਲ ਸੁਣ ਕੇ ਧਰਮ ਸਿੰਘ ਬੋਲ ਪਿਆ-'ਤੂੰ ਸਮਝਦੈਂ ਬੀਬੀ ਲੈਕਚਰ ਦੇਣਾ ਨਹੀਂ ਜਾਣਦੀ। ਠਲ੍ਹ ਪਾ ਦਿੱਤੀ ਸੀ ਬੀਬੀ ਨੇ ਪਲਾਂਗ ਗੁਰਦੁਆਰੇ।'

ਸ਼ੇਰ ਸਿੰਘ ਨੇ ਗੁਲਾਬ ਕੌਰ ਨੂੰ ਬਾਹੋਂ ਫੜ ਕੇ ਗਦਰੀਆਂ ਦੇ ਸਾਹਮਣੇ ਬਿਠਾ ਦਿੱਤਾ। ਉਹ ਬੈਠਦੀ ਹੀ ਬੋਲ ਪਈ-'ਨਾ ਮੈਂ ਪੜ੍ਹੀ ਨਾ ਲਿਖੀ। ਸਕੂਲ ਦੇ ਲਾਗੋਂ ਵੀ ਨਹੀਂ ਲੰਘੀ। ਮੁੰਡੇ ਸਕੂਲੇ ਜਾਂਦੇ ਐ, ਕੁੜੀਆਂ ਨੂੰ ਕੌਣ ਪੁਛਦੈ। ਬੱਸ ਧਰਮਸ਼ਾਲਾ ਗਈ। ਗੁਰਮੁਖੀ ਪੜ੍ਹੀ ਤੇ ਭਾਈ ਨੇ ਪੰਜ ਗ੍ਰੰਥੀ ਫੜਾ ਦਿੱਤੀ।' ਕਰਮ ਸਿੰਘ ਦਾ ਹਾਸਾ ਸੁਣ ਕੇ ਉਹ ਰੁਕੀ ਹੀ ਸੀ ਕਿ ਕਰਮ ਸਿੰਘ ਫਿਰ ਬੋਲ ਪਿਆ, 'ਬੀਬੀ। ਆਪਾਂ ਤਾਂ ਧਰਮਸ਼ਾਲਾ ਦੇ ਨੇੜਿਉਂ ਵੀ ਨਹੀਂ ਲੰਘੇ।' ਹਾਸਾ ਪੈ ਕਿਆ।

ਸ਼ੇਰ ਸਿੰਘ ਨੇ ਹੱਥ ਖੜ੍ਹਾ ਕਰਕੇ ਕਿਹਾ-'ਮੈਂ ਇਕ ਗੱਲ ਕਰਨੀ ਐ। ਆਪਾਂ ਸਭ ਇਕ ਦੂਜੇ ਨੂੰ ਜਾਣਦੇ ਆਂ, ਪਰ ਜਦ ਕਲਕੱਤੇ ਉਤਰਨੈ ਤਾਂ ਇਕ ਦੂਜੇ ਦੀ ਪਛਾਣ ਭੁੱਲ ਜਾਣੀ ਚਾਹੀਦੀ ਐ। ਟੋਲੀਆਂ ਬਣਾ ਲਉ ਕਿ ਕੌਣ-ਕੌਣ, ਕਿਸ-ਕਿਸ ਨੂੰ ਜਾਣਦੈ। ਮਿਸਾਲ ਦੇ ਤੌਰ ਤੇ, ਮੈਂ ਜਵਾਲਾ ਸਿਹੁੰ, ਕੇਸਰ ਸਿਹੁੰ ਤੇ ਜਗਤ ਰਾਮ ਮਿਰਕਣ ਤੋਂ ਆਏ ਆਂ। ਇਕ ਦੂਜੇ ਨੂੰ ਜਾਣਦੇ ਆਂ। ਨਵਾਬ ਖਾਨ ਕੈਨੇਡਾ ਹੋ ਕੇ ਮਿਰਕਣ ਰਹਿ ਕੇ ਆਇਐ, ਅਸੀਂ ਉਹਨੂੰ ਨਹੀਂ ਜਾਣਦੇ। ਉਹ ਸਾਨੂੰ ਨਹੀਂ ਜਾਣਦਾ। ਇਹ ਕੋਈ ਜ਼ਰੂਰੀ ਨਹੀਂ ਕਿ ਇਕ ਜਹਾਜ਼ ਵਿਚ ਸਫਰ ਕਰਨ ਵਾਲੇ ਮੁਸਾਫਰ ਸਭ ਇਕ ਦੂਜੇ ਨੂੰ ਜਾਣਦੇ ਹੋਣ। ਜਿਹੜੀਆਂ-ਜਿਹੜੀਆਂ ਟੋਲੀਆਂ ਬਣਾਉ, ਉਨ੍ਹਾਂ ਬਾਰੇ ਅੱਜ ਰਾਤ ਤੱਕ ਰਹਿਮਤ ਅਲੀ ਨੂੰ ਦੱਸ ਦਿਉ, ਟੋਲੀਆਂ ਦੀ ਵਾਕਫੀਅਤ ਉਹ ਰਖੇਗਾ।' ਵਿਚੋਂ ਹੀ ਧਰਮ ਸਿੰਘ ਬੋਲ ਪਿਆ-'ਜੀ, ਮੇਰੀ ਕਰਮੇ ਤੇ ਈਸ਼ਰ ਦੀ ਟੋਲੀ ਹੋਈ।' ਸ਼ੇਰ ਸਿੰਘ ਨੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਕੇ ਕਿਹਾ-'ਦੂਜੀ ਗੱਲ ਇਹ ਐ-ਫਰੰਗੀ ਸਰਕਾਰ ਨੇ ਕਾਨੂੰਨ ਬਣਾ ਲਿਐ ਕਿ ਬਾਹਰੋਂ ਆਏ ਕਿਸੇ ਮੁਸਾਫਰ ਨੂੰ ਵੀ ਫੜ ਕੇ ਕੈਦ ਕਰ ਸਕਦੀ ਐ। ਹੋ ਸਕਦੈ ਸਾਨੂੰ ਵੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਵਾਂਗੂੰ, ਜਹਾਜ਼ੋਂ ਉਤਰਨ ਸਾਰ ਫੜ ਲੈਣ। ਇਸ ਲਈ ਮਨ ਪੱਕੇ ਕਰ ਲਉ, ਕਿ ਜੇ ਫੜੇ ਗਏ ਤਾਂ ਕੀ ਕਰਨੈ। ਸਭ ਵਿਉਂਤਾਂ ਬਣਾ ਲਉ। ਬੱਸ ਮੈਂ ਏਨੀ ਗੱਲ ਹੀ ਕਰਨੀ ਸੀ।'

ਬਾਬੂ ਸੁਰਜਨ ਸਿੰਘ ਦਾ ਹੱਥ ਖੜ੍ਹਾ ਵੇਖ ਕੇ, ਗੁਲਾਬ ਕੌਰ ਨੇ ਕਿਹਾ-ਦੱਸ ਬਾਬੂ ਵੀਰਾ, ਕੀ ਕਹਿਣੈ ?'

'ਬੀਬੀ। ਅੱਜੇ ਵੀ ਕਈ ਗਦਰੀ, ਗਦਰ ਦੀਆਂ ਗੂੰਜਾਂ ਆਪਣੇ ਜੇਬਾਂ ਤੇ ਬਿਸਤਰਿਆਂ ਵਿਚ ਬੰਨ੍ਹੀ ਫਿਰਦੇ ਐ।'

'ਗਦਰੀ ਵੀਰੋ। ਕਲਕੱਤੇ ਘਾਟ 'ਤੇ ਪਹੁੰਚਣ ਤੋਂ ਪਹਿਲੋਂ ਸਭ ਗੂੰਜਾਂ ਸਮੁੰਦਰ ਵਿਚ ਸੁੱਟ ਦਿਉ। ਅਣਗਹਿਲੀ ਨਾ ਕਰਿਓ। ਸ਼ੈਂਤ ਪਰਸੋਂ ਤੜਕੇ ਜਹਾਜ਼ ਲਗਣੈ ਘਾਟੇ। ਮੈਂ ਕਈ ਗੂੰਜਾਂ ਯਾਦ ਕਰ ਲਈਐਂ। ਥੋਨੂੰ ਲਿਖਾ ਦਊਂ ਦੇਸ਼ ਪਹੁੰਚ ਕੇ, ਜੀਹਨੇ ਲਿਖਣੀਆਂ ਹੋਈਆਂ। ਕੱਲ ਤੇ ਪਰਸੋਂ ਮੈਂ ਉਹ ਗੂੰਜ ਯਾਦ ਕੀਤੀ ਐ, ਜੀਹਦੇ ਵਿਚ ਲਿਖਿਐ-'ਲੰਡਨ ਵਿਚ ਲੈ ਗਏ ਗੋਰੇ ਖਿੱਚ ਸਭ ਕੁਝ, ਤੁਸੀਂ ਵੀਰਨੇ ਠੱਣ-ਠੱਣ ਗੋਪਾਲ ਰਹਿ ਗਏ।' ਉਸ ਤੋਂ ਪਹਿਲੋਂ ਮੈਂ ਯਾਦ ਕੀਤਾ ਸੀ, ਜੀਹਦੇ ਵਿਚ ਲਿਖਿਐ-'ਫੌਜਾਂ ਵਾਲਿਉ ਤੁਸਾਂ ਦੀ ਮੱਤ ਮਾਰੀ, ਲੋਕਾਂ ਵਾਸਤੇ ਕਰੋ ਲੜਾਈਆਂ ਕਿਉਂ ?' ਥੋਨੂੰ ਪਤੈ ਮੈਂ ਸਿੰਘਾਪੁਰ ਦੀ ਘਾਟ ਤੇ ਨਹੀਂ ਸੀ ਉਤਰੀ। ਉੱਥੇ ਮੈਂ ਲੰਮੀ ਪਈ ਗੂੰਜਾਂ ਯਾਦ ਕਰਦੀ ਰਹੀ। ਫੇਰ ਕਈ ਪਲਾਂਗ ਯਾਦ ਕੀਤੀਆਂ। ਜੀਹਦੇ ਬਿਸਤਰੇ ਵਿਚੋਂ ਗੂੰਜਾਂ ਨਿਕਲੀਆਂ, ਉਹ ਅਜਾਈਂ ਮੌਤ ਸਹੇੜੂ। ਕੁਝ ਕਰਕੇ ਮਰਨੈ।'

ਨਵਾਬ ਖਾਨ ਨੇ ਆਪਣਾ ਸੱਜਾ ਹੱਥ ਹੇਠਾਂ ਕਰਦਿਆਂ ਕਿਹਾ-'ਮੇਰੀ ਗੱਲ ਕੋਈ ਜ਼ਰੂਰੀ ਨਹੀਂ ਪਰ ਗੈਰ ਜ਼ਰੂਰੀ ਵੀ ਨਹੀਂ। ਗਦਰ ਪਾਰਟੀ ਨੇ ਫਰਿਸਕੋ ਫੈਸਲਾ ਕੀਤਾ ਸੀ ਕਿ ਗਦਰ ਦਾ ਇਕ ਫਰੰਟ ਬਰਮਾਂ ਦੀਆਂ ਦੇਸੀ ਫੌਜਾਂ ਵਿਚ ਖੋਹਲਿਆ ਜਾਏ। ਗਦਰ ਦੇ ਗੁਜਰਾਤੀ ਪਰਚੇ ਦੇ ਐਡੀਟਰ ਖੇਮ ਚੰਦ ਕਛੀ ਨੇ ਐਡਵਾਂਸ ਪਾਰਟੀ ਵਿਚ ਰੰਗੂਨ ਪਹੁੰਚਣਾ ਸੀ। ਪਤਾ ਨਹੀਂ ਉਹ ਅੱਜੇ ਫਰਿਸਕੋ ਤੋਂ ਤੁਰਿਆ ਵੀ ਐ ਕਿ ਨਹੀਂ। ਜਿਹੜਾ ਪਤਾ ਉਹਨੇ ਦਸਿਆ ਸੀ ਮੈਂ ਉਸ ਦੁਕਾਨ ਦੇ ਆਲੇ ਦੁਆਲੇ ਭੌਂਦਾ ਰਿਹਾਂ। ਕਿਸੇ ਤੋਂ ਪੁੱਛਿਆ ਨਹੀਂ। ਦੁਕਾਨ ਉਹ ਗੁਜਰਾਤੀਆਂ ਦੀ ਐ। ਮੈਂ ਸਮਝਦਾ ਸਾਂ ਕਿ ਥੋੜ੍ਹੇ ਜਿਹੇ ਦੇਸੀ ਬੰਦੇ ਹੋਣਗੇ। ਏਥੇ ਤਾਂ ਹਜ਼ਾਰਾਂ ਪੰਜਾਬੀ, ਹਜ਼ਾਰਾਂ ਮਦਰਾਸੀ ਤੇ ਹਜ਼ਾਰਾਂ ਗੁਜਰਾਤੀ ਰਹਿੰਦੇ ਐ। ਸਾਰਾ ਵਪਾਰ ਆਪਣੇ ਲੋਕਾਂ ਕੋਲ ਐ। ਮੈਨੂੰ ਕਈ ਦੇਸੀ ਬੰਦੇ ਮਿਲੇ ਐ ਪਰ ਬੁਲਾਓ ਤਾਂ ਵੀ ਚੁੱਪ ਕਰਕੇ ਕੋਲੋਂ ਲੰਘ ਜਾਂਦੇ ਐ। ਪਤਾ ਨਹੀਂ ਕਿਉਂ ਡਰੇ ਖਲੋਤੇ ਐ।'

'ਨਵਾਬ। ਗੁਰੂ ਨਾਨਕ ਜਹਾਜ਼ ਉੱਤੇ ਗੋਲੀ ਚੱਲਣ ਦੀ ਗੱਲ ਸਭ ਲੋਕਾਂ ਨੂੰ ਪਤੈ। ਏਸ ਕਰਕੇ ਡਰਦੇ ਮੂੰਹ ਨਹੀਂ ਖੋਲ੍ਹਦੇ। ਲੋਕੀ ਸਮਝਦੇ ਐ ਕਿ ਅਸੀਂ ਵੀ ਉਹਨਾਂ ਦੇ ਨਾਲ ਦੇ ਆਂ ਤੇ ਮਿਰਕਣ ਤੋਂ ਹੀ ਆਏ ਆਂ। ਮੈਨੂੰ ਇਹ ਗੱਲ ਮੇਰੇ ਪੇਂਡੂ ਗ੍ਰੰਥੀ ਬਾਬੇ ਨੇ ਦੱਸੀ ਐ।' ਕੇਸਰ ਸਿੰਘ ਦੀ ਗੱਲ ਸੁਣ ਕੇ ਨਵਾਬ ਖਾਨ ਦੀ ਤਸੱਲੀ ਹੋ ਗਈ।

'ਨਵਾਬ। ਗੱਡੀ ਉਲਟਨ ਵਾਲੀ ਗੱਲ ਠੀਕ ਸੀ ਜਾਂ ਗਲਤ ?'

'ਨਹੀਂ ਬੀਬੀ। ਉਹ ਬਿਲਕੁਲ ਠੀਕ ਸੀ। ਉਸ ਗੱਡੀ ਵਿਚ ਕਈ ਬਰਮੇ ਪੁਲਸੀਏ ਸੀ। ਉਹਨਾਂ ਮੁਕਾਬਲਾ ਕੀਤਾ। ਬਰਮੀ ਗਦਰੀਆਂ ਸਭ ਮਾਰ ਦਿੱਤੇ। ਮੈਂ ਕੱਲਾ ਹੀ ਕੱਲ ਫਿਰਦਾ ਰਿਹਾਂ। ਇਕ ਚਿੱਟ-ਕਪੜੀਆ ਹੌਲਦਾਰ ਮਿਲ ਪਿਆ। ਅਸੀਂ ਗੱਲਾਂ ਕਰਨ ਲੱਗ ਪਏ। ਉਹਨੇ ਦਸਿਐ ਕਿ ਮੁਸਲਮਾਨਾਂ ਨੂੰ ਪਸ਼ੌਰ ਸ਼ਹਿਰ ਵਿਚ ਮੁਸਲਮਾਨਾਂ ਉੱਤੇ ਗੋਲੀ ਚਲਾਉਣ ਦਾ ਹੁਕਮ ਹੋਇਆ ਤਾਂ ਉਹਨਾਂ ਗੋਲੀ ਨਹੀਂ ਚਲਾਈ। ਏਸ ਲਈ ਉਹਨਾਂ ਦੀ ਅੱਧੀ ਪਲਟਨ ਰੰਗੂਨ ਤੇ ਅੱਧੀ ਕਿਧਰੇ ਹੋਰ ਬਦਲ ਦਿੱਤੀ ਗਈ ਸੀ। ਮੈਂ ਉਹਦੇ ਨਾਲ ਗੱਲ ਕੀਤੀ ਸੀ, ਪਰ ਉਹ ਬਹੁਤ ਡਰੇ ਖਲੋਤੇ ਐ। ਉਹ ਸਮਝਦੇ ਐ ਕਿ ਗੋਰਿਆਂ ਨੇ ਉਹਨਾਂ ਨੂੰ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਵਾਂਗੂੰ ਜਲਾਵਤਨ ਕਰ ਦਿੱਤੈ। ਪਤਾ ਨਹੀਂ ਦੇਸ ਮੁੜਨ ਵੀ ਦੇਣਗੇ ਕਿ ਨਹੀਂ। ਉਹ ਬੜਾ ਘਬਰਾਇਆ ਹੋਇਆ ਸੀ। ਉਸ ਨੇ ਆਪਣਾ ਨਾਮ ਤੇ ਪਿੰਡ ਦੱਸਣ ਤੋਂ ਵੀ ਇਨਕਾਰ ਕਰ ਦਿੱਤਾ।'

ਸ਼ੇਰ ਸਿੰਘ ਨੇ ਕਿਹਾ, 'ਇਹ ਗੱਲ ਤਾਂ ਕੁਦਰਤੀ ਐ।'

ਮੀਟਿੰਗ ਖਤਮ ਹੋਣ ਸਾਰ ਜਗਤ ਰਾਮ ਨੇ ਨਵਾਬ ਖਾਨ ਨੂੰ ਇਕ ਪਾਸੇ ਕਰਕੇ ਹਸਦਿਆਂ ਕਿਹਾ, 'ਨਵਾਬ ! ਤੈਨੂੰ ਯਾਦ ਐ ਤੂੰ ਮੇਰਾ ਨਾ ਜੱਗਾ ਲੁਹਾਰ ਤੇ ਬੀਬੀ ਦਾ ਗੁਲਾਬ ਬਾਨੋ ਰਖਿਆ ਸੀ।'

'ਤੇ ਫੇਰ ?' ਨਵਾਬ ਨੇ ਪੁੱਛਿਆ।

'ਤੇਰਾ ਨਾਂ ਬੀਬੀ ਨੇ ਗੁਲਾਮ ਖਾਨ ਰੱਖ ਦਿੱਤੈ। ਮੈਂ ਵੀ ਉਹਦੇ ਨਾਲ ਸਹਿਮਤੀ ਦੇ ਦਿੱਤੀ ਐ।' ਨਵਾਬ ਖਾਨ ਨੇ ਜਗਤ ਰਾਮ ਦਾ ਸੱਜਾ ਮੋਢਾ ਆਪਣੇ ਦੋਹਾਂ ਹੱਥਾਂ ਵਿਚ ਘੁੱਟ ਲਿਆ। ਜਗਤ ਰਾਮ ਨੇ ਡੌਲਾ ਨੰਗਾ ਕਰਕੇ ਵੇਖਿਆ। ਨਵਾਬ ਦੀਆਂ ਉਂਗਲਾਂ ਉਸ ਦੇ ਡੌਲੇ ਵਿਚ ਖੁਭੀਆਂ ਹੋਈਆਂ ਸਨ।

ਗੁਲਾਬ ਕੌਰ ਨੇ ਤਾੜ ਲਿਆ ਸੀ ਕਿ ਜੀਵਨ ਸਿੰਘ ਤੇ ਅਮਰ ਸਿੰਘ ਦੋਵੇਂ ਮੀਟਿੰਗ ਵਿਚ ਸ਼ਾਮਲ ਨਹੀਂ ਸਨ ਹੋਏ। ਉਹ ਮੀਟਿੰਗ ਵਿਚ ਬੈਠਿਆਂ ਵੀ ਕੱਲ ਬਰਮੇ ਰੈਸਟੋਰੈਂਟ ਵਿਚ ਹੋਈ ਗੱਲ ਬਾਤ ਬਾਰੇ ਸੋਚਦੀ ਰਹੀ ਸੀ। ਉਹ ਪੋਲੇ-ਪੋਲੇ ਪੈਰੀਂ ਡੈੱਕ ਉੱਤੇ ਫਿਰ ਕੇ ਉਨ੍ਹਾਂ ਨੂੰ ਲੱਭਣ ਲੱਗ ਪਈ। ਉਹ ਉਸ ਨੂੰ ਕਿਧਰੇ ਨਜ਼ਰੀਂ ਨਾ ਪਏ।

ਜਦ ਲੰਗਰ ਖੁਲ੍ਹਾ ਤਾਂ ਵੀ ਉਹ ਉਸ ਨੂੰ ਨਾ ਦਿਸੇ। ਉਹ ਮਨ ਹੀ ਮਨ ਵਿਚ ਸੋਚਣ ਲੱਗੀ ਕਿ ਚਲਦੇ ਜਹਾਜ਼ ਵਿਚ ਕਿਧਰ ਤੁਰ ਗਏ। ਉਸ ਨੇ ਬੇ-ਦਿਲੀ ਜਿਹੀ ਨਾਲ ਦੋ ਫੁਲਕੇ ਖਾਧੇ ਤੇ ਚਾਹ ਪੀਤੀ। ਨ੍ਹਾਮਾ ਫਤਹ ਗੜ੍ਹੀਆ ਗੁਲਾਬ ਕੌਰ ਨੂੰ ਹੈਰਾਨ ਜਿਹਾ ਵੇਖ ਕੇ ਬੋਲ ਪਿਆ-'ਬੀਬੀ ! ਤੂੰ ਆਪਣੇ ਪੇਂਡੂਆਂ ਨੂੰ ਤਾਂ ਨਹੀਂ ਲੱਭਦੀ ਫਿਰਦੀ ?' ਉਸਨੇ ਉਸ ਦਾ ਜਵਾਬ ਉਡੀਕੇ ਬਿਨਾਂ ਹੀ ਦੱਸ ਦਿੱਤਾ-'ਉਹ ਦੋਵੇਂ ਅੱਜ ਸਭ ਤੋਂ ਪਹਿਲੋਂ ਲੰਗਰ ਛਕ ਕੇ ਤੁਰ ਗਏ ਸੀ। ਕੁਝ ਗੁਆਚੇ-ਗੁਆਚੇ ਲਗਦੇ ਸੀ।'

ਨ੍ਹਾਮੇ ਦੀ ਗੱਲ ਸੁਣ ਕੇ ਉਹ ਅੰਦਾਜ਼ਾ ਲਾਉਣ ਲੱਗ ਪਈ ਕਿ ਉਹ ਦੋਵੇਂ ਜ਼ਰੂਰ ਕੱਲ ਬਰਮੇ ਰੈਸਟੋਰੈਂਟ ਵਿਚ ਹੋਈਆਂ ਗੱਲਾਂ ਬਾਰੇ, ਗੱਲਾਂ ਕਰਦੇ ਹੋਣਗੇ। ਉਹ ਚਿੰਤਾਤੁਰ ਹੋਈ, ਖੋਈਆਂ-ਖੋਈਆਂ ਨਜ਼ਰਾਂ ਨਾਲ ਉਨ੍ਹਾਂ ਨੂੰ ਲੱਭਣ ਲੱਗ ਪਈ। ਅਚਾਨਕ ਹੀ ਉਹ ਉਸਨੂੰ ਜਹਾਜ਼ ਦੀ ਇਕ ਨੁੱਕਰ ਵਿਚ ਜੁੜ ਕੇ ਬੈਠੇ ਦਿਸ ਪਏ। ਉਹ ਹੌਲੀ-ਹੌਲੀ ਗੱਲਾਂ ਕਰ ਰਹੇ ਸਨ। ਉਹ ਉਨ੍ਹਾਂ ਪਾਸ

ਜਾਣਾ ਚਾਹੁੰਦੀ ਹੋਈ ਵੀ, ਪਿਛਲੇ ਪੈਰੀਂ ਮੁੜ ਪਈ। ਜਹਾਜ਼ ਦੀ ਬਾਹੀ ਉੱਤੇ ਦੋਵੇਂ ਅਰਕਾਂ ਟੇਕ ਕੇ ਸਮੁੰਦਰ ਵਿਚ ਉੱਠ ਰਹੀਆਂ ਤੇ ਢਹਿ ਰਹੀਆਂ ਛੱਲਾਂ ਵੱਲ ਵੇਖਣ ਲੱਗ ਪਈ। ਅਣਗਿਣਤ ਸਮੁੰਦਰੀ ਪੰਛੀ ਉਸਦੇ ਆਲੇ ਦੁਆਲੇ ਤੇ ਉਸ ਦੇ ਸਿਰ ਉੱਤੇ ਉਡਾਰੀਆਂ ਲਾ ਰਹੇ ਸੀ। ਉਸ ਨੇ ਕਿਸੇ ਵੱਲ ਧਿਆਨ ਨਾ ਦਿੱਤਾ। ਉਸ ਦੀਆਂ ਅੱਖਾਂ ਅਲਸਾਈਆਂ ਹੋਈਆਂ ਸਨ। ਉਹ ਘੜੀ ਮੁੜੀ ਉਬਾਸੀਆਂ ਲੈ ਰਹੀ ਸੀ। ਇਉਂ ਜਾਪਦਾ ਸੀ ਜਿਉਂ ਸਾਰੀ ਰਾਤ ਨਾ ਸੌਣ ਕਰਕੇ ਉਂਘਲਾਉਣ ਲੱਗ ਪਵੇਗੀ।

ਨ੍ਹਾਮੇ ਨੇ ਉਸ ਦੇ ਕੋਲੋਂ ਲੰਘਦਿਆਂ ਦਸਿਆ, 'ਬੀਬੀ ਜੀਣਾ ਤੇ ਉਹਦਾ ਮਿਰਕਣ ਸਾਥੀ ਦੋਵੇਂ ਏਧਰ ਤੁਰੇ ਆਉਂਦੇ ਐ।' ਗੁਲਾਬ ਕੌਰ ਦੇ ਕੰਨਾਂ ਤੱਕ ਵੀ ਨ੍ਹਾਮੇ ਦੀ ਆਵਾਜ਼ ਨਾ ਪਹੁੰਚੀ।

## 16

ਐਤਵਾਰ ਦਾ ਦਿਨ ਸੀ। ਸਾਰਾ ਦਿਨ ਗਦਰੀ ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ ਬੈਠੇ ਆਪੋ ਆਪਣੀਆਂ ਸੋਚਾਂ ਵਿਚ ਰੁੱਝੇ ਰਹੇ। ਉਨ੍ਹਾਂ ਵਿਛੜ ਕੇ ਮਿਲਣ ਲਈ ਟਿਕਾਣੇ ਤੇ ਦਿਨ ਨਿਯਤ ਕੀਤੇ। ਜਹਾਜ਼ ਰਵਾਂ ਰਵੀਂ ਚਲਦਾ ਰਿਹਾ। ਐਮਡਨ ਜੰਗੀ ਜਹਾਜ਼ ਦਾ ਡਰ ਘਟ ਗਿਆ ਸੀ। ਕਿਉਂਕਿ ਪੀਨਾਂਗ ਤੋਂ ਤੁਰਨ ਲੱਗਿਆਂ ਹੀ ਜਦ ਐਮਡਨ ਦੇ ਨੇੜੇ ਢੁੱਕਣ ਦੀ ਅਫਵਾਹ ਉਡੀ ਸੀ ਤਾਂ ਗਦਰੀ ਫੌਜੀਆਂ ਵਿਚੋਂ ਜੋ ਸਿਗਨਲ ਦਾ ਕੰਮ ਜਾਣਦੇ ਸੀ, ਇਕੱਠੇ ਹੋ ਕੇ, ਨੇੜੇ ਢੁੱਕਦੇ ਐਮਡਨ ਜਹਾਜ਼ ਨੂੰ ਸ਼ੀਸ਼ੇ-ਝੰਡੀ ਰਾਹੀਂ ਦਸਣਾ ਸ਼ੁਰੂ ਕਰ ਦਿੱਤੀ ਸੀ ਕਿ ਜਹਾਜ਼ ਹਿੰਦੁਸਤਾਨੀਆਂ ਦਾ ਹੈ। ਐਮਡਨ ਕਪਤਾਨ ਨੂੰ ਪਤਾ ਸੀ ਕਿ ਉਸ ਜਹਾਜ਼ ਵਿਚ ਗਦਰ ਕਰਨ ਜਾ ਰਹੇ ਹਿੰਦੁਸਤਾਨੀ ਸਫਰ ਕਰ ਰਹੇ ਸਨ।

ਤੋਸ਼ਾਮਾਰੂ ਦੇ ਜਾਪਾਨੀ ਕਪਤਾਨ ਨੂੰ ਇਹ ਵੀ ਪਤਾ ਸੀ ਕਿ ਮੁਸਾਫਰਾਂ ਨੇ ਸ਼ੀਸ਼ਾ- ਝੰਡੀ ਦੇ ਕੇ ਉਸ ਦੇ ਜਹਾਜ਼ ਨੂੰ ਡੁੱਬਣ ਦੇ ਖਤਰੇ ਤੋਂ ਬਚਾ ਦਿੱਤਾ ਸੀ। ਉਹ ਅੰਦਰੋਂ ਖ਼ੁਸ਼ ਸੀ ਪਰ ਇਹ ਨਹੀਂ ਸੀ ਜਿਤਾਉਣਾ ਚਾਹੁੰਦਾ ਕਿ ਉਨ੍ਹਾਂ ਦੇ ਸ਼ੀਸ਼ਾ-ਝੰਡੀ ਦੇਣ ਬਾਰੇ ਉਸ ਨੂੰ ਪਤਾ ਹੈ। ਉਹ ਖ਼ੁਸ਼ੀ-ਖ਼ੁਸੀ ਏਧਰ ਉਧਰ ਫਿਰਦਾ ਰਿਹਾ। ਉਸ ਦੇ ਜਾਪਾਨੀ ਖਲਾਸੀ ਕੁਝ ਗਦਰੀਆਂ ਨਾਲ ਬਹਿ ਕੇ ਗੱਲਾਂ ਕਰਦੇ ਤੇ ਤਾਸ਼ਾਂ ਖੇਡਦੇ ਰਹੇ।

ਪਰਮਾਨੰਦ ਝਾਂਸੀ ਵਾਲਾ ਮੁਸਾਫਰਾਂ ਨਾਲ ਯੋਕੋਹਾਮਾ, ਜਾਪਾਨ ਤੋਂ ਰਲਿਆ ਸੀ। ਉਹ ਥੋੜ੍ਹੀ ਜਾਪਾਨੀ ਜਾਣਦਾ ਸੀ। ਉਸ ਨੂੰ ਪੰਜਾਬੀ ਨਹੀਂ ਸੀ ਆਉਂਦੀ। ਅੰਗਰੇਜ਼ੀ ਬਹੁਤ ਜਾਣਦਾ ਸੀ। ਇਸ ਲਈ ਬਹੁਤੀ ਵਾਰੀ ਜਾਪਾਨੀਆਂ ਨਾਲ ਹੀ ਗੱਲਾਂ ਕਰਦਿਆਂ ਵੇਖਿਆ ਜਾਂਦਾ। ਜਾਂ ਫੇਰ ਬੜੇ ਗੰਭੀਰ ਸੁਭਾਅ, ਚੁੱਪ ਚਾਪ ਰਹਿਣ ਵਾਲੇ, ਬਹੁਤੀ ਗੱਲ ਨਾ ਕਰਨ ਵਾਲੇ ਤੇ ਸੋਚ ਸਮਝ ਕੇ ਇਕ-ਇਕ ਸ਼ਬਦ ਕਹਿਣ ਵਾਲੇ ਕੈਨੇਡਾ ਤੋਂ ਆਏ ਉੱਤਮ ਸਿੰਘ ਹਾਂਸ ਨਾਲ ਫਿਰਦਾ ਵੇਖਿਆ ਜਾਂਦਾ। ਉਨ੍ਹਾਂ ਦੋਹਾਂ ਦੀ ਇਕ ਜੋੜੀ ਬਣ ਗਈ ਸੀ। ਪਰਮਾਨੰਦ ਗੱਲਾਂ ਬਹੁਤ ਕਰਦਾ। ਦੂਜੇ ਪਾਸੇ ਉਤਮ ਸਿੰਘ ਸੁਣਦਾ ਬਹੁਤ ਤੇ ਬੋਲਦਾ ਘੱਟ। ਉਤਮ ਸਿੰਘ ਕਹਿਣੀ ਨਹੀਂ, ਕਥਣੀ ਵਿਚ ਭਰੋਸਾ ਰੱਖਦਾ ਸੀ। ਜਦ ਗਦਰੀ ਸਕੂਲ ਲਾਉਂਦੇ ਸਨ ਤਾਂ ਪਿੱਛੇ ਬੈਠ ਕੇ ਸੁਣਦਾ ਰਹਿੰਦਾ ਸੀ ਪਰ ਪਰਮਾਨੰਦ ਵੱਖਰਾ ਹੀ ਫਿਰਦਾ ਰਹਿੰਦਾ ਸੀ। ਅੱਜ ਉਤਮ ਸਿੰਘ, ਈਸ਼ਰ, ਕਰਮ ਸਿੰਘ ਤੇ ਧਰਮ ਸਿੰਘ ਦੀ ਟੋਲੀ ਵਿਚ ਬੈਠਾ ਸੀ।

ਕਈ ਅਜਿਹੇ ਮੁਸਾਫਰ ਸਨ, ਜੋ ਸਕੂਲ ਵੇਲੇ ਗਦਰੀਆਂ ਨਾਲ ਬੈਠਦੇ। ਗੱਲਾਂ ਸੁਣਦੇ ਰਹਿੰਦੇ ਪਰ ਮੂੰਹ ਨਾ ਖੋਲ੍ਹਦੇ। ਉਨ੍ਹਾਂ ਬਾਰੇ ਕਿਸੇ ਨੂੰ ਪਤਾ ਨਾ ਲਗਦਾ ਕਿ ਉਨ੍ਹਾਂ ਦੇ ਮਨ ਵਿਚ ਕੀ ਹੈ। ਅਜਿਹੇ ਮੁਸਾਫਰਾਂ ਵਿਚ ਇੰਦਰ ਸਿੰਘ ਮੱਲਾ, ਨੱਥਾ ਸਿੰਘ ਝਿਰਬ, ਰੂੜ ਸਿੰਘ ਚੱਕਰ, ਭਾਨ ਸਿੰਘ ਸੁਨੇਤ, ਕਿਰਪਾਲ ਸਿੰਘ ਬਰਾੜ, ਚੰਨਣ ਸਿੰਘ ਰਾਏਪੁਰ, ਅਮਰ ਸਿੰਘ ਮੋਰਾਂਵਾਲੀ ਤੇ ਹੋਰ ਪੰਦਰਾਂ ਵੀਹ ਬੰਦੇ ਸਨ।

ਸਭ ਨੇ ਆਪੋ ਆਪਣੀਆਂ ਟੋਲੀਆਂ ਬਣਾ ਕੇ ਨਾਂ ਪਤੇ ਰਹਿਮਤ ਅਲੀ ਨੂੰ ਦੇ ਦਿੱਤੇ ਸਨ। ਸਭ ਨੇ ਆਪਣੇ ਬਿਸਤਰੇ ਤੇ ਜੇਬਾਂ ਫੋਲ ਕੇ ਗਦਰ-ਗੂੰਜਾਂ ਤੇ ਗਦਰ ਸੰਬੰਧੀ ਹੋਰ ਕਾਗਜ਼ ਪੱਤਰ ਜਗਤ ਰਾਮ ਦੇ ਹਵਾਲੇ ਕਰ ਦਿੱਤੇ ਸਨ। ਜਗਤ ਰਾਮ ਨੇ ਅਜਿਹੇ ਸਭ ਕਾਗਜ਼ ਆਪਣੀ ਹੱਥੀਂ ਹਨੇਰਾ ਪੈਂਦਿਆਂ ਹੀ ਸਮੁੰਦਰ ਵਿਚ ਸੁੱਟ ਦਿੱਤੇ ਸਨ।

ਗੁਲਾਬ ਕੌਰ ਅੱਜੇ ਵੀ ਕਾਗਜ਼ ਸਾਹਮਣੇ ਰੱਖ ਕੇ ਮੂੰਹ ਵਿਚ ਹੀ ਇਕ ਗਦਰ ਗੂੰਜ ਯਾਦ ਕਰਨ ਦਾ ਜਤਨ ਕਰ ਰਹੀ ਸੀ। ਇਸ ਗੱਲ ਦਾ ਜਗਤ ਰਾਮ ਨੂੰ ਪਤਾ ਸੀ ਪਰ ਉਸ ਨੂੰ ਇਹ ਵੀ ਪਤਾ ਸੀ ਕਿ ਉਹ ਗਦਰ-ਗੂੰਜ ਯਾਦ ਕਰਕੇ ਕਾਗਜ਼ ਆਪੇ ਸਮੁੰਦਰ ਵਿਚ ਸੁੱਟ ਦੇਵੇਗੀ।

ਜਿਉਂ-ਜਿਉਂ ਜਹਾਜ਼ ਕਲਕੱਤੇ ਵੱਲ ਢੁਕ ਰਿਹਾ ਸੀ, ਤਿਉਂ-ਤਿਉਂ ਮੁਸਾਫਰ ਕਾਹਲੇ ਪੈਂਦੇ ਦਿਸ ਰਹੇ ਸਨ। ਰਾਤ ਚੰਗੀ ਲੰਘ ਗਈ, ਫਿਰ ਵੀ ਮੁਸਾਫਰ ਡੈੱਕ ਉੱਤੇ ਘੁੰਮ ਰਹੇ ਸਨ। ਸੌਣ ਦਾ ਨਾਂ ਨਹੀਂ ਸਨ ਲੈ ਰਹੇ। ਸਭ ਨੇ ਆਪੋ ਆਪਣੇ ਬਿਸਤਰੇ ਬੱਧੇ ਹੋਏ ਸਨ। ਇਕ ਦਰੀ ਵੀ ਵਿਛੀ ਹੋਈ ਨਹੀਂ ਸੀ ਦਿਸ ਰਹੀ।

ਜਵਾਲਾ ਸਿੰਘ, ਕੇਸਰ ਸਿੰਘ, ਸ਼ੇਰ ਸਿੰਘ, ਰਹਿਮਤ ਅਲੀ, ਹਾਫਜ਼ ਅਬਦੁਲਾ, ਨਵਾਬ ਖਾਨ, ਸੁਰਜਨ ਸਿੰਘ, ਲਾਲ ਸਿੰਘ, ਜਗਤ ਰਾਮ ਤੇ ਕੁਝ ਹੋਰ ਗਦਰੀ ਜਹਾਜ਼ ਦੀ ਪਿਛਲੀ ਨੁੱਕਰ ਵਿਚ ਅੱਜੇ ਵੀ ਬੈਠੇ ਗੱਲਾਂ ਕਰ ਰਹੇ ਸਨ। ਉਨ੍ਹਾਂ ਦੀ ਸਾਰੀ ਗੱਲ

ਦਾ ਮੁੱਖ ਮੁੱਦਾ ਇਹ ਸੀ ਕਿ ਜੇ ਘਾਟ ਉੱਤੋਂ ਹੀ ਫੜ ਲਏ ਗਏ ਤਾਂ ਜਦ ਵੀ ਮੌਕਾ ਮਿਲਿਆ, ਕਿਹੜੇ-ਕਿਹੜੇ ਅੱਡੇ ਉੱਤੇ ਕਿਹੜੀ-ਕਿਹੜੀ ਥਾਂ ਤੇ ਕਿਸ ਦਿਨ ਮਿਲਣਾ ਹੈ।

ਅੱਧੀ ਰਾਤ ਕਦੇ ਦੀ ਲੰਘ ਚੁੱਕੀ ਸੀ। ਜਹਾਜ਼ ਦੀ ਚਾਲ ਬਹੁਤੀ ਧੀਮੀ ਹੋ ਗਈ ਸੀ। ਸਮੁੰਦਰ ਠਲ੍ਹਿਆ ਹੋਇਆ ਸੀ। ਜੀਵਨ ਸਿੰਘ ਤੇ ਗੁਲਾਬ ਕੌਰ ਜਹਾਜ਼ ਦੀ ਮੂਹਰਲੀ ਨੁੱਕਰ ਵਿਚ ਜਹਾਜ਼ ਦੀ ਬਾਹੀ ਨਾਲ ਲੱਗ ਕੇ ਬੈਠੇ ਗੱਲਾਂ ਕਰ ਰਹੇ ਸਨ। ਉਨ੍ਹਾਂ ਦੇ ਗੰਭੀਰ ਚਿਹਰਿਆਂ ਉੱਤੇ ਜਹਾਜ਼ ਦੀ ਬੱਤੀ ਦੀ ਰੌਸ਼ਨੀ ਪੈ ਰਹੀ ਸੀ। ਜੀਵਨ ਸਿੰਘ ਦੀ ਗੋਲ ਮੋਲ ਪੱਗ, ਗੋਲ ਚਿਹਰਾ ਤੇ ਭਰਵੀਂ ਦਾੜ੍ਹੀ ਉੱਤੇ ਗੁਲਾਬ ਕੌਰ ਦੇ ਚਿਹਰੇ ਦਾ ਪਰਛਾਵਾਂ ਪੈ ਰਿਹਾ ਸੀ। ਗੁਲਾਬ ਕੌਰ ਨੇ ਆਪਣੇ ਸੱਜੇ ਹੱਥ ਨਾਲ ਜੀਵਨ ਸਿੰਘ ਦੀ ਵੀਣੀ ਫੜੀ ਹੋਈ ਸੀ। ਉਹ ਗੰਭੀਰ ਆਵਾਜ਼ ਵਿਚ ਕਹਿ ਰਹੀ ਸੀ-'ਵੀਰ ਜੀਇਆਂ। ਤੂੰ ਮੇਰਾ ਸੱਕਾ ਵੀਰ ਆਂ। ਤੂੰ ਮੇਰੇ ਦਿਲ ਵਿਚ ਲੱਗੀ ਅੱਗ ਦਾ ਧੂੰਆਂ ਵੀ ਨਹੀਂ ਵੇਖ ਸਕਦਾ। ਨਾ ਮੇਰਾ ਕੋਈ ਅੱਗਾ ਨਾ ਕੋਈ ਪਿੱਛਾ। ਤੂੰ ਮੈਨੂੰ ਭੈਣ ਮੰਨਣ ਤੇ ਰਾਜ਼ੀ ਨਹੀਂ ਤਾਂ ਮੈਂ ਕਿਧਰ ਡੁੱਬ ਮਰਾਂ। ਤੂੰ ਸਾਡੇ ਨਾਲ ਤੁਰਿਆ ਤੂੰ ਸਭ ਕੁਝ ਜਾਣਦੈਂ। ਮੇਰੇ ਅੱਗੇ ਪਿੱਛੇ ਨੂੰ ਜਾਣਦੈਂ। ਮੈਂ ਹੋਰ ਕੀਹਨੂੰ ਲੱਭਦੀ ਫਿਰਾਂ? ਤੂੰ ਬੋਲਦਾ ਕਿਉਂ ਨਹੀਂ ? ਮੇਰੇ ਮਨ ਵਿਚ ਕੋਈ ਮੈਲ ਨਹੀਂ। ਨਾ ਹੀ ਤੂੰ ਆਪਣੇ ਮਨ ਵਿਚ ਮੈਲ ਲਿਆਵੀਂ।'

'ਨਹੀਂ। ਬੀਬੀ ਇਹ ਗੱਲ ਨਹੀਂ। ਲੋਕ ਕੀ ਆਖਣਗੇ।'

'ਤੂੰ ਛੱਡ ਲੋਕਾਂ ਨੂੰ। ਲੋਕਾਂ ਦਾ ਮੂੰਹ ਕੌਣ ਫੜ ਸਕਦੈ। ਤੂੰ ਆਪਣਾ ਮਨ ਪੱਕਾ ਕਰ।'

'ਮੇਰਾ ਮਨ ਪੱਕੈ ਮਰਨ ਨੂੰ। ਸਾਡੇ ਥੋੜ੍ਹੇ ਜਿਹੇ ਗਦਰੀਆਂ ਨੇ ਦੇਸ ਆਜ਼ਾਦ ਨਹੀਂ ਕਰਾ ਲੈਣਾ। ਦੇਸ ਸੁੱਤਾ ਪਿਐ। ਸਾਰੀ ਲੁਕਾਈ ਸੁੱਤੀ ਪਈ ਐ। ਫਿਰ ਵੀ ਅਸਾਂ ਪਿੱਛੇ ਨਹੀਂ ਹਟਣਾ। ਆਪਣੀਆਂ ਜਾਨਾਂ ਦੇ ਦੇਣੀਐਂ। ਤੂੰ ਕੀ ਵੇਖਿਐ ਅੱਜੇ ਦੁਨੀਆਂ ਦਾ? ਮੈਂ ਤਾਂ ਕਹੂੰ ਕਿ ਤੂੰ...।' ਗੁਲਾਬ ਕੌਰ ਨੇ ਉਸ ਦੀ ਗੱਲ ਵਿਚੋਂ ਹੀ ਟੁੱਕਦਿਆਂ ਗੁੱਸੇ ਵਿਚ ਆ ਕੇ ਕਿਹਾ-'ਜੀਇਆ। ਤੂੰ ਆਪਣੀ ਗੱਲ ਪੂਰੀ ਨਾ ਕਰੀਂ। ਨਹੀਂ ਤਾਂ ਮੈਂ ਤੇਰਾ ਬੂਥਾ....।' ਗੁਲਾਬ ਕੌਰ ਦੇ ਸੰਘ ਵਿਚ ਗੱਲ ਅਟਕ ਗਈ।

'ਨਹੀਂ। ਗੁਲਾਬੋ ਨਹੀਂ।' ਗੁਲਾਬ ਕੌਰ ਗੁੱਸੇ ਵਿਚ ਆਈ ਉੱਠ ਖਲੋਤੀ। ਜੀਵਨ ਸਿੰਘ ਨੇ ਉਸ ਨੂੰ ਬਾਹੋਂ ਫੜ ਕੇ ਬਿਠਾ ਲਿਆ। ਦੋਵੇਂ ਕਾਫੀ ਦੇਰ ਚੁੱਪ ਬੈਠੇ ਰਹੇ। ਜੀਵਨ ਸਿੰਘ ਨੇ ਵਾਸਕਟ ਦੀ ਜੇਬ ਵਿਚੋਂ ਘੜੀ ਕੱਢ ਕੇ ਵੇਖੀ। ਤੜਕਸਾਰ ਦੇ ਦੋ ਵੱਜ ਚੁੱਕੇ ਸਨ। ਰੁਮਕ-ਰੁਮਕ ਹਵਾ ਵਗ ਰਹੀ ਸੀ। ਗੁਲਾਬ ਕੌਰ ਨੇ ਆਪਣੇ ਅੱਥਰੂ ਡਿੱਗਣ ਤੋਂ ਰੋਕ ਕੇ ਹੱਥ ਨਾਲ ਹੀ ਪੂੰਝ ਦਿੱਤੇ। ਜੀਵਨ ਸਿੰਘ ਨੇ ਆਪਣੇ ਕੰਬਦੇ ਹੱਥਾਂ ਨਾਲ ਉਸ ਦੀ ਪਿੱਠ ਉੱਤੇ ਹੱਥ ਫੇਰਦਿਆਂ ਥਿੜਕਦੀ ਆਵਾਜ਼ ਕਿਹਾ-'ਗੁਲਾਬੋ, ਜੇ ਮੈਂ ਆਪਣੇ ਦਿਲ ਨੂੰ ਕਾਬੂ ਵਿਚ ਨਾ ਰੱਖ ਸਕਿਆ ਤਾਂ ਕੀ ਬਣੂੰ।'

'ਜੀਇਆ। ਤੂੰ ਉਲਟੀਆਂ ਪੁਲਟੀਆਂ ਨਾ ਕਰ। ਤੈਨੂੰ ਬਚਨ ਦੇਣਾ ਹੋਊ। ਮੈਂ ਵੀ ਤਾਂ ਤੀਵੀਂ ਆਂ, ਮੇਰਾ ਮਨ ਵੀ ਤਾਂ ਰੇਤ ਹੋ ਸਕਦੈ, ਤੂੰ ਮੈਨੂੰ ਖੜ੍ਹਾ ਰੱਖੀਂ। ਮੈਂ ਤੈਨੂੰ ਖੜ੍ਹਾ ਰੱਖੂੰ। ਜੇ ਮੈਂ ਰੇਤ ਹੋਣ ਲੱਗੀ ਤਾਂ ਤੂੰ ਮੇਰੇ ਮੂੰਹ ਤੇ ਥੱਪੜ ਮਾਰੀਂ।'

'ਨਹੀਂ। ਗੁਲਾਬੋ ਨਹੀਂ। ਇਹ ਅਣਹੋਣੀ ਐ। ਤੂੰ ਅਣਹੋਣੀਆਂ ਗੱਲਾਂ ਕਰਦੀ ਐਂ। ਕਦੇ ਭੈਣ ਭਰਾ ਵੀ ਤੀਵੀਂ-ਮਰਦ ਬਣੇ ਐਂ ? ਵਿਚੋਂ ਵਿਚੋਂ ਭੈਣ ਭਰਾ ਤੇ ਉਤੋਂ-ਉਤੋਂ ਤੀਵੀਂ ਮਰਦ। ਨਹੀਂ। ਨਹੀਂ। ਨਹੀਂ।'

'ਜੀਇਆਂ। ਵੇਖ। ਪੁਲਸ ਨੂੰ ਝਕਾਨੀ ਦੇਣੀ ਐਂ। ਪੁਲਸ ਨੂੰ ਕਹਿ ਦਈਂ ੇੇਗੁਲਾਬੋ ਤੇਰੀ ਤੀਵੀਂ ਐਂ। ਜੇ ਪੁਲਸ ਵਾਲੇ ਫੜਨਗੇ ਤਾਂ ਵੀ ਪੰਜਾਬ ਲਿਜਾਣਗੇ। ਜੇ ਨਾ ਫੜੇ ਗਏ ਤਾਂ ਵੀ ਪੰਜਾਬ ਜਾਣੈ। ਅਸੀਂ ਟੇਸ਼ਣ ਤੋਂ ਹੀ ਅੱਡ ਹੋ ਜਾਂਗੇ।

'ਮੈਂ ਤੀਵੀਆਂ ਵਾਲੇ ਡੱਬੇ ਵਿੱਚ ਬਹਿ ਜਾਊਂ। ਤੂੰ ਆਪਣੇ ਰਾਹ ਤੁਰ ਜਾਈਂ। ਮੈਂ ਆਪਣੇ ਰਾਹ ਪੈ ਜਾਊਂ। ਜੇ ਰੱਬ ਸਬੱਬੀ ਕਦੇ ਮੇਲੇ ਹੋ ਗਏ ਤਾਂ ਠੀਕ ਐ, ਨਹੀਂ ਤਾਂ ਰੱਬ ਰਾਖਾ।'

'ਇਹ ਗੱਲ ਤਾਂ ਮੰਨਣ ਵਾਲੀ ਐ।'

ਗੁਲਾਬ ਕੌਰ ਨੇ ਜੀਵਨ ਸਿੰਘ ਦੇ ਦੋਹਾਂ ਗੋਡਿਆਂ ਉੱਤੇ ਆਪਣੇ ਦੋਵੇਂ ਹੱਥ ਰੱਖ ਕੇ, ਦੋਵੇਂ ਬੀਣੀਆਂ ਨੰਗੀਆਂ ਕਰਕੇ ਕਿਹਾ-'ਵੇਖ ਮੇਰੇ ਦੋਹੀਂ ਹੱਥੀਂ ਕੜੇ।'

'ਇਕ ਕੜਾ ਪਾਈਦੈ ਸੱਜੇ ਹੱਥ ਵਿਚ।'

'ਮੈਂ ਦੋ ਪਾਏ ਐ। ਤੂੰ ਪੁੱਛ ਕਿਉਂ ?'

'ਕਿਉਂ ਪਾਏ ਐ ਤੂੰ ਦੋ ?'

'ਤੈਨੂੰ ਪਤੈ ਜਿਸ ਦਿਨ ਮੈਂ ਚੂੜੀਆਂ ਤੋੜ ਕੇ ਵਗਾਹ ਮਾਰੀਆਂ ਸੀ।'

'ਆਹੋ ਪਤੈ, ਮੈਂ ਦੀਵਾਨ ਵਿਚ ਬੈਠਾ ਸਾਂ।'

'ਤੈਨੂੰ ਪਤੈ, ਸਾਨੂੰ ਕਿੰਨੇ ਦਿਨ ਓਥੇ ਰੁਕਣਾ ਪਿਆ ਸੀ। ਗ੍ਰੰਥੀ ਬਾਬਾ ਇਕ ਦਿਨ ਮੈਨੂੰ ਆਪਣੀ ਕੋਠੜੀ ਵਿਚ ਲੈ ਵੜਿਆ।'

ਜੀਵਨ ਸਿੰਘ ਨੇ ਅੱਖਾਂ ਚੌੜੀਆਂ ਕਰਕੇ ਗੁਲਾਬ ਕੌਰ ਦੇ ਚਿਹਰੇ ਉੱਤੇ ਨਜ਼ਰ ਟਿਕਾਅ ਦਿੱਤੀ।

'ਆਪ ਚੌਕੜੀ ਮਾਰ ਕੇ ਦਰੀ ਉੱਤੇ ਬਹਿ ਗਿਆ। ਕਹਿਣ ਲੱਗਾ, ਤੂੰ ਵੀ ਚੌਕੜੀ ਮਾਰ ਦੇ ਕੇ ਬੈਠ। ਮੈਂ ਚੌਕੜੀ ਮਾਰ ਲਈ। ਉਹਦੇ ਹੱਥ ਵਿਚ ਇਕ ਕੜਾ ਫੜਿਆ ਹੋਇਆ ਸੀ। ਉਹ ਅੱਖਾਂ ਬੰਦ ਕਰਕੇ ਮੂੰਹ ਵਿਚ ਹੀ ਕੁਝ ਪੜ੍ਹਨ ਲੱਗ ਪਿਆ। ਚਾਰ ਪੰਜ ਮਿੰਟ ਪੜ੍ਹਦਾ ਰਿਹਾ। ਜਦ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਉਸ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਉਸ ਨੇ ਮੇਰਾ ਸੱਜਾ ਹੱਥ ਫੜ ਕੇ ਮੇਰੇ ਹੱਥ ਵਿਚ ਕੜਾ ਪਾਂਦਿਆਂ ਕਿਹਾ-'ਬੀਬੀ! ਗੁਲਾਬ ਕੁਰੇ। ਤੂੰ ਪੰਥ ਦੀ ਬੱਚੀ ਐਂ। ਵਾਹਿਗੁਰੂ ਅੱਗੇ ਅਰਦਾਸ ਕਰਕੇ ਤੇਰੇ ਹੱਥ ਵਿਚ ਕੜਾ ਪਾਇਐ। ਬੀਬਾ, ਏਸ ਹੱਥ ਨਾਲ ਕੋਈ ਬੁਰਾ ਕੰਮ ਨਹੀਂ ਕਰਨਾ। ਚੋਰੀ ਨਹੀਂ ਕਰਨੀ। ਪਤੀ ਬ੍ਰਤ ਰੱਖਣਾ। ਫੇਰ ਮੇਰੀਆਂ ਅੱਖਾਂ ਵਿਚ ਪਾਣੀ ਦੇ ਛੱਟੇ ਮਾਰੇ।'

'ਇਕ ਦਿਨ ਤੜਕੇ ਹੀ ਉਹ ਗੁਰਦੁਆਰੇ ਦੇ ਵਿਹੜੇ ਵਿਚ ਟਹਿਲਦਾ ਪਾਠ ਕਰ ਰਿਹਾ ਸੀ। ਮੈਂ ਉਹਦੇ ਪਾਸ ਜਾ ਖਲੋਤੀ। ਉਸ ਨੇ ਪੁੱਛਿਆ-'ਬੀਬਾ ਕੀ ਗੱਲ ਐ?' ਕੋਈ ਸੇਵਾ ਦੱਸ।'

'ਮੈਂ ਦੋਵੇਂ ਹੱਥ ਜੋੜ ਕੇ ਗ੍ਰੰਥੀ ਬਾਬਾ ਤਾਰੂ ਸਿਹੁੰ ਦੇ ਸਾਹਮਣੇ ਖਲੋਤੀ ਰਹੀ। ਲੱਤਾਂ ਕੰਬਣ। ਮੂੰਹੋਂ ਗੱਲ ਨਾ ਨਿਕਲੇ। ਉਸ ਨੇ ਮੇਰੇ ਮੋਢੇ ਉੱਤੇ ਹੱਥ ਰੱਖ ਕੇ ਪੁੱਛਿਆ-'

'ਬੀਬੀ। ਕੁਝ ਪੁੱਛਣੈ ਤਾਂ ਨਿਸ਼ੰਗ ਪੁੱਛ।'

'ਤੂੰ ਕੁਝ ਪੁੱਛਣ ਗਈ ਸੀ ?'

'ਤੇ ਹੋਰ ਕੀ। ਉਹਨੇ ਮੇਰੇ ਮੋਢੇ ਉੱਤੇ ਹੱਥ ਰੱਖਿਆ ਹੀ ਸੀ ਕਿ ਮੇਰੀਆਂ ਲੱਤਾਂ ਕੰਬਣੋਂ ਹਟ ਗਈਆਂ। ਮੈਂ ਝੱਟ ਬੋਲ ਪਈ-'ਬਾਬਾ ਜੀ, ਤੁਸੀਂ ਮੇਰੇ ਸੱਜੇ ਹੱਥ ਵਿਚ ਕੜਾ ਪਾਇਐ। ਜੇ ਮੈਂ ਖੱਬੇ ਹੱਥ ਨਾਲ ਚੋਰੀ ਕਰ ਲਊਂ ਜਾਂ ਕੋਈ ਮਾੜਾ ਕੰਮ ਕਰ ਲਊਂ ਫੇਰ ?'

'ਉਹ ਜ਼ੋਰ-ਜ਼ੋਰ ਦੀ ਹੱਸਣ ਲੱਗਾ-'ਇਕੋ ਕੜਾ ਪਾਈਦੈ। ਇਕ ਕੜੇ ਦਾ ਮਤਲਬ ਐ ਕਿ ਦੋਹਾਂ ਹੱਥਾਂ ਨਾਲ ਕੋਈ ਮਾੜਾ ਕੰਮ ਨਹੀਂ ਕਰਨਾ। ਦੋ ਕੜੇ ਪਾਉਣ ਦਾ ਕੋਈ ਮਤਲਬ ਨਹੀਂ ਪਰ ਜੇ ਤੂੰ ਦੋ ਕੜੇ ਪਾ ਕੇ ਖ਼ੁਸ਼ ਐਂ ਤਾਂ ਮੈਂ ਤੇਰੇ ਖੱਬੇ ਹੱਥ ਵਿਚ ਵੀ ਇਕ ਕੜਾ ਪਾ ਦੇਂਦਾਂ।'

'ਉਹ ਕੋਠੜੀ ਵਿਚ ਜਾ ਕੇ ਇਕ ਹੋਰ ਕੜਾ ਲੈ ਆਇਆ। ਵਿਹੜੇ ਵਿਚ ਖਲੋਤਿਆਂ ਹੀ ਉਹਨੇ ਮੇਰੇ ਖੱਬੇ ਹੱਥ ਵਿਚ ਵੀ ਕੜਾ ਪਾ ਦਿੱਤਾ। ਕਹਿਣ ਲੱਗਾ 'ਬੀਬੀ, ਹੁਣ ਤੂੰ ਖ਼ੁਸ਼ ਆਂ। ਗੁਰਮਤ ਵਿਚ ਇਕੋ ਕੜਾ ਲਿਖਿਐ। ਤੂੰ ਮੈਥੋਂ ਪੁੱਠਾ ਕੰਮ ਕਰਵਾਇਐ।'

ਜਦ ਮੈਂ ਆਪਣੇ ਕਮਰੇ ਵੱਲ ਮੁੜੀ ਤਾਂ ਉਹ ਨੀਵੀਂ ਪਾ ਕੇ ਆਪਣੇ ਨਾਲ ਹੀ ਗੱਲਾਂ ਕਰਦਾ-ਕਰਦਾ ਗੁਰਦੁਆਰੇ ਅੰਦਰ ਜਾ ਪਹੁੰਚਾ।'

'ਫੇਰ ਤਾਂ ਤੇਰੇ ਦੋਹਾਂ ਹੱਥਾਂ ਨੂੰ ਹੱਥਕੜੀਆਂ ਲੱਗੀਆਂ ਹੋਈਐਂ।' ਜੀਵਨ ਸਿੰਘ ਨੇ ਹੱਸ ਕੇ ਕਿਹਾ।

'ਜੀਇਆ। ਤੂੰ ਵੀ ਇਕ ਹੋਰ ਕੜਾ ਪਾ ਲਈਂ ਖੱਬੇ ਹੱਥ ਵਿਚ, ਜਦੋਂ ਤੈਨੂੰ ਗ੍ਰੰਥੀ ਬਾਬੇ ਤਾਰੂ ਸਿਹੁੰ ਵਰਗਾ ਕੋਈ ਬਾਬਾ ਮਿਲ ਗਿਆ।'

'ਪਾ ਲਊਂ' ਗੁਲਾਬੋ ਭੈਣਾਂ, ਪਾ ਲਉਂ। ਜੇ ਨਾ ਵੀ ਪਾਇਆ ਤਾਂ ਤੂੰ ਅੱਜ ਤੋਂ ਪਿਆ ਸਮਝ।'

ਦੋਹਾਂ ਦੇ ਚਿਹਰੇ ਖਿੜੇ ਹੋਏ ਸਨ। ਜੀਵਨ ਸਿੰਘ ਨੇ ਫਿਰ ਘੜੀ ਵੇਖੀ। ਅੰਮ੍ਰਿਤ ਵੇਲੇ ਦੇ ਚਾਰ ਵੱਜਣ ਵਾਲੇ ਸਨ। ਹਨੇਰਾ ਖੁਰ ਰਿਹਾ ਸੀ।

ਅਜੇ ਸੂਰਜ ਦੀ ਟਿੱਕੀ ਨਹੀਂ ਸੀ ਨਿਕਲੀ। ਜਹਾਜ਼ ਰੁਕ ਗਿਆ। ਮੁਸਾਫਰਾਂ ਨੂੰ ਪਤਾ ਲੱਗਾ ਕਿ ਜਹਾਜ਼ ਕਲਕੱਤੇ ਦੇ ਘਾਟ ਤੋਂ ਛੇ ਮੀਲ ਦੂਰ ਹੀ ਸਮੁੰਦਰ ਵਿਚ ਰੁਕ ਗਿਆ ਹੈ। ਮੁਸਾਫ਼ਰਾਂ ਵਿਚ ਭਗਦੜ ਮੱਚ ਗਈ। ਉਹ ਜਾਣਨਾ ਚਾਹੁੰਦੇ ਸਨ ਕਿ ਜਹਾਜ਼ ਘਾਟ ਉੱਤੇ ਕਿਉਂ ਨਹੀਂ ਲੱਗਾ। ਸਮੁੰਦਰ ਵਿਚ ਹੀ ਕਿਉਂ ਖੜ੍ਹਾ ਕਰ ਦਿੱਤਾ ਗਿਆ ਹੈ। ਇਸ ਭਗਦੜ ਨੂੰ ਵੇਖ ਕੇ ਜਵਾਲਾ ਸਿੰਘ,

ਕੇਸਰ ਸਿੰਘ, ਸ਼ੇਰ ਸਿੰਘ, ਨਵਾਬ ਖਾਨ, ਜਗਤ ਰਾਮ, ਹਾਫਜ਼ ਅਬਦੁਲਾ, ਰਹਿਮਤ ਅਲੀ, ਸੁਰਜਨ ਸਿੰਘ, ਪਰਮਾਨੰਦ ਤੇ ਹੋਰ ਆਗੂਆਂ ਨੇ ਆਪੋ ਆਪਣੀਆਂ ਟੋਲੀਆਂ ਰਾਹੀਂ ਸਭ ਟੋਲੀਆਂ ਦੇ ਸਿਰਕਢਿਆਂ ਤੱਕ ਇਹ ਗੱਲ ਪਹੁੰਚਾਈ ਕਿ ਸਖ਼ਤ ਤਲਾਸ਼ੀ ਹੋਣ ਦੀ ਸੰਭਾਵਨਾ ਹੈ ਤੇ ਇਸ ਗੱਲ ਦਾ ਖਤਰਾ ਹੈ ਕਿ ਪੁਲਸ ਪੰਜਾਬ ਤੋਂ ਆਈ ਹੋਵੇਗੀ ਤੇ ਮੁਸਾਫਰਾਂ ਨੂੰ ਉਸੇ ਤਰ੍ਹਾਂ ਪੰਜਾਬ ਲਿਜਾਇਆ ਜਾਏ, ਜਿਵੇਂ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਨੂੰ ਲੈ ਕੇ ਗਈ ਸੀ।

ਸਭ ਮੁਸਾਫਰਾਂ ਨੂੰ ਇਹ ਖ਼ਬਰਾਂ ਮਿਲ ਗਈਆਂ। ਸਭ ਗੁੱਸੇ ਵਿਚ ਆਏ ਹੋਏ ਸਨ। ਆਗੂਆਂ ਵਲੋਂ ਸ਼ਾਂਤ ਰਹਿਣ ਦਾ ਹੁਕਮ ਸੀ। ਫਿਰ ਵੀ ਮੁਸਾਫਰ ਸ਼ਾਂਤੀ ਵਿਚ ਨਹੀਂ ਸਨ। ਉਹ ਉੱਚੀਆਂ-ਉੱਚੀਆਂ ਗੱਲਾਂ ਕਰਕੇ ਸਰਕਾਰ ਅੰਗਰੇਜ਼ੀ ਦੇ ਖਿਲਾਫ ਆਪਣਾ ਗੁੱਸਾ ਜ਼ਾਹਰ ਕਰ ਰਹੇ ਸਨ।

ਗੁਲਾਬ ਕੌਰ ਨੇ 'ਗਦਰ ਦੀ ਗੂੰਜ' ਦੇ ਵਰਕੇ ਸਮੁੰਦਰ ਵਿਚ ਸੁੱਟਦਿਆਂ ਭਰੇ ਦਿਲ ਨਾਲ ਕਿਹਾ-'ਵੀਰਾ ਜਗਤ ਰਾਮਾ। ਤੇਰਾ ਹੁਕਮ ਮੰਨ ਕੇ ਮੈਂ 'ਗੂੰਜਾਂ' ਸਮੁੰਦਰ ਵਿਚ ਸੁੱਟ ਦਿੱਤੀਐਂ। ਅਜੇ ਕਈ ਹੋਰ ਯਾਦ ਕਰਨੀਆਂ ਸੀ।'

'ਬੀਬਾ। ਹੁਣ ਗੂੰਜਾਂ ਪੜ੍ਹਨ ਦਾ ਵਕਤ ਮੁੱਕਾ ਸਮਝ। ਹੁਣ ਤਾਂ ਕੁਝ ਕਰਕੇ ਵਖਾਣਾ ਹੋਊ। ਜਾਂ ਤਖਤ ਜਾਂ ਤਖਤਾ।'

'ਮੈਂ ਨਹੀਂ ਸਮਝੀ। ਕੀ ਮਤਲਬ ਐ ਤੇਰਾ ?'

'ਜੇ ਆਜ਼ਾਦੀ ਨਾ ਲੈ ਸਕੇ ਤਾਂ ਫਾਂਸੀ ਤਾਂ ਮਿਲੂ ਹੀ।'

'ਤੂੰ ਹੌਸਲਾ ਰੱਖ। ਹੁਣੇ ਨਾ ਢਾਹੀ ਫਿਰ ਹੌਸਲਾ।'

ਗੁਲਾਬ ਕੌਰ ਦੀ ਗੱਲ ਸੁਣ ਕੇ ਜਗਤ ਰਾਮ ਨੇ ਉਸਦਾ ਹੱਥ ਫੜ ਕੇ ਆਪਣੀ ਪਿੱਠ ਉੱਤੇ ਰੱਖ ਲਿਆ। ਗੁਲਾਬ ਕੌਰ ਸਮਝ ਗਈ। ਉਸ ਨੇ ਆਪਣਾ ਸੱਜਾ ਹੱਥ ਜਗਤ ਰਾਮ ਦੀ ਪਿੱਠ ਉੱਤੇ ਫੇਰਨਾ ਸ਼ੁਰੂ ਕਰ ਦਿੱਤਾ। ਜਗਤ ਰਾਮ ਅੱਗੇ ਲੰਘ ਗਿਆ ਪਰ ਉਹ ਸੇਜਲ ਅੱਖਾਂ ਨਾਲ ਜਗਤ ਰਾਮ ਨੂੰ ਜਾਂਦਿਆਂ ਵੇਖ ਰਹੀ ਸੀ।

ਏਨੇ ਨੂੰ ਗੁਲਾਬ ਕੌਰ ਦੀ ਨਜ਼ਰੀਂ ਦੋ ਕਿਸ਼ਤੀਆਂ ਪੈ ਗਈਆਂ। ਕਿਸ਼ਤੀਆਂ ਜਹਾਜ਼ ਦੇ ਨੇੜੇ ਢੁਕ ਰਹੀਆਂ ਸਨ। ਉਸ ਨੇ ਰੌਲਾ ਪਾ ਦਿੱਤਾ। ਕਈ ਮੁਸਾਫਰ ਜਹਾਜ਼ ਦੀ ਬਾਹੀ ਨਾਲ ਲੱਗ ਕੇ ਕਿਸ਼ਤੀਆਂ ਵੱਲ ਤੱਕ ਰਹੇ ਸਨ। ਜਿਉਂ-ਜਿਉਂ ਕਿਸ਼ਤੀਆਂ ਨੇੜੇ ਢੁੱਕਦੀਆਂ ਗਈਆਂ, ਵੇਖਣ ਵਾਲੇ ਮੁਸਾਫਰਾਂ ਦੀ ਗਿਣਤੀ ਵਧਦੀ ਗਈ। ਨਵਾਬ ਖਾਨ ਨੇ ਪਿੱਛੇ ਮੁੜ ਕੇ ਕਿਹਾ-'ਇਹ ਪੁਲਸੀਏ ਨਹੀਂ ਜਾਪਦੇ।'

ਜਹਾਜ਼ ਵਾਲਿਆਂ ਪੌੜੀਆਂ ਲਮਕਾ ਦਿੱਤੀਆਂ। ਜਦ ਉਹ ਜਹਾਜ਼ ਉੱਤੇ ਚੜ੍ਹੇ ਤਾਂ ਇਕ ਨੇ ਦੱਸਿਆ ਕਿ ਉਹ ਡਾਕਟਰ ਹੈ ਤੇ ਸਭ ਦੀ ਡਾਕਟਰੀ ਕਰੇਗਾ। ਵੇਖੇਗਾ ਕਿ ਕਿਸੇ ਨੂੰ ਅਜਿਹੀ ਬੀਮਾਰੀ ਤਾਂ ਨਹੀਂ ਜੋ ਛੂਤ ਦੀ ਹੋਵੇ। ਦੂਜੇ ਨੇ ਦੱਸਿਆ ਕਿ ਉਹ ਕਸਟਮ ਅਫ਼ਸਰ ਹੈ। ਉਹ ਸਭ ਦੀ ਤਲਾਸ਼ੀ ਲੈ ਕੇ ਕਸਟਮ ਵਾਲੀਆਂ ਚੀਜ਼ਾਂ ਲੱਭੇਗਾ। ਉਨ੍ਹਾਂ ਦੇ ਪਿੱਛੇ-ਪਿੱਛੇ ਉਨ੍ਹਾਂ ਦਾ ਅਮਲਾ ਫੈਲਾ ਵੀ ਆ ਪਹੁੰਚਾ।

ਜਦੋਂ ਤਲਾਸ਼ੀਆਂ ਹੋਣ ਲੱਗੀਆਂ ਤਾਂ ਮੁਸਾਫ਼ਰਾਂ ਨੂੰ ਸ਼ੱਕ ਪੈ ਗਿਆ ਕਿ ਡਾਕਟਰ ਤੇ ਕਸਟਮ ਅਫ਼ਸਰ ਦੇ ਭੇਸ ਵਿਚ ਪੁਲਸ ਦੇ ਵੱਡੇ-ਵੱਡੇ ਅਫ਼ਸਰ ਆ ਗਏ ਹਨ। ਫੇਰ ਪੁਲਸ ਅਫ਼ਸਰਾਂ ਨੇ ਨਿੱਕੀ-ਨਿੱਕੀ ਚੀਜ਼ ਦੀ ਤਲਾਸ਼ੀ ਲਈ। ਬਿਸਤਰੇ ਖੁਲ੍ਹਵਾਏ। ਕਪੜੇ ਲੁਹਾਏ। ਪੱਗਾਂ ਲੁਹਾਈਆਂ। ਇਕ ਇਕੱਲੀ ਔਰਤ ਨੂੰ ਵੇਖ ਕੇ ਪੁਲਸ ਅਫ਼ਸਰ ਉਸਦੇ ਕੋਲੋਂ ਲੰਘ ਗਿਆ। ਫੇਰ ਮੁੜ ਕੇ ਉਸ ਨੇ ਪਤਾ ਕੀਤਾ ਕਿ ਇਸ ਔਰਤ ਦਾ ਖਾਵੰਦ ਕੌਣ ਹੈ ਤੇ ਜੀਵਨ ਸਿੰਘ ਦੀ ਤਲਾਸ਼ੀ ਲੈਣ ਲੱਗ ਪਿਆ। ਉਸ ਨੇ ਜੀਵਨ ਸਿੰਘ ਨੂੰ ਪੁੱਛਿਆ-'ਤੂੰ ਕਿੱਥੋਂ ਆਇਐਂ।'

'ਜਨਾਬ ! ਮੈਂ ਤੇ ਮੇਰੀ ਤੀਵੀਂ ਨੇ ਅਮਰੀਕਾ ਨੂੰ ਜਾਣਾ ਸੀ। ਰਾਹਦਾਰੀ ਨਹੀਂ ਮਿਲੀ। ਮੁੜ ਆਏ ਹਾਂ। ਗੁਲਾਬ ਕੌਰ ਜੀਵਨ ਸਿੰਘ ਦੇ ਕੋਲ ਨੀਵੀਂ ਪਾ ਕੇ ਖਲੋਤੀ ਰਹੀ ਤੇ ਮੂੰਹੋਂ ਕੁਝ ਨਾ ਬੋਲੀ। ਪੁਲਸ ਅਫਸਰ ਨੇ ਕਈ ਵਾਰੀ ਉਸ ਵੱਲ ਘੂਰ-ਘੂਰ ਤੱਕਿਆ, ਪਰ ਉਸ ਨੇ ਮੂੰਹ ਉੱਚਾ ਨਾ ਕੀਤਾ।

ਤਲਾਸ਼ੀ ਲੈ ਲੈ ਕੇ, ਉਹ ਵੀਹ-ਵੀਹ ਮੁਸਾਫ਼ਰਾਂ ਦੀਆਂ ਟੋਲੀਆਂ ਬਣਾ ਰਹੇ ਸਨ। ਇਸ ਤਰ੍ਹਾਂ ਮੁਸਾਫ਼ਰਾਂ ਦੀਆਂ ਆਪਣੀਆਂ ਬਣਾਈਆਂ ਟੋਲੀਆਂ ਟੁੱਟ ਗਈਆਂ। ਤਲਾਸ਼ੀਆਂ ਪਿੱਛੋਂ ਉਨ੍ਹਾਂ ਇਕ-ਇਕ ਤੋਂ ਪੁੱਛ ਗਿੱਛ ਕੀਤੀ। ਕਈ ਕਈ ਸੁਆਲ ਪੁੱਛੇ। ਪਿੰਡ,

ਪਿਓ ਦਾ ਨਾਮ, ਥਾਣਾ ਤੇ ਜ਼ਿਲ੍ਹਾ ਪਤਾ ਕਰਕੇ ਪੁੱਛਿਆ ਕਿ ਉਹ ਕਿੱਥੇ ਗਿਆ ਸੀ ਤੇ ਕਿਉਂ ਮੁੜ ਰਿਹਾ ਹੈ। ਪੁਲਸ ਵਾਲਿਆਂ ਉਨ੍ਹਾਂ ਦੀ ਨਕਦੀ ਤੇ ਸਮਾਨ ਦੀਆਂ ਲਿਸਟਾਂ ਤਿਆਰ ਕੀਤੀਆਂ।

ਸਵੇਰੇ ਚਾਹ ਨਹੀਂ ਸੀ ਬਣੀ। ਦੁਪਹਿਰੇ ਖਾਣਾ ਵੀ ਨਾ ਬਣਿਆ। ਸੋ ਮੁਸਾਫ਼ਰ ਭੁੱਖੇ ਰਹੇ। ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ ਉਤਰ ਗਏ। ਅੱਗੋਂ ਬਾਵਰਦੀ ਪੁਲਸ ਆ ਗਈ। ਪੁਲਸ ਦੇ ਪਹਿਰੇ ਵਿਚ ਸਟੇਸ਼ਨ ਉੱਤੇ ਲਿਆ ਕੇ ਗੱਡੀ ਦੇ ਡੱਬਿਆਂ ਵਿਚ ਵੰਡ ਕੇ ਬਿਠਾ ਦਿੱਤੇ ਗਏ। ਜਦ ਮੁਸਾਫ਼ਰ ਗੱਡੀ ਉੱਤੇ ਚੜ੍ਹਾਏ ਜਾ ਰਹੇ ਸਨ ਤਾਂ ਨਵਾਬ ਖਾਨ ਤੇ ਜਗਤ ਰਾਮ ਮੁਸਾਫ਼ਰਾਂ ਦੀ ਗਿਣਤੀ ਕਰਦੇ ਰਹੇ ਸਨ। ਉਹਨਾਂ ਦੀ ਗਿਣਤੀ ਅਨੁਸਾਰ ਕੁਲ ਮੁਸਾਫਰ 179 ਸਨ, ਪਰ ਗੱਡੀ 175 ਚੜ੍ਹਾਏ ਗਏ। ਜਦ ਸਪੈਸ਼ਲ ਗੱਡੀ ਤੁਰਨ ਲੱਗੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਦੋ ਮੁਸਾਫ਼ਰ ਪੁਲਸ ਦੇ ਪਹਿਰੇ ਵਿਚ ਤੇ ਹੋਰ ਦੋ ਹੱਥਕੜੀਆਂ ਲਾ ਕੇ ਇਕ ਵੱਖਰੇ ਡੱਬੇ ਵਿਚ ਕੈਦ ਕਰ ਦਿੱਤੇ ਗਏ ਹਨ।

ਗੱਡੀ ਤੁਰਨ ਲੱਗਿਆਂ ਇਕ ਪੁਲਸ ਅਫ਼ਸਰ ਨੇ ਮੁਸਾਫਰਾਂ ਨੂੰ ਦੱਸਿਆ ਕਿ ਉਹ ਪੰਜਾਬ ਜਾ ਰਹੇ ਹਨ ਤੇ ਪੰਜਾਬ ਪਹੁੰਚ ਕੇ ਉਨ੍ਹਾਂ ਨੂੰ ਆਪੋ ਆਪਣੇ ਪਿੰਡ ਜਾਣ ਦੀ ਇਜਾਜ਼ਤ ਦਿੱਤੀ ਜਾਏਗੀ। ਮੁਸਾਫਰਾਂ ਨੂੰ ਪਹਿਲੋਂ ਹੀ ਪਤਾ ਸੀ ਕਿ ਪੰਜ ਸਤੰਬਰ ਨੂੰ ਸਰਕਾਰ ਨੇ ਇਹ ਕਾਨੂੰਨ ਬਣਾ ਦਿੱਤਾ ਸੀ ਕਿ ਬਾਹਰੋਂ ਆਏ ਕਿਸੇ ਵੀ ਮੁਸਾਫਰ ਨੂੰ ਕਾਰਨ ਦੱਸੇ ਬਿਨਾ ਪੁਲਸ ਹਿਰਾਸਤ ਵਿਚ ਲੈ ਸਕਦੀ ਹੈ। ਇਸ ਲਈ ਕਈ ਮੁਸਾਫਰ ਸਮਝਣ ਲੱਗ ਪਏ ਕਿ ਪੰਜਾਬ ਲਿਜਾ ਕੇ ਪੁਲਸ ਉਨ੍ਹਾਂ ਨੂੰ ਛੱਡ ਦਏਗੀ। ਪਰ ਆਗੂਆਂ ਨੂੰ ਪਤਾ ਸੀ ਕਿ ਉਹ ਜੇਲ੍ਹਾਂ ਵਿਚ ਸੁੱਟ ਦਿੱਤੇ ਜਾਣਗੇ।

ਸੈਂਕੜੇ ਬਾਵਰਦੀ ਤੇ ਚਿੱਟਕਪੜੀਏ ਪੁਲਸੀਆਂ ਦੀ ਹਿਰਾਸਤ ਵਿਚ ਮੁਸਾਫਰਾਂ ਦੀ ਗੱਡੀ ਤੋਰ ਲਈ ਗਈ। ਸਭ ਮੁਸਾਫਰ ਆਪੋ ਆਪਣੀਆਂ ਬਣਾਈਆਂ ਟੋਲੀਆਂ ਵਿਚ ਫਿਰ ਇਕੱਠੇ ਹੋ ਗਏ ਸਨ। ਗੁਲਾਬ ਕੌਰ, ਜੀਵਨ ਸਿੰਘ, ਅਮਰ ਸਿੰਘ ਕੋਟਲਾ, ਇਕ ਡੱਬੇ ਦੀ ਨੁੱਕਰ ਵਿਚ ਬੈਠੇ ਸਨ। ਇਕ ਚਿੱਟ ਕਪੜੀਏ ਪੁਲਸੀਏ ਨੇ ਉਨ੍ਹਾਂ ਦੇ ਡੱਬੇ ਵਿਚ ਆ ਕੇ ਕਿਹਾ-'ਔਰਤਾਂ ਵਾਲਾ ਇਕ ਡੱਬਾ ਹੈ। ਉਸ ਵਿਚ ਵੀ ਮਰਦ ਬੈਠੇ ਐ। ਜੇ ਕਹੋ ਤਾਂ ਉਹ ਡੱਬਾ ਖਾਲੀ ਕਰਵਾ ਕੇ ਇਸ ਔਰਤ ਨੂੰ ਉਸ ਡੱਬੇ ਵਿਚ ਭੇਜ ਦਈਏ।'

ਜੀਵਨ ਸਿੰਘ ਨੇ ਜ਼ਰਾ ਤਲਖ਼ ਹੋ ਕੇ ਕਿਹਾ-'ਇਹ ਇਕੱਲੀ ਉੱਥੇ ਕੀ ਕਰੇਗੀ। ਜਾਂ ਫੇਰ ਮੈਨੂੰ ਵੀ ਉਸੇ ਡੱਬੇ ਵਿਚ ਸਫਰ ਕਰਨ ਦੀ ਇਜਾਜ਼ਤ ਹੋਵੇ।' ਪੁਲੀਏ ਨੇ ਘੂਰ ਕੇ ਉਸ ਵੱਲ ਵੇਖਿਆ। ਫਿਰ ਮੁੱਛਾਂ ਮਰੋੜਦਿਆਂ ਪੁੱਛਿਆ-'ਇਹ ਤੇਰੀ ਭੈਣ ਐ ਕਿ ਔਰਤ।'

'ਮੇਰੀ ਤੀਵੀਂ ਐ।' ਜੀਵਨ ਸਿੰਘ ਨੇ ਨੀਵੀਂ ਪਾਂਦਿਆਂ ਉੱਤਰ ਦਿੱਤਾ। ਪੁਲਸੀਆ ਦੂਜੇ ਡੱਬੇ ਵਿਚ ਜਾ ਚੜ੍ਹਿਆ। ਗੁਲਾਬ ਕੌਰ ਨੀਵੀਂ ਪਾ ਕੇ ਮੁਸਕਰਾ ਰਹੀ ਸੀ। ਅਮਰ ਸਿੰਘ ਕਦੇ ਜੀਵਨ ਸਿੰਘ ਵੱਲ ਤੱਕਦਾ ਤੇ ਕਦੇ ਗੁਲਾਬ ਕੌਰ ਵੱਲ। ਜੀਵਨ ਸਿੰਘ ਨੇ ਅੱਜੇ ਵੀ ਨੀਵੀਂ ਪਾਈ ਹੋਈ ਸੀ। ਉਹ ਆਪਣੇ ਖਿਆਲਾਂ ਵਿਚ ਡੁੱਬਾ ਹੋਇਆ ਸੀ।

ਹੌੜੇ ਸਟੇਸ਼ਨ ਤੋਂ ਹਨੇਰੇ ਹੋਏ ਗੱਡੀ ਤੁਰੀ। ਸਾਰੀ ਰਾਤ ਤੁਰਦੀ ਰਹੀ। ਬਰਦਵਾਨ ਆਸਨਸੋਲ, ਧਨਬਾਦ ਕਿਸੇ ਸਟੇਸ਼ਨ ਉੱਤੇ ਨਾ ਰੁਕੀ। ਇਕ ਵਾਰੀ ਦੋ ਨਿੱਕੇ-ਨਿੱਕੇ ਸਟੇਸ਼ਨਾਂ ਵਿਚਾਲੇ ਘੰਟਾ ਭਰ ਗੱਡੀ ਰੁਕੀ ਰਹੀ। ਪੁਲਸ ਵਾਲੇ ਹਰਲ-ਹਰਲ ਕਰਦੇ, ਵੱਖੋ ਵੱਖਰੇ ਡੱਬਿਆਂ ਵਿਚ ਜਾ ਕੇ ਮੁਸਾਫਰਾਂ ਦੀ ਗਿਣਤੀ ਕਰਦੇ ਰਹੇ। ਦੇਸੀ ਪੁਲਸ ਉਤਲੇ ਦੋ ਗੋਰੇ ਅਫ਼ਸਰ ਹੱਥਾਂ ਵਿਚ ਹੰਟਰ ਲੈ ਕੇ ਇੰਜਣ ਲਾਗੇ ਖਲੋਤੇ ਗਿਟ ਮਿਟ ਕਰਦੇ ਰਹੇ।

ਹਰ ਡੱਬੇ ਵਿਚ ਕੁਝ ਬਾਵਰਦੀ ਤੇ ਕੁਝ ਚਿੱਟਕਪੜੀਏ ਪੁਲਸੀਏ ਸਫਰ ਕਰ ਰਹੇ ਸਨ। ਦੋ ਗੋਰੇ ਅਫ਼ਸਰਾਂ ਤੋਂ ਬਿਨਾਂ ਸਭ ਪੁਲਸੀਏ ਛਾਛੀ ਮੁਸਲਮਾਨ ਸਨ। ਇਕ ਵੀ ਹਿੰਦੂ ਜਾਂ ਸਿੱਖ ਪੁਲਸੀਆਂ ਨਹੀਂ ਸੀ। ਨਵਾਬ ਖਾਨ ਡੱਬੇ ਦੇ ਦਰਵਾਜ਼ੇ ਦੇ ਨਾਲ ਵਾਲੀ ਬਾਰੀ ਵਿਚੋਂ ਬਾਹਰ ਵੱਲ ਤੱਕ ਰਿਹਾ ਸੀ। ਇਕ ਚਿੱਟਕਪੜੀਆ ਛਾਛੀ ਉਸ ਦੇ ਕੋਲ ਆ ਬੈਠਾ। ਗੁਲਾਬ ਕੌਰ ਡੱਬੇ ਦੇ ਦੂਜੇ ਪਾਸੇ ਬੈਠੀ ਬਾਹਰ ਵੱਲ ਤੱਕ ਰਹੀ ਸੀ। ਉਸ ਨੇ ਜੀਵਨ ਸਿੰਘ ਵੱਲ ਇਸ਼ਾਰਾ ਕਰਕੇ ਦੱਸਿਆ। ਜੀਵਨ ਸਿੰਘ ਨੇ ਬੜੀ ਗਹੁ ਨਾਲ ਨਵਾਬ ਖਾਨ ਤੇ ਚਿੱਟ ਕੱਪੜੀਏ ਪੁਲਸੀਏ ਵੱਲ ਤੱਕਿਆ। ਉਹ ਦੋਵੇਂ ਗੱਲਾਂ ਕਰ ਰਹੇ ਸਨ। ਪਰ ਉਨ੍ਹਾਂ ਦੀ ਅਵਾਜ਼ ਗੁਲਾਬ ਕੌਰ ਹੋਰਾਂ ਤੱਕ ਨਹੀਂ ਸੀ ਪਹੁੰਚ ਰਹੀ। ਗੱਡੀ ਚੱਲਣ ਦੀ ਠੱਕ-ਠੱਕ ਦੀ ਅਵਾਜ਼ ਤੇਜ਼ ਸੀ।

ਚਿੱਟ ਕੱਪੜੀਆ ਪੁਲਸੀਆ ਕਹਿ ਰਿਹਾ ਸੀ-'ਮਿੱਘੀ ਪੱਤੈ ਤੇਰਾ ਇਸਮ ਸ਼ਰੀਫ਼ ਨਵਾਬ ਖਾਨ ਥਿਆ। ਮਹਾੜਾ, ਮਾਊ ਪਿਊ ਅਸਲਮ ਖਾਨ ਰੱਖਿਆ। ਤੁੱਘੀ ਤੱਕੀ ਕੈ ਬਹੂੰ ਸ਼ਰਮ ਆਈ ਐ। ਸਿੱਖਾਂ ਤਾਂ ਆਪਣਾ ਰਾਜ ਲੈਣੈ। ਤੂੰ ਕੀ ਲੈਣੈ ਸਿੱਖਾਂ ਕੋਲੋਂ। ਤੁੱਘੀ

ਭਰਤੀ ਕਰਾ ਦੇਸਾਂ। ਹਵਾਲਦਾਰੀ ਦਵਾ ਦੇਸਾਂ। ਅੰਗਰੇਜ਼ੀ ਜਾਣਦਾ ਹੋਸੈਂ ਤਾਂ ਥਾਣੇਦਾਰੀ ਵੀ ਮਿਲ ਜਾਸੀ ਆ। ਮੌਜਾਂ ਪਿਆ ਕਰਿਆਂ। ਸਿੱਖਾਂ ਕੋਲ ਕਹਿ ਐ। ਐਵੇਂ ਟਾਰਾਂ ਮਾਰਨੇ ਫਿਰਨੇ ਨੁ। ਇੰਗਲਸਤਾਨ ਦੀ ਹਕੂਮਤ 'ਚ ਸੂਰਜ ਵੀ ਨਹੀਂ ਡੁੱਬਣਾ। ਸਿੱਖ ਕਹਿ ਕਰ ਲੈਸਣ। ਦੇਹ ਦਸਤ ਪੰਜਾ। ਮੈਂ ਆਪੂੰ ਥਾਣੇਦਾਰ ਆਂ। ਤੁੱਧ ਵੀ ਥਾਣੇਦਾਰ ਬਣਵਾਈ ਲੇਸਾਂ।' ਅਸਲਮ ਨੇ ਹੱਥ ਮਿਲਾਉਣ ਲਈ ਸਜਾ ਹੱਥ ਅੱਗੇ ਕੀਤਾ ਕਿ ਨਵਾਬ ਖਾਨ ਉਸ ਦੀ ਗੱਲ ਸੁਣ ਰਿਹਾ ਸੀ। ਉਸ ਨੇ ਨਫ਼ਰਤ ਦੀਆਂ ਨਿਗਾਹਾਂ ਨਾਲ ਥਾਣੇਦਾਰ ਅਸਲਮ ਖਾਨ ਵੱਲ ਤੱਕਿਆ ਤੇ ਗੁੱਸੇ ਨਾਲ ਭਰਿਆ ਉੱਠ ਖਲੋਤਾ। ਅਸਲਮ ਖਾਨ ਹੱਥ ਵਧਾ ਕੇ ਅਜੇ ਵੀ ਨਵਾਬ ਖਾਨ ਨਾਲ ਹੱਥ ਮਿਲਾਉਣ ਦੀ ਉਡੀਕ ਵਿਚ ਸੀ। ਨਵਾਬ ਖਾਨ ਉਸ ਵੱਲ ਪਿੱਠ ਦੇ ਕੇ ਤੁਰ ਪਿਆ। ਡੱਬੇ ਦੇ ਦੂਜੇ ਸਿਰੇ ਜੀਵਨ ਸਿੰਘ ਤੇ ਅਮਰ ਸਿੰਘ ਦੇ ਵਿਚਾਲੇ ਥਾਂ ਖਾਲੀ ਵੇਖ ਕੇ ਉੱਥੇ ਜਾ ਬੈਠਾ। ਗੁਲਾਬ ਕੌਰ ਤੇ ਜੀਵਨ ਸਿੰਘ ਤਾੜ ਗਏ ਕਿ ਨਵਾਬ ਖਾਨ ਕਿਸੇ ਕਾਰਨ ਪੁਲਸੀਏ ਪਾਸੋਂ ਉੱਠ ਕੇ ਉਨ੍ਹਾਂ ਪਾਸ ਆ ਬੈਠਾ ਹੈ। ਨਵਾਬ ਖਾਨ ਦੇ ਮੂੰਹੋਂ ਨਿਕਲ ਗਿਆ-'ਸਾਲਾ ਠਾਣੇਦਾਰੀ ਦਾ।' ਅਸਲਮ ਖਾਨ ਨੂੰ ਆਪਣੇ ਵੱਲ ਆਉਂਦਾ ਵੇਖ ਕੇ ਨਵਾਬ ਖਾਨ ਅੱਗੋਂ ਕੁਝ ਨਾ ਬੋਲ ਸਕਿਆ। ਉਨ੍ਹਾਂ ਦੇ ਨੇੜੇ ਹੀ ਖਾਲੀ ਥਾਂ ਵੇਖ ਕੇ ਅਸਲਮ ਖਾਨ ਆ ਬੈਠਾ। ਸਾਰੇ ਡੱਬੇ ਵਿਚ ਚੁੱਪ ਦਾ ਰਾਜ ਸੀ। ਗੱਡੀ ਠੱਕਾ ਠੱਕ ਕਰਦੀ ਦੌੜੀ ਜਾ ਰਹੀ ਸੀ। ਨਵਾਬ ਖਾਨ ਦੇ ਚਿਹਰੇ ਉੱਤੇ ਅੱਜੇ ਵੀ ਗੁੱਸੇ ਦੇ ਪਰਭਾਵ ਸਨ। ਅਸਲਮ ਖਾਨ ਬੈਠਦਾ ਹੀ ਲੰਮੀਆਂ-ਲੰਮੀਆਂ ਉਬਾਸੀਆਂ ਲੈਣ ਲੱਗ ਪਿਆ। ਗੁਲਾਬ ਕੌਰ ਤੇ ਜੀਵਨ ਸਿੰਘ ਕਦੇ ਨਵਾਬ ਖਾਨ ਵੱਲ ਵੇਖਦੇ ਤੇ ਕਦੇ ਅਸਲਮ ਖਾਨ ਵੱਲ। ਕਦੇ ਆਪਸ ਵਿਚ ਅੱਖਾਂ ਹੀ ਅੱਖਾਂ ਵਿਚ ਗੱਲਾਂ ਕਰਦੇ। ਅਮਰ ਸਿੰਘ ਦੋਹਾਂ ਗੋਡਿਆਂ ਵਿਚ ਸਿਰ ਦੇ ਕੇ ਬੈਠਾ ਉਂਘਲਾ ਰਿਹਾ ਸੀ।

ਡਿਪਟੀ ਸੁਪ੍ਰਟੰਡੰਟ ਵਿਲਸਨ ਤੇ ਇਨਸਪੈਕਟਰ ਜਾਹਨਸਨ ਦੇ ਹੁਕਮ ਨਾਲ ਕਦੇ ਗੱਡੀ ਨਿੱਕੇ-ਨਿੱਕੇ ਸਟੇਸ਼ਨਾਂ ਉੱਤੇ ਘੰਟਾ-ਘੰਟਾ ਦੋ-ਦੋ ਘੰਟੇ ਰੁਕੀ ਰਹਿੰਦੀ। ਪਰ ਵੱਡੇ ਸਟੇਸ਼ਨਾਂ ਉੱਤੋਂ ਬਿਨਾਂ ਰੁਕਿਆਂ ਲੰਘ ਜਾਂਦੀ। ਪੁਲਸ ਵੱਲੋਂ ਖਾਣ ਪੀਣ ਦਾ ਕੋਈ ਬੰਦੋਬਸਤ ਨਹੀਂ ਸੀ। ਜੋ ਕੁਝ ਮਿਲਦਾ, ਮੁਸਾਫਰ ਆਪਣੇ ਪੈਸਿਆਂ ਨਾਲ ਖਰੀਦ ਕੇ ਖਾਂਦੇ। ਗੱਲਾਂ ਹੋਣ ਲੱਗ ਪਈਆਂ ਕਿ ਲਖਨਊ ਨੇੜੇ ਆ ਰਿਹਾ ਹੈ। ਇਕ ਪੁਲਸੀਏ ਨੇ ਮੁਸਾਫਰਾਂ ਨੂੰ ਦੱਸਿਆ ਕਿ ਗੱਡੀ ਲਖਨਊ ਰੁਕੇਗੀ। ਜਦ ਲਖਨਊ ਪਹੁੰਚੇ ਤਾਂ ਪਲੇਟਫ਼ਾਰਮ ਤੋਂ ਕਾਫ਼ੀ ਦੂਰ ਇਕ ਯਾਰਡ ਵਿਚ ਗੱਡੀ ਖੜ੍ਹੀ ਕਰ ਦਿੱਤੀ ਗਈ। ਮੁਸਾਫਰਾਂ ਨੂੰ ਗੱਡੀ ਤੋਂ ਹੇਠਾਂ ਉਤਰਨ ਦੀ ਮਨਾਹੀ ਕਰ ਦਿੱਤੀ ਗਈ ਪਰ ਪੁਲਸ ਵਾਲੇ ਮੁਸਲਮਾਨ ਮੁਸਾਫਰਾਂ ਦਾ ਲਿਹਾਜ਼ ਕਰਨ ਲੱਗ ਪਏ ਨਵਾਬ ਖਾਨ ਰਹਿਮਤ ਅਲੀ, ਹਾਫਜ਼ ਅਬਦੁਲਾ ਦੇ ਨਾਲ ਹੀ ਪਰਮਾਨੰਦ ਜਗਤ ਰਾਮ ਤੇ ਅਮਰ ਸਿੰਘ ਰਾਜਪੂਤ ਸ਼ੰਘਈ ਵਾਲਾ ਵੀ ਉੱਤਰ ਗਏ। ਪੁਲਸ ਵਾਲਿਆਂ ਸਭ ਨੂੰ ਮੁਸਲਮਾਨ ਸਮਝ ਲਿਆ। ਨਵਾਬ ਖਾਨ ਜਗਤ ਰਾਮ ਨੂੰ ਜੱਗਾ ਲੁਹਾਰ ਕਹਿ ਕੇ ਬੁਲਾਉਣ ਲੱਗ ਪਿਆ। ਸਿੱਖਾਂ ਨੂੰ ਛੱਡ ਕੇ ਹਰ ਮੋਨਾ-ਖੁਲ੍ਹ ਮਹਿਸੂਸ ਕਰਨ ਲੱਗ ਪਿਆ। ਗੋਰੇ ਅਫ਼ਸਰਾਂ ਨੇ ਵੀ ਉਨ੍ਹਾਂ ਦੀ ਖੁਲ੍ਹ ਵੱਲ ਕੋਈ ਧਿਆਨ ਨਾ ਦਿੱਤਾ। ਇਹ ਸਾਰੇ ਇਕ ਟੋਲੀ ਬਣਾ ਕੇ ਸਟੇਸ਼ਨ ਉੱਤੇ ਜਾ ਪਹੁੰਚੇ। ਇਨ੍ਹਾਂ ਦੇ ਪਿੱਛੇ-ਪਿੱਛੇ ਥਾਣੇਦਾਰ ਅਸਲਮ ਖਾਨ ਵੀ ਸਟੇਸ਼ਨ ਉੱਤੇ ਪਹੁੰਚ ਗਿਆ। ਉਹ ਮੁਸਲਮਾਨ ਮੁਸਾਫਰਾਂ ਨਾਲ ਗੱਲਾਂ ਕਰਕੇ ਉਨ੍ਹਾਂ ਨੂੰ ਸਿੱਖਾਂ ਨਾਲੋਂ ਤੋੜਨ ਦੀ ਮਨਸ਼ਾ ਨਾਲ ਉਨ੍ਹਾਂ ਨਾਲ ਜਾ ਰਲਿਆ। ਉਸ ਨੇ ਜਗਤ ਰਾਮ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਸੁਣਦਾ ਰਿਹਾ। ਫਿਰ ਉਹ ਪਰਮਾਨੰਦ ਨਾਲ ਗੱਲਾਂ ਕਰਨ ਲੱਗਾ। ਉਸ ਨੂੰ ਭੁਲੇਖਾ ਪਿਆ ਕਿ ਪਰਮਾਨੰਦ ਪੰਜਾਬੀ ਨਹੀਂ ਤਾਂ ਉਰਦੂ ਵਿਚ ਗੱਲਾਂ ਕਰਨ ਲੱਗ ਪਿਆ। ਜੋ ਗੱਲਾਂ ਉਸ ਨੇ ਨਵਾਬ ਖਾਨ ਨਾਲ ਕੀਤੀਆਂ ਸਨ, ਉਹੋ ਹੀ ਪਰਮਾਨੰਦ ਨਾਲ ਕਰਨ ਲੱਗ ਪਿਆ। ਪਰਮਾਨੰਦ ਨੇ ਅੱਗੋਂ ਲਖਨਵੀ ਉਰਦੂ ਬੋਲਣਾ ਸ਼ੁਰੂ ਕਰ ਦਿੱਤਾ। ਅਸਲਮ ਖਾਨ ਖ਼ੁਸ਼ ਹੋ ਗਿਆ। ਨਾ ਹੀ ਉਸ ਨੇ ਪਰਮਾਨੰਦ ਦਾ ਨਾਮ ਪੁੱਛਿਆ ਤੇ ਨਾ ਹੀ ਉਸ ਨੇ ਦੱਸਿਆ।

ਜਦ ਉਹ ਗੱਡੀ ਵੱਲ ਮੁੜੇ ਤਾਂ ਅਸਲਮ ਖਾਨ ਨੂੰ ਯਕੀਨ ਹੋ ਗਿਆ ਸੀ ਕਿ ਉਹ ਸਿੱਖਾਂ ਨਾਲੋਂ ਨਿਖੜ ਕੇ ਸਿੱਧਾ ਆਪਣੇ ਘਰ ਚਲਾ ਜਾਏਗਾ। ਉਹ ਆਪਣੀ ਕਾਮਯਾਬੀ ਉੱਤੇ ਖ਼ੁਸ਼ ਹੋ ਕੇ ਸੀਟੀ ਵਜਾਂਦਾ-ਵਜਾਂਦਾ ਇਕ ਹੋਰ ਡੱਬੇ ਵਿਚ ਜਾ ਚੜ੍ਹਿਆ, ਜਿਸ ਵਿਚ ਰਹਿਮਤ ਅਲੀ ਤੇ ਹਾਫਜ਼ ਅਬਦੁਲਾ ਬੈਠੇ ਸਨ। ਜੀਵਨ ਸਿੰਘ ਤੇ ਗੁਲਾਬ ਕੌਰ ਨੂੰ ਛੱਡ ਕੇ ਮਨੀਲੇ ਤੋਂ ਆਏ ਸਭ ਮੁਸਾਫਰ ਇਸੇ ਡੱਬੇ ਵਿਚ ਬੈਠੇ ਸਨ। ਉਸ ਦੀਆਂ ਅੱਖਾਂ ਜੱਗੇ ਲੁਹਾਰ ਨੂੰ ਲੱਭ ਰਹੀਆਂ ਸਨ ਪਰ ਉਹ ਉਸ ਨੂੰ ਕਿਧਰੇ ਨਾ ਦਿਸਿਆ। ਉਹ ਉਸ ਡੱਬੇ ਵਿਚੋਂ ਉਤਰ ਗਿਆ। ਇੰਜਣ ਲਾਗੇ ਖਲੋਤਾ ਜੱਗਾ ਲੁਹਾਰ ਉਸ ਦੀ ਨਜ਼ਰੀਂ ਪੈ ਗਿਆ। ਜਦ ਉਹ ਉਸ ਦੇ ਨੇੜੇ ਪਹੁੰਚਾ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਤਾਂ ਇੰਨਸਪੈਕਟਰ ਜਾਹਨਸਨ ਨਾਲ ਉਰਦੂ ਵਿਚ ਗੱਲਾਂ ਕਰ ਰਿਹਾ ਸੀ। ਉਹ ਉਨ੍ਹਾਂ ਤੋਂ ਦੂਰ ਹੀ ਖਲੋ ਗਿਆ। ਉਹ ਮਨ ਹੀ ਮਨ ਵਿਚ ਖ਼ੁਸ਼ ਹੋ ਰਿਹਾ ਸੀ ਕਿ ਜੱਗਾ ਲੁਹਾਰ ਸਿੱਖਾਂ ਦਾ ਸਾਥ ਛੱਡ ਦੇਣ ਬਾਰੇ ਹੀ ਗੱਲਾਂ ਕਰ

ਰਿਹਾ ਹੋਵੇਗਾ। ਉਹ ਆਪਣੇ ਮੁਸਲਮਾਨ ਭਰਾਵਾਂ ਨੂੰ ਸਿੱਖਾਂ ਦੇ ਪੰਜੇ ਵਿਚੋਂ ਕੱਢ ਕੇ, ਚੰਗੀ ਰਿਪੋਰਟ ਦੇ ਕੇ, ਤਰੱਕੀ ਲੈਣ, ਦੇ ਮਸੌਦੇ ਮਨ ਹੀ ਮਨ ਵਿਚ ਘੜ ਰਿਹਾ ਸੀ।

ਤਿੰਨੇ ਘੰਟੇ ਗੱਡੀ ਸਟੇਸ਼ਨੋਂ ਦੂਰ ਖਲੋਤੀ ਰਹੀ। ਛਾਬੜੀਆਂ ਵਾਲੇ ਉੱਥੇ ਆ ਪਹੁੰਚੇ। ਮੁਸਾਫਰ ਗੱਡੀ ਵਿਚ ਬੈਠੇ-ਬੈਠੇ ਉਨ੍ਹਾਂ ਤੋਂ ਚੀਜ਼ਾਂ ਖਰੀਦਦੇ ਰਹੇ। ਕਿਸੇ ਸਿੱਖ ਨੂੰ ਗੱਡੀ ਤੋਂ ਉਤਾਰਨ ਦੀ ਇਜਾਜ਼ਤ ਨਾ ਮਿਲੀ, ਪਰ ਮੁਸਲਮਾਨੀ ਸ਼ਕਲ ਵਾਲੇ ਮੁਸਾਫਰ ਖੁੱਲ੍ਹੇ ਡੁੱਲ੍ਹੇ ਫਿਰਦੇ ਰਹੇ।

ਸੂਰਜ ਡੁੱਬ ਰਿਹਾ ਸੀ। ਗੱਡੀ ਹਿਲ ਪਈ। ਸਾਰੀ ਰਾਤ ਕਿਧਰੇ ਨਾ ਰੁਕੀ। ਸ਼ਾਹ ਜਹਾਨਪੁਰ, ਬਰੇਲੀ, ਮੁਰਾਦਾਬਾਦ, ਸਹਾਰਨਪੁਰ ਰੁਕੇ ਬਿਨਾਂ ਅੰਬਾਲੇ ਸਟੇਸ਼ਨ ਉੱਤੇ ਆ ਰੁਕੀ। ਸਟੇਸ਼ਨ ਉੱਤੇ ਇਕ ਵੀ ਮੁਸਾਫਰ ਨਹੀਂ ਸੀ। ਨਾ ਹੀ ਕੋਈ ਕੁੱਲੀ ਨਜ਼ਰ ਆ ਰਿਹਾ ਸੀ। ਨਾ ਹੀ ਕੋਈ ਛਾਬੜੀ ਵਾਲਾ ਸੀ। ਗੱਡੀ ਨਾਲੋਂ ਇੰਜਨ ਉਤਰ ਗਿਆ। ਨਵਾਂ ਇੰਜਨ ਆ ਲੱਗਾ। ਕਿਸੇ ਮੁਸਾਫਰ ਨੂੰ ਪਲੇਟਫਾਰਮ ਉੱਤੇ ਉਤਰਨ ਦੀ ਇਜਾਜ਼ਤ ਨਾ ਮਿਲੀ। ਗੱਡੀ ਤੁਰਨ ਤੋਂ ਪਹਿਲੋਂ ਲੱਗ ਭੱਗ ਦੋ ਦਰਜਨ ਹੋਰ ਚਿੱਟਕਪੜੀਏ ਪੁਲਸੀਏ ਵੱਖੋ ਵੱਖਰੇ ਡੱਬਿਆਂ ਵਿਚ ਆ ਚੜ੍ਹੇ। ਇਨ੍ਹਾਂ ਵਿਚ ਹਿੰਦੂ, ਸਿੱਖ, ਮੁਸਲਮਾਨ ਸਭ ਰਲੇ ਮਿਲੇ ਸਨ।

ਬਾਬੂ ਸੁਰਜਨ ਸਿੰਘ ਨੇ ਇਕ ਚਿੱਟਕਪੜੀਏ ਸਿੱਖ ਨੂੰ ਆਪਣੇ ਡੱਬੇ ਵਿਚ ਚੜ੍ਹਦਿਆਂ ਵੇਖ ਕੇ ਅੱਗੋਂ ਸਤਿ ਸ੍ਰੀ ਅਕਾਲ ਬੁਲਾ ਦਿੱਤੀ। ਝਕਦਿਆਂ-ਝਕਦਿਆਂ ਉਸ ਨੇ ਵੀ ਸਤਿ ਸ੍ਰੀ ਅਕਾਲ ਬੁਲਾ ਕੇ ਉੱਤਰ ਦਿੱਤਾ। ਸੁਰਜਨ ਸਿੰਘ ਨੇ ਜ਼ਰਾ ਖਿਸਕ ਕੇ ਉਸ ਦੇ ਬੈਠਣ ਲਈ ਥਾਂ ਬਣਾ ਦਿੱਤੀ। ਅਜੇ ਉਹ ਬੈਠਾ ਹੀ ਸੀ ਕਿ ਸੁਰਜਨ ਸਿੰਘ ਨੇ ਸੁਆਲ ਕਰ ਦਿੱਤਾ-'ਸਰਦਾਰ ਜੀ। ਸਾਡੇ ਨਾਲ ਦੇ ਚਾਰ ਮੁਸਾਫਰ ਇਕੋ ਡੱਬੇ ਵਿਚ ਡੱਕੇ ਹੋਏ ਐ। ਉਹਨਾਂ ਵਿਚ ਇਕ ਮੇਰਾ ਭਾਈਬੰਦ ਐ। ਉਹ ਤੁਸਾਂ ਵੇਖੇ ਐ।' ਪੁਲਸੀਏ ਸਰਦਾਰ ਨੇ ਸਿਰ ਫੇਰਦਿਆਂ ਜੁਆਬ ਦਿੱਤਾ-'ਮੈਂ ਤਾਂ ਅੰਬਾਲੇ ਤੋਂ ਹੀ ਚੜ੍ਹਿਆਂ, ਮੈਨੂੰ ਕੁਝ ਨਹੀਂ ਪਤਾ।' ਨਾਲ ਹੀ ਉਸ ਨੇ ਸੁਆਲ ਕਰ ਦਿੱਤਾ-'ਤੁਸੀਂ ਪੁਲਸ ਦੀ ਹਿਰਾਸਤ ਵਿਚ ਕਿਉਂ ਹੋ ?'

'ਅਸਾਂ ਸੁਣਿਐ ਕਿ ਜਿਹੜਾ ਟਾਪੂਆਂ ਤੋਂ ਜਾਂ ਬਾਹਰਲੇ ਮੁਲਕਾਂ ਤੋਂ ਮੁੜਦੈ ਉਹਨਾਂ ਨੂੰ ਪੁਲਸ ਉਹਨਾਂ ਦੇ ਪਿੰਡ ਜਾ ਕੇ ਛੱਡਦੀ ਐ। ਕੋਈ ਨਵਾਂ ਕਾਨੂੰਨ ਬਣਿਆ ਦਸੀਦੈ।'

'ਅੱਛਾ।' ਪੁਲਸੀਏ ਸਰਦਾਰ ਦੇ ਮੂੰਹੋਂ ਨਿਕਲ ਗਿਆ।

ਸੁਰਜਨ ਸਿੰਘ ਸੋਚਣ ਲੱਗਾ ਕਿ ਦੇਸ ਦੀ ਜਨਤਾ ਕਿੰਨੀ ਬੇ-ਖਬਰ ਹੈ। ਜੇ ਪੁਲਸ ਵਾਲਿਆਂ ਨੂੰ ਨਹੀਂ ਪਤਾ ਤਾਂ ਆਮ ਲੋਕਾਂ ਨੂੰ ਕੀ ਪਤਾ ਹੋ ਸਕਦੈ।

ਥਾਣੇਦਾਰ ਅਸਲਮ ਖਾਨ ਨੂੰ ਡੱਬੇ ਵਿਚ ਚੜ੍ਹਦਿਆਂ ਵੇਖ ਕੇ ਉਹ ਪੁਲਸੀਆ ਸਰਦਾਰ ਉੱਠ ਖਲੋਤਾ। ਅਸਲਮ ਖਾਨ ਨੇ ਉਸ ਨੂੰ ਡੱਬੇ ਵਿਚੋਂ ਉੱਤਰ ਜਾਣ ਦਾ ਇਸ਼ਾਰਾ ਕੀਤਾ। ਅਸਲਮ ਖਾਨ ਡੱਬੇ ਦੇ ਸਭ ਮੁਸਾਫਰਾਂ ਵੱਲ ਝਾਕਦਾ-ਝਾਕਦਾ ਡੱਬੇ ਵਿਚੋਂ ਉਤਰਨ ਲੱਗ ਪਿਆ। ਪੁਲਸੀਆ ਸਰਦਾਰ ਉਸ ਦੇ ਪਿੱਛੇ-ਪਿੱਛੇ ਤੁਰ ਪਿਆ। ਗੱਡੀ ਹਿਲ ਪਈ। ਉਹ ਦੋਵੇਂ ਦੌੜ ਕੇ ਇੰਜਣ ਦੇ ਨਾਲ ਦੇ ਡੱਬੇ ਵਿਚ ਜਾ ਚੜ੍ਹੇ।

ਲੁਧਿਆਣੇ, ਜਲੰਧਰ, ਅੰਮ੍ਰਿਤਸਰ ਰੁਕੇ ਬਿਨਾਂ ਗੱਡੀ ਰਾਏਵਿੰਡ ਪਹੁੰਚ ਗਈ। ਪਲੇਟਫਾਰਮ ਉੱਤੇ ਫੌਜੀ ਪਹਿਰਾ ਸੀ। ਸਭ ਮੁਸਾਫਰਾਂ ਨੂੰ ਉਤਾਰ ਲਿਆ ਗਿਆ। ਤਰਕਾਲਾਂ ਪੈ ਰਹੀਆਂ ਸਨ। ਸਾਰੀ ਰਾਤ ਮੁਸਾਫਰਾਂ ਦੀਆਂ ਮੁੜ ਕੇ ਤਲਾਸ਼ੀਆਂ ਹੋਈਆਂ। ਇਕ-ਇਕ ਦੀ ਪੇਸ਼ੀ ਹੋਈ। ਸਭ ਉੱਤੇ ਸੁਆਲਾਂ ਦੀ ਬੁਛਾੜ ਕੀਤੀ ਗਈ। ਮੁਸਾਫਰਾਂ ਦੇ ਸਹੀ ਨਾਵਾਂ ਤੇ ਪਤਿਆਂ ਬਾਰੇ ਸਰਕਾਰ ਨੂੰ ਕੁਝ ਪਤਾ ਨਹੀਂ ਸੀ। ਜੋ ਨਾ ਪਤੇ ਦੱਸੇ, ਉਹੋ ਹੀ ਸਰਕਾਰ ਪਾਸ ਸਨ। ਕਈਆਂ ਨੇ ਆਪਣੇ ਪਿੰਡਾਂ ਦੇ ਸੱਚੇ ਨਾਂ ਲਿਖਵਾਏ ਤੇ ਕਈਆਂ ਨੇ ਝੂਠੇ ਮੂਠੇ।

ਜਿਨ੍ਹਾਂ ਮਸ਼ਹੂਰ ਆਗੂਆਂ ਬਾਰੇ ਸਰਕਾਰ ਪਾਸ ਕੈਨੇਡਾ ਤੇ ਅਮਰੀਕਾ ਤੋਂ ਰਿਪੋਰਟਾਂ ਪਹੁੰਚ ਚੁੱਕੀਆਂ ਸਨ, ਜਾਂ ਜਿਨ੍ਹਾਂ ਨੂੰ ਸ਼ੱਕੀ ਸਮਝਿਆ ਗਿਆ ਜਾਂ ਜਿਹੜੇ ਮੁਸਾਫਰ ਗੱਡੀ ਵਿਚ ਵੀ ਗਦਰ ਕਰਨ ਬਾਰੇ ਖੁਲ੍ਹੀਆਂ ਗੱਲਾਂ ਕਰਦੇ ਰਹੇ, ਉਨ੍ਹਾਂ ਨੂੰ ਵੱਖ ਕਰ ਲਿਆ ਗਿਆ। ਇਨ੍ਹਾਂ ਇਕ ਸੌ ਬੰਦਿਆਂ ਨੂੰ ਮੁਲਤਾਨ ਤੇ ਮਿੰਟਗੁਮਰੀ ਜਿਹਲਾਂ ਵਿਚ ਭੇਜਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ। ਸ਼ੇਰ ਸਿੰਘ, ਕੇਸਰ ਸਿੰਘ, ਈਸ਼ਰ ਸਿੰਘ ਮਰਹਾਣਾ, ਰੂੜ ਸਿੰਘ ਚੂਹੜਚੱਕ, ਜਵਾਲਾ ਸਿੰਘ ਤੇ ਉਨ੍ਹਾਂ ਦੇ ਕਈ ਹੋਰ ਉਘੇ ਗਦਰੀ ਸਾਥੀ ਪੁਲਸ ਹਿਰਾਸਤ ਵਿਚ ਵੱਖ ਕਰਕੇ ਬਿਠਾ ਦਿੱਤੇ ਗਏ।

ਤਿਰੱਤਰਾਂ ਬਾਰੇ ਖੁਫੀਆ ਪੁਲਸ ਨੇ ਫੈ਼ੈਸਲਾ ਦਿੱਤਾ ਕਿ ਇਨ੍ਹਾਂ ਨੂੰ ਲੁਧਿਆਣੇ ਜ਼ੇਲ ਘਰ ਪਹੁੰਚਾ ਕੇ ਹੋਰ ਤਫਤੀਸ਼ ਕੀਤੀ ਜਾਏ। ਦਿਨ ਚੜ੍ਹੇ ਤਕ ਸਭ ਤਫਤੀਸ਼ਾਂ ਮੁੱਕ ਗਈਆਂ। ਸੌ ਗਦਰੀਆਂ ਦੀ ਭਰੀ ਹੋਈ ਗੱਡੀ ਮਿੰਟਗੁਮਰੀ ਲਈ ਤੁਰ ਪਈ, ਦੂਜੀ ਗੱਡੀ ਲੁਧਿਆਣੇ ਵੱਲ ਮੁੜ ਪਈ। ਸਾਰੀ ਰਾਤ ਸਭ ਗਦਰੀ ਭੁੱਖੇ ਰਹੇ। ਵਿਛੜਨ ਲਗਿਆਂ ਦੂਰੋਂ-ਦੂਰੋਂ ਹੱਥ ਹਿਲਾਉਣ ਤੋਂ ਬਿਨਾਂ ਹੋਰ ਕੁਝ ਨਾ ਕਰ ਸਕੇ।

ਦੁਪਹਿਰ ਮਗਰੋਂ ਗੱਡੀ ਲੁਧਿਆਣੇ ਪਹੁੰਚੀ। ਪੁਲਸ ਦੇ ਪਹਿਰੇ ਵਿਚ ਇਹ ਮੁਸਾਫਰ ਜ਼ੇਲਘਰ ਵੱਲ ਤੋਰ ਲਏ ਗਏ। ਸਟੇਸ਼ਨ ਤੇ ਬਜ਼ਾਰ ਵਿਚੋਂ ਲੰਘਦਿਆਂ ਉਨ੍ਹਾਂ ਸੈਂਕੜੇ ਲੋਕ ਆਪਣੇ ਆਲੇ ਦੁਆਲੇ ਫਿਰਦੇ ਵੇਖੇ। ਕਈ ਮੁਸਾਫਰਾਂ ਨੇ ਆਮ ਲੋਕਾਂ ਨਾਲ ਗੱਲਾਂ ਕੀਤੀਆਂ। ਦੁਕਾਨਾਂ ਤੋਂ ਖਾਣ ਪੀਣ ਦੀਆਂ ਚੀਜ਼ਾਂ ਵੀ ਖਰੀਦੀਆਂ। ਮੁਸਾਫਰਾਂ ਨੂੰ ਕੁਝ ਖੁਲ੍ਹ ਜਹੀ ਜਾਪਣ ਲੱਗ ਪਈ। ਪਰਮਾ ਨੰਦ, ਜਗਤ ਰਾਮ, ਪਿਰਥੀ ਸਿੰਘ ਲਾਲੜੂ ਤੇ ਕੁਝ ਹੋਰ ਏਥੋਂ ਹੀ ਖਿਸਕ ਗਏ।

ਇਨ੍ਹਾਂ ਸਭ ਮੁਸਾਫਰਾਂ ਨੂੰ ਸਿੱਧੇ-ਸਾਦੇ ਲੋਕ ਸਮਝ ਕੇ ਬਹੁਤ ਘੱਟ ਪੁੱਛ ਗਿੱਛ ਕਰਕੇ ਪਿੰਡਾਂ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਇਨ੍ਹਾਂ ਮੁਸਾਫਰਾਂ ਵਿਚ ਹੀ ਜੀਵਨ ਸਿੰਘ, ਉਸ ਦੀ ਝੂਠੀ-ਮੂਠੀ ਪਤਨੀ ਗੁਲਾਬ ਕੌਰ ਤੇ ਅਮਰ ਸਿੰਘ ਕੋਟਲਾ ਨੌਧਸਿੰਘ ਸਨ। ਅਮਰ ਸਿੰਘ ਰਿਆਸਤ ਉਰੇਗਨ, ਅਮਰੀਕਾ ਤੋਂ ਮੁੜਿਆ ਸੀ, ਪਰ ਉਸ ਨੂੰ ਵੀ ਇਕ ਆਮ ਮਜ਼ਦੂਰ ਸਮਝ ਕੇ ਛੱਡ ਦਿੱਤਾ ਗਿਆ। ਉਹ ਤਿੰਨੋਂ ਇਕ ਰਾਤ ਰਾਹ ਵਿਚ ਰਹਿ ਕੇ ਦੂਜੇ ਦਿਨ ਅਮਰ ਸਿੰਘ ਦੇ ਪਿੰਡ ਕੋਟਲਾ ਨੌਧ ਸਿੰਘ ਪਹੁੰਚ ਗਏ।

ਕੋਟਲਾ ਨੌਧ ਸਿੰਘ, ਅਮਰ ਸਿੰਘ ਦਾ ਆਪਣਾ ਪਿੰਡ ਸੀ। ਉਸ ਦੇ ਹਾਣੀ ਸੱਜਣ ਮਿੱਤਰ ਉਸ ਨੂੰ ਮਿਲਣ ਆਉਣ ਲਗ ਪਏ। ਉਹ ਗੁਲਾਬ ਕੌਰ ਨੂੰ ਆਪਣੀ ਭੈਣ ਤੇ ਜੀਵਨ ਸਿੰਘ ਨੂੰ ਉਸਦੇ ਪਤੀ ਦੇ ਤੌਰ ਤੇ ਉਨ੍ਹਾਂ ਨਾਲ ਮਿਲਾਉਣ ਲੱਗ ਪਿਆ। ਅਮਰ ਸਿੰਘ ਤੇ ਉਸ ਦੇ ਮਿੱਤਰ ਗੱਲਾਂ ਬਾਤਾਂ ਸਾਂਝੀਆਂ ਕਰਦੇ ਰਹਿੰਦੇ ਪਰ ਗੁਲਾਬ ਕੌਰ ਤੇ ਜੀਵਨ ਸਿੰਘ ਘੱਟ ਹੀ ਬੋਲਦੇ। ਅਮਰ ਸਿੰਘ ਦੀ ਚਾਚੀ, ਗੁਲਾਬ ਕੌਰ ਨੂੰ ਗੱਲੀਂ ਬਾਤੀਂ ਲਾਈ ਰਖਦੀ। ਗੁਲਾਬ ਕੌਰ ਚੌਂਕੇ ਵਿਚ ਬਹਿ ਕੇ ਚਾਚੀ ਨਾਲ ਕੰਮ ਕਰਵਾਂਦੀ ਰਹਿੰਦੀ।

ਇਕ ਦਿਨ ਤੜਕੇ ਹੀ ਗੁਲਾਬ ਕੌਰ ਕੇਸ ਧੋ ਕੇ ਕੰਧ ਦੇ ਨਾਲ ਮੰਜੀ ਡਾਹ ਕੇ ਬਹਿ ਗਈ। ਉਸ ਦੇ ਕਾਲੇ ਸ਼ਾਹ ਕੇਸ ਉਸ ਦੇ ਲੱਕ ਤਕ ਪਹੁੰਚ ਰਹੇ ਸਨ। ਬਾਹਰੋਂ ਕਿਸੇ ਨੇ ਬੂਹਾ ਖੜਕਾਇਆ। ਬੂਹਾ ਖੁਲ੍ਹਾ ਹੋਇਆ ਸੀ। ਚਾਚੀ ਨੇ ਕਿਹਾ-'ਕੁੜੇ ਗੁਲਾਬੋ। ਮੇਰੇ ਹੱਥ ਆਟੇ ਵਿਚ ਆ। ਤੱਕੀਂ ਉੱਠਕੇ, ਕੌਣ ਆ ਬੂਹੇ ਨਾਲ। ਕੋਈ ਨਿਆਣਾ ਹੋਊ ਤਾਂ ਝਿੜਕ ਦਈਂ।'

ਗੁਲਾਬ ਕੌਰ ਬੂਹੇ ਕੋਲ ਪਹੁੰਚੀ ਹੀ ਸੀ ਕਿ ਬਾਹਰ, ਪੰਡਤ ਜਗਤ ਰਾਮ ਨੂੰ ਖਲੋਤਾ ਵੇਖ ਕੇ ਹੈਰਾਨ ਹੋ ਗਈ। ਖ਼ੁਸ਼ੀ ਵਿਚ ਆ ਕੇ ਉਹ ਅੱਗੇ ਵਧੀ, ਜਗਤ ਰਾਮ ਨੇ ਅੱਗੋਂ ਹੱਥ ਜੋੜ ਦਿੱਤੇ। ਗੁਲਾਬ ਕੌਰ ਨੇ ਉਸ ਨੂੰ ਜੱਫੀ ਪਾ ਲਈ। ਉਸ ਦੇ ਪਿੱਛੇ ਇਕ ਹੋਰ ਖਲੋਤੇ ਬੰਦੇ ਨੂੰ ਵੇਖ ਕੇ ਉਸ ਦੀ ਜੱਫੀ ਢਿੱਲੀ ਹੋ ਗਈ। ਓਪਰੇ ਬੰਦੇ ਤੇ ਗੁਲਾਬ ਕੌਰ ਨੇ ਇਕ ਦੂਜੇ ਵੱਲ ਹੱਥ ਜੋੜੇ ਪਰ ਮੂੰਹੋਂ ਕੁਝ ਨਾ ਬੋਲੇ। ਜਗਤ ਰਾਮ ਨੇ ਦੱਸਿਆ-''ਬੀਬੀ। ਇਹ ਪੰਡਤ ਕਾਂਸ਼ੀ ਰਾਮ ਜੀ ਮਿਰਕਣ ਤੋਂ ਆਏ ਐ। ਗਦਰ ਕਮੇਟੀ ਦੇ ਖਜ਼ਾਨਚੀ ਤੇ ਬਹੁਤ ਵੱਡੇ ਲੀਡਰ ਐ। ਅਜੇ ਉਹ ਦਸ ਹੀ ਰਿਹਾ ਸੀ ਕਿ ਬਾਹਰੋਂ ਅਮਰ ਸਿੰਘ ਤੇ ਜੀਵਨ ਸਿੰਘ ਆ ਪਹੁੰਚੇ। ਅਮਰ ਸਿੰਘ ਨੇ ਬਿਨਾਂ ਕੁਝ ਕਹੇ ਕਾਸ਼ੀ ਰਾਮ ਨੂੰ ਜੱਫੀ ਵਿਚ ਲੈ ਕੇ ਅੰਦਰ ਵੱਲ ਤੋਰ ਲਿਆ। ਉਸ ਨੇ ਜੀਵਨ ਸਿੰਘ ਨੂੰ ਕਾਂਸ਼ੀ ਰਾਮ ਨਾਲ ਮਿਲਾਇਆ।

ਗੁਲਾਬ ਕੌਰ ਦੁੱਧ ਦੇ ਦੋ ਛੰਨੇ ਭਰ ਲਿਆਈ। ਕਾਂਸ਼ੀ ਰਾਮ ਨੇ ਗਰਮ ਦੁੱਧ ਦਾ ਘੁੱਟ ਭਰਦਿਆਂ ਕਿਹਾ-'ਅੱਜ ਪਹਿਲੀ ਵਾਰੀ ਦੇਸੀ ਦੁੱਧ ਮਿਲਿਐ। ਆਪਣੇ ਪਿੰਡ ਮੜੌਲੀ ਸਵੇਰੇ ਪਹੁੰਚਾ ਤੇ ਲਹੁਡੇ ਵੇਲੇ ਤੁਰ ਆਇਆ। ਪਾਰਟੀ ਦਾ ਕੰਮ ਜ਼ਰੂਰੀ ਐ।' ਉਸ ਨੇ ਦੁੱਧ ਪੀ ਕੇ ਦੱਸਿਆ-'ਮਨੀਲੇ ਤੋਂ ਆਏ ਗਦਰੀਆਂ ਦੀ ਡੀਊਟੀ ਮੇਰੇ ਨਾਲ ਲੱਗੀ ਐ। ਮੈਂ ਜੀਉਨ ਸਿਹੁੰ ਹੋਰਾਂ ਨੂੰ ਲੈਣ ਆਇਆ।' ਜੀਵਨ ਸਿੰਘ ਦੇ ਚਿਹਰੇ ਉੱਤੇ ਗੁਲਾਬੀ ਭਾਅ ਫਿਰ ਗਈ। ਉਸ ਨੇ ਖ਼ੁਸ਼ ਹੋ ਕੇ ਕਿਹਾ-'ਪੰਡਤ ਜੀ। ਮੈਂ ਤਾਂ ਤਿਆਰ ਬੈਠਾਂ।' ਅਮਰ ਸਿੰਘ ਨੇ ਪੁੱਛਿਆ-'ਤੇ ਮੇਰੀ ਡੁਟੀ ਪੰਡਤ ਜੀ ?'

'ਅਮਰ ਸਿਹਾਂ। ਸੱਚੀ ਪੁੱਛੇਂ ਤਾਂ ਮੈਨੂੰ ਕੋਈ ਪਤਾ ਨਹੀਂ। ਪਰ ਕਰਤਾਰ ਦੀਆਂ ਗੱਲਾਂ ਤੋਂ ਜਾਪਦਾ ਸੀ ਕਿ ਤੈਨੂੰ ਅੱਜੇ ਪਿੰਡ ਰਹਿਣਾ ਪਊ। ਅਮਰ ਸਿੰਘ ਨੇ ਨਿੰਮੋਝੂਣੇ ਹੋ ਕੇ ਨੀਵੀਂ ਪਾ ਲਈ।

ਕਾਂਸ਼ੀ ਰਾਮ ਨੇ ਪੁੱਛਿਆ-'ਟੁੰਡੀਲਾਟ ਨੂੰ ਵੀ ਮਿਲਣੈ ਹੁਣੇ ਹੀ, ਕਿੱਥੇ ਐ ਉਹ?'

'ਪੰਡਤ ਜੀ, ਅਜੇ ਤਾਂ ਉਹਦਾ ਕੋਈ ਸੁਰ ਪਤਾ ਨਹੀਂ ਕਿੱਥੇ ਐ। ਪਿੰਡ ਨਹੀਂ ਪਹੁੰਚਾ ਅੱਜੇ।' ਅਮਰ ਸਿੰਘ ਨੇ ਉੱਤਰ ਦਿੱਤਾ।

ਪੰਡਤ ਕਾਂਸ਼ੀ ਰਾਮ ਨੇ ਚਿੰਤਾ ਜਤਲਾਈ-'ਕਿਧਰੇ ਰਾਹ ਵਿਚ ਹੀ ਨਾ ਫੜਿਆ ਗਿਆ ਹੋਵੇ, ਜੁਆਲਾ ਸਿਹੁੰ, ਈਸ਼ਰ ਸਿਹੁੰ ਤੇ ਸ਼ੇਰ ਸਿਹੁੰ ਆਂਗੂੰ।'

'ਨਹੀਂ ਪੰਡਤ ਜੀ। ਮੇਰਾ ਮਨ ਨਹੀਂ ਮੰਨਦਾ। ਉਹ ਕਹਿੰਦਾ ਸੀ ਇਕ ਵਾਰੀ ਪਿੰਡ ਹੋ ਕੇ ਡੂਟੀ ਤੇ ਜਾਊਂ। ਨਾਲੇ ਭੇਸ ਬਦਲਣ ਦੀਆਂ ਗੱਲਾਂ ਕਰਦਾ ਸੀ।'

'ਲਗ ਗਿਆ ਪਤਾ। ਤੂੰ ਠੀਕ ਕਹਿਨੈ ਅਮਰ ਸਿਹਾਂ। ਫੇਰ ਤਾਂ ਸਾਡੇ ਕੋਲੋਂ ਲੰਘ ਜਾਊ, ਅਸਾਂ ਵੀ ਨਹੀਂ ਪਛਾਣਨਾ। ਆਪੇ ਬੁਲਾਊ ਤਾਂ ਪਤਾ ਲੱਗੂ।'

ਗੁਲਾਬ ਕੌਰ ਨੇ ਦੁੱਧ ਦੇ ਖਾਲੀ ਛੰਨੇ ਕਾਂਸ਼ੀ ਰਾਮ ਤੇ ਜਗਤ ਰਾਮ ਪਾਸੋਂ ਫੜਦਿਆਂ ਪੁੱਛਿਆ-'ਪੰਡਤ ਜੀ। ਮੇਰੀ ਡੂਟੀ ?'

'ਭੈਣਾਂ ਤੇਰੀ ਡੀਊਟੀ ਓਹੀ ਹੋਉ ਜੋ ਕਰਦੀ ਆਈ ਐਂ। ਤੇਰੀਆਂ ਗੱਲਾਂ ਤਾਂ ਪਾਰਟੀ ਦੇ ਨਿੱਕਿਆਂ ਵੱਡਿਆਂ ਸਭ ਤਾਈਂ ਪਹੁੰਚ ਗਈਐਂ। ਸੁਣਿਐ ਤੈਨੂੰ ਗਦਰ ਗੂੰਜਾਂ ਬੜੀਆਂ ਯਾਦ ਐ। ਬਸ ਪਿੰਡਾਂ ਵਿਚ ਫਿਰ ਕੇ ਸੁਣਾਇਆ ਕਰ ਲੋਕਾਂ ਨੂੰ। ਕਰਤਾਰ ਤੈਨੂੰ ਮਿਲਣ ਲਈ ਉਛਲ-ਉਛਲ ਪੈਂਦਾ ਸੀ।'

ਉਮਰ ਦਾ ਨਿੱਕਾ ਤੇ ਕੰਮ ਉਹਦੇ ਵੱਡੇ। ਉਹਦੀ ਇਕ ਲੱਤ ਲਹੌਰ ਤੇ ਦੂਜੀ ਦਿੱਲੀ ਵੱਲ ਕਿਧਰੇ ਰਹਿੰਦੀ ਐ।

ਗੁਲਾਬ ਕੌਰ ਇਕ-ਇਕ ਛੰਨਾਂ ਦੋਹਾਂ ਹੱਥਾਂ ਵਿਚ ਫੜ ਕੇ ਖਲੋਤੀ ਸੀ। ਉਸ ਦੇ ਰੌਂਗਟੇ ਖੜ੍ਹੇ ਸਨ। ਉਸ ਨੇ ਪੋਲੀ ਜਿਹੀ ਅਵਾਜ਼ ਵਿਚ ਕਿਹਾ-'ਸਰਾਭੇ ਵਾਲੇ ਵੀਰ ਦੀਆਂ ਬੜੀਆਂ ਗੱਲਾਂ ਸੁਣੀਐਂ ! ਬੰਬ ਵੀ ਬਣਾ ਲੈਂਦੈ।'

'ਬੀਬੀ, ਹਵਾਈ ਜਹਾਜ਼ ਦਾ ਕੰਮ ਵੀ ਜਾਣਦੈ।'

'ਮੇਰੀ ਕਿਸਮਤ ਹੋਊ ਤਾਂ ਕਦੇ ਮਿਲ ਪਊ।'

ਉਹ ਛੰਨੇ ਲੈ ਕੇ ਚੌਂਕੇ ਵੱਲ ਮੁੜਨ ਹੀ ਲੱਗੀ ਸੀ ਕਿ ਪਿੱਛੇ ਮੁੜ ਕੇ ਬੋਲ ਪਈ-'ਪੰਡਤ ਜੀ। ਮੈਨੂੰ ਤਾਂ ਥੋੜ੍ਹੀਆਂ ਜਿਹੀਆਂ ਗੂੰਜਾਂ ਯਾਦ ਐ।' ਉਸ ਨੇ ਜਗਤ ਰਾਮ ਵੱਲ ਇਸ਼ਾਰਾ ਕਰਕੇ ਕਿਹਾ-'ਆਹ ਬੈਠੇ ਵੀਰ ਜੱਗਾ ਲੁਹਾਰ। ਇਹਨੇ ਹੁਕਮ ਦਿੱਤਾ। ਸੁੱਟ ਦਿਓ ਸਮੁੰਦਰ ਵਿਚ। ਮੈਂ ਸਾਰੀਆਂ ਯਾਦ ਨਾ ਕਰ ਸਕੀ।'

ਕਾਂਸ਼ੀ ਰਾਮ ਏਧਰ ਓਧਰ ਵੇਖਣ ਲੱਗਾ। ਜਗਤ ਰਾਮ ਨੇ ਦੱਸਿਆ-'ਪੰਡਤ ਜੀ, ਮੇਰਾ ਨਾਮ ਜੱਗਾ ਲੁਹਾਰ ਪੈ ਗਿਐ। ਇਕ ਦਿਨ ਨਵਾਬ ਨੇ ਕਿਹਾ। ਫੇਰ ਸਭ ਕਹਿਣ ਲੱਗ ਪਏ।' ਕਾਂਸ਼ੀ ਰਾਮ ਨੇ ਹਸਦਿਆਂ-ਹਸਦਿਆਂ ਆਪਣੇ ਥੈਲੇ ਵਿਚ ਹੱਥ ਪਾ ਕੇ ਕੁਝ ਕਾਗਜ਼ ਕੱਢਦਿਆਂ ਵਾਜ ਮਾਰੀ। 'ਭੈਣਾ। ਆਹ ਫੜ। ਕਿੰਨੀਆਂ ਸਾਰੀਆਂ ਗੂੰਜਾਂ। ਮੈਂ ਕੀ ਕਰਨੀਐਂ, ਤੇਰੇ ਕੰਮ ਔਣਗੀਆਂ।' ਗੁਲਾਬ ਕੌਰ ਨੇ ਉਸ ਦੇ ਹੱਥੋਂ ਕਾਗਜ਼ ਫੜਦਿਆਂ ਚੁੰਮ ਲਏ। ਛੇਤੀ-ਛੇਤੀ ਫੋਲਣ ਲੱਗ ਪਈ। ਉਹ ਚੌਂਕੇ ਵੱਲ ਤੁਰੀ ਹੀ ਸੀ ਕਿ ਕਾਂਸ਼ੀ ਰਾਮ ਨੇ ਜੀਵਨ ਸਿੰਘ ਨੂੰ ਦੱਸਿਆ-' ਅਸੀਂ ਰਾਤ ਹੁਸ਼ਿਆਰਪੁਰ ਜਾ ਰਹਿਣੈ।' ਅਮਰ ਸਿੰਘ ਨੇ ਕਿਹਾ-'ਏਨੀ ਕੀ ਕਾਹਲੀ ਐ।'

'ਕਾਂਸ਼ੀ ਰਾਮ ਨੇ ਅਮਰ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕੁਝ ਕਹਿਣਾ ਚਾਹਿਆ ਪਰ ਅਮਰ ਸਿੰਘ ਪਹਿਲੋਂ ਹੀ ਬੋਲ ਪਿਆ-'ਰੋਟੀ ਤਿਆਰ ਐ। ਤੁਸੀਂ ਜ਼ਰਾ ਅਟਕੋ, ਮੈਂ ਟੁੰਡੀਲਾਟ ਦੇ ਹੋ ਆਵਾਂ। ਸ਼ੈਂਤ ਕੋਈ ਖਬਰ ਮਿਲੇ।'

# 17

ਅਸਮਾਨ ਵਿਚ ਬੱਦਲ ਛਾਏ ਹੋਏ ਸਨ। ਸੂਰਜ ਕਦੇ-ਕਦੇ ਮੂੰਹ ਵਿਖਾਉਂਦਾ ਤੇ ਫਿਰ ਬੱਦਲਾਂ ਪਿੱਛੇ ਲੁਕ ਜਾਂਦਾ। ਨਿੰਮ੍ਹੀ-ਨਿੰਮ੍ਹੀ ਹਵਾ ਚੱਲਣ ਕਰਕੇ ਸਿਆਲ ਦੀ ਠੰਡ ਹੋਰ ਵੱਧ ਰਹੀ ਸੀ। ਖੇਸਾਂ, ਫੁਲਕਾਰੀਆਂ ਤੇ ਕੰਬਲਾਂ ਦੀਆਂ ਬੁੱਕਲਾਂ ਮਾਰੀ ਸੁਆਣੀਆਂ ਸੁਫੇ ਵਿਚ ਬੈਠੀਆਂ ਗੱਲਾਂ ਕਰ ਰਹੀਆਂ ਸਨ। ਬਰਾਂਡੇ ਵਿਚ ਕਈ ਚਰਖੇ ਤੇ ਪੀੜ੍ਹੀਆਂ ਪੁੱਠੇ ਸਿੱਧੇ ਖੜ੍ਹੇ ਕੀਤੇ ਹੋਏ ਸਨ। ਵਿਹੜੇ ਵਿਚ ਨਿੱਕੇ-ਨਿੱਕੇ ਦੋ ਕਤੂਰੇ ਆਪਸ ਵਿਚ ਲਾਡ ਕਰਦੇ, ਟੱਪ ਖੇਡ ਰਹੇ ਸਨ। ਬਾਹਰਲੇ ਦਰਵਾਜ਼ੇ ਦਾ ਅੰਦਰੋਂ ਕੁੰਡਾ ਲੱਗਾ ਹੋਇਆ ਸੀ। ਜਿਹੜਾ ਮਰਦ ਬਾਹਰੋਂ ਆਉਂਦਾ, ਕੁੰਡਾ ਲੱਗਾ ਵੇਖ ਕੇ ਪਿੱਛੇ ਮੁੜ ਜਾਂਦਾ। ਮਰਦਾਂ ਨੂੰ ਪਤਾ ਹੁੰਦਾ ਕਿ ਕੁੰਡਾ ਲੱਗਾ ਹੈ ਤਾਂ ਤੀਵੀਆਂ ਤ੍ਰਿੰਞਣ ਤੇ ਬੈਠੀਆਂ ਹੋਣਗੀਆਂ ਜਾਂ ਗੱਪਾਂ ਸ਼ੱਪਾਂ ਮਾਰਦੀਆਂ ਹੋਣਗੀਆਂ।

ਚਾਚੀ ਬੋਲ ਰਹੀ ਸੀ-'ਨੀ ਇੰਦੋ। ਇਕੋ ਠੰਢ ਤੇ ਦੂਜੇ ਠੱਕਾ ਵਗੇ। ਗੁਲਾਬੋ ਕਹੇ, ਧਾਮੀਆਂ ਨੂੰ ਜਾਣੈ, ਧਾਮੀਆਂ ਜਾਣੈਂ। ਪੈਰੀਂ ਮੇਰੇ ਛਾਲੇ ਤੇ ਲੱਤਾਂ ਟੁੱਟੀਆਂ ਪਈਐਂ। ਤੂੰ ਸੌਣ ਵੇਲੇ ਗਰਮ ਪਾਣੀ ਵਿਚ ਲੂਣ ਪਾ ਕੇ ਦਈਂ। ਮੈਂ ਪੈਰ ਡੁਬੋ ਲਊਂ।'

ਇੰਦਰ ਕੌਰ ਬੋਲ ਪਈ-'ਨੀ ਚਾਚੀ। ਜੇ ਕਹੇ ਤਾਂ ਤੈਨੂੰ ਲੂਣ ਵਾਲੇ ਪਾਣੀ ਵਿਚ ਡੁਬੋ ਦਊਂ।' ਸਭ ਤੀਵੀਆਂ ਹੱਸ ਪਈਆਂ।

'ਨੀ। ਤੁਸੀਂ ਨੂੰਹਾਂ ਧੀਆਂ ਓ ਮੇਰੀਆਂ। ਮੈਂ ਗੁਲਾਬੋ ਨੂੰ ਲਿਆਈ ਆਂ ਏਥੇ। ਤੁਸੀਂ ਇਹਦੀਆਂ ਗੱਲਾਂ ਧਿਆਨ ਨਾਲ ਸੁਣਿਓ। ਸਾਰਿਆਂ ਟਾਪੂਆਂ ਵਿਚ ਫਿਰ ਕੇ ਆਈ ਐ। ਪਤਾ ਨਹੀਂ ਚੀਨ ਮਚੀਨ ਕਿੱਥੇ ਫਿਰਦੀ ਰਹੀ ਐ। ਕਹਿੰਦੀ ਐ ਸੈਆਂ ਫੌਜੀ ਨਾਵੇਂ ਕਟਾ ਕੇ ਮੁੜ ਆਏ ਐ। ਗਰੇਜਾਂ ਨੂੰ ਕੱਢਣ ਆਏ ਐ। ਅਗਲੀਆਂ ਗੱਲਾਂ ਆਪੇ ਦੱਸੂ।'

ਇਕ ਨੌਜਵਾਨ ਕੁੜੀ ਨੇ ਗੋਡਿਆਂ ਭਾਰ ਹੋ ਕੇ ਪੁੱਛਿਆ-'ਬੀਬੀ ਗੁਲਾਬੋ, ਮੇਰੇ ਘਰ ਵਾਲਾ ਟਾਪੂਆਂ ਨੂੰ ਗਿਆ ਸੀ ਪਿਛਲੇ ਸਾਲ। ਉਹ ਵੀ ਮੁੜ ਆਇਆ ਹੋਊ। ਤੂੰ ਜਾਣਦੀ ਐ ਉਹਨੂੰ।' ਕਹਿ ਕੇ ਉਸ ਨੇ ਆਪਣੇ ਨਾਲ ਬੈਠੀ ਨੂੰ ਹੁੱਝ ਮਾਰ ਕੇ ਕਿਹਾ-'ਨੀ, ਦੱਸ ਆਪਣੇ ਭਰਾ ਦਾ ਨਾਮ।'

'ਜੀ ਮੇਰੇ ਵੀਰ ਦਾ ਨਾਮ ਤਾਰਾ ਸਿਹੁੰ ਐ।'

ਗੁਲਾਬ ਕੌਰ ਨੇ ਘੁੱਟ ਕੇ ਚੌਂਕੜੀ ਮਾਰਦਿਆਂ ਉੱਤਰ ਦਿੱਤਾ-'ਭੈਣਾਂ ਸੈਂਕੜੇ ਆਏ ਐ ਤੇ ਹੋਰ ਆ ਰਹੇ ਐ। ਹਜ਼ਾਰਾਂ ਫੌਜੀ ਤੇ ਪੁਲਸੀਏ ਕੰਮ ਕਰਦੇ ਐ ਓਧਰ।'

ਤਾਰਾ ਸਿੰਘ ਫੌਜੀ ਦੀ ਤੀਵੀਂ ਤੇ ਭੈਣ ਨੇ ਨੀਵੀਂ ਪਾ ਲਈ।

'ਕੁੜੇ ਗੁਲਾਬੋ, ਤੂੰ ਆਪਣੀ ਕਵੀਸ਼ਰੀ ਸੁਣਾ ਇਹਨਾਂ ਨੂੰ। ਗੱਲਾਂ ਫੇਰ ਕਰ ਲਿਓ।' ਚਾਚੀ ਦੀ ਗੱਲ ਕੇ ਗੁਲਾਬ ਕੌਰ ਨੇ ਗਦਰ ਦੀ ਗੂੰਜ ਵਿਚੋਂ ਆਪਣੇ ਮਤਲਬ ਦੀ ਆਪੂੰ ਜੋੜੀ ਕਵੀਸ਼ਰੀ ਸ਼ੁਰੂ ਕਰ ਲਈ-

ਮੇਰੀ ਬੇਨਤੀ ਨਾਲ ਖਿਆਲ ਸੁਣਿਓ
ਮੇਰੀਆਂ ਭੈਣਾਂ ਤੇ ਭਰਜਾਈਆਂ ਓ।
ਪਾਜੀ ਗੋਰਿਆਂ ਨੇ ਸਾਨੂੰ ਤੰਗ ਕੀਤਾ
ਸਾਡੀਆਂ ਜਾਨਾਂ ਨੱਕ 'ਤੇ ਆਈਆਂ ਓ।
ਸਾਡੇ ਵੀਰ ਪਏ ਚੀਨ ਮਚੀਨ ਰੁਲਦੇ
ਮਾਲਾ ਮਾਲ ਹੋਇਆ ਇੰਗਲਸਤਾਨ ਭੈਣੋ।
ਕੁੱਤੇ ਖਾਣ ਫਰੰਗੀ ਦੇ ਪੇਟ ਭਰ ਕੇ
ਭੁੱਖੇ ਮਰਨ ਸਾਡੇ ਇਨਸਾਨ ਭੈਣੋ।
ਵਾਰਸ ਹਿੰਦ ਦੇ ਬਣੇ ਅੰਗਰੇਜ਼ ਜ਼ਾਲਮ
ਕੀਤੇ ਪਕੜ ਬੇਦਖਲ ਕਿਰਸਾਣ ਭੈਣੋ।
ਨਹਿਰਾਂ ਖੂਹਾਂ, ਜ਼ਮੀਨਾਂ ਦੇ ਅਸੀਂ ਮਾਲਕ
ਕਾਹਦੇ ਵਾਸਤੇ ਭਰੀਏ ਲਗਾਣ ਭੈਣੋ।

ਕੁਲ ਤੋਪਖਾਨੇ ਜੰਗੀ ਪਲਟਣਾਂ ਜੋ
ਭਾੜੇ ਭੰਗ ਦੇ ਦੇਂਵਦੇ ਜਾਨ ਭੈਣੋ
ਪੈਣ ਕਾਲ ਤੇ ਮੌਤ ਪਲੇਗ ਆਵੇ
ਹੈਜ਼ਾ ਤਾਪ ਤੇ ਰੋਗ ਭੀ ਖਾਣ ਭੈਣੋ।
ਮੌਜ ਕੁਲ ਜਹਾਨ ਤੇ ਲੈਣ ਗੋਰੇ
ਹਿੰਦੀ ਫਿਕੇ ਹੀ ਸੰਖ ਵਜਾਣ ਭੈਣੋ।
ਨਾਲ ਤਰਲਿਆਂ ਮੂਲ ਨਹੀਂ ਕੁਝ ਬਣਨਾ
ਮੇਰਾ ਆਖਰੀ ਸੁਣੋ ਫੁਰਮਾਨ ਭੈਣੋ।
ਘਰੋਂ ਚੋਰ ਨੂੰ ਪਕੜ ਕੇ ਬਾਹਰ ਕੱਢੋ
ਕਾਇਮ ਆਪਣਾ ਕਰੋ ਨਿਸ਼ਾਨ ਭੈਣੋ।'

ਗੁਲਾਬ ਕੌਰ ਰੁਕੀ ਹੀ ਸੀ ਕਿ ਇਕ ਮਾਈ ਬੋਲ ਪਈ-

'ਨੀ ਗੁਲਾਬੋ। ਤੂੰ ਤਾਂ ਓਦੋਂ ਬਾਲੜੀ ਹੋਣੀ ਆਂ। ਪਲੇਗ ਪਈ। ਪਿੰਡਾਂ ਦੇ ਪਿੰਡ ਉਜੜ ਗਏ। ਲੋਕ ਕਹਿਣ ਨਖੱਤਿਆਂ ਗੋਰਿਆਂ ਨੇ ਖੂਹਾਂ ਵਿਚ ਕੋਈ ਦੁਆਈ ਪਾ ਕੇ ਪਲੇਗ ਖਿਲਾਰੀ ਐ।' ਉਹ ਰੁਕੀ ਹੀ ਸੀ ਕਿ ਸੂਹੇ ਚੂੜੇ ਵਾਲੀ ਮੁਟਿਆਰ ਬੋਲ ਪਈ-'ਜੇ ਫੌਜੀ ਬਣਨਾ ਸੀ ਤਾਂ ਵਿਆਹ ਕਾਹਤੋਂ ਕਰਨਾ ਸੀ।' ਕਹਿ ਕੇ ਉਸ ਨੇ ਦੋਹਾਂ ਹੱਥਾਂ ਨਾਲ ਆਪਣਾ ਚਿਹਰਾ ਢੱਕ ਲਿਆ। ਉਹ ਸਿਸਕੀਆਂ ਲੈ ਰਹੀ ਸੀ। ਇੰਦਰ ਕੌਰ ਨੇ ਦੱਸਿਆ-'ਭਾਨੀ ਬਿਚਾਰੀ ਨੇ ਤਾਂ ਸਹੁਰਾ ਘਰ ਜਿਹਾ ਵੇਖਿਆ ਤਿਹਾ ਨਾ ਵੇਖਿਆ। ਪ੍ਰਾਹੁਣਾ ਮੁਕਲਾਵਾ ਲੈਣ ਵੀ ਨਾ ਆਇਆ, ਚਿੱਠੀ ਆਈ ਤੇ ਤੁਰਦਾ ਹੋਇਆ।'

'ਜੀ। ਕਹਿਰ ਆਇਆ ਪਿਐ। ਮਾਮਲਾ ਨਾ ਦੇ ਹੋਇਆ। ਪਟਵਾਰੀ ਠਾਣਾ ਚੜ੍ਹਾ ਲਿਆਇਆ। ਸਿਪਾਹਟਾ ਲੱਖ-ਲੱਖ ਗਾਲ੍ਹਾਂ ਕੱਢੇ ਬਾਪੂ ਨੂੰ। ਬਾਪੂ ਤੋਂ ਰਹਿ ਨਾ ਹੋਇਆ। ਉਹਨੇ ਸਪਾਹਟੇ ਨੂੰ ਢਾਹ ਕੇ ਖੂਬ ਗੁੱਡਿਆ। ਬਾਪੂ ਘੋੜੀ ਲੈ ਕੇ ਨਿਕਲ ਗਿਆ। ਖੇਤਾਂ ਦੀ ਕੁਰਕੀ ਆ ਗਈ। ਬੁਰਾ ਹੋਵੇ ਇਹਨਾਂ ਬਾਂਦਰਾਂ ਦਾ।'

'ਮੇਰੀਓ ਭੈਣੋ ਤੇ ਭਰਜਾਈਓ, ਚਾਚੀਓ ਤੇ ਤਾਈਓ। ਮੈਂ ਵੀ ਇਹੋ ਗੱਲ ਕਹੀ ਐ। ਸਾਡੇ ਸਾਰੇ ਦੁੱਖਾਂ ਦੀ ਜੜ੍ਹ ਐ ਗੁਲਾਮੀ। ਆਪਣੇ ਫੌਜੀ ਨਾਮ ਕਟਾ ਕੇ ਮੁੜ ਆਏ ਐ। ਟਾਪੂਆਂ ਤੋਂ। ਮਿਰਕਣ ਤੋਂ ਵੀ ਆਏ ਐ। ਵੱਡੀ ਜੰਗ ਲਗੀ ਐ, ਯੂਰਪ ਦੇ ਮੁਲਕਾਂ ਵਿਚ। ਜੇ ਆਪਣੇ ਫੌਜੀ ਨਾ ਲੜਨ ਤਾਂ ਫਰੰਗੀ ਹਾਰ ਜਾਣਗੇ ਤੇ ਸਾਨੂੰ ਅਜ਼ਾਦੀ ਮਿਲ ਜਾਊ।'

ਤੀਹ ਪੈਂਤੀ ਤੀਵੀਆਂ ਦੀਆਂ ਅੱਖਾਂ ਦੀਆਂ ਜੋੜੀਆਂ ਗੁਲਾਬ ਕੌਰ ਵੱਲ ਹੈਰਾਨੀ ਨਾਲ ਤੱਕ ਰਹੀਆਂ ਸਨ। ਗੁਲਾਬ ਕੌਰ ਤਾੜ ਗਈ ਸੀ ਕਿ ਉਨ੍ਹਾਂ ਵਿਚੋਂ ਅੱਧੀਆਂ ਔਰਤਾਂ ਦੇ ਪਿਉ, ਭਰਾ, ਘਰ ਵਾਲੇ ਤੇ ਦਿਉਰ ਜੇਠ ਜਾਂ ਹੋਰ ਰਿਸ਼ਤੇਦਾਰ ਫੌਜਾਂ ਵਿਚ ਭਰਤੀ ਸਨ। ਉਸ ਨੇ ਜ਼ਰਾ ਉੱਚੀ ਅਵਾਜ਼ ਵਿਚ ਕਿਹਾ-'ਜੇ ਬੱਚਾ ਰੋਵੇ ਨਾ ਤਾਂ ਮਾਂ ਵੀ ਉਸ ਨੂੰ ਦੁੱਧ ਨਹੀਂ ਦੇਂਦੀ। ਗੋਰਿਆਂ ਸਾਨੂੰ ਜੁੱਤੀ ਨਾਲ ਗੁਲਾਮ ਬਣਾਇਐ। ਜੁੱਤੀ ਨਾਲ ਹੀ ਕੱਢਣੇ ਪੈਣਗੇ। ਆਜ਼ਾਦੀ ਮੰਗਿਆਂ ਨਹੀਂ ਜੇ ਮਿਲਦੀ।

'ਬੀਬੀ। ਤੂੰ ਦਸ ਅਸੀਂ ਤੀਵੀਆਂ ਕੀ ਕਰ ਸਕਦੀਆਂ ?'

'ਤੁਸੀਂ ਸਭ ਕੁਝ ਕਰ ਸਕਦੀਐਂ। ਆਪਣਿਆਂ ਭਰਾਵਾਂ ਨੂੰ ਆਪਣੇ ਘਰਾਂ ਵਾਲਿਆਂ ਨੂੰ ਭਰਤੀ ਨਾ ਹੋਣ ਦਿਓ। ਫੇਰ ਵੇਖੋ ਕੀ ਬਣਦੈ। ਘਰਾਂ ਵਿਚ ਸਿਆਪਾ ਪਾ ਕੇ ਬਹਿ ਜਾਓ। ਕਹੋ ਨਹੀਂ ਭਰਤੀ ਹੋਣ ਦੇਣਾ।'

'ਬੀਬੀ ਗੱਲ ਤਾਂ ਤੇਰੀ ਠੀਕ ਐ। ਸਾਡੀ ਮੰਨੂੰ ਕੌਣ।'

'ਇਹੋ ਤਾਂ ਘਾਟੈ ਸਾਡੇ ਬਿਚ।' ਭਾਨੀ ਬੋਲ ਪਈ। 'ਇਕ ਵਾਰੀ ਮੁੜ ਕੇ ਆਏ, ਮੈਂ ਲੱਤਾਂ ਭੰਨ ਦੇਊਂ, ਜੇ ਮੁੜ ਕੇ ਉਹਨੇ ਜਾਣ ਦਾ ਨਾਂ ਲਿਆ ਤਾਂ।' ਭਾਨੀ ਦੀ ਗੱਲ ਸੁਣ ਕੇ ਗੁਲਾਬ ਕੌਰ ਦਾ ਚਿਹਰਾ ਖਿੜ ਗਿਆ। ਭਾਨੀ ਦੀ ਗੱਲ ਨਾਲ ਹੌਸਲਾ ਕਰਕੇ ਇਕ ਅੱਧਖੜ ਤੀਵੀਂ ਬੋਲ ਪਈ-'ਆਪਣਾ ਧਰਮਸਾਲੀਆ ਭਾਈ ਘੜੀ-ਘੜੀ ਕਹੂ, ਤੀਵੀਆਂ ਤੇ ਮਰਦ ਇਕੋ ਜਿਹੇ ਹੱਕ ਰੱਖਦੀਐਂ। ਕਹਿਣ ਨੂੰ ਹੋਰ ਤੇ ਕਰਨ ਨੂੰ ਕੁਝ ਹੋਰ। ਤੀਵੀਆਂ ਨੂੰ ਕੌਣ ਪੁੱਛਦੈ।'

'ਨੀ ਗੁਲਾਬੋ, ਤੂੰ ਗੱਲ ਕਰ ਗਰੇਜਾਂ ਨੂੰ ਕੱਢਣ ਦੀ। ਬਾਕੀ ਗੱਲਾਂ ਮਗਰੋਂ ਕਰ ਲਿਓ।' ਚਾਚੀ ਦੀ ਗੱਲ ਸੁਣ ਕੇ ਸਭ ਦਾ ਧਿਆਨ ਗੁਲਾਬ ਕੌਰ ਵੱਲ ਹੋ ਗਿਆ। ਉਸ ਨੇ ਲੋਈ ਦੀ ਬੁੱਕਲ ਖੋਲ੍ਹਦਿਆਂ ਕਿਹਾ-'ਮਨ ਮੇਰਾ ਤਾਂ ਗਿੱਧਾ ਪਾਉਣ ਨੂੰ ਕਰਦੈ।' ਉਸ ਦੇ ਨਾਲ ਹੀ ਸਭ ਉੱਠ ਖਲੋਤੀਆਂ। ਬੁੱਕਲਾਂ ਲਹਿ ਗਈਆਂ। ਭਾਨੀ ਨੇ ਦੋਵੇਂ ਹੱਥ ਉੱਚੇ ਕੀਤੇ। ਉਸ ਦੇ ਸੂਹੇ ਚੂੜ੍ਹੇ ਦੀਆਂ ਵੰਗਾਂ ਖੜਕ ਉੱਠੀਆਂ। ਉਸ ਨੇ ਕਿਹਾ-'ਪਹਿਲਾ ਟੱਪਾ ਮੈਂ ਬੋਲੂੰ ਤੁਸੀਂ ਮੇਰੇ ਪਿੱਛੇ-ਪਿੱਛੇ ਬੋਲਿਓ।' ਉਸ ਨੇ ਦੋਵੇਂ ਬਾਹਵਾਂ ਆਪਣੇ ਸਾਹਮਣੇ ਚੁੱਕ ਕੇ ਗਾਂਵਿਆ-

'ਪਿੱਪਲਾਂ ਉੱਤੇ ਆਈਆਂ ਬਹਾਰਾਂ,
ਬੋਹੜਾਂ ਨੂੰ ਲੱਗੀਆਂ ਗੋਹਲਾਂ।'

ਉਸ ਨੇ ਮੁੜ ਕੇ ਇਹ ਟੱਪਾ ਦੁਹਰਾਇਆ। ਫੇਰ ਉਹ ਕੂੰਜ ਵਾਂਗ ਗਾ ਉੱਠੀ-

ਜੰਗ ਨੂੰ ਨਾ ਜਾ ਵੇ
ਦਿਲ ਦੇ ਬੋਲ ਮੈਂ ਬੋਲਾਂ
ਜੰਗ ਨੂੰ ਨਾ ਜਾ ਵੇ।

ਫੇਰ ਕੀ ਸੀ ਗਾਉਣ ਵਾਲੀਆਂ ਦੀਆਂ ਖੁਰੀਆਂ ਨਾਲ ਧਰਤ ਕੰਬ ਉੱਠੀ ਤੇ ਕੋਠੇ ਦੀ ਛੱਤ ਹਿਲ ਖਲੋਤੀ। ਕਿੰਨੀ ਦੇਰ ਉਹ ਇਹੋ ਤੁਕ ਦੁਹਰਾਂਦੀਆਂ ਰਹੀਆਂ। ਭਾਨੀ ਦਾ ਚਿਹਰਾ ਸੂਹਾ ਲਾਲ ਹੋ ਗਿਆ। ਸਭ ਸਾਹੋ ਸਾਹ ਹੋਈਆਂ ਹੋਈਆਂ ਸਨ।

ਇੰਦਰ ਕੌਰ ਨੇ ਸੁਫੇ ਦੀਆਂ ਦੋਹਾਂ ਨੁੱਕਰਾਂ ਵਿਚ ਪਏ ਦੀਵੇ ਜਗਾ ਦਿੱਤੇ। ਵਿਹੜੇ ਵੱਲ ਝਾਤੀ ਮਾਰ ਕੇ ਵੇਖਿਆ ਦੋਵੇਂ ਕਤੂਰੇ ਆਪਣੇ ਘੁਰਨੇ ਵਿਚ ਬੈਠੇ ਸਨ।

'ਨੀ ਬੀਬੋ ਗੁਲਾਬੋ। ਮੇਰੇ ਘਰ ਵਾਲੇ ਨੂੰ ਦੋ ਸਾਲ ਹੋ ਚੱਲੇ ਐ ਗਏ ਨੂੰ। ਮੈਂ ਇਕ ਟੱਪਾ ਜੋੜਿਐ।' ਉਹ ਗਿੱਧਾ ਪਾਉਂਦੀ ਬੋਲ ਉੱਠੀ-

ਬੇਰੀਆਂ ਨੂੰ ਬੇਰ ਆ ਲੱਗੇ
ਅੰਬਾਂ ਨੂੰ ਪਈਆਂ ਅੰਬੀਆਂ
ਜੰਗ ਨੂੰ ਨਾ ਜਾਈਂ ਢੋਲ ਵੇ
ਕੱਟ ਲਊਂਗੀ ਸਭ ਤੰਗੀਆਂ
ਜੰਗ ਨੂੰ ਨਾ ਜਾਈਂ ਢੋਲ ਵੇ।'

ਧਮ-ਧਮ ਦੀ ਆਵਾਜ਼ ਦੇ ਨਾਲ-ਜੰਗ ਨੂੰ ਨਾ ਜਾਈਂ ਢੋਲ ਵੇ, ਕੱਟ ਲਊਂਗੀ ਸਭ ਤੰਗੀਆਂ ਦੀ ਗੂੰਜ ਉੱਠ ਰਹੀ ਸੀ।

ਗਿੱਧੇ ਵਾਲੀਆਂ ਜਿਉਂ-ਜਿਉਂ ਥੱਕ ਰਹੀਆਂ ਸਨ, ਤਿਉਂ-ਤਿਉਂ ਉਹ ਆਪਣੇ ਦਿਲਾਂ ਦੀ ਹਵਾੜ ਕੱਢਣ ਲਈ ਹੋਰ ਉਤਾਵਲੀਆਂ ਪੈ ਰਹੀਆਂ ਸਨ। ਉਨ੍ਹਾਂ ਦੇ ਮਨ ਹੁਲਾਰੇ ਲੈ ਰਹੇ ਸਨ। ਇਕ ਦੂਜੀ ਤੋਂ ਵੱਧ ਕੇ ਪੈਲਾਂ ਪਾ ਰਹੀਆਂ ਸਨ। ਗੁਲਾਬ ਕੌਰ ਨੇ ਸਭ ਦੇ ਵਿਚਕਾਰ ਖਲੋ ਕੇ ਕਿਹਾ-'ਮੈਂ ਇਕ ਟੱਪਾ ਕਹੂੰ। ਸਭ ਰਲ ਕੇ ਬੋਲਿਓ ਤੇ ਗਿੱਧਾ ਪਾਇਓ। ਫੇਰ ਉਹਦੇ ਨਾਲ ਆਪਣੇ ਟੱਪੇ ਜੋੜਿਓ।' ਉਸ ਨੇ ਦੋਵੇਂ ਬਾਹਵਾਂ ਛੁੰਗ ਲਈਆਂ। ਦੋਹਾਂ ਬਾਹਾਂ ਵਿਚ ਪਏ ਕੜੇ ਦਿਸਣ ਲੱਗ ਪਏ। ਉਸ ਨੇ ਤਾੜੀ ਮਾਰ ਕੇ ਮੋਰਨੀ ਵਾਂਗੂੰ ਪੈਲਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਕੂਕ ਉੱਠੀ-

'ਰਾਜ ਫਰੰਗੀ ਦਾ
ਅਸਾਂ ਰਹਿਣ ਨਹੀਂ ਦੇਣਾ
ਰਾਜ ਫਰੰਗੀ ਦਾ।'

ਫੇਰ ਕੀ ਸੀ। ਮੋਰਨੀਆਂ ਦੀਆਂ ਪੈਲਾਂ ਤੇ ਕੂਕਾਂ ਨੇ ਫਰੰਗੀ ਦੇ ਰਾਜ ਦੀਆਂ ਨੀਹਾਂ ਹਿਲਾ ਦਿੱਤੀਆਂ। ਮੁਟਿਆਰਾਂ ਹੁਟ ਕੇ ਹਟ ਗਈਆਂ ਸਨ ਪਰ ਕੋਟਲੇ ਵਾਲੀ ਚਾਚੀ ਤੇ ਧਾਮੀਆ ਵਾਲੀ ਇੰਦਰ ਕੌਰ ਅਜੇ ਵੀ ਇਕ ਦੂਜੀ ਦੀ ਬਾਂਹ ਵਿਚ ਬਾਂਹ ਪਾ ਕੇ ਪੈਲਾਂ ਪਾ ਰਹੀਆਂ ਸਨ। ਚਾਚੀ ਨੇ ਇੰਦਰ ਕੌਰ ਦੀ ਬਾਂਹ ਛੁਡਾਂਦਿਆਂ ਕਿਹਾ-'ਗੁਲਾਬੋ। ਹੁਣ ਮੈਂ ਟੱਪਾ ਬੋਲੂੰ। ਤੈਨੂੰ ਚੰਗਾ ਲੱਗੇ ਨਾ ਲੱਗੇ।' ਕਹਿੰਦੀ ਹੀ ਉਹ ਦੋਵੇਂ ਹੱਥ ਸਿਰ ਤੋਂ ਉੱਚੇ ਚੁੱਕ ਕੇ ਗਾ ਉੱਠੀ-

'ਸਾਡਾ ਸਬਰ

ਕੁੜੇ ਸਾਡਾ ਸਬਰ।

ਇਹੋ ਤੁੱਕ ਕਈ ਵਾਰੀ ਦੂਹਰਾ ਕੇ ਕੂਕ ਉੱਠੀ-'ਸਾਡਾ ਸਬਰ ਫਰੰਗੀਆਂ ਨੂੰ ਮਾਰੇ।'

ਰਾਜ ਫਰੰਗੀਆਂ ਦਾ

ਅਸਾਂ ਰਹਿਣ ਨਹੀਂ ਦੇਣਾ

ਰਾਜ ਫਰੰਗੀਆਂ ਦਾ।'

ਕਿੰਨੀ ਦੇਰ ਧਮੱਕਾ ਪੈਂਦਾ ਰਿਹਾ। ਨੱਚਣੋਂ ਹਟਦੀ ਚਾਚੀ ਚਫ਼ਾਲ ਲੰਮੀ ਪੈ ਗਈ। ਸਭ ਡਰ ਗਈਆਂ। ਇੰਦਰ ਕੌਰ ਪਾਣੀ ਲੈਣ ਚਲੀ ਗਈ। ਚਾਚੀ ਨੇ ਹੌਲੀ ਜਿਹੀ ਉੱਠਦਿਆਂ ਕਿਹਾ-'ਕੁੜੇ, ਮੇਰੇ ਅੰਦਰ ਤਾਂ ਭੁਚਾਲ ਆਇਆ ਖਲੋਤੈ। ਕੰਧਾਂ ਉਡਦੀਆਂ ਦਿਸਦੀਐਂ।' ਦੋ ਮੁਟਿਆਰਾਂ ਨੇ ਚਾਚੀ ਨੂੰ ਬਾਹੋਂ ਫੜ ਕੇ ਖੜ੍ਹਾ ਕਰ ਦਿੱਤਾ। ਉਹ ਨੁੱਕਰ ਵਿਚ ਪਈ ਇਕ ਪੀੜ੍ਹੀ ਉੱਤੇ ਜਾ ਬੈਠੀ।

ਗਿੱਧੇ ਦਾ ਉਠਾਅ ਥੋੜ੍ਹਾ ਮੱਠਾ ਪੈ ਗਿਆ। ਸਭ ਬਹਿ ਗਈਆਂ। ਭਾਨੀ ਨੇ ਕਿਹਾ-'ਮੈਂ ਇਕ ਟੱਪਾ ਜੋੜਿਐ। ਕਹੋ ਤਾਂ ਸੁਣਾਵਾਂ।'

'ਨਹੀਂ ਭਾਨੋ ਨਹੀਂ। ਜ਼ਰਾ ਥੰਮ ਜਾਹ। ਗਿੱਧਾ ਪਾ ਕੇ ਸੁਣਾਈਂ।' ਉਹ ਉਸੇ ਵੇਲੇ ਉੱਠ ਖਲੋਤੀ। ਉਸ ਨੇ ਸੂਹੇ ਚੂੜ੍ਹੇ ਨਾਲ ਕੱਜੀਆਂ ਬਾਹਾਂ ਉੱਚੀਆਂ ਕਰਕੇ ਗਿੱਧਾ ਪਾਉਣਾ ਸ਼ੁਰੂ ਕਰ ਦਿੱਤਾ। ਫੇਰ ਉਹ ਗਾ ਉੱਠੀ-

ਜਿਸ ਦਿਨ ਪਾਇਆ

ਰੰਗਲਾ ਚੂੜਾ

ਜਿਸ ਦਿਨ ਪਾਇਆ

ਰੰਗਲਾ ਚੂੜਾ।

ਉਹ ਇਹੋ ਤੁੱਕ ਗਾਉਂਦੀ ਜਾ ਰਹੀ ਸੀ। ਸਭ ਇਕ-ਇਕ ਕਰਕੇ ਉੱਠ ਖਲੋਤੀਆਂ। ਉਸ ਨੇ ਅਗਲੀ ਤੁਕ ਛੋਹ ਲਈ-

ਜਿਸ ਦਿਨ ਪਾਇਆ

ਰੰਗਲਾ ਚੂੜਾ

ਉਸ ਦਿਨ ਆਈਆਂ ਚਿੱਠੀਆਂ

ਕੁੜੇ, ਉਸ ਦਿਨ ਆਈਆਂ ਚਿੱਠੀਆਂ

ਬਣ ਜਾ ਫੌਜੀ ਤੂੰ

ਤੂੰ ਲਾਮ ਨੂੰ ਜਾਣਾ

ਬਣ ਜਾ ਫੌਜੀ ਤੂੰ

ਤੂੰ ਲਾਮ ਨੂੰ ਜਾਣਾ।

ਏਥੇ ਤੱਕ ਉਹ ਇਕੱਲੀ ਬੋਲ ਰਹੀ ਸੀ। ਜਦ ਉਸ ਨੇ-'ਰਾਜ ਫ਼ਰੰਗੀਆਂ ਦਾ। ਅਸਾਂ ਰਹਿਣ ਨਹੀਂ ਦੇਣਾ ਰਾਜ ਫਰੰਗੀਆਂ ਦਾ-ਤਾਂ ਸਭ ਕੂੰਜਾਂ ਉੱਡ ਖਲੋਤੀਆਂ। ਕਿੰਨੀ ਦੇਰ ਗਾਉਂਦੀਆਂ ਰਹੀਆਂ-

'ਰਾਜ ਫਰੰਗੀਆਂ ਦਾ

ਅਸਾਂ ਰਹਿਣ ਨਹੀਂ ਦੇਣਾ

ਰਾਜ ਫਰੰਗੀਆਂ ਦਾ।'

ਇੰਦਰ ਕੌਰ ਨੇ ਇਕ ਮੁਟਿਆਰ ਨੂੰ ਮੋਢਿਆਂ ਤੋਂ ਫੜ ਕੇ ਝੰਜੋੜਦਿਆਂ ਪੁੱਛਿਆ-'ਤਾਰੋ ਤੂੰ ਬੜੀ ਮਸੋਸੀ ਮਸੋਸੀ ਐਂ। ਕੀ ਗੱਲ ਆ ?'

ਉਸ ਨੇ ਨੀਵੀਂ ਪਾ ਕੇ ਦੱਸਿਆ-'ਚਾਚੀ। ਤੈਨੂੰ ਪਤਾ। ਤੇਰੇ ਭਤੀਜੇ ਨੂੰ ਲਾਮ ਤੇ ਗਿਆਂ ਕਿੰਨੀ ਡੇਰ ਹੋ ਗਈ ਆ।'

'ਆ ਜਾਊ ਸੁਖ ਨਾਲ। ਤੂੰ ਹੱਥ ਜੋੜਿਆ ਕਰ ਬਾਬੇ ਅੱਗੇ। ਬਾਬਾ ਸੁਖ ਰੱਖੂ। ਆਈ ਸਮਝ?'

'ਚਾਚੀ। ਮੈਂ ਵੀ ਇਕ ਟੱਪਾ ਜੋੜਿਐ।'

ਇੰਦਰ ਕੌਰ ਨੇ ਉੱਚੀ ਸਾਰੀ ਐਲਾਨ ਕਰ ਦਿੱਤਾ-

'ਹੁਣ ਤਾਰੋ ਗਿੱਧਾ ਪਾਊ। ਉੱਠੋ ਕੁੜੀਓ ਉੱਠੋ।'

ਇਕ-ਇਕ ਕਰਕੇ ਸਭ ਉੱਠਣ ਲੱਗ ਪਈਆਂ। ਤਾਰੋ ਨੇ ਨੀਵੀਂ ਪਾ ਕੇ ਗਾਉਣਾ ਅਰੰਭਿਆ-

ਮੇਰੇ ਮਾਹੀ ਨੂੰ
ਲੈ ਗਿਆ ਚੀਨ ਮਚੀਨ
ਮੇਰੇ ਮਾਹੀ ਨੂੰ।
ਨਾ ਉਹਦੀ ਕੋਈ ਪਾਤੀ ਆਈ
ਨਾ ਉਸ ਤਲਬਾਂ ਪਾਈਆਂ
ਰਾਜ ਫਰੰਗੀ ਦਾ
ਅਸਾਂ ਰਹਿਣ ਨਹੀਂ ਦੇਣਾ
ਰਾਜ ਫਰੰਗੀ ਦਾ।

ਸਭ ਨੱਚ ਕੇ ਗਿੱਧਾ ਪਾ ਰਹੀਆਂ ਸਨ। ਸਭ ਇਕੋ ਤੁਕ ਗਾਂਦੀਆਂ ਜਾ ਰਹੀਆਂ ਸਨ-

ਰਾਜ ਫਰੰਗੀ ਦਾ ਅਸਾਂ ਰਹਿਣ ਨਹੀਂ ਦੇਣਾ।
ਰਾਜ ਫਰੰਗੀ ਦਾ।'

ਇੰਦਰ ਕੌਰ, ਤਾਰੋ ਦੀ ਪਿੱਠ ਉੱਤੇ ਹੱਥ ਫੇਰਦੀ ਕਹਿ ਰਹੀ ਸੀ-'ਬੁੱਢ ਸੁਹਾਗਣ ਹੋਵੇਂ ਤਾਰੋ ਬੁੱਢ ਸੁਹਾਗਣ।' ਨਾਲ ਹੀ ਪੱਲੇ ਦੀ ਨੁੱਕਰ ਨਾਲ ਆਪਣੀਆਂ ਭਿੱਜੀਆਂ ਅੱਖਾਂ ਪੂੰਝ ਰਹੀ ਸੀ।

ਚਾਚੀ ਨੇ, ਗੁਲਾਬ ਕੌਰ ਨੂੰ ਬਾਹੋਂ ਫੜ ਕੇ ਆਪਣੇ ਨੇੜੇ ਖਿਚਦਿਆਂ ਕਿਹਾ-'ਗੁਲਾਬੋ। ਹੁਣ ਖਾਓ ਪੀਆ ਹੋ ਗਿਐ। ਤੂੰ ਇਕ ਟੱਪਾ ਗਾ ਦੇਹ। ਫੇਰ ਬੱਸ ਕਰੀਏ। ਮਰਦਾਂ ਦੇ ਆਉਣ ਦਾ ਵੇਲਾ ਹੋ ਗਿਐ।' ਫਿਰ ਚਾਚੀ ਨੇ ਹੁਕਮ ਸੁਣਾ ਦਿੱਤਾ-'ਹੁਣ ਗੁਲਾਬੋ ਇਕ ਟੱਪਾ ਗਾਊ।'

ਗੁਲਾਬ ਕੌਰ ਨੇ ਕੰਧ ਦੀ ਢੋਅ ਛੱਡ ਕੇ ਸਭ ਦੇ ਵਿਚਾਲੇ ਖਲੋਂਦਿਆਂ ਗਾਇਆ-

'ਨਾ ਮੈਂ ਚੁਗਾਂ ਕਪਾਹ
ਨਾ ਪੇਂਜੇ ਦੇ ਜਾਵਾਂ
ਨਾ ਗੋੜ੍ਹੇ ਦੀਆਂ
ਵੱਟਾਂ ਪੂਣੀਆਂ
ਨਾ ਮੈਂ ਤਿੰਵਣ ਡਾਹਵਾਂ
ਅੱਗ ਲਾ ਚਰਖੇ ਨੂੰ
ਅੱਗ ਲਾ ਚਰਖੇ ਨੂੰ।
ਰਾਜ ਫਰੰਗੀ ਦਾ
ਅਸਾਂ ਰਹਿਣ ਨਹੀਂ ਦੇਣਾ
ਰਾਜ ਫਰੰਗੀ ਦਾ।

ਮੋਰਨੀਆਂ ਪੈਲਾਂ ਪਾ ਰਹੀਆਂ ਸਨ। ਉਨ੍ਹਾਂ ਦੀਆਂ ਕੂਕਾਂ ਬੱਦਲਾਂ ਵਾਂਗੂ ਗੂੰਜ ਉੱਠੀਆਂ। ਗੁਲਾਬ ਕੌਰ ਨੇ ਦੋਵੇਂ ਬਾਹਾਂ ਚੁੱਕ ਕੇ ਅਗਲਾ ਟੱਪਾ ਗਾਇਆ-

ਨਾ ਮੈਂ ਤਿੰਵਣ ਡਾਹਵਾਂ
ਨਾ ਮੈਂ ਸੂਤ ਕਤਾਵਾਂ
ਨਾ ਫੌਜੀ ਦੀਆਂ

ਬਣਨ ਵਰਦੀਆਂ

ਨਾ ਲਾਮ ਨੂੰ ਜਾਵਾਂ।

ਤਿੰਞਣ ਵਾਲੀਆਂ ਖਿੜ-ਖਿੜ ਹੱਸੀਆਂ। ਚੁਗਿਰਦੇ ਵਿਚ ਖੇੜਾ ਫੈਲ ਗਿਆ। ਫਿਰ ਗੁਲਾਬ ਕੌਰ ਦੇ ਨਾਲ ਹੀ ਸਾਰੀਆਂ ਨੱਚ ਉੱਠੀਆਂ-

ਰਾਜ ਫਰੰਗੀ ਦਾ

ਅਸਾਂ ਰਹਿਣ ਨਹੀਂ ਦੇਣਾ

ਰਾਜ ਫਰੰਗੀ ਦਾ।

ਬਾਹਰਲਾ ਬੂਹਾ ਖੜਕਦਾ ਸੁਣ ਕੇ ਇੰਦਰ ਕੌਰ ਨੇ ਕਿਹਾ-'ਰਤਨੇ ਦਾ ਬਾਪੂ ਆ ਗਿਆ ਹੋਣੈ।

ਰਤਨਾ ਤੇ ਉਸ ਦਾ ਬਾਪੂ ਮਿਹਰ ਸਿੰਘ ਪੱਠਿਆਂ ਦੀਆਂ ਭਰੀਆਂ ਚੁੱਕੀ ਬਾਹਰ ਖਲੋਤੇ ਸਨ। ਉਨ੍ਹਾਂ ਨੇ ਭਰੀਆਂ ਖੁਰਲੀਆਂ ਲਾਗੇ ਆ ਸੁੱਟੀਆਂ।

ਸਭ ਮੁਟਿਆਰਾਂ ਇਕ-ਇਕ ਕਰਕੇ ਨਿੱਖੜ ਗਈਆਂ। ਮਿਹਰ ਸਿੰਘ ਨੇ ਆਪਣੀ ਭੈਣ ਨੂੰ ਆ ਮੱਥਾ ਟੇਕਿਆ। ਫੇਰ ਚਾਚੀ ਨੇ ਆਪਣੇ ਭਤੀਜੇ ਰਤਨੇ ਨੂੰ ਜੱਫੀ ਵਿਚ ਲੈ ਕੇ ਗੁਲਾਬ ਕੌਰ ਦੀ ਜਾਣ ਪਛਾਣ ਕਰਾਈ।

ਦੋਵੇਂ ਕਤੂਰੇ ਕਦੇ ਮਿਹਰ ਸਿੰਘ ਤੇ ਕਦੇ ਰਤਨੇ ਦੇ ਅੱਗੇ ਪਿੱਛੇ ਨਸਦੇ ਲਾਡ ਲਡਾ ਰਹੇ ਸਨ।

# 18

'ਵੇ ਕੌਣ ਆਂ ਅੱਧੀ ਰਾਤੀਂ ਬੂਹੇ ਭੰਨਦਾ।

'ਚਾਚੀ। ਅਮਰੂ ਆਂ ਅਮਰੂ। ਭਿੱਜਾ ਖਲੋਤਾਂ।'

ਚਾਚੀ ਨੇ ਲਾਲਟੈਨ ਜਗਾਂਦਿਆਂ ਕਿਹਾ-'ਵੇ ਆਈ।'

ਬੂਹਾ ਖੋਲ੍ਹਦਿਆਂ ਹੀ ਉਸ ਨੇ ਅਮਰ ਸਿੰਘ ਨੂੰ ਪੁੱਛਿਆ-'ਵੇ ਮੀਂਹ ਨਾ ਕਣੀਂ। ਤੂੰ...।' ਉਹ ਗੱਲ ਪੂਰੀ ਕੀਤੇ ਬਿਨਾਂ, ਅਮਰ ਸਿੰਘ ਨਾਲ ਖੜ੍ਹੇ ਬੰਦੇ ਵੱਲ ਵੇਖਣ ਲਗ ਪਈ। ਅਮਰ ਸਿੰਘ ਦੇ ਪਿੱਛੇ-ਪਿੱਛੇ ਬਰੂਹਾਂ ਟਪਦਿਆ ਬਾਬੂ ਸੁਰਜਨ ਸਿੰਘ ਨੇ ਕਿਹਾ-'ਚਾਚੀ। ਮੱਥਾ ਟੇਕਦਾਂ। ਮੈਂ ਸੁਰਜਨ ਆਂ।' ਚਾਚੀ ਲਾਲਟੈਨ ਉੱਚੀ ਕਰਕੇ ਸੁਰਜਨ ਸਿੰਘ ਦੇ ਚਿਹਰੇ ਵੱਲ ਤੱਕਣ ਲੱਗੀ। ਬੇ ਪਛਾਣਾ ਚਿਹਰਾ ਵੇਖ ਕੇ ਉਸ ਨੇ ਸਿਰ ਫੇਰਦਿਆਂ ਲਾਲਟੈਨ ਨੀਵੀਂ ਕਰ ਲਈ।

ਉਹ ਦੋਵੇਂ ਬਰਾਂਡੇ ਵਿਚ ਪਹੁੰਚਦਿਆਂ ਹੀ ਬੂਟਾਂ ਦੇ ਤਸਮੇਂ ਖੋਲ੍ਹਣ ਬਹਿ ਗਏ। ਅਮਰ ਸਿੰਘ ਨੇ ਕਿਹਾ-'ਚਾਚੀ। ਤੈਨੂੰ ਹੋਊ ਤਾਂ ਔਖ ਹੀ ਪਰ ਚਾਹ ਬਣਾ। ਜੇ ਕੋਈ ਰੋਟੀ ਪਈ ਐ ਤਾਂ ਉਹ ਵੀ ਦੇ ਦੇਹ ਚਾਹ ਨਾਲ। ਬੜੀ ਭੁੱਖ ਲੱਗੀ ਐ।'

ਚਾਚੀ ਚੌਂਕੇ ਵੱਲ ਜਾਂਦੀ ਮੂੰਹ ਵਿਚ ਹੀ ਬੋਲ ਰਹੀ ਸੀ-'ਅਮਰੂ ਦੀਆਂ ਅਮਰੂ ਈ ਜਾਣੇ ਜਾਂ ਜਾਣੇ ਇਹਦਾ ਰੱਬ। ਨਾ ਮੀਂਹ ਨਾ ਕਣੀ, ਭਿੱਜੇ ਫਿਰਦੇ ਐ।'

ਅਮਰ ਸਿੰਘ ਦਸ ਰਿਹਾ ਸੀ-'ਚਾਚੀ ਡਾਂਡੇ ਮੀਂਡੇ ਭੱਜੇ ਆਏ ਆਂ। ਚੋਅ ਟੱਪਣ ਲੱਗਿਆਂ ਭਿੱਜ ਗਏ-' ਉਸ ਨੇ ਅੰਦਰ ਵੱਲ ਝਾਤ ਮਾਰਦਿਆਂ ਪੁੱਛਿਆ-'ਗੁਲਾਬੋ ਤਾਂ ਸੁੱਤੀ ਹੋਣੀ ਐ ?'

ਚਾਚੀ ਖੁਣਸ ਖਾ ਕੇ ਬੋਲੀ-'ਉਹ ਤੇਰੇ ਨਾਲੋਂ ਚਾਰ ਚੁੱਕੇ ਵੱਧ ਆ। ਤੁਰੀ ਫਿਰਦੀ ਐ ਪਿੰਡੋ ਪਿੰਡ। ਮੇਰੀਆਂ ਖੁੱਚਾਂ ਨਿਕਲ ਗਈਐਂ। ਮੈਂ ਕਿਹਾ ਬੀਬੋ ਤੂੰ ਤੁਰੀ ਫਿਰ। ਮੈਂ ਮੁੜਦੀ ਹੋਈ।'

ਅਮਰ ਸਿੰਘ ਨੇ ਸੁਰਜਨ ਸਿੰਘ ਦੇ ਨੇੜੇ ਹੋ ਕੇ ਦੱਸਿਆ-'ਚਾਚੀ ਦਿਲ ਦੀ ਬੜੀ ਚੰਗੀ ਐ। ਜ਼ਰਾ ਮੂੰਹ ਦੀ ਕੌੜੀ ਐ।' ਸੁਰਜਨ ਸਿੰਘ ਚੁੱਪ ਰਿਹਾ।

'ਚਾਚੀ ਗੁਲਾਬੋ ਕਿੱਥੇ ਹੋਊ ਅੱਜ।'

'ਨਾਂ ਮੈਂ ਤੇਰਾ ਭੇਤ ਪਾਇਆ ਨਾ ਉਹਦਾ। ਨਾ ਤੂੰ ਦਸ ਕੇ ਆਏਂ ਨਾ ਤੂੰ ਦਸ ਕੇ ਜਾਏਂ। ਇਹੋ ਹਾਲ ਗੁਲਾਬੋ ਦਾ। ਕਹਿੰਦੀ ਧਾਮੀਆਂ ਜਾਣੈ। ਫੇਰ ਲੈ ਤੁਰੀ ਪੰਡੋਰੀ ਨੂੰ। ਇਕੋ ਰਾਤ ਰਹੀ ਘਰ। ਫੇਰ ਹਰਿਆਣੇ ਨੂੰ ਹੋ ਟੂਰੀ ਕੱਲ ਮੁਕੱਲੀ। ਉਹਦੀ ਖਲੜੀ ਵਿਚ ਜਰਾ ਡਰ ਨਹੀਂ। ਉਂਜ ਤਾਂ ਤੀਵੀਂ ਦੀ ਜੂਨ ਭੋਗਦੀ ਐ ਪਰ ਕਿਸੇ ਦਿਨ ਮਰਦਾਂ ਨੂੰ ਪਿੱਛੇ ਸੁੱਟੂ।' ਚਾਚੀ ਨੇ ਚੌਂਕੇ ਵਿਚੋਂ ਉੱਠ ਕੇ ਬਾਹਰ ਵੱਲ ਤੱਕਿਆ। ਫੇਰ ਸੁਫੇ ਵੱਲ ਗਈ। ਉਹ ਦੋਵੇਂ ਭੁੰਜੇ ਹੀ ਰਜਾਈਆਂ ਲੈ ਕੇ ਬੈਠੇ ਸਨ। ਦਾਦੀ ਨੇ ਸੋਚਿਆ ਕਿ ਚੰਗਾ ਹੋਇਆ ਉਸ ਦੀਆਂ ਗੱਲਾਂ ਗੁਲਾਬੋ ਦੇ ਕੰਨੀਂ ਨਹੀਂ ਪਈਆਂ। ਉਹ ਚੌਂਕੇ ਵੱਲ ਮੁੜ ਆਈ।

ਅਮਰ ਸਿੰਘ ਕਹਿ ਰਿਹਾ ਸੀ-'ਬਾਬੂ ਜੀ, ਤੁਸੀਂ ਸਭ ਕੁਝ ਅੱਖੀ ਵੇਖਿਐ। ਮੋਟੀ-ਮੋਟੀ ਗੱਲ ਤੁਸਾਂ ਦੱਸੀ ਐ। ਸਾਰੀ ਗੱਲ ਸੁਣਾਇਓ ਫੇਰ'

'ਸੁਣਾਊਂ। ਜ਼ਰੂਰ। ਬੀਬੀ ਨੂੰ ਮਿਲਣਾ ਜ਼ਰੂਰੀ ਐ। ਮੈਂ ਨਾਲੇ ਪਰਸੋਂ ਬੱਦੋਵਾਲ ਪਹੁੰਚ ਕੇ ਜ਼ਰੂਰ ਮਿਲਣੈ। ਓਥੋਂ ਪਤਾ ਲੱਗੂ ਅੱਗੋਂ ਕੀ ਕਰਨੈ। ਓਥੇ ਕੱਠੇ ਹੋ ਕੇ ਸਾਡੀ ਟੋਲੀ ਨੇ ਚੁੱਘੇ ਦੀ ਟੋਲੀ ਨੂੰ, ਜਿੱਥੇ ਵੀ ਹੋਣ, ਜਾ ਕੇ ਟੱਕਰਨੈ।'

'ਜੇ ਬੀਬੀ ਨਾ ਮੁੜੀ ਤਾਂ।'

'ਲੱਭ ਕੇ ਮਿਲਣਾ ਪਊ। ਜਾਂ ਫੇਰ ਤੂੰ ਹੀ ਉਹਨੂੰ ਸਭ ਖਬਰਾਂ ਦੇ ਦਈਂ। ਮੇਰਾ ਤੇਰੇ ਪਾਸ ਰਹਿਣਾ ਠੀਕ ਨਹੀਂ। ਤੇਰਾ ਟਿਕਾਣਾ ਸੇਫ ਰੱਖਣ ਲਈ ਪਾਰਟੀ ਨੇ ਤੇਰੀ ਕੋਈ ਡਿਊਟੀ ਨਹੀਂ ਲਾਈ।'

'ਜ਼ੈਲਦਾਰ ਕੁੱਤੇ ਵਾਂਗੂੰ ਸੁੰਘਦਾ ਰਹਿੰਦੈ। ਲੰਬੜ ਵੀ ਕਈ ਫੇਰੇ ਮਾਰੂ।'

'ਏਸੇ ਕਰਕੇ ਮੈਂ ਛੇਤੀ ਨਿਕਲ ਜਾਣੈ।'

ਚਾਚੀ ਨੇ ਸੁਫੇ ਵਿਚ ਆਉਂਦਿਆਂ ਦੋ ਕਟੋਰੀਆਂ ਉਨ੍ਹਾਂ ਦੇ ਸਾਹਮਣੇ ਰੱਖਦਿਆਂ ਪੁੱਛਿਆ-'ਸੁਰਜਣਾ। ਤੂੰ ਹੁਣੇ ਆਇਐਂ। ਤੇ ਤੁਰ ਜਾਣ ਦੀਆਂ ਗੱਲਾਂ ਕਿਉਂ ਤੋਰ ਲਈਐਂ ?' ਸੁਰਜਨ ਸਿੰਘ ਕੁੱਝ ਨਾ ਬੋਲਿਆ। ਆਪਣੇ ਅੱਗੇ ਗਰਮ-ਗਰਮ ਕੜਾਹ ਪਿਆ ਵੇਖਕੇ ਦੋਹਾਂ ਦੇ ਚਿਹਰੇ ਖਿੜ ਆਏ। ਭੂਆ ਨੇ ਉੱਠਦਿਆਂ ਕਿਹਾ-'ਤੁਸੀਂ ਖਾਓ। ਅਮਰੂ ਤੈਨੂੰ ਤਾਂ ਬਹੀਆਂ ਖੁਆ ਦੇਂਦੀ ਪਰ ਸੁਰਜਣ ਨੂੰ ਕਿਵੇਂ ਖੁਆਂਦੀ। ਦਾਣੇ-ਦਾਣੇ ਤੇ ਮੋਹਰ ਐ। ਭੁੱਲ ਕੇ ਆ ਵੜਿਐ ਸੁਰਜਣ।'

ਉਹ ਚਾਹ ਲੈਣ ਚਲੀ ਗਈ। ਅਮਰ ਸਿੰਘ ਨੇ ਦੱਸਿਆ-'ਬਾਬੂ, ਭੂਆ ਸਭ ਜਾਣਦੀ ਐ, ਭਾਵੇਂ ਅਸੀਂ ਕੁਝ ਨਾ ਦੱਸੀਏ।'

ਉਹ ਦੋਵੇਂ ਗਰਮ-ਗਰਮ ਕੜਾਹ ਖਾਣ ਪਿੱਛੋਂ ਗਰਮ-ਗਰਮ ਚਾਹ ਦੇ ਸੁੜ੍ਹਕੇ ਲਾ ਰਹੇ ਸਨ। ਭੂਆ ਉਨ੍ਹਾਂ ਦੇ ਸਾਹਮਣੇ ਪੈਰਾਂ ਭਾਰ ਬੈਠੀ ਉਨ੍ਹਾਂ ਵੱਲ ਵੇਖ ਰਹੀ ਸੀ। ਉਸਨੇ ਪੁੱਛਿਆ-'ਸੁਰਜਣਾ। ਤੂੰ ਵੀ ਮਿਰਕਣ ਤੋਂ ਆਇਐਂ ?'

'ਨਹੀਂ ਚਾਚੀ, ਮੈਂ ਰਾਹ ਵਿਚੋਂ ਹੀ ਮੁੜ ਆਇਆਂ।'

'ਤੈਨੂੰ ਵੀ ਰਾਹਦਾਰੀ ਨਹੀਂ ਮਿਲੀ ਹੋਣੀ, ਗੁਲਾਬੋ ਵਾਂਗੂੰ। ਮੈਂ ਸਭ ਸਮਝਦੀ ਆਂ।' ਕਹਿ ਕੇ ਉਸ ਨੇ ਹੋਰ ਸੁਆਲ ਕਰਨ ਲਈ ਮੂੰਹ ਖੋਲ੍ਹਿਆ ਹੀ ਸੀ ਕਿ ਅਮਰ ਸਿੰਘ ਨੇ ਭੁੰਜੇ ਹੀ ਲੰਮੇ ਪੈਂਦਿਆਂ ਕਿਹਾ-'ਚਾਚੀ ਬੜੀ ਨੀਂਦ ਆਈ ਐ।' ਸੁਰਜਣ ਸਿੰਘ ਵੀ ਲੇਟ ਗਿਆ। ਉਸ ਨੇ ਕਿਹਾ-'ਅਮਰ ਸਿਹਾਂ ਦੋ ਵੱਜ ਗਏ ਐ। ਮੈਂ ਤਕਾਲੀਂ ਜ਼ਰੂਰ ਨਿਕਲ ਜਾਣੈ।' ਉਹ ਊਂਘ ਰਿਹਾ ਸੀ।

# 19

ਚੰਗਾ ਸੂਰਜ ਨਿਕਲ ਆਇਆ ਸੀ। ਸ਼ਾਹ ਵੇਲਾ ਹੋ ਗਿਆ ਸੀ। ਠੱਕੇ ਦੀ ਹਵਾ ਵਗ ਰਹੀ ਸੀ। ਗੁਲਾਬ ਕੌਰ ਲੋਈ ਦੀ ਬੁੱਕਲ ਮਾਰ ਕੇ, ਪੀੜ੍ਹੀ ਉੱਤੇ ਬੈਠੀ ਚਾਚੀ ਨਾਲ ਹੌਲੀ-ਹੌਲੀ ਗੱਲਾਂ ਕਰ ਰਹੀ ਸੀ। ਚਾਚੀ ਪਤੀਲੇ ਵਿਚ ਕੜਛੀ ਫੇਰ ਲੈਂਦੀ। ਪਤੀਲਾ ਢੱਕ ਕੇ ਫਿਰ ਗੱਲੀਂ ਲੱਗ ਪੈਂਦੀ। ਉਹ ਇੰਨੀ ਹੌਲੀ ਬੋਲ ਰਹੀ ਸੀ ਜਿਵੇਂ ਕਿ ਉਸ ਨੂੰ ਡਰ ਹੋਵੇ ਕਿ ਕੋਈ ਹੋਰ ਨਾ ਸੁਣ ਲਵੇ। ਉਸ ਨੇ ਆਪਣੀ ਪੀੜ੍ਹੀ ਖਿਸਕਾ ਕੇ, ਗੁਲਾਬ ਕੌਰ ਦੇ ਹੋਰ ਨੇੜੇ ਹੋ ਕੇ, ਉਸ ਦੇ ਕੰਨ ਵਿਚ ਪੁੱਛਿਆ-'ਨੀ ਗੁਲਾਬੋ। ਇਹ ਸੁਰਜਣ ਕੌਣ ਆਂ ?'

'ਚਾਚੀ...।' ਉਸ ਨੂੰ ਵਿਚੋਂ ਹੀ ਟੋਕ ਕੇ ਚਾਚੀ ਬੋਲ ਪਈ-'ਮੈਨੂੰ ਪਤੈ ਇਹਨੂੰ ਮਿਰਕਣ ਜਾਣ ਦੀ ਰਾਹਦਾਰੀ ਨਹੀਂ ਮਿਲੀ। ਤੂੰ ਇਹਦੀ ਕੋਈ ਹੋਰ ਗੱਲ ਦੱਸ। ਇਹ ਅੱਧੀ ਰਾਤੀਂ ਕਿਉਂ ਚੋਆਂ ਟੱਪਦੇ ਫਿਰਦੇ ਆ ?'

'ਚਾਚੀ। ਸੁਰਜਣ ਸਿਹੁੰ ਬਹੁਤ ਪੜ੍ਹਿਆ ਲਿਖਿਐ। ਏਸੇ ਕਰਕੇ ਸਭ ਇਹਨੂੰ ਬਾਬੂ ਕਹਿੰਦੇ ਐ।'

'ਨੀ ਕੋਈ ਗੱਲ ਕਰ ਚੱਜ ਦੀ। ਸੁਰਜਣ ਨੂੰ ਤਾਂ ਪੱਗ ਵੀ ਨਹੀਂ ਵਲੇਟਣੀ ਆਉਂਦੀ।'

'ਚਾਚੀ, ਜਾਣ ਬੁੱਝ ਕੇ ਅਣਪੜ੍ਹ ਬਣਿਆ ਹੋਊ। ਗਰੇਜੀ ਤਾਂ ਪਾੜ੍ਹ-ਪਾੜ੍ਹ ਬੋਲਦੈ।'

'ਫੇਰ ਤੇਰੀ ਗੱਲ ਸੱਚੀ ਹੋਊ। ਮੈਂ ਉਹਨੂੰ ਸਰਹਾਣਾ ਦਿੱਤਾ। ਉਹਨੇ ਸਰਹਾਣੇ ਦੀ ਥਾਂ ਆਪਣਾ ਥੈਲਾ ਸਿਰ ਹੇਠਾਂ ਰੱਖ ਲਿਆ। ਉਹਦੇ ਥੈਲੇ ਵਿਚ ਮਿਰਕਣ ਦੇ ਰੁਪਈਏ ਹੋਣੇਂ ਐਂ।'

'ਨਹੀਂ ਚਾਚੀ। ਉਹ ਤਾਂ ਮਿਰਕਣ ਪਹੁੰਚਾ ਹੀ ਨਹੀਂ। ਰਾਹ ਵਿਚੋਂ ਮੁੜ ਆਇਐ।'

'ਫੇਰ ਉਹਨੇ ਥੈਲਾ ਸਰਹਾਣੇ ਕਿਉਂ ਰੱਖਿਆ। ਥੈਲੇ ਦਾ ਵਸਾਹ ਨਹੀਂ ਖਾਂਦਾ। ਮੈਂ ਤੇਰੇ ਆਉਣ ਤੋਂ ਪਹਿਲੋਂ ਪੋਲੇ-ਪੋਲੇ ਪੈਰੀਂ ਗਈ। ਦੋਵੇਂ ਘੂਕ ਸੁੱਤੇ ਪਏ ਸੀ। ਸੁਰਜਣ ਨੇ ਆਪਣੀ ਬਾਂਹ ਹੇਠਾਂ ਸਰਹਾਣੇ ਦੀ ਥਾਂ ਥੈਲਾ ਰੱਖਿਆ ਹੋਇਆ ਸੀ।'

ਗੁਲਾਬ ਕੌਰ ਨੂੰ ਚਾਚੀ ਦੀ ਇਹ ਗੱਲ ਚੰਗੀ ਨਾ ਲੱਗੀ ਕਿ ਉਹ ਕਿਉਂ ਜਾਣਨਾ ਚਾਹੁੰਦੀ ਹੈ ਕਿ ਉਸ ਦੇ ਥੈਲੇ ਵਿਚ ਕੀ ਹੈ। ਉਹ ਆਪ ਸੋਚਣ ਲੱਗੀ ਕਿ ਸ਼ੈਦ ਗੋਲੀ ਸਿੱਕਾ ਹੋਵੇ ਉਹਦੇ ਥੈਲੇ ਵਿਚ। ਉਹ ਸੁਰਜਨ ਸਿੰਘ ਦੇ ਆਉਣ ਉੱਤੇ ਖ਼ੁਸ਼ ਸੀ। ਜੀਵਨ ਸਿੰਘ, ਸੁਰਜਨ ਤੇ ਮਨੀਲੇ ਤੋਂ ਮੁੜੇ ਕਈ ਹੋਰ ਸਾਥੀਆ ਦੀ ਡਿਊਟੀ ਇਕੱਠੀ ਲੱਗੀ ਸੀ। ਉਸ ਨੂੰ ਏਸ ਗੱਲ ਦਾ ਪਤਾ ਸੀ ਕਿ ਉਹ ਜੀਵਨ ਸਿੰਘ ਤੇ ਹੋਰ ਸਾਥੀਆਂ ਦੀ ਸੁੱਖ ਸਾਂਦ ਦਾ ਪਤਾ ਕਰਨ ਲਈ ਕਾਹਲੀ ਪੈ ਰਹੀ ਸੀ ਪਰ ਚਾਚੀ ਦੇ ਕਹਿਣ ਕਰਕੇ ਉਨ੍ਹਾਂ ਨੂੰ ਜਗਾਉਣਾ ਨਹੀਂ ਸੀ ਚਾਹੁੰਦੀ।

ਚਾਚੀ ਨੇ ਪਤੀਲਾ ਚੁਲ੍ਹੇ ਉੱਤੋਂ ਲਾਹੁੰਦਿਆਂ ਕਿਹਾ-'ਗੁਲਾਬੋ। ਤੂੰ ਸੱਤਾਂ ਸਮੁੰਦਰਾਂ ਦਾ ਪਾਣੀ ਪੀ ਕੇ ਆਈ ਆਂ। ਮੈਂ ਬਣਾਈ ਊ ਰਹੁ ਦੀ ਖੀਰ। ਤੈਨੂੰ ਚੰਗੀ ਲੱਗੂ ਕਿ ਨਾ।'

ਗੁਲਾਬ ਕੌਰ ਨੇ ਚਾਚੀ ਦੇ ਹੱਥੋਂ ਕੜਛੀ ਫੜ ਕੇ ਆਪੇ ਹੀ ਕੈਂਹ ਦੇ ਕੌਲੇ ਵਿਚ ਖੀਰ ਪਾਉਂਦਿਆਂ ਹੱਸ ਕੇ ਕਿਹਾ-'ਮੈਂ ਤਾਂ ਗਰਮ-ਗਰਮ ਖਾਊਂ। ਡਾਢੀ ਭੁੱਖ ਲੱਗੀ ਐ, ਤੜਕੇ-ਤੜਕੇ ਕਿੰਨਾ ਪੈਂਡਾ ਕਰਕੇ ਆਈ ਆਂ।'

ਚਾਚੀ ਖ਼ੁਸ਼ ਹੋ ਕੇ ਉਸ ਦੇ ਚਿਹਰੇ ਵੱਲ ਵੇਖ ਰਹੀ ਸੀ। ਗੁਲਾਬ ਕੌਰ ਨੇ ਕਿਹਾ-'ਚਾਚੀ। ਸਾਲ ਪਿੱਛੋਂ ਮਿਲੀ ਐ ਰਹੁ ਦੀ ਖੀਰ। ਮੈਂ ਤਾਂ ਤਰਸ ਗਈ...'

'ਨੀ ਤੂੰ ਰੱਜ ਕੇ ਖਾਹ। ਮੈਂ ਹੋਰ ਬਣਾ ਦਊਂ।' ਕਹਿੰਦੀ ਚਾਚੀ ਬਾਹਰ ਵੱਲ ਹੋ ਤੁਰੀ-'ਮੈਂ ਚੱਲੀ ਊ ਖੂਹ ਨੂੰ, ਝੱਟ ਲੱਗ ਜਾਊ। ਤੂੰ ਜਗਾਈਂ ਨਾ ਇਹਨਾਂ ਨੂੰ। ਚੰਗੇ ਤੜਕੇ ਸੁੱਤੇ ਐ।'

ਚਾਚੀ ਦੇ ਬਾਹਰ ਨਿਕਲਣ ਦੀ ਦੇਰ ਸੀ ਕਿ ਗੁਲਾਬ ਕੌਰ ਸੁਫੇ ਵਿਚ ਜਾ ਖਲੋਤੀ। ਉਸ ਦੇ ਕਦਮਾਂ ਦੀ ਆਵਾਜ਼ ਸੁਣ ਕੇ ਉਹ ਦੋਵੇਂ ਉੱਠ ਕੇ ਬਹਿ ਗਏ। ਅਮਰ ਸਿੰਘ ਨੇ ਦੱਸਿਆ-'ਅਸੀਂ ਜਾਗਦੇ ਸਾਂ ਐਵੇਂ ਘੇਸਲੇ ਹੋ ਕੇ ਪਏ ਰਹੇ। ਅਸੀਂ ਚੁਲੀ ਕਰ ਲੈਂਦੇ ਆਂ। ਤੂੰ ਖੀਰ ਲਿਆ। ਚਾਚੀ ਦੇ ਮੁੜਨ ਤੋਂ ਪਹਿਲੋਂ-ਪਹਿਲੋਂ ਬੜੀਆਂ ਗੱਲਾਂ ਕਰਨੀਐਂ।'

ਸੁਰਜਨ ਸਿੰਘ ਵੱਲ ਵੇਖ ਕੇ ਗੁਲਾਬ ਕੌਰ ਨੇ ਮੁਸਕਰਾਂਦਿਆਂ ਦੱਸਿਆ-'ਚਾਚੀ ਠੀਕ ਹੀ ਕਹਿੰਦੀ ਐ ਕਿ ਸੁਰਜਨ ਨੂੰ ਤਾਂ ਪੱਗ ਵੀ ਵਲ੍ਹੇਟਣੀ ਨਹੀਂ ਔਂਦੀ। ਨਾਲੇ ਪੁੱਛਦੀ ਐ ਕਿ ਸੁਰਜਨ ਦੇ ਥੈਲੇ ਵਿਚ ਮਿਰਕਣ ਦੇ ਪੈਸੇ ਹੋਣੇ ਐ।'

ਅਮਰ ਸਿੰਘ ਨੇ ਦੱਸਿਆ-'ਮੈਂ ਚਾਚੀ ਨੂੰ ਜਾਣਦਾਂ। ਚਾਚੀ ਨੂੰ ਪਿੰਡ ਦੇ ਸਾਰੇ ਘਰਾਂ ਦੀ ਹਰ ਗੱਲ ਪਤਾ ਹੋਣੀ ਚਾਹੀਦੀ ਐ। ਉਹ ਬਾਬੂ ਦੀ ਨਿੱਕੀ-ਨਿੱਕੀ ਗੱਲ ਪੁੱਛ ਕੇ ਮੇਰਾ ਖਹਿੜਾ ਛੱਡੂ।'

'ਗੁਲਾਬ ਕੌਰ ਨੇ ਚੌਂਕੇ ਵੱਲ ਮੁੜਦਿਆਂ ਕਿਹਾ-'ਤੁਸੀਂ ਤਿਆਰ ਹੋ ਲੈ।'

'ਬੀਬੀ! ਘੇ ਤੱਤਾ ਕਰਕੇ ਪਾਈਂ ਖੀਰ ਉੱਤੇ।' ਕਹਿੰਦਾ ਹੀ ਸੁਰਜਨ ਸਿੰਘ ਆਪਣੀ ਗੱਲ ਉੱਤੇ ਹੱਸਣ ਲੱਗ ਪਿਆ।

ਅਮਰ ਸਿੰਘ ਨੇ ਕਿਹਾ-'ਚਾਚੀ ਦੇ ਔਣ ਤੋਂ ਪਹਿਲੋਂ-ਪਹਿਲੋਂ ਗੱਲਾਂ ਕਰ ਲਈਏ। ਫੇਰ ਚਾਚੀ ਨਾਲ ਵੀ ਲੱਲੋ ਪੱਤੋ ਕਰਨੀ ਪਊ।'

ਉਸ ਨੇ ਚਾਚੀ ਵਾਸਤੇ ਖੀਰ ਕੱਢ ਕੇ ਪਤੀਲਾ ਉਨ੍ਹਾਂ ਦੇ ਅੱਗੇ ਲਿਆ ਰੱਖਿਆ। ਇਕ ਕੌਲ ਭਰ ਕੇ ਘਿਓ ਦਾ ਰੱਖ ਦਿੱਤਾ। ਉਹ ਦੋਵੇਂ ਹਾਬੜੇ ਹੋਏ ਖਾਣ ਲੱਗੇ, ਜਿਵੇਂ ਜਨਮ-ਜਨਮ ਦੇ ਭੁੱਖੇ ਹੋਣ। ਰਹੁ ਦੀ ਖੀਰ ਵਾਲਾ ਪਤੀਲਾ ਤੇ ਘਿਓ ਵਾਲਾ ਕੌਲਾ ਮਾਂਜ ਧੋ ਕੇ, ਗੁਲਾਬ ਕੌਰ ਨੇ, ਚੌਂਕੇ ਵੱਲੋਂ ਮੁੜਦਿਆਂ ਪੁੱਛਿਆ-'ਸੁਣਾਓ। ਜੀਣੇ ਵੀਰ ਦਾ ਕੀ ਹਾਲ ਐ ? ਕਿੱਥੇ ਐ ? ਉਹ ਕਿਉਂ ਨਹੀਂ ਆਇਆ ?'

ਸੁਰਜਨ ਸਿੰਘ ਨੇ ਨੀਵੀਂ ਪਾ ਕੇ ਕਿਹਾ-'ਬੀਬੀ। ਮੈਂ ਤੈਨੂੰ ਬਹੁਤ ਮਾੜੀਆਂ ਖਬਰਾਂ ਦੇਣ ਆਇਆਂ।'

ਗੁਲਾਬ ਕੌਰ ਦਾ ਕਲੇਜਾ ਧੱਕ-ਧੱਕ ਕਰਨ ਲੱਗ ਪਿਆ। ਉਸ ਨੇ ਕੁਝ ਪੁੱਛਣਾ ਚਾਹਿਆ ਪਰ ਬੋਲ ਨਾ ਸਕੀ। ਅਮਰ ਸਿੰਘ ਦੇ ਗੋਡੇ ਉੱਤੇ ਆਪਣਾ ਸੱਜਾ ਹੱਥ ਟਿਕਾਂਦਿਆਂ ਸੁਰਜਨ ਸਿੰਘ ਨੇ ਦੱਸਣਾ ਸ਼ੁਰੂ ਕੀਤਾ-'ਬੀਬੀ। ਤੈਨੂੰ ਸਭ ਪਤਾ। ਨਾ ਸਾਡੇ ਕੋਲੋਂ ਪੈਸਾ ਧੇਲਾ ਤੇ ਨਾ ਦਾਰੂ ਸਿੱਕਾ। ਆ ਗਏ ਗਦਰ ਕਰਨ। ਅਸੀਂ ਸਭ ਫਿਰੋਜ਼ਪੁਰ ਕੱਠੇ ਹੋਏ। ਪਾਸ ਹੋਇਆ ਕਿ ਪੈਸਿਆਂ ਲਈ ਬੈਂਕ ਲੁੱਟੀਏ ਤੇ ਹਥਿਆਰਾਂ ਲਈ ਫੌਜੀ ਮੈਗਜ਼ੀਨਾਂ ਉੱਤੇ ਹਮਲੇ ਕਰੀਏ।'

ਗੁਲਾਬ ਕੌਰ ਚਾਹੁੰਦੀ ਸੀ ਕਿ ਇਕੋ ਸਾਹ ਵਿਚ ਸੁਰਜਨ ਸਿੰਘ ਉਸ ਨੂੰ ਸਭ ਕੁਝ ਦੱਸ ਦਵੇ ਤੇ ਖਾਸ ਕਰਕੇ ਜੀਵਨ ਸਿੰਘ ਬਾਰੇ, ਪਰ ਸੁਰਜਨ ਸਿੰਘ ਬੜੀ ਹੌਲੀ-ਹੌਲੀ ਗੱਲ ਚਲਾ ਰਿਹਾ ਸੀ। ਉਸ ਨੇ ਗੁਲਾਬ ਕੌਰ ਦਾ ਕਾਹਲਾਪਣ ਤਾੜ ਕੇ ਦੱਸਿਆ-'ਮੈਂ ਥੋੜੇ ਵਿਚ ਸਾਰੀ ਗੱਲ ਦੱਸ ਦਊਂ। ਫੇਰ ਤੂੰ ਜਿਹੜੀ ਹੋਰ ਪੁੱਛਣੀ ਹੋਊ ਪੁੱਛ ਲਈਂ। ਜੋ ਮੈਨੂੰ ਪਤਾ ਹੋਊ, ਦੱਸ ਦਊਂ। ਉਂਜ ਅੱਜ ਹਨੇਰੇ ਹੋਏ ਅਸਾਂ ਜ਼ਰੂਰ ਨਿਕਲ ਜਾਣੈ।' ਜ਼ਰਾ ਕੁ ਰੁਕ ਕੇ ਉਸ ਨੇ ਮੂੰਹ ਉੱਚਾ ਕਰਕੇ ਦੁੱਸਿਆ-'ਅਸੀਂ ਮੋਗਿਉਂ ਗੱਡੀ ਚੜ੍ਹਨਾ ਸੀ। ਬਾਹਲੇ ਦੌੜ ਕੇ ਚੜ੍ਹ ਗਏ। ਅਸੀਂ ਠਾਰਾਂ ਵੀਹ ਬੰਦੇ ਰਹਿ ਗਏ। ਅਸਾਂ ਟਾਂਗੇ ਕਰ ਲਏ। ਤਕਾਲੀਂ ਮੋਗੇ ਪਹੁੰਚ ਕੇ ਰਾਤੀਂ ਬੈਂਕ ਲੁੱਟਣਾ ਸੀ। ਓਦਣ ਪਿੱਛਲੇ ਮਹੀਨੇ ਦੀ ਸਤਾਈ ਸੀ ਤੇ ਦਿਨ ਸੀ ਸ਼ੁੱਕਰਵਾਰ। ਜਿਹੜੇ ਗੱਡੀ ਚੜ੍ਹ ਗਏ, ਉਹਨਾਂ ਪਹਿਲੋਂ ਪਹੁੰਚ ਜਾਣਾ ਸੀ। ਫੇਰੂ ਸ਼ਹਿਰ ਦੇ ਬਾਹਰ ਨਹਿਰ ਉੱਤੇ ਇਕੱਠ ਜਿਹਾ ਵੇਖ ਕੇ ਅਸਾਂ ਟਾਂਗੇ ਦੌੜਾ ਲਏ। ਮਗਰੋਂ ਪਤਾ ਲੱਗਾ ਕਿ ਮਿਸਰੀਂ ਵਾਲੇ ਪੁਲ ਉੱਤੇ ਗੋਰੇ ਪੁਲਸ ਕਪਤਾਨ ਨੇ ਔਣਾ ਸੀ। ਏਸ ਲਈ ਠਾਣੇਦਾਰ, ਜ਼ੈਲਦਾਰ ਤੇ ਲੰਬੜਦਾਰ ਆਪਣਾ ਸਾਰਾ ਅਮਲਾ ਫੈਲਾ ਲਈ ਖਲੋਤੇ ਸੀ, ਕਪਤਾਨ ਦੀ ਉਡੀਕ ਵਿਚ। ਉਹਨਾਂ ਨੂੰ ਕੋਈ ਸ਼ੱਕ ਪਿਆ। ਸਾਡੇ ਟਾਂਗੇ ਰੋਕ ਲਏ। ਠਾਣੇਦਾਰ ਕਰੁੱਖਤ ਜਿਹਾ ਬੋਲਣ ਲੱਗਾ। ਰਹਿਮਤ ਅਲੀ ਨੇ ਕਿਹਾ, ਚੱਜ ਕਰ। ਉਹਨੇ ਰਹਿਮਤ ਨੂੰ ਚਪੇੜ ਕੱਢ ਮਾਰੀ। ਗਦਰੀ ਹਰਖ ਵਿਚ ਆ ਗਏ। ਇਕ ਗਦਰੀ ਭਗਤ ਸਿਹੁੰ ਨੇ ਠਾਣੇਦਾਰ ਨੂੰ ਗੋਲੀ ਮਾਰ ਦਿੱਤੀ। ਫੇਰ ਸਭ ਗੁੱਥਮਗੁੱਥਾ ਹੋ ਗਏ। ਦੂਜੀ ਗੋਲੀ ਜ਼ੈਲਦਾਰ ਨੂੰ ਵੱਜੀ। ਉਹ ਫੁੜਕ ਗਿਆ। ਠਾਣੇਦਾਰ ਤੇ ਜ਼ੈਲਦਾਰ ਦਾ ਅਮਲਾ ਫੈਲਾ ਭੱਜ ਉੱਠਿਆ। ਕੁਝ ਗਦਰੀ ਲੋਕਾਂ ਵਿਚ ਰਲ ਕੇ ਖਿਸਕ ਗਏ। ਕੁਝ ਗਦਰੀ ਨਹਿਰ ਕੰਢੇ ਝਲ ਵਿਚ ਜਾ ਲੁਕੇ, ਜੇ ਨੱਸ ਜਾਂਦੇ ਤਾਂ ਚੰਗਾ ਸੀ।'

'ਤੇ ਟਾਂਗਿਆਂ ਵਾਲੇ ?' ਗੁਲਾਬ ਕੌਰ ਨੇ ਪੁੱਛਿਆ।

'ਉਹ ਵੀ ਡਰਦੇ ਮਾਰੇ ਟਾਂਗੇ ਦੌੜਾ ਕੇ ਲੈ ਗਏ ਸਨ।'

'ਪੁਲਸ ਨੇ ਲੋਕਾਂ ਨੂੰ ਘੇਰ ਕੇ ਅੱਗੇ ਲਾ ਲਿਆ। ਠਾਣਿਓਂ ਹੋਰ ਪੁਲਸ ਆ ਪਹੁੰਚੀ। ਇਕ ਪਾਸੇ ਪੁਲਸ ਤੇ ਦੂਜੇ ਪਾਸੇ ਝਲ ਵਿਚ ਲੁਕੇ ਗਦਰੀ। ਦੋਹਾਂ ਪਾਸਿਓਂ ਗੋਲੀ ਚੱਲੀ। ਗਦਰੀਆਂ ਪਾਸ ਪਸਤੌਲ ਸਨ। ਉਹਨਾਂ ਦੀਆਂ ਗੋਲੀਆਂ ਪੁਲਸ ਤੱਕ ਨਾ ਪਹੁੰਚਦੀਆਂ। ਪੁਲਸ ਪਾਸ ਰਫਲਾਂ ਸਨ। ਗਦਰੀ ਫੇਰ ਵੀ ਡਟੇ ਰਹੇ। ਪੁਲਸ ਨੇੜੇ ਜਾਣ ਦੀ ਹਿੰਮਤ ਨਾ ਕਰੇ। ਪੁਲਸ ਨੇ ਝਲ ਨੂੰ ਅੱਗ ਲਾ ਦਿੱਤੀ। ਗਦਰੀ ਗੋਲੀਆਂ ਚਲਾਉਂਦੇ ਬਾਹਰ ਨਿਕਲ ਪਏ। ਡਟ ਕੇ ਮੁਕਾਬਲਾ ਹੋਇਆ। ਗਦਰੀਆਂ ਦੀਆਂ ਗੋਲੀਆਂ ਮੁੱਕ ਗਈਆਂ ਤੇ ਇਕ-ਇਕ ਕਰਕੇ ਫੜੇ ਗਏ।'

'ਕੌਣ-ਕੌਣ ਫੜ੍ਹਿਆ ਗਿਆ ?'

ਉਸ ਨੇ ਗੁਲਾਬ ਕੌਰ ਦਾ ਸਵਾਲ ਸੁਣ ਕੇ ਥੈਲਾ ਫੋਲ ਕੇ, ਇਕ ਕਾਗਜ਼ ਕੱਢ ਕੇ ਦੱਸਿਆ 'ਇਸ ਕਾਗਜ਼ ਉੱਤੇ ਸਭ ਦੇ ਨਾਂ ਲਿਖੇ ਐ। ਕਈਆਂ ਨੂੰ ਤਾਂ ਮੈਂ ਪਹਿਲੀ ਹੀ ਵਾਰੀ ਫਿਰੋਜ਼ਪੁਰ ਮਿਲਿਆ ਸਾਂ। ਪੰਡਤ ਕਾਂਸ਼ੀ ਰਾਮ ਮੜੌਲੀ ਪਿੰਡ ਵਾਲਾ ਮਿਕਰਣ ਵਿਚ ਗਦਰ ਪਾਰਟੀ ਦਾ ਖਜ਼ਾਨਚੀ ਸੀ। ਬੜਾ ਦਲੇਰ ਲੀਡਰ। ਉਹ ਫੜ੍ਹਿਆ ਗਿਆ। ਉਹਦੇ ਨਾਲ ਆਪਣੇ ਬੰਦੇ ਜੀਉਨ ਸਿਹੁੰ...।' ਗੁਲਾਬ ਕੌਰ ਦੇ ਉਭੇ ਸਾਹ ਦੀ ਆਵਾਜ਼ ਸੁਣ ਕੇ ਸੁਰਜਨ ਸਿੰਘ ਕੁਝ ਰੁਕ ਗਿਆ। ਜੀਉਨ ਸਿਹੁੰ ਦੇ ਨਾਲ ਰਹਿਮਤ ਅਲੀ, ਬਖਸ਼ੀਸ਼ ਸਿਹੁੰ, ਜਗਤ ਸਿਹੁੰ ਤੇ ਧਿਆਨ ਸਿਹੁੰ ਉਮਰ ਪੁਰੀਆ ਫੜ੍ਹੇ ਗਏ।'

ਚੰਦਾ ਸਿਹੁੰ ਵੜੈਚ ਤੇ ਧਿਆਨ ਸਿਹੁੰ ਬੰਗਸੀਪੁਰੀਆ ਨੇ ਨੱਸਣਾ ਚੰਗਾ ਨਾ ਸਮਝਿਆ। ਉਹਨਾਂ ਇਕ ਦੂਜੇ ਦੇ ਸਾਹਮਣੇ ਬਹਿ ਕੇ ਇਕ ਦੂਜੇ ਨੂੰ ਗੋਲੀ ਮਾਰ ਦਿੱਤੀ।' ਗੁਲਾਬ ਕੌਰ ਦੀਆਂ ਸਿਸਕੀਆਂ ਸੁਣ ਕੇ ਸੁਰਜਨ ਸਿੰਘ ਰੁਕ ਗਿਆ। ਉਹ ਦੁਪੱਟੇ ਦੀ ਨੁੱਕਰ ਨਾਲ ਅੱਖਾਂ ਪੂੰਝਦੀ ਬਾਹਰ ਨਿਕਲ ਤੁਰੀ। ਗੱਲਾਂ ਕਰਦਿਆਂ ਸੁਰਜਨ ਸਿੰਘ ਦਾ ਮਨ ਵੀ ਭਰ ਆਇਆ। ਅਮਰ ਸਿੰਘ ਦੋਹਾਂ ਬਾਹਾਂ ਵਿਚ ਗੋਡੇ ਲਪੇਟ ਕੇ ਸਿਰ ਸੁੱਟੀ ਬੈਠਾ ਸੀ। ਗੁਲਾਬ ਕੌਰ ਨੇ ਸੁਫੇ ਵਿਚ ਮੁੜਦਿਆਂ ਪੁੱਛਿਆ-'ਬਾਕੀ ਗਦਰੀਆਂ ਦਾ ਕੀ ਬਣਿਆ ?'

'ਕਈ ਗਦਰੀਆਂ ਦੇ ਬੱਸ ਚਿਹਰੇ ਮੋਹਰੇ ਹੀ ਯਾਦ ਐ। ਕਈਆਂ ਨਾਲ ਤਾਂ ਗੱਲ ਵੀ ਸਾਂਝੀ ਨਹੀਂ ਸੀ ਹੋਈ। ਸਾਰਿਆਂ ਦੇ ਨਾਂ ਥਾਂ ਵੀ ਨਹੀਂ ਸੀ ਪਤਾ। ਨਵਾਬ ਖਾਨ ਦੇ ਟੋਲੇ ਵਿਚ ਬਹਿ ਕੇ ਇਹ ਸਾਰੇ ਨਾਂ ਥਾਂ ਲਿਖੇ ਐ। ਵਰਿਆਮ ਸਿਹੁੰ ਤੇ ਬਚਨ ਸਿਹੁੰ ਦੋਵੇਂ ਭਿੱਖੀ ਪਿੰਡ ਵਾਲੇ ਲੋਕਾਂ ਨੇ ਫੜਵਾ ਦਿੱਤੇ।'

ਭਗਤ ਸਿੰਘ, ਜੀਹਦਾ ਦੂਜਾ ਨਾਂ ਗਾਂਧਾ ਸਿਹੁੰ ਐ, ਵਰਿਆਮ ਸਿਹੁੰ ਨਾਭੇ ਵਾਲੇ, ਕਿਹਰ ਸਿਹੁੰ ਸੈਦੋ, ਇਕ ਦਲੀਪ ਸਿਹੁੰ ਤੇ ਮੈਂ ਨੱਸ ਕੇ ਬਚ ਨਿਕਲੇ। ਬਾਕੀਆਂ ਦਾ ਪਤਾ ਨਹੀਂ। ਮੈਂ ਤੇ ਭਗਤ ਸਿਹੁੰ ਜੀਹਦਾ ਪਿੰਡ ਕਚਰਭੰਨ ਐ, ਦਿਨੇ ਲੁਕੇ ਰਹੇ ਤੇ ਰਾਤੀਂ ਭੁੱਖੇ ਭਾਣੇ ਨਵਾਬ ਨੂੰ ਜਾ ਮਿਲੇ।'

ਅਮਰ ਸਿੰਘ ਤੇ ਗੁਲਾਬ ਕੌਰ, ਹੈਰਾਨ ਪਰੇਸ਼ਾਨ ਹੋਏ ਸੁਰਜਨ ਸਿੰਘ ਦੀਆਂ ਗੱਲਾਂ ਸੁਣ ਰਹੇ ਸਨ। ਉਨ੍ਹਾਂ ਨੂੰ ਇਹ ਵੀ ਡਰ ਸੀ ਕਿ ਚਾਚੀ ਮੁੜ ਆਈ ਤਾਂ ਉਹ ਕੋਈ ਗੱਲ ਨਹੀਂ ਕਰ ਸਕਣਗੇ। ਅਮਰ ਸਿੰਘ ਨੇ ਪੁੱਛਿਆ, 'ਪਹਿਲੋਂ ਗੋਲੀ ਕੀਹਨੇ ਚਲਾਈ ?'

'ਓਸ ਵੇਲੇ ਤਾਂ ਕੁਝ ਨਹੀਂ ਪਤਾ ਲੱਗਾ, ਪਰ ਮਗਰੋਂ ਗੱਲਾਂ ਹੋਈਆਂ ਕਿ ਪਹਿਲੀ ਗੋਲੀ ਚੰਦਾ ਸਿਹੁੰ ਵੜੈਚ ਨੇ ਠਾਣੇਦਾਰ ਨੂੰ ਮਾਰੀ। ਦੂਜੀ ਗੋਲੀ ਗਾਂਧਾ ਸਿਹੁੰ ਨੇ ਜ਼ੈਲਦਾਰ ਨੂੰ ਮਾਰ ਦਿੱਤੀ। ਮਗਰੋਂ ਹੀ ਪਤਾ ਲੱਗਾ ਕਿ ਠਾਣੇਦਾਰ ਦਾ ਨਾਂ ਬਸ਼ਾਰਤ ਅਲੀ ਸੀ ਤੇ ਜ਼ੈਲਦਾਰ ਦਾ ਜੁਆਲਾ ਸਿਹੁੰ।'

'ਆਪਣੇ ਕੁੱਤੇ ਹੀ ਨਹੀਂ ਮਾਣ। ਫਰੰਗੀ ਤਾਂ ਆਟੇ ਵਿਚ ਲੂਣ ਵੀ ਨਹੀਂ।' ਗੁਲਾਬ ਕੌਰ ਨੇ ਗੁੱਸੇ ਵਿਚ ਆ ਕੇ ਕਿਹਾ।

'ਬੀਬੀ, ਅਸਲੀ ਗੱਲ ਤਾਂ ਇਹ ਆ ਬਈ ਲੋਕ ਸੁੱਤੇ ਪਏ ਆ। ਪਿੰਡਾਂ ਦੇ ਲੋਕ ਸਾਨੂੰ ਡਾਕੂ ਸਮਝ ਕੇ ਪਿੱਛੇ ਪੈ ਗਏ। ਜੇ ਪੇਂਡੂ ਲੋਕ ਵਾਹਰ ਨਾ ਲਿਆਉਂਦੇ ਤਾਂ ਅਸੀਂ ਪੁਲਸ ਤੋਂ ਨਹੀਂ ਸੀ ਲਈਦੇ।'

ਸੁਰਜਨ ਸਿੰਘ ਨੇ ਪੱਗ ਬੰਨ੍ਹਦਿਆਂ ਕਿਹਾ-'ਬੀਬੀ। ਮੈਨੂੰ ਤਾਂ ਚਾਨਣਾ ਹੋ ਗਿਐ। ਗੋਰਿਆਂ ਪਿੰਡਾਂ ਵਿਚ ਢੋਲ ਕੁਟਵਾ ਦਿੱਤੇ ਐ ਕਿ ਡਾਕੂ ਪਿੰਡ-ਪਿੰਡ ਵਿਚ ਆ ਵੜੇ ਐ। ਲੋਕਾਂ ਨੂੰ ਕੋਈ ਪਤਾ ਨਹੀਂ ਕਿ ਅਸੀਂ ਗਦਰੀ ਆਂ ਤੇ ਗੋਰਿਆਂ ਨੂੰ ਕੱਢਣਾ ਚਾਹੁੰਦੇ ਹਾਂ। ਹਥਿਆਰ ਸਾਡੇ ਕੋਲ ਨਹੀਂ, ਪੈਸੇ ਪੱਲੇ ਨਹੀਂ। ਆਪਣੀ ਪੁਲਸ ਕੁੱਤਿਆਂ ਆਂਗੂੰ ਹਲਕਾਈ ਫਿਰਦੀ ਐ। ਪਰ ਬੀਬੀ! ਅਸੀਂ ਡਰਦੇ ਨਹੀਂ। ਖੱਫਣ ਬੰਨ੍ਹ ਲਏ ਐ ਸਿਰਾਂ ਉੱਤੇ। ਤੈਨੂੰ ਤਖਤ ਤੇ ਤਖਤੇ ਵਾਲੀ ਗੱਲ ਯਾਦ ਹੋਣੀ ਐ। ਤਖਤ ਦੀ ਗੱਲ ਤਾਂ ਬਣਨੀ ਨਹੀਂ ਪਰ ਤਖਤਾ ਤਾਂ ਕਿਧਰੇ ਗਿਆ ਹੀ ਨਹੀਂ।' ਕਹਿ ਕੇ ਸੁਰਜਨ ਸਿੰਘ ਨੇ ਤਕੜਾ ਖੰਘੂਰਾ ਮਾਰਿਆ, ਗੁਲਾਬ ਕੌਰ ਉਸਦੇ ਸਾਹਮਣੇ ਚੌਕੜੀ ਮਾਰ ਕੇ ਉਸ ਦੀਆਂ ਗੱਲਾਂ ਇਸ ਤਰ੍ਹਾਂ ਸੁਣ ਰਹੀ ਸੀ, ਜਿਵੇਂ ਸਮਾਧੀ ਲਾ ਕੇ ਬੈਠੀ ਹੋਵੇ।

ਅਮਰ ਸਿੰਘ ਨੇ ਉਠਦਿਆਂ ਕਿਹਾ-ਗੁਲਾਬੋ, ਮੈਂ ਬਾਹਰ ਫਿਰ ਤੁਰ ਆਵਾਂ। ਬਾਬੂ ਨੂੰ ਬਾਹਰ ਨਹੀਂ ਭੇਜਣਾ। ਲੰਬੜ ਦੇ ਮੂੰਹ ਲੱਗ ਆਊ ਤਾਂ ਉਹਦੀ ਤਸੱਲੀ ਹੋ ਜਾਊ ਕਿ ਮੈਂ ਘਰੇ ਆਂ। ਨਹੀਂ ਤਾਂ ਕੁੱਤੇ ਆਂਗੂੰ ਸੁੰਘਦਾ ਫਿਰਦਾ ਕਈ ਗੇੜੇ ਮਾਰਦੈ।

ਉਹ ਬਰੂਹੋਂ ਬਾਹਰ ਹੋਇਆ ਸੀ ਕਿ ਥੈਲੇ ਵਿਚੋਂ ਰਿਵਾਲਵਰ ਕੱਢਕੇ ਗੁਲਾਬ ਕੌਰ ਨੂੰ ਵਿਖਾਉਂਦਿਆਂ ਸੁਰਜਨ ਸਿੰਘ ਨੇ ਕਿਹਾ-'ਵੇਖਾਂ ਪੰਜਤਾਲੀ ਬੋਰ ਦਾ ਦੱਸੀਦਾ ਐ। ਇਹਦੇ ਮੇਚ ਦੀਆਂ ਗੋਲੀਆਂ ਨਹੀਂ ਮਿਲਦੀਆਂ, ਜਦ ਤੱਕ ਕੋਈ ਫੌਜੀ ਮੈਗਜ਼ੀਨ ਨਾ ਲੁੱਟੀਏ। ਤਖਤੇ ਤਾਂ ਮੈਂ ਚੜ੍ਹ ਜਾਊਂ, ਪਰ ਇਕੋ ਹਿਰਖ ਰਹੂ ਕਿ ਕੁਝ ਕੀਤਾ ਨਹੀਂ। ਕੁਝ ਕਰਕੇ ਸੂਲੀ ਚੜ੍ਹਨ ਦਾ ਚਾਅ ਐ।'

ਗੁਲਾਬ ਕੌਰ ਨੇ ਅੱਗੇ ਵੱਧ ਕੇ ਸੁਰਜਨ ਸਿੰਘ ਨੂੰ ਦੋਹਾਂ ਮੋਢਿਆਂ ਉੱਤੋਂ ਫੜ੍ਹਕੇ ਝੰਜੋੜਦਿਆਂ ਥਿੜਕਦੀ ਆਵਾਜ਼ ਵਿਚ ਕਿਹਾ- 'ਸੁਰਜਨ ਵੀਰਾ! ਆਪਣੀ ਭੈਣ ਗੁਲਾਬੋ ਨੂੰ ਵੀ ਉਸ ਖੱਫਣ ਦਾ ਇਕ ਟੋਟਾ ਦੇ ਦੇਹ, ਜਿਹੜਾ ਤੂੰ ਆਪਣੇ ਸਿਰ ਉੱਤੇ ਬੰਨ੍ਹੀਂ ਫਿਰਦੈਂ।' ਕਹਿੰਦੀ ਹੀ ਉਹ ਸਿਸਕੀਆਂ ਭਰਨ ਲੱਗ ਪਈ। ਸੁਰਜਨ ਸਿੰਘ ਦੀਆਂ ਅੱਖਾਂ ਵਿਚ ਲਹੂ ਉੱਤਰ ਆਇਆ। ਉਸ ਆਪਣੇ ਦੋਵੇਂ ਹੱਥ ਗੁਲਾਬ ਕੌਰ ਦੇ ਸਿਰ ਉੱਤੇ ਰੱਖ ਦਿੱਤੇ।

# 20

'ਜੇ ਬਾਰ ਖੁੱਲ੍ਹਾ ਰੱਖਾਂ ਤਾਂ ਬਿੱਲੀਆਂ ਕੁੱਤੇ ਵੜਦੇ ਆ। ਜੇ ਕੁੰਡਾ ਲਾ ਦਿਆਂ ਤਾਂ ਲੰਘਦੇ ਪਲੰਘਦੇ ਮੁੰਡੇ ਧੱਕੇ ਮਾਰਨੋਂ ਨਹੀਂ ਟਲਦੇ।' ਮੂੰਹ ਵਿਚ ਹੀ ਬੁੜਬੜਾਂਦੀ ਚਾਚੀ ਉੱਠੀ ਹੀ ਸੀ ਕਿ ਬੂਹਾ ਚੁਫਾਲ ਖੁੱਲ੍ਹ ਗਿਆ। ਤਰਕਾਲਾਂ ਦਾ ਵੇਲਾ ਸੀ। ਉਸ ਨੇ ਗਹੁ ਨਾਲ ਤੱਕਿਆ। ਓਪਰਾ ਜਿਹਾ ਬੰਦਾ ਬਾਹਰ ਖਲੋਤਾ ਵੇਖ ਕੇ ਉਸ ਨੇ ਬੂਹਾ ਭੀੜਨਾ ਚਾਹਿਆ। ਬਾਹਰ ਖਲੋਤੇ ਬੰਦੇ ਨੇ ਉਸ ਨੂੰ ਬੂਹਾ ਬੰਦ ਨਾ ਕਰਨ ਦਿੱਤਾ ਤੇ ਝੁਕਦੇ ਕਿਹਾ-'ਚਾਚੀ। ਮੱਥਾ ਟੇਕਦਾਂ, ਪਛਾਣ ਮੈਂ ਕੌਣ ਆਂ।'

'ਵੇ ਤੂੰ ਕੋਈ ਆਪਣਾ ਲਗਦੈਂ ਪਰ ਗੋਰਿਆਂ ਵਾਲਾ ਸੂਟ ਬਣਾ ਕੇ ਪਾਈ ਫਿਰਦੈਂ?'

ਹਰਨਾਮ ਸਿੰਘ ਨੇ ਅੰਦਰ ਲੰਘਦਿਆਂ ਕਿਹਾ, 'ਮੈਂ ਤੇਰਾ ਨ੍ਹਾਮਾ ਆਂ। ਮਿਰਕਣ ਤੋਂ ਆਇਆਂ। ਅਮਰੂ ਕਿੱਥੇ ਆ ?'

'ਵੇ ਨ੍ਹਾਮਿਆਂ। ਤੂੰ ਗੋਰਿਆਂ ਨਾਲ ਰਲਿਆ ਫਿਰਦਾਂ ?' ਚਾਚੀ ਨੇ ਵਿਹੜੇ ਵਿਚ ਖਲੋਤਿਆਂ ਹੀ ਹੈਰਾਨੀ ਨਾਲ ਪੁੱਛਿਆ।

'ਨਹੀਂ ਚਾਚੀ। ਮੈਂ ਤਾਂ ਭੇਸ ਵਟਾਇਐ ਹੋਇਐ।'

'ਵੇ ਨਾ ਦਾੜ੍ਹੀ ਨਾ ਮੁੱਛ ਨਾ ਕੇਸ ਨਾ ਪੱਗ। ਇਹ ਟੋਪਾ ਜਿਹਾ ਕੀ ਪਾਈ  ਫਿਰਦੈਂ ?'

'ਚਾਚੀ। ਅਮਰੂ ਕਿੱਥੇ ਐ ?'

'ਤੈਨੂੰ ਪਤਾ ਹੋਊ ਉਹਦਾ। ਘਰ ਨਹੀਂ ਲਗਦਾ ਮਨ ਉਹਦਾ। ਬੱਸ ਮੂੰਹ ਚੁੱਕ ਕੇ ਤੁਰਿਆ ਫਿਰੂ ਪਿੰਡੋ ਪਿੰਡ।' ਏਨੇ ਨੂੰ ਅੱਗੇ-ਅੱਗੇ ਅਮਰ ਸਿੰਘ ਤੇ ਪਿੱਛੇ-ਪਿੱਛੇ ਗੁਲਾਬ ਕੌਰ ਆ ਪਹੁੰਚੇ। ਹਰਨਾਮ ਸਿੰਘ ਤੇ ਅਮਰ ਸਿੰਘ ਇਕ ਦੂਜੇ ਦੀ ਜੱਫੀ ਵਿਚ ਜਕੜੇ ਗਏ। ਗੁਲਾਬ ਕੌਰ ਉਨ੍ਹਾਂ ਦੇ ਕੋਲੋਂ ਲੰਘ ਕੇ ਸੁਫੇ ਵਿਚ ਜਾ ਪਹੁੰਚੀ। ਅਮਰ ਸਿੰਘ ਨੇ ਹਰਨਾਮ ਸਿੰਘ ਦੀ ਕਮਰ ਵਿਚ ਬਾਂਹ ਲਪੇਟ ਕੇ ਉਸ ਨੂੰ ਸੁਫੇ ਵੱਲ ਤੋਰ ਲਿਆ। ਚਾਚੀ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰ ਪਈ। ਅਮਰ ਸਿੰਘ ਨੇ ਪਿੱਛੇ ਮੁੜ ਕੇ ਕਿਹਾ-'ਚਾਚੀ। ਬੜੀ ਭੁੱਖ ਲੱਗੀ ਐ।'

'ਪਤਾ ਮੈਨੂੰ। ਤੇਰੇ ਢਿੱਡ ਵਿਚ ਹਰ ਵੇਲੇ ਜਿੰਨ ਵੜਿਐ ਰਹਿੰਦਾ। ਤੂੰ ਨ੍ਹਾਮੇ ਨੂੰ ਤਾਂ ਪੁੱਛ ਕੀ ਖਾਊ। ਮੈਂ ਤਾਂ ਦਾਲ ਬਣਾਈ ਬੈਠੀ ਆਂ ਮਾਂਹ ਦੀ ਮਿਰਕਣ ਤਾਂ ਕੁੱਕੜ ਭੁੰਨ-ਭੁੰਨ ਖਾਂਦੇ ਆ।'

ਹਰਨਾਮ ਸਿੰਘ ਨੇ ਪਿੱਛੇ ਮੁੜ ਕੇ ਕਿਹਾ-'ਚਾਚੀ। ਮੈਂ ਹੁਣੇ ਖਾ ਕੇ ਆਇਆਂ ਰੋਟੀ।'

'ਤੂੰ ਮੇਰੀ ਦਾਲ ਕਿਉਂ ਖਾਣੀ ਆਂ। ਤੇਰੀ ਚਾਚੀ ਨੇ ਤਾਂ ਬੱਕਰਾ ਰਿੰਨ੍ਹਿਆਂ ਹੋਊ।' ਚਾਚੀ ਦੀ ਗੱਲ ਸੁਣ ਕੇ ਹਰਨਾਮ ਸਿੰਘ ਨੇ ਮੁਸਕਰਾ ਕੇ ਕਿਹਾ-'ਖਾ ਕੇ ਆਇਆਂ। ਫੇਰ ਵੀ ਖਾਊਂ। ਚਾਚੀ, ਤੇਰੀ ਬਣਾਈ ਦਾਲ ਕੌਣ ਛੱਡੂ।' ਹਰਨਾਮ ਸਿੰਘ ਦੀ ਗੱਲ ਸੁਣ ਕੇ ਚਾਚੀ ਖ਼ੁਸ਼ ਹੋ ਕੇ ਚੌਂਕੇ ਵੱਲ ਤੁਰ ਪਈ।

ਗੁਲਾਬ ਕੌਰ ਸੁਫੇ ਦੀ ਪਿੱਛਲੀ ਕੋਠੀ ਵਿਚ ਕਪੜੇ ਬਦਲ ਰਹੀ ਸੀ। ਹਰਨਾਮ ਸਿੰਘ ਨੇ ਉਸ ਪਾਸੋਂ ਅੰਦਰ ਗਈ ਤੀਵੀਂ ਬਾਰੇ ਕੁਝ ਪੁੱਛਣਾ ਚਾਹਿਆ ਪਰ ਝਕ ਗਿਆ। ਜਦ ਉਹ ਕੋਠੀ ਵਿਚੋਂ ਬਾਹਰ ਨਿਕਲੀ ਤਾਂ ਹੱਥ ਜੋੜ ਕੇ ਜ਼ਰਾ ਕੁ ਝੁਕ ਕੇ ਬਿਨਾਂ ਬੋਲੇ ਉਨ੍ਹਾਂ ਕੋਲੋਂ ਲੰਘ ਕੇ, ਚੌਂਕੇ ਵੱਲ ਤੁਰ ਗਈ। ਅਮਰ ਸਿੰਘ ਨੇ ਆਪੇ ਦੱਸਣਾ ਸ਼ੁਰੂ ਕਰ ਦਿੱਤਾ-'ਇਹ ਸਭ ਗਦਰੀਆਂ ਦੀ ਭੈਣ ਐ ਗੁਲਾਬੋ।'

ਹਰਨਾਮ ਸਿੰਘ ਦੀਆਂ ਅੱਖਾਂ ਚੌੜੀਆਂ ਹੋ ਆਈਆਂ। ਉਸ ਨੇ ਖ਼ੁਸ਼ੀ ਭਰੀ ਹਰਾਨੀ ਵਿਚ ਕਿਹਾ-'ਤਾਂ ਇਹ ਆ ਸਾਡੀ ਭੈਣ ਗੁਲਾਬੋ।'

'ਤੂੰ ਕਦੋਂ ਆਇਐਂ ਪਿੰਡ ?'

'ਮੈਂ ਕੱਲ ਦੁਪਹਿਰੇ ਆ ਪਹੁੰਚਾ ਸੀ। ਮੈਂ ਲੁਧਿਆਣੇ ਪਹੁੰਚਾ ਤਾਂ ਮੇਰਾ ਸੂਟ ਬੂਟ ਵੇਖ ਕੇ ਇਕ ਮੁੰਡਾ ਮੇਰੇ ਪਿੱਛੇ ਲੱਗ ਤੁਰਿਆ। ਮੈਂ ਸੋਚਾਂ ਇਹ ਅਨਦਾੜ੍ਹੀਆਂ ਖੁਫੀਆ ਨਹੀਂ ਹੋਣਾ। ਫੇਰ ਮੇਰੇ ਪਿੱਛੇ ਕਿਉਂ ਲੱਗ ਤੁਰਿਐ। ਮੈਂ ਬਿਨਾ ਤਿਹ ਲੱਗੇ ਦੇ ਇਕ ਢਾਬੇ ਤੋਂ ਪੰਪ ਗੇੜ ਕੇ ਪਾਣੀ ਪੀਣ ਲੱਗ ਪਿਆ। ਉਹ ਕਾਣੀ ਅੱਖੀਂ ਮੇਰੇ ਵੱਲ ਵੇਂਹਦਾ ਰਿਹਾ ਤੇ ਮੈਂ ਉਹਦੇ ਵੱਲ। ਫੇਰ ਉਹ ਹੌਂਸਲਾ ਕਰਕੇ ਮੇਰੇ ਸਾਹਮਣੇ ਆ ਖਲੋਤਾ। ਸਾਡੀਆਂ ਅੱਖਾਂ ਮਿਲੀਆਂ। ਉਹ ਝੱਟ ਬੋਲ ਪਿਆ-'ਭਾਈ ਜੀ। ਤੁਸੀਂ ਸਰਾਭੇ ਵਾਲੇ ਕਰਤਾਰ ਨੂੰ ਮਿਲਣੈ ?' ਮੈਂ ਉਸ ਦੀ ਗੱਲ ਸੁਣ ਕੇ ਹਰਾਨ ਹੋ ਗਿਆ। ਉਹ ਫਿਰ ਬੋਲ ਪਿਆ-'ਕਰਤਾਰ ਨੇ ਤੁਹਾਡੀ ਬੜੀ ਉਡੀਕ ਕੀਤੀ। ਤੁਹਾਡਾ

ਨਾਉਂ ਹਰਨਾਮ ਸਿਹੁੰ ਤੇ ਪਿੰਡ ਕੋਟਲਾ ਹੈ ਨਾ।' ਮੈਂ ਤਾੜ ਗਿਆ ਕਿ ਉਸ ਨੇ ਮੇਰੀ ਇਕ ਬਾਂਹ ਨਾ ਹੋਣ ਕਰਕੇ ਪਛਾਣ ਲਿਆ ਸੀ। ਉਸ ਨੇ ਆਪਣਾ ਨਾਮ ਸੱਜਣ ਸਿਹੁੰ ਤੇ ਪਿੰਡ ਨਾਰੰਗਵਾਲ ਦੱਸਿਆ।

ਜਦ ਅਸੀਂ ਚੌੜੇ ਬਜ਼ਾਰ ਦੇ ਚੌਂਕ ਲਾਗੇ ਪਹੁੰਚੇ ਤਾਂ ਪਤਾ ਨਹੀਂ ਕਿਉਂ ਉਹ ਦੌੜ ਕੇ ਇਕ ਗਲੀ ਵਿਚ ਜਾ ਵੜਿਆ। ਮੈਂ ਬੜੀ ਉਡੀਕ ਕੀਤੀ ਪਰ ਉਹ ਮੁੜਿਆ ਹੀ ਨਾ।'

'ਮੈਨੂੰ ਪਤੈ ਦੋ ਪਾੜ੍ਹੇ ਐ। ਇਕ ਸੱਜਣ ਤੇ ਦੂਜਾ ਸੁੱਚਾ, ਦੋਵੇਂ ਕਰਤਾਰ ਦੇ ਸਾਥੀ। ਹੈ ਅਲੂਏਂ ਪਰ ਬਿਜਲੀ ਵਾਂਗੂੰ ਫਿਰ ਜਾਂਦੇ ਐ। ਮੈਂ ਆਪ ਨਹੀਂ ਵੇਖੇ। ਨਾ ਹੀ ਮੈਂ ਕਰਤਾਰ ਨੂੰ ਮਿਲਿਆਂ। ਮਿਰਕਣ ਮਿਲਿਆ ਸੀ। ਉਹ ਸਭ ਤੋਂ ਪਹਿਲੋਂ ਤੁਰ ਆਇਆ ਸੀ।'

'ਚੱਲ ਫੇਰ ਅੱਜ ਤੈਨੂੰ ਮਿਲਾ ਦਈਏ। ਤੇਰਾ ਇਕ ਹੋਰ ਜਾਣੂੰ ਵੀ ਐ ਉਹਦੇ ਨਾਲ ਮੁਣਸ਼ਾ-ਸਿਹੁੰ।'

'ਕਿੱਥੇ ਹੈ ਉਹ ? ਮੁਣਸ਼ਾ ਸਿਹੁੰ ਦੁਖੀਆ ਕਵੀਸ਼ਰ ਨਾਲ ਹੋਣੈ।'

ਹਰਨਾਮ ਸਿੰਘ ਨੇ ਅਮਰ ਸਿੰਘ ਦੇ ਹੋਰ ਨੇੜੇ ਹੋ ਕੇ ਦੱਸਿਆ-'ਦੋਵੇਂ ਮੇਰੇ ਘਰੇ ਬੈਠੇ ਐ। ਸੱਜਣ ਤੋਂ ਪਤਾ ਲੱਗਣ ਸਾਰ ਆ ਮਿਲੇ ਐ। ਹੁਣੇ ਆਏ ਐ ਤੇ ਹੁਣੇ ਜਾਣ ਲਈ ਤਿਆਰ ਹੋਏ ਬੈਠੇ ਐ। ਕਹਿੰਦੇ ਐ ਹਨੇਰੇ ਵਿਚ ਨਿਕਲ ਜਾਣੈ। ਕਰਤਾਰ ਨੇ ਕਿਹੈ, ਤੈਨੂੰ ਮਿਲਾ ਦਿਆਂ।'

'ਤੂੰ ਉਹਨਾਂ ਨੂੰ ਲੈ ਆ। ਮੈਂ ਗੁਲਾਬੋ ਨੂੰ ਦੱਸ ਦਿਆਂ। ਉਹ ਕਰਤਾਰ ਦੀਆਂ ਗੱਲਾਂ ਸੁਣ-ਸੁਣ ਕੇ ਉਸ ਨੂੰ ਮਿਲਣ ਨੂੰ ਬੜੀ ਤਾਂਘਦੀ ਐ।'

'ਤੈਨੂੰ ਪਤੈ ਕੁੱਤੇ ਲੰਬੜ ਦਾ ਰਪਟੀਆ ਪੰਜਾਹ ਗੇੜੇ ਮਾਰਦੈ ਤੇਰੇ ਘਰ ਦੇ। ਮੇਰੇ ਔਣ ਦਾ ਅੱਜੇ ਉਹਨੂੰ ਪਤਾ ਨਹੀਂ ਮੈਂ ਘਰੇ ਦੜ ਕੇ ਬੈਠਾ ਰਿਹਾਂ।'

ਗੁਲਾਬ ਕੌਰ ਨੇ ਕਰਤਾਰ ਦੀਆਂ ਗੱਲਾਂ ਸੁਣੀਆਂ ਸਨ ਪਰ ਹਰਨਾਮ ਸਿੰਘ ਦੀ ਉਸ ਨੂੰ ਕੋਈ ਜਾਣਕਾਰੀ ਨਹੀਂ ਸੀ। ਉਂਜ ਉਹ ਤਾੜ ਗਈ ਗਈ ਸੀ ਕਿ ਕੋਈ ਗਦਰੀ ਮਿਰਕਣ ਤੋਂ ਆਇਆ ਹੋਵੇਗਾ। ਉਹ ਉਸ ਦੇ ਪਹਿਰਾਵੇ ਤੋਂ ਹੀ ਅੰਦਾਜ਼ਾ ਲਾ ਰਹੀ ਸੀ। ਉਸਨੇ ਸੁਫੇ ਵਿਚ ਆਉਂਦਿਆਂ ਪੁੱਛਿਆ-'ਰੋਟੀ ਏਥੇ ਹੀ ਲੈ ਆਵਾਂ ?' ਹਰਨਾਮ ਸਿੰਘ ਗੁਲਾਬ ਕੌਰ ਨੂੰ ਸੁਫੇ ਵਿਚ ਆਉਂਦਿਆਂ ਵੇਖ ਕੇ ਉੱਠ ਖਲੋਤਾ। ਨਿਮਰਤਾ ਨਾਲ ਦੋਵੇਂ ਹੱਥ ਜੋੜ ਕੇ ਉਸ ਨੇ ਕਿਹਾ-'ਬੀਬੀ ਗਲਾਬ ਕੁਰੇ ਸਤ ਸ੍ਰੀ ਅਕਾਲ।' ਗੁਲਾਬ ਕੌਰ ਨੇ ਵੀ ਸਤ ਸ੍ਰੀ ਅਕਾਲ ਬੁਲਾਈ। ਅਮਰ ਸਿੰਘ ਨੇ ਦੱਸਿਆ-'ਇਹ ਹਰਨਾਮ ਸਿਹੁੰ ਐ। ਅਸੀਂ ਇਹਨੂੰ ਟੁੰਡੀਲਾਟ ਕਰਕੇ ਬੁਲਾਂਦੇ ਆਂ। ਬੰਬ ਬਣਾਉਂਦਿਆਂ ਇਹਦੀ ਸੱਜੀ ਬਾਂਹ ਉੱਡ ਗਈ ਸੀ। ਬਾਕੀ ਗੱਲਾਂ ਫੇਰ ਦੱਸੂੰ। ਪਹਿਲੋਂ ਰੋਟੀ ਖਾਈਏ ਜਾਂ...'

ਹਰਨਾਮ ਸਿੰਘ ਨੇ ਕਿਹਾ-'ਕਰਤਾਰ ਕਾਹਲਾ ਪਿਆ ਹੋਇਐ ਜਾਣ ਨੂੰ। ਬੱਸ ਉਹ ਦੋ ਮਿੰਟ ਗੱਲਾਂ ਕਰਨੀਆਂ ਚਾਹੁੰਦੈ ਤੇਰੇ ਨਾਲ। ਏਨੇ ਨੂੰ ਚਾਚੀ ਆ ਪਹੁੰਚੀ-'ਵੇ ਨ੍ਹਾਮਿਆ। ਕੁੜੀ ਬਰੂਹਾਂ ਵਿਚ ਖਲੋਤੀ ਐ। ਤੂੰ ਚੌਂਕੇ ਵਿਚ ਔਣੇ ਕਿ ਮਿਰਕਣ ਪੁੱਤ ਨੂੰ ਪਲੰਘ ਉੱਤੇ ਬਿਠਾ ਕੇ ਖੁਆਵਾਂ ?' ਅੱਜੇ ਉਸ ਦੀ ਗੱਲ ਮੁੱਕੀ ਹੀ ਸੀ ਕਿ ਬੂਹਾ ਖੜਕਿਆ ਤੇ ਨਾਲ ਹੀ ਦੋ ਬੰਦੇ ਵਿਹੜੇ ਵਿਚ ਆ ਖਲੋਤੇ। ਅਮਰ ਸਿੰਘ ਨੇ ਦੌੜ ਕੇ ਬੂਹਾ ਬੰਦ ਕਰ ਕੇ ਅੰਦਰੋਂ ਕੁੰਡਾ ਲਾ ਕੇ ਦੂਜੇ ਬੰਦੇ ਮੁਨਸ਼ਾ ਸਿੰਘ ਨੂੰ ਜਾ ਜੱਫੀ ਪਾਈ। ਚਾਚੀ ਤੇ ਗੁਲਾਬ ਕੌਰ ਉਨ੍ਹਾਂ ਵੱਲ ਵੇਖਦੀਆਂ ਰਹਿ ਗਈਆਂ।

ਕਰਤਾਰ ਸਿੰਘ ਨੇ ਛੇਤੀ-ਛੇਤੀ ਅੱਗੇ ਵਧਦਿਆਂ ਪਸਾਰ ਕੋਲ ਪਹੁੰਚ ਕੇ ਕਿਹਾ-'ਇਹ ਤਾਂ ਸਾਡੀ ਚਾਚੀ ਹੈ। ਚਾਚੀ ਮੱਥਾ ਟੇਕਦਾਂ। ਮੇਰਾ ਨਾਉਂ ਕਰਤਾਰ ਹੈ, ਪਿੰਡ ਹੈ ਸਰਾਭਾ। ਤੇ ਇਹ ਸਾਡੀ ਵੱਡੀ ਭੈਣ ਗੁਲਾਬ ਕੌਰ ਹੈ। ਸਭ ਗਦਰੀਆਂ ਦੀ ਭੈਣ।' ਗੁਲਾਬ ਕੌਰ ਕਰਤਾਰ ਨੂੰ ਆਪਣੇ ਸਾਹਮਣੇ ਖਲੋਤਾ ਵੇਖ ਕੇ ਖ਼ੁਸ਼ੀ ਵਿਚ ਏਨੀ ਗੁਲਤਾਨ ਹੋ ਗਈ ਕਿ ਉਸ ਦੇ ਮੂੰਹੋਂ ਕੋਈ ਗੱਲ ਨਾ ਨਿਕਲੀ। ਕਰਤਾਰ ਨੇ ਗੁਲਾਬ ਕੌਰ ਦਾ ਸੱਜਾ ਹੱਥ ਫੜ ਕੇ ਆਪਣੀ ਪਿੱਠ ਉੱਤੇ ਰੱਖ ਲਿਆ। ਗੁਲਾਬ ਕੌਰ ਨੇ ਉਸ ਨੂੰ ਆਪਣੀ ਜੱਫੀ ਵਿਚ ਘੁੱਟ ਕੇ ਅਸੀਸ ਦਿੱਤੀ-'ਜੁੱਗ-ਜੁੱਗ ਜੀਵੇ ਕਰਤਾਰ।' ਗੁਲਾਬ ਕੌਰ ਦੀਆਂ ਅੱਖਾਂ ਸੇਜਲ ਹੋ ਆਈਆਂ ਸਨ। ਫਿਰ ਗੁਲਾਬ ਕੌਰ ਤੇ ਮੁਨਸ਼ਾ ਸਿੰਘ ਨੇ ਇਕ ਦੂਜੇ ਵੱਲ ਹੱਥ ਜੋੜੇ। ਚਾਚੀ ਹੈਰਾਨ ਹੋਈ ਖਲੋਤੀ ਸੀ। ਉਸ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਗੋਰਿਆਂ ਦਾ ਰਾਜ ਗਿਆ ਕਿ ਗਿਆ। ਉਹ ਪੱਕੇ ਪੈਰੀਂ ਚੌਂਕੇ ਵੱਲ ਤੁਰ ਪਈ।

ਹਰਨਾਮ ਸਿੰਘ, ਕਰਤਾਰ ਸਿੰਘ, ਅਮਰ ਸਿੰਘ ਤੇ ਮੁਨਸ਼ਾ ਇੰਘ ਰੋਟੀ ਖਾ ਰਹੇ ਸਨ। ਚਾਚੀ ਉਨ੍ਹਾਂ ਪਾਸ ਪੈਰਾਂ ਪਰਨੇ ਬੈਠੀ ਕਦੇ ਕਰਤਾਰ ਸਿੰਘ ਵੱਲ ਵੇਖਦੀ ਤੇ ਕਦੇ ਮੁਨਸ਼ਾ ਸਿੰਘ ਵੱਲ। ਉਹ ਹਰਨਾਮ ਸਿੰਘ ਦੀ ਲੱਕੜ ਦੀ ਬਣੀ ਸੱਜੀ ਬਾਂਹ ਨੂੰ ਟੋਹਣ

ਲੱਗ ਪਈ, ਉਹ ਉੱਠ ਕੇ ਚੌਂਕੇ ਵੱਲ ਤੁਰੀ ਹੀ ਸੀ ਕਿ ਕਰਤਾਰ ਸਿੰਘ ਨੇ ਕਿਹਾ-'ਅਮਰ ਸਿਆਂ। ਤੂੰ ਜਿੰਨੀ ਛੇਤੀ ਹੋ ਸਕੇ ਬੀਬੀ ਨੂੰ ਲੈ ਕੇ ਅੰਬਰਸਰ ਪਹੁੰਚਣੈ। ਦਰਬਾਰ ਸਾਹਬ ਦੀ ਪਰਕਰਮਾ ਵਿਚ ਹੀ ਸੰਤ ਗੁਲਾਬ ਸਿਹੁੰ ਦਾ ਬੁੰਗਾ ਹੈ। ਗੁਲਾਬ ਸਿਹੁੰ ਨਾਮ ਕਟਾ ਫੌਜੀ ਗਦਰੀ ਹੈ। ਤੂੰ ਬੀਬੀ ਨੂੰ ਛੱਡ ਕੇ ਮੁੜ ਆਵੀਂ ਪਿੰਡ। ਤੇਰੀ ਡੂਟੀ ਪਿੰਡ ਦੀ ਹੈ। ਓਥੇ ਹੋਰ ਕਈ ਟਿਕਾਣੇ ਐ, ਬੀਬੀ ਆਪੇ ਜਾਣ ਲਊ।'

ਗੁਲਾਬ ਕੌਰ ਖਿਆਲ ਕਰ ਰਹੀ ਸੀ ਕਿ ਰਾਤ ਪੈ ਗਈ ਹੈ, ਇਸ ਲਈ ਕਰਤਾਰ ਸਿੰਘ ਹੋਰੀ ਰਾਤ ਰਹਿਣਗੇ ਹੀ ਤੇ ਉਹ ਰੱਜ ਕੇ ਉਸ ਨਾਲ ਗੱਲਾਂ ਕਰੇ ਤੇ ਸੁਣੇਗੀ ਪਰ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ ਹੱਥ ਧੋਣ ਸਾਰ ਉਹ ਦੋਵੇਂ ਜਾਣ ਲਈ ਤਿਆਰ ਹੋ ਗਏ।

ਕਰਤਾਰ ਸਿੰਘ ਨੇ ਆਪਣੇ ਕਪੜੇ ਦਾ ਥੈਲਾ ਲਮਕਾਂਦਿਆਂ ਵਿਹੜੇ ਵਿਚ ਖਲੋ ਕੇ ਕਿਹਾ-'ਚਾਚੀ। ਜਦ ਮੈਂ ਫੇਰ ਆਊਂ ਤਾਂ ਵੀ ਤੂੰ ਇਹੋ ਦਾਲ ਬਣਾਈਂ। ਮੈਂ ਆਊਂ ਜ਼ਰੂਰ। ਬੀਬੀ, ਤੂੰ ਅੰਬਰਸਰ ਪਹੁੰਚ। ਬੜੀ ਲੋੜ ਹੈ ਤੇਰੀ। ਤੈਨੂੰ ਇਕ ਹੋਰ ਵੱਡੀ ਭੈਣ ਮਿਲਾਊਂ ਸਤਿਆਵਤੀ। ਅਸੀਂ ਹੁਣ ਚੱਲਦੇ ਹਾਂ। ਅਮਰ ਸਿਹਾਂ। ਕੱਲ ਹੀ ਤੁਰ ਪਓ ਬੀਬੀ ਨੂੰ ਨਾਲ ਲੈ ਕੇ।' ਕਰਤਾਰ ਸਿੰਘ ਗੱਲਾਂ ਕਰਦਾ ਜਾ ਰਿਹਾ ਸੀ। ਚਾਚੀ ਲਾਲਟੈਨ ਉੱਚੀ ਕਰਕੇ ਉਸ ਦੇ ਚਿਹਰੇ ਵੱਲ ਟਿਕਟਿਕੀ ਲਾ ਕੇ ਤੱਕ ਰਹੀ ਸੀ।

ਕੁੱਤਾ ਭੌਂਕਣ ਦੀ ਅਵਾਜ਼ ਆ ਰਹੀ ਸੀ।

# 21

ਯੂਰਪ ਵਿਚ ਜੰਗ ਜ਼ੋਰਾਂ ਸੀ। ਅੰਬਾਲਾ ਛਾਉਣੀ, ਜਲੰਧਰ ਛਾਉਣੀ, ਮੀਆਂ ਮੀਰ ਤੇ ਅਜਿਹੇ ਹੋਰ ਫੌਜੀ ਅੱਡਿਆਂ ਉੱਤੇ ਮੁਸਾਫਰ ਗੱਡੀਆਂ ਨਹੀਂ ਸੀ ਰੁਕਦੀਆਂ। ਫੌਜਾਂ ਤੇ ਫੌਜੀ ਸਮਾਨ ਨਾਲ ਲੱਦੀਆਂ ਖਾਸ ਗੱਡੀਆਂ ਹੋਰ ਕਿਸੇ ਸਟੇਸ਼ਨ ਉੱਤੇ ਨਾ ਰੁਕਦੀਆਂ। ਜੇ ਲੋੜ ਪੈਂਦੀ ਤਾਂ ਸਟੇਸ਼ਨੋਂ ਬਾਹਰ ਗੱਡੀਆਂ ਰੋਕ ਲਈਆਂ ਜਾਂਦੀਆਂ। ਫੌਜੀ ਪਹਿਰੇ ਲੱਗ ਜਾਂਦੇ। ਉਸ ਪਾਸਿਓਂ ਆਮ ਸ਼ਹਿਰੀਆਂ ਨੂੰ ਲੰਘਣ ਦੀ ਮਨਾਹੀ ਕਰ ਦਿੱਤੀ ਜਾਂਦੀ।

ਕ੍ਰਿਸਮਿਸ ਲੰਘ ਚੁੱਕੀ ਸੀ। ਨਵਾਂ ਸਾਲ ਚੜ੍ਹਨ ਵਾਲੀ ਰਾਤ ਸੀ। ਅੰਮ੍ਰਿਤਸਰ ਛਾਉਣੀ ਦੇ ਗੋਰਿਆਂ ਨੂੰ ਛੁੱਟੀਆਂ ਸਨ। ਉਹ ਚਿੱਟੇ ਕਪੜਿਆਂ ਵਿਚ ਨਸ਼ੇ ਨਾਲ ਰੱਜੇ ਬਜ਼ਾਰਾਂ ਵਿਚ ਖਰੂਦ ਪਾ ਰਹੇ ਸਨ। ਉਹ ਕੋਤਵਾਲੀ ਲੰਘ ਕੇ ਮਲਕਾ ਵਿਕਟੋਰੀਆ ਦੇ ਬੁੱਤ ਲਾਗੇ ਇਕੱਠੇ ਹੁੰਦੇ ਜਾ ਰਹੇ ਸਨ। ਜੇ ਕੋਈ ਵਿਰਲਾ ਸ਼ਹਿਰੀ, ਔਰਤ ਜਾਂ ਟਾਂਗੇ ਵਾਲਾ ਉਨ੍ਹਾਂ ਕੋਲੋਂ ਲੰਘਦਾ ਤਾਂ ਸੀਟੀਆਂ ਵਜਾਂਦੇ ਤੇ ਉਰਦੂ, ਪੰਜਾਬੀ ਵਿਚ ਸਿੱਖੀਆਂ ਗਾਲ੍ਹਾਂ ਕੱਢ ਕੇ ਆਪਣਾ ਨਸ਼ਾ ਖਿੜਾਂਦੇ।

ਗੁਲਾਬ ਸਿੰਘ ਆਪ ਫੌਜੀ ਸੀ। ਉਹ ਗੋਰੇ ਅਫਸਰਾਂ ਦੇ ਭੈੜੇ ਸਲੂਕ ਕਰਕੇ ਨੌਕਰੀ ਛੱਡ ਕੇ ਆ ਗਿਆ ਸੀ। ਉਨੀਂ ਸੌ ਅੱਠ ਦਾ ਅਖੀਰ ਸੀ। ਉਨ੍ਹਾਂ ਦਿਨਾਂ ਵਿਚ ਦੇਸ਼ ਭਗਤੀ ਦੀ ਲਹਿਰ ਤੁਰੀ ਸੀ। ਜਿਸ ਦਾ ਮਨ ਦੇਸ਼ ਭਗਤੀ ਵੱਲ ਝੁਕਦਾ, ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸੱਜ ਜਾਂਦਾ। ਗੁਲਾਬ ਸਿੰਘ ਨੇ ਹੋਤੀ ਮਰਦਾਨ ਦੇ ਸੰਤਾਂ ਤੋਂ ਅੰਮ੍ਰਿਤ ਛਕਿਆ। ਹੋਤੀ ਮਰਦਾਨ ਵਾਲੇ ਸੰਤ ਆਪ ਫੌਜੀ ਸਨ ਤੇ ਨਾਮ ਕਟਾਅ ਕੇ ਹੋਰ ਫੌਜੀਆਂ ਨੂੰ, ਫੌਜੀ ਨੌਕਰੀ ਛੱਡਣ, ਅੰਮ੍ਰਿਤ ਛਕਾ ਤੇ ਦੇਸ਼ ਭਗਤੀ ਦਾ ਪਰਚਾਰ ਕਰਨ ਵਾਲੇ ਪਾਸੇ ਪ੍ਰੇਰਨ ਲੱਗ ਪਏ ਸਨ।

ਗੁਲਾਬ ਸਿੰਘ ਨੇ ਦਰਬਾਰ ਸਾਹਿਬ ਦੀ ਪਰਕਰਮਾ ਦੇ ਨਾਲ ਇਕ ਧਰਮਸ਼ਾਲਾ ਬਣਵਾਈ। ਅੰਮ੍ਰਿਤਸਰ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਮੱਸਿਆ, ਸੰਗਰਾਂਦ, ਦੀਵਾਲੀ, ਵਿਸਾਖੀ ਤੇ ਹੋਰ ਗੁਰਪੁਰਬਾਂ ਸਮੇਂ ਉਸ ਦੀ ਧਰਮਸ਼ਾਲਾ ਵਿਚ ਆ ਰਹਿੰਦੇ। ਲੋਕੀਂ ਆਪੇ ਰਾਸ਼ਨ ਲਿਆਉਂਦੇ, ਪਕਾਂਦੇ ਖਾਂਦੇ। ਇਸ ਤਰ੍ਹਾਂ ਧਰਮਸ਼ਾਲਾ ਵਿਚ ਮੇਲਾ ਲੱਗਾ ਰਹਿੰਦਾ। ਗੁਲਾਬ ਸਿੰਘ ਦਾ ਨਾਮ ਸੰਤ ਗੁਲਾਬ ਸਿੰਘ ਪੈ ਗਿਆ।

ਜਦ ਗੋਰੀ ਸਰਕਾਰ ਨੇ ਰਕਾਬ ਗੰਜ ਗੁਰਦੁਆਰੇ ਦੀ ਇਕ ਕੰਧ ਢਾਹ ਦਿੱਤੀ ਤਾਂ ਗੁਲਾਬ ਸਿੰਘ ਨੇ ਸਿੱਧੇ ਹੋ ਕੇ ਗੋਰੀ ਸਰਕਾਰ ਦੇ ਉਲਟ ਪ੍ਰਚਾਰ ਆਰੰਭ ਦਿੱਤਾ। ਉਨ੍ਹਾਂ ਹੀ ਦਿਨਾਂ ਵਿਚ ਗੁਲਾਬ ਸਿੰਘ ਦੀ ਜਾਣ ਪਛਾਣ ਰਣਧੀਰ ਸਿੰਘ ਨਾਰੰਗਵਾਲ ਨਾਲ ਹੋਈ, ਜੋ ਰਕਾਬ ਗੰਜ ਦੀ ਕੰਧ ਢਾਹੁਣ ਕਰਕੇ ਅੰਗਰੇਜ਼ੀ ਸਰਕਾਰ ਦੇ ਖਿਲਾਫ਼ ਲੋਕਾਂ ਨੂੰ ਉਭਾਰਨ ਦੇ ਮੋਢੀ ਸਨ। ਰਣਧੀਰ ਸਿੰਘ ਤੇ ਗੁਲਾਬ ਸਿੰਘ ਇਸ ਗੱਲ ਤੇ ਸਹਿਮਤ ਹੋ ਗਏ ਕਿ ਆਜ਼ਾਦੀ ਹਥਿਆਰਾਂ ਬਿਨਾਂ ਨਹੀਂ ਪ੍ਰਾਪਤ ਕੀਤੀ ਜਾ ਸਕਦੀ।

ਜਦ ਕੈਨੇਡਾ, ਅਮਰੀਕਾ, ਮਨੀਲੇ ਤੇ ਹੋਰ ਥਾਵਾਂ ਤੋਂ ਆਜ਼ਾਦੀ ਦੀ ਜੰਗ ਲੜਨ ਲਈ, ਗਦਰੀ ਦੇਸ਼ ਪਹੁੰਚਣ ਲੱਗ ਪਏ ਤਾਂ ਰਣਧੀਰ ਸਿੰਘ ਨਾਰੰਗਵਾਲ ਦੇ ਸੰਪਰਕ ਰਾਹੀਂ ਗੁਲਾਬ ਸਿੰਘ ਦਾ ਡੇਰਾ ਗਦਰੀਆਂ ਦਾ ਅੱਡਾ ਬਣ ਗਿਆ।

ਸੰਤ ਗੁਲਾਬ ਸਿੰਘ ਦਾ ਛੇ ਫੁੱਟਾ ਕੱਦ। ਇਕਹਿਰਾ ਸਰੀਰ। ਸਿਰ ਉੱਤੇ ਚਿੱਟੀ-ਗੁਲਾਈ ਵਿਚ ਬੱਧੀ ਪੱਗ। ਕਾਲੀ ਸ਼ਾਹ ਭਰਵੀਂ ਦਾੜ੍ਹੀ। ਗਲ ਲੰਮਾ ਚਿੱਟਾ ਚੋਲਾ ਤੇ ਪੈਰੀਂ ਧੌੜੀ ਦੀ ਜੁੱਤੀ। ਉਹ ਅੱਗੇ-ਅੱਗੇ ਤੇ ਉਸਦੇ ਪਿੱਛੇ-ਪਿੱਛੇ ਗੁਲਾਬ ਕੌਰ, ਮਲਕਾ ਵਿਕਟੋਰੀਆ ਦੇ ਬੁੱਤ ਕੋਲੋਂ ਪੈਦਲ ਲੰਘ ਰਹੇ ਸਨ। ਗੁਲਾਬ ਕੌਰ ਵੱਲ ਆਵਾਜ਼ੇ ਕੱਸ ਕੇ ਦੋ ਗੋਰੇ ਟੌਮੀਆਂ ਨੇ ਸੀਟੀਆਂ ਵਜਾਉਣੀਆਂ ਸ਼ੁਰੂ ਕਰ ਦਿੱਤੀਆਂ; ਦੋਵੇਂ ਨਸ਼ੇ ਵਿਚ ਰੱਜੇ ਹੋਏ ਸਨ। ਇਕ ਅੱਗੇ ਵੱਧਿਆ। ਦੂਜੇ ਨੇ ਉਸ ਨੂੰ ਗੁਲਾਬ ਕੌਰ ਵੱਲ ਵਧਣ ਤੋਂ ਰੋਕ ਦਿੱਤਾ। ਗੁਲਾਬ ਕੋੌਰ ਦੀਆਂ ਅੱਖਾਂ ਵਿਚ ਖ਼ੂਨ ਉੱਤਰ ਆਇਆ। ਉਸਨੇ ਦੋਵੇਂ ਬਾਹਾਂ ਉੱਚੀਆਂ ਕਰਕੇ ਆਪਣੇ ਦੋਹਾਂ ਕੜਿਆਂ ਵੱਲ ਤੱਕਿਆ ! ਉਸ ਦੇ ਸੱਜੇ ਹੱਥ ਵਾਲਾ ਕੜਾ ਬਹੁਤ ਮੋਟਾ ਸੀ। ਉਹ ਉਸ ਕੜੇ ਨਾਲ ਟੌਮੀ ਦਾ ਮੱਥਾ ਪਾੜਨ ਨੂੰ ਅੱਗੇ ਵਧੀ। ਗੁਲਾਬ ਸਿੰਘ ਨੇ ਉਸ ਨੂੰ ਬਾਹੋਂ ਫੜ੍ਹ ਕੇ ਅਗੇ ਤੋਰ ਲਿਆ। ਉਹ ਭਰੀ ਪੀਤੀ ਤੁਰੀ ਜਾ ਰਹੀ ਸੀ। ਜਦ ਉਹ ਕੋਤਵਾਲੀ ਲੰਘ ਗਏ ਤਾਂ ਗੁਲਾਬ ਸਿੰਘ ਨੂੰ ਆਪਣੇ ਚੋਲੇ ਦੇ ਹੇਠੋਂ ਰੀਵਾਲਵਰ ਦੀ ਨਾਲੀ ਗੁਲਾਬ ਕੌਰ ਨੂੰ ਵਿਖਾ ਕੇ ਕਿਹਾ-'ਤੁਰੀ ਚੱਲ, ਅਜੇ ਵੇਲਾ ਨਹੀਂ। ਜਦ ਸਮਾਂ ਆਊ, ਵੇਖੀ ਜਾਊ।'

ਗੁਲਾਬ ਕੌਰ ਉਸਨੂੰ ਇਕ ਨਾਮਕਟਾ ਫੌਜੀ ਹੀ ਸਮਝਦੀ ਸੀ ਜੋ ਧਰਮਸ਼ਾਲਾ ਬਣਾ ਕੇ ਸੰਤ ਬਣ ਬੈਠਾ ਸੀ ਤੇ ਗਦਰੀਆਂ ਨਾਲ ਹਮਦਰਦੀ ਰੱਖਦਾ ਸੀ। ਹੁਣ ਉਸ ਨੂੰ ਗਿਆਨ ਹੋਣ ਲੱਗ ਪਿਆ ਕਿ ਇਸ ਦੀ ਧਰਮਸ਼ਾਲਾ ਇਸ ਦਾ ਇਕ ਪਰਦਾ ਹੈ। ਅਸਲ ਵਿਚ ਇਹ ਗਦਰੀਆਂ ਦੇ ਮੋਹਰੀਆਂ ਵਿਚੋਂ ਹੈ। ਜਦ ਉਹ ਤੁਰੇ ਜਾਂਦੇ ਹਾਲ ਬਜ਼ਾਰ ਵਿਚ ਪਹੁੰਚੇ ਤਾਂ ਗੁਲਾਬ ਸਿੰਘ ਨੇ ਤਾਂਗਾ ਲੈ ਲੈਣ ਦਾ ਖਿਆਲ ਕੀਤਾ। ਉਸ ਨੇ ਇਕ ਤਾਂਗੇ ਵਾਲੇ ਨੂੰ ਘਣੂੰਪੁਰ ਜਾਣ ਆਉਣ ਦੇ ਪੈਸੇ ਪੁੱਛੇ। ਏਨੇ ਨੂੰ ਡਾਕਟਰ ਹਰਦਿੱਤ ਸਿੰਘ ਘਣੂੰ ਪੁਰ ਉਸ ਨੂੰ ਇਕ ਤਾਂਗੇ ਵਿਚ ਆਉਂਦਾ ਦਿੱਸ ਪਿਆ। ਹਰਦਿਤ ਸਿੰਘ ਨੇ ਗੁਲਾਬ ਸਿੰਘ ਨੂੰ ਵੇਖ ਕੇ ਆਪਣਾ ਤਾਂਗਾ ਰੋਕ ਲਿਆ। ਗੁਲਾਬ ਸਿੰਘ ਨੇ ਕਿਹਾ-'ਅਸੀਂ ਤਾਂ ਤੁਹਾਡੇ ਪਿੰਡ ਜਾ ਰਹੇ ਸਾਂ, ਤੁਹਾਡੀ ਦੁਕਾਨ ਬੰਦ ਵੇਖਕੇ।'

ਹਰਦਿੱਤ ਸਿੰਘ ਨੇ ਤਾਂਗੇ ਦੇ ਪਿੱਛੋਂ ਉੱਤਰ ਕੇ ਅੱਗੇ ਬਹਿੰਦਿਆਂ ਕਿਹਾ-'ਤੁਸੀਂ ਬਹਿ ਜਾਓ ਪਿਛਲੇ ਪਾਸੇ।' ਉਸਨੇ ਸੋਚਿਆ ਕਿ ਸੰਤ ਗੁਲਾਬ ਸਿੰਘ ਪਾਸ ਪੇਂਡੂ ਲੋਕ ਆਉਂਦੇ ਹੀ ਰਹਿੰਦੇ ਸਨ। ਇਹ ਬੀਬੀ ਬੀਮਾਰ ਹੋਵੇਗੀ ਤੇ ਇਸ ਲਈ ਦਵਾਈ ਲੈਣ ਆਈ ਹੋਵੇਗੀ। ਸਾਰਾ ਰਾਹ ਉਨ੍ਹਾਂ ਨੇ ਕੋਈ ਗੱਲ ਨਾ ਕੀਤੀ। ਉਹ ਜਦ ਬ੍ਰਹਮ ਬੂਟੇ ਦੇ ਅਖਾੜੇ ਕੋਲ ਤਾਂਗੇ ਤੋਂ ਉੱਤਰੇ ਤਾਂ ਡਾਕਟਰ ਹਰਦਿੱਤ ਸਿੰਘ ਨੇ ਪੁੱਛਿਆ-'ਬੀਬੀ ਨੂੰ ਕੀ ਤਕਲੀਫ਼ ਐ ?' ਉਸਦੀ ਗੱਲ ਸੁਣ ਕੇ ਗੁਲਾਬ ਸਿੰਘ ਮੁਸਕਰਾ ਪਿਆ। ਉਸ ਨੇ ਆਪਣੇ ਡੇਰੇ ਵੱਲ ਤੁਰਦਿਆਂ ਦੱਸਿਆ-'ਡਾਕਟਰ ਜੀ। ਇਹ ਸਾਡੀ ਭੈਣ ਗੁਲਾਬੋ ਹੈ। ਕਰਤਾਰ ਨਹੀਂ ਸੀ ਦੱਸ ਕੇ ਗਿਆ ਤੁਹਾਨੂੰ।' ਡਾਕਟਰ ਦੇ ਮੂੰਹੋਂ ਝੱਟ ਪੱਟ ਨਿਕਲ ਗਿਆ-'ਬੀਬੀ, ਸਤਿ ਸ੍ਰੀ ਅਕਾਲ। ਕੀ ਸੇਵਾ ਕਰੀਏ।' ਗੁਲਾਬ ਕੌਰ ਨੇ ਅੱਗੋਂ ਹੱਥ ਜੋੜ ਦਿੱਤੇ। ਗੁਲਾਬ ਸਿੰਘ ਨੇ ਫਿਰ ਮੁਸਕਰਾਂਦਿਆਂ ਕਿਹਾ-'ਡਾਕਟਰ ਜੀ, ਬੀਬੀ ਨੂੰ ਬਹੁਤ ਵੱਡੀ ਬੀਮਾਰੀ ਲੱਗੀ ਹੋਈ ਹੈ।' ਡਾਕਟਰ ਦੇ ਚਿਹਰੇ ਦਾ ਰੰਗ ਉੱਡ ਗਿਆ। ਉਹ ਪੁੱਛਣ ਹੀ ਲੱਗਾ ਸੀ ਕਿ ਕੀ ਬੀਮਾਰੀ ਹੈ। ਗੁਲਾਬ ਸਿੰਘ ਪਹਿਲੋਂ ਬੋਲ ਪਿਆ-'ਆਜ਼ਾਦੀ ਮੰਗਦੀ ਹੈ।' ਡਾਕਟਰ ਦਾ ਚਿਹਰਾ ਖਿੜ ਗਿਆ। ਉਸ ਨੇ ਇਕ ਵਾਰੀ ਫਿਰ ਹੱਥ ਜੋੜ ਦਿੱਤੇ।

ਗੁਲਾਬ ਸਿੰਘ ਨੇ ਦੱਸਿਆ-'ਵਰਪਾਲੀਆਂ ਦੀ ਧਰਮਸ਼ਾਲਾ ਤੇ ਰਸੂਲ-ਪੁਰੀਆਂ ਦੀ ਹਵੇਲੀ ਬੰਦਾ ਭੇਜ ਕੇ ਪਤਾ ਕੀਤੈ।' ਚੁੱਘਾ ਕਿਧਰੇ ਨਹੀਂ ਲੱਭਾ।

ਚੁੱਘਾ ਤਾਂ ਵਸਾਵਾ ਸਿਹੁੰ ਪਾਸ ਗਿਲਵਾਲੀ ਗਿਆ ਹੋਇਐ। ਕਿਹਰ ਸਿਹੁੰ ਮਰਹਾਣਾ ਵੀ ਉਹਦੇ ਨਾਲ ਐ। ਤੁਸੀਂ ਨੌਰੰਗ ਸਿਹੁੰ ਤਾਂਘੀ ਦੀ ਦੁਕਾਨ ਤੋਂ ਪਤਾ ਕਰ ਲੈਣਾ ਸੀ।'

'ਉਹਦੀ ਦੁਕਾਨ ਵੀ ਅੱਜ ਬੰਦ ਹੈ। ਉਹ ਘਰ ਵੀ ਹੈ ਨਹੀਂ। ਪਤਾ ਨਹੀਂ ਕਿੱਧਰ ਟਿਬਿਆ ਹੋਇਐ।'

'ਕਰਤਾਰ ਤੇ ਚੁੱਘਾ, ਚੱਬੇ, ਕਿਸੇ ਨੂੰ ਮਿਲਣ ਜਾਣ ਦੀਆਂ ਗੱਲਾਂ ਕਰਦੇ ਸੀ ਪਰਸੋਂ। ਉਹ ਲੱਭਿਆਂ ਨਹੀਂ ਲੱਭਣੇ।'

'ਹਨੇਰਾ ਹੋ ਗਿਐ। ਨਾਲੇ ਅੱਜ ਪੁਲਸੀਆਂ ਨਸ਼ਾ ਪੀ ਕੇ ਖਰਮਸਤੀਆਂ ਕਰਨੀਐ। ਕੱਲ੍ਹ ਨਵਾਂ ਸਾਲ ਜੁ ਚੜ੍ਹਨਾ ਹੋਇਆ। ਤੁਸੀਂ ਅੱਜ ਮੇਰੇ ਕੋਲ ਹੀ ਪੈ ਰਹੋ। ਗੱਲਾਂ ਬਾਤਾਂ ਕਰਾਂਗੇ। ਨਾਲੇ ਬੀਬੀ ਦੀਆਂ ਸੁਣਾਂਗੇ।' ਗੁਰਦੁਆਰਾ ਬਾਬਾ ਅਟੱਲ ਅੱਗੇ ਬਾਹਰੋਂ ਹੀ ਮੱਥਾ ਟੇਕ ਕੇ ਕੌਲਸਰ ਦੀ ਸੱਜੀ ਬਾਹੀ ਤੋਂ ਲੰਘਦਿਆਂ, ਸੱਜੇ ਹੱਥ ਮੁੜ ਕੇ ਇਕ ਗਲੀ ਵਿਚ ਤੁਰਦੇ-ਤੁਰਦੇ ਆਪਣੀ ਧਰਮ-ਸ਼ਾਲਾ ਜਾ ਵੜੇ।

ਗੁਲਾਬ ਕੌਰ ਨੇ ਰਾਤ ਨੂੰ ਹਲਵਾਈਆਂ ਵਾਲਾ ਇਕ ਕੂੰਡਾ ਦੁੱਧ ਦਾ ਜਮਾਇਆ ਸੀ। ਗੱਚ ਵਰਗਾ ਦਹੀਂ ਜੰਮਿਆ ਵੇਖਕੇ ਉਹ ਖ਼ੁਸ਼ ਹੋ ਗਈ। ਸ਼ਾਹ ਵੇਲੇ ਉਸ ਨੇ ਪਰਾਉਂਠੇ ਪਕਾਉਣੇ ਸ਼ੁਰੂ ਕਰ ਦਿੱਤੇ। ਉਸ ਨੇ ਆਪਣੇ ਲਈ ਚਾਹ ਬਣਾਈ। ਚਾਹ ਨਾਲ ਇਕ ਪਰਾਉਂਠਾ ਖਾ ਕੇ, ਖਾਣ ਵਾਲਿਆਂ ਨੂੰ ਉਡੀਕਣ ਲੱਗ ਪਈ। ਉਸ ਨੇ ਸੋਚਿਆ ਕਿ ਅਜੇ ਸਭ ਸੁੱਤੇ ਹੋਣਗੇ। ਚੰਗੇ ਦਿਨ ਚੜ੍ਹੇ ਤੱਕ ਜਦ ਉਸਨੂੰ ਕੋਈ ਬੰਦਾ ਡੇਰੇ ਵਿਚ ਨਾ ਦਿੱਸਿਆ ਤਾਂ ਉਹ ਸੋਚੀਂ ਪੈ ਗਈ ਕਿ ਰਾਤੀਂ ਸੱਤ ਅੱਠ ਬੰਦੇ ਸਨ, ਉਹ ਕਿਧਰ ਗਏ।

ਉਸ ਨੂੰ ਪਤਾ ਸੀ ਕਿ ਸੰਤ ਗੁਲਾਬ ਸਿੰਘ ਅੰਮ੍ਰਿਤ ਵੇਲੇ ਉੱਠ ਕੇ ਦਰਬਾਰ ਸਾਹਿਬ ਜਾਂਦਾ ਸੀ ਤੇ ਸੂਰਜ ਨਿਕਲਣ ਤੋਂ ਪਹਿਲੋਂ ਵਾਪਸ ਆ ਕੇ ਸੌਂ ਜਾਂਦਾ ਸੀ। ਉਸਨੇ ਸੋਚਿਆ ਕਿ ਬਾਕੀ ਬੰਦੇ ਵੀ ਤੜਕੇ ਦਰਬਾਰ ਸਾਹਿਬ ਜਾ ਕੇ ਅਜੇ ਸੁੱਤੇ ਹੋਣਗੇ।

ਦੁਪਹਿਰਾਂ ਨੇੜੇ ਢੁੱਕ ਆਈਆਂ। ਡੇਰੇ ਵਿਚ ਸੁੰਨਸਾਨ ਸੀ। ਉਹ ਇਕੱਲ ਪ੍ਰਤੀਤ ਕਰਕੇ ਸੋਚਣ ਲੱਗੀ ਕਿ ਦਰਬਾਰ ਸਾਹਿਬ ਮੱਥਾ ਟੇਕ ਆਵੇ। ਏਨੇ ਨੂੰ ਸੰਤ ਗੁਲਾਬ ਸਿੰਘ ਨੇ ਆ ਬੂਹਾ ਖੜਕਾਇਆ। ਉਸ ਦੇ ਨਾਲ ਇਕ ਨਵਾਂ ਬੰਦਾ ਵੇਖ ਕੇ ਸੋਚਣ ਲੱਗੀ ਕਿ ਇਹ ਫੌਜੀ ਲਗਦਾ ਹੈ। ਸ਼ਾਇਦ ਇਹ ਵੀ ਨਾਮ ਕਟਾ ਫੌਜੀ ਹੋਵੇ। ਸੰਤ ਗੁਲਾਬ ਸਿੰਘ ਨੇ ਗੁਲਾਬ ਕੌਰ ਵੱਲ ਇਸ਼ਾਰਾ ਕਰਕੇ

ਕਿਹਾ-'ਇਹ ਹੈ ਸਾਡੀ ਭੈਣ ਗੁਲਾਬ ਕੌਰ' ਤੇ ਫਿਰ ਉਸ ਨੇ ਨਵੇਂ ਬੰਦੇ ਦੀ ਜਾਣਕਾਰੀ ਕਰਾਂਦਿਆਂ ਗੁਲਾਬ ਕੌਰ ਨੂੰ ਦੱਸਿਆ-'ਇਹੋ ਹੈ ਨਿਧਾਨ ਸਿਹੁੰ ਚੁੱਘਾ, ਜੀਹਨੂੰ ਅਸੀਂ ਉਸ ਦਿਨ ਲੱਭਦੇ ਰਹੇ ਸਾਂ।' ਚੁੱਘੇ ਤੇ ਗੁਲਾਬ ਕੌਰ ਨੇ ਇਕ ਦੂਜੇ ਨੂੰ ਹੱਥ ਜੋੜੇ।

ਚੁੱਘਾ ਤੇ ਗੁਲਾਬ ਸਿੰਘ ਅਜੇ ਬੈਠੇ ਹੀ ਸਨ ਕਿ ਗੁਲਾਬ ਕੌਰ ਨੇ ਕੈਂਹੇ ਦੇ ਦੋ ਥਾਲਾਂ ਵਿਚ ਪਰਾਉਂਠੇ ਤੇ ਕੈਂਹ ਦੇ ਹੀ ਕਟੋਰਿਆਂ ਵਿਚ ਦਹੀਂ ਲਿਆ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤਾ। ਚੁੱਘੇ ਨੇ ਨਜ਼ਰ ਭਰ ਕੇ ਗੁਲਾਬ ਕੌਰ ਵੱਲ ਤੱਕਿਆ। ਉਸਨੇ ਨੀਵੀਂ ਪਾ ਲਈ। ਚੁੱਘੇ ਨੇ ਕਿਹਾ-'ਬੀਬੀ, ਦੇਸ ਰਹਿੰਦਿਆਂ ਲੱਸੀ ਪੀਂਦੇ ਸਾਂ। ਚੰਘਈ ਰਹਿ ਕੇ ਆਦਤਾਂ ਵਿਗੜ ਗਈਐਂ। ਰੋਟੀ ਪਿੱਛੋਂ ਮੈਂ ਚਾਹ ਪੀਊਂ।'

ਗੁਲਾਬ ਸਿੰਘ ਨੇ ਮੁਸਕਰਾ ਕੇ ਦੱਸਿਆ-'ਫੇਰ ਤਾਂ ਤੇਰੀ ਤੇ ਗੁਲਾਬੋ ਭੈਣ ਦੀ ਬੜੀ ਬਣੂੰ। ਇਹ ਵੀ ਚਾਹ ਪੀਣੀ ਸਿੱਖ ਆਈ ਹੈ ਟਾਪੂਆਂ ਤੋਂ।'

'ਮੈਂ ਹੁਣੇ ਪੀ ਕੇ ਹਟੀ ਆਂ। ਫੇਰ ਬਣਾ ਦਊਂ।' ਕਹਿਕੇ ਉਸਨੇ ਪੁੱਛਿਆ, 'ਦੁਪਹਿਰਾਂ ਹੋ ਗਈਐਂ। ਬਾਕੀ ਬੰਦੇ ਕਿੱਥੇ ਐ? ਰੋਟੀਆਂ ਠੰਢੀਆਂ ਹੋ ਰਹੀਐਂ।'

'ਬੀਬੀ। ਜਿਹੜੇ ਰਾਤ ਕੱਟਣ ਔਂਦੇ ਐ ਉਹ ਤੜਕੇ ਚਲਦੇ ਬਣਦੇ ਐ। ਇਹ ਵੀ ਨਹੀਂ ਪਤਾ ਲਗਦਾ ਕੌਣ ਆਇਆ ਤੇ ਕੌਣ ਗਿਆ।'

ਗੁਲਾਬ ਕੌਰ ਲੰਗਰ ਵੱਲ ਜਾਂਦੀ ਆਪਣੇ ਆਪ ਨਾਲ ਗੱਲਾਂ ਕਰ ਰਹੀ ਸੀ।' ਆਉਣ ਜਾਣ ਵਾਲੇ ਸਭ ਗਦਰੀ ਹੀ ਹੋਣੇ ਐ। ਜਿਹੜੇ ਰਾਤ ਕੱਟਣ ਆਉਣਗੇ, ਉਹਨਾਂ ਨੂੰ ਖੁਆ ਦਊਂ। ਨਹੀਂ, ਨਹੀਂ। ਮੈਂ ਗਦਰੀਆਂ ਨੂੰ ਬਹੀਆਂ ਨਹੀਂ ਖੁਆਣੀਆਂ। ਰਾਤੀਂ ਨਵੇਂ ਪਰਾਉਂਠੇ ਪਕਾਊਂ।

ਉਹ ਲੰਗਰ ਵਿਚ ਪਏ ਬੈੱਡ ਮੰਜੇ ਜਾ ਬੈਠੀ। ਦੂਰ ਬੈਠਿਆਂ ਉਸ ਨੇ ਭਰਵੀਂ ਨਜ਼ਰ ਨਾਲ ਚੁੱਘੇ ਵੱਲ ਵੇਖ ਕੇ ਆਪਣੇ ਆਪ ਨਾਲ ਗੱਲਾਂ ਕੀਤੀਆਂ-'ਇਹ ਤਾਂ ਬੜਾ ਵੱਡਾ ਗਦਰੀ ਐ। ਚੰਘਈ ਦੇ ਗਦਰੀਆਂ ਦਾ ਸਰਦਾਰ, ਮਿਰਕਣ ਵੀ ਫਿਰ ਆਇਐ। ਮੂਲਾ ਸਿਹੁੰ ਵੀ ਇਹਦਾ ਪਾਣੀ ਭਰਦੈ। ਇਹਦੀ ਦਲੇਰੀ ਦੀਆਂ ਗੱਲਾਂ ਕਰਦਾ ਨਹੀਂ ਥੱਕਦਾ। ਮੇਰੇ ਕਿੰਨੇ ਚੰਗੇ ਭਾਗ ਐ। ਮੈਂ ਇਹਨਾਂ ਸੂਰਮਿਆਂ ਦੀ ਭੈਣ ਬਣ ਗਈ ਆਂ। ਗਦਰੀਆਂ ਦੀ ਭੈਣ, ਗਦਰੀਆਂ ਦੀ ਭੈਣ ਕਹਿੰਦੇ ਨਹੀਂ ਥੱਕਦੇ ਇਹ ਲੋਕ। ਮੈਂ ਕਿਹੜਾ ਗਦਰ ਕਰੂੰ। ਕਿਹੜੀ ਗੋਲੀ ਚਲਾਊਂ। ਮੈਂ ਕਿਹੜੇ ਕੰਮ ਆਊਂ ਇਹਨਾਂ ਦੇ?' ਕਹਿੰਦੀ ਉਹ ਕੁਝ ਹੋਰ ਪਰਾਉਂਠੇ ਤੇ ਦਹੀਂ ਲੈ ਕੇ ਉਹਨਾਂ ਪਾਸ ਜਾ ਖੜੋਤੀ। ਚੁੱਘੇ ਨੇ ਕਿਹਾ-'ਬੀਬੀ। ਪੇਟ ਭਰ ਗਿਐ ਪਰ ਮੇਰੀਆ ਅੱਖਾਂ ਨਹੀਂ ਰੱਜੀਆਂ। ਪਤਾ ਨਹੀਂ ਫੇਰ ਅਜਿਹੇ ਪਰਾਉਂਠੇ ਕਿਧਰੇ ਮਿਲਣੇ ਵੀ ਐ ਕਿ ਨਹੀਂ। ਬੀਬੀ ਇਕ ਪਰਾਉਂਠਾ ਹੋਰ ਰੱਖ ਦੇਹ।' ਬੀਬੀ ਨੇ ਇਕ ਦੀ ਬਜਾਏ ਦੋ ਪਰਾਉਂਠੇ ਚੁੱਘੇ ਦੇ ਥਾਲ ਵਿਚ ਰੱਖ ਦਿੱਤੇ। ਚੁੱਘੇ ਨੇ ਬੀਬੀ ਵੱਲ ਵੇਖਿਆ। ਬੀਬੀ ਮੁਸਕਰਾ ਪਈ। ਗੁਲਾਬ ਸਿੰਘ ਨੇ ਹੱਸ ਕੇ ਕਿਹਾ-'ਜਿਹੜਾ ਲੰਗਰ ਦਾ ਪ੍ਰਸ਼ਾਦ ਥਾਲੇ ਵਿਚ ਛੱਡੇ ਉਹਨੂੰ ਸਵਾ ਰੁਪਿਆ ਤਨਖਾਹ ਲੱਗਦੀ ਹੈ।'

'ਸੰਤ ਜੀ। ਮੈਂ ਤਾਂ ਅੱਜ ਤੋਂ ਏਥੇ ਹੀ ਰਹੂੰ। ਰਸੂਲ ਪੂਰੀਆਂ ਦੀ ਹਵੇਲੀ ਬਹੀਆਂ ਖਾ-ਖਾ ਕੇ ਅੱਕ ਗਿਆਂ।' ਗੁਲਾਬ ਕੌਰ ਲੰਗਰ ਵਿਚ ਜਾ ਚੁੱਕੀ ਸੀ।

ਚਾਹ ਪੀ ਕੇ ਚੁੱਘੇ ਨੇ ਕਿਹਾ-'ਬੀਬੀ। ਅਸੀਂ ਜ਼ਰਾ ਸੁਸਤਾ ਲਈਏ।'

ਗੁਲਾਬ ਕੌਰ ਸੁੱਤਿਆਂ ਪਿਆਂ ਨੂੰ ਕਈ ਵਾਰੀ ਵੇਖਣ ਗਈ। ਉਹ ਦੋਵੇਂ ਸਫਾਂ ਉੱਤੇ ਘੂਕ ਸੁੱਤੇ ਸਨ। ਲਹੁਡੇ ਵੇਲੇ ਉੱਠ ਕੇ ਉਨ੍ਹਾਂ ਨੇ ਚਾਹ ਪੀਤੀ ਤੇ ਬਾਹਰ ਨਿਕਲ ਤੁਰੇ। ਤਕਾਲਾਂ ਪੈ ਗਈਆਂ। ਹਨੇਰਾ ਹੋ ਗਿਆ। ਫਿਰ ਚੰਗਾ ਹਨੇਰਾ ਹੋ ਗਿਆ। ਗੁਲਾਬ ਕੌਰ ਨੂੰ ਇਕੱਲ ਪ੍ਰਤੀਤ ਹੋਣ ਲੱਗ ਪਈ। ਰਾਤ ਪੈਣ ਤੇ ਵੀ ਕੋਈ ਇਕ ਵੀ ਬੰਦਾ ਨਾ ਆਇਆ ਵੇਖ ਕੇ ਉਹ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਈ-'ਜਦ ਆਉਣਗੇ ਓਦੋਂ ਪਕਾਊਂ। ਆਟੇ ਦੀ ਤੌਣ ਗੁੰਨ੍ਹੀ ਪਈ ਐ। ਸਵੇਰ ਦੇ ਪਰਾਉਂਠੇ ਪਏ ਐ।' ਉਹ ਸੋਚੀਂ ਪਈ, ਬੈਠੀ-ਬੈਠੀ ਉਂਘਲਾਉਣ ਲੱਗ ਪਈ। ਚੌਂਕੇ ਵਿਚ ਹੀ ਸਫ ਉੱਤੇ ਲੇਟ ਗਈ। ਅੱਧੀ ਰਾਤ ਉੱਠ ਕੇ, ਏਧਰ ਉਧਰ ਨਜ਼ਰ ਮਾਰ ਕੇ ਆਪਣੇ ਕਮਰੇ ਵਿਚ ਜਾ ਸੁੱਤੀ। ਸੂਰਜ ਚੜ੍ਹੇ ਉਸਨੂੰ ਜਾਗ ਆਈ। ਉਸ ਨੇ ਸਾਰੇ ਡੇਰੇ ਵਿਚ ਫਿਰ ਕੇ ਵੇਖਿਆ। ਕੋਈ ਇਕ ਬੰਦਾ ਵੀ ਸੁੱਤਾ ਜਾਂ ਜਾਗਦਾ, ਉਸ ਦੀ ਨਜ਼ਰੀਂ ਨਾ ਪਿਆ। ਗੁਲਾਬ ਸਿੰਘ ਤੇ ਚੁੱਘੇ ਵਾਲੀਆਂ ਸਫਾਂ ਵੀ ਲਪੇਟੀਆਂ ਪਈਆਂ ਸਨ। ਉਹ ਸੋਚਣ ਲੱਗੀ-ਇਹ ਲੋਕ ਸਾਰੀ-ਸਾਰੀ ਰਾਤ ਕਿੱਥੇ ਰਹਿੰਦੇ ਹਨ। ਦਿਨੇ ਸੌਂ ਕੇ ਤਕਾਲੀਂ ਨਿਕਲ ਤੁਰਦੇ ਹਨ।

ਉਹ ਅੰਮ੍ਰਿਤ-ਸਰੋਵਰ ਵਿਚ ਇਸ਼ਨਾਨ ਕਰਕੇ, ਹਰਿਮੰਦਰ ਸਾਹਿਬ ਮੱਥਾ ਟੇਕ ਕੇ, ਪੂਰੀ ਪਰਕਰਮਾਂ ਕਰਕੇ, ਘੰਟੇ ਡੇਢ ਘੰਟੇ ਮਗਰੋਂ ਜਦ ਡੇਰੇ ਮੁੜੀ ਤਾਂ ਗੁਲਾਬ ਸਿੰਘ ਪਾਸ ਤਿੰਨ ਹੋਰ ਬੰਦੇ ਬੈਠੇ ਗੱਲਾਂ ਕਰ ਰਹੇ ਸਨ। ਉਹ ਮੂਲਾ ਸਿੰਘ ਨੂੰ ਜਾਣਦੀ ਸੀ, ਪਰ ਚੁੱਘੇ ਨਾਲ ਬੈਠੇ ਨਵੇਂ ਬੰਦੇ ਨੂੰ ਨਹੀਂ ਸੀ ਜਾਣਦੀ। ਚੁੱਘੇ ਨੇ ਦੱਸਿਆ, 'ਬੀਬੀ। ਇਹ ਕਿਰਪਾਲ ਸਿਹੁੰ ਐ। ਜਦੋਂ ਮੈਂ ਚੰਘਈ ਸਾਂ, ਇਹ ਵੀ ਉੱਥੇ ਸੀ।' ਦੋਹਾਂ ਇਕ ਦੂਜੇ ਨੂੰ ਹੱਥ ਜੋੜੇ। ਉਸ ਨੇ ਪੁੱਛਿਆ-'ਜੇ ਕਹੋ ਤਾਂ ਦਲੀਆ ਬਣਾ ਦਿਆਂ।'

ਚੁੱਘੇ ਨੇ ਜਵਾਬ ਦਿੱਤਾ-'ਜ਼ਰੂਰ, ਜ਼ਰੂਰ ਪਰ ਬੀਬੀ, ਘੇ ਚੰਗਾ ਪਾਈਂ।' ਕਹਿ ਕੇ ਉਹ ਮੁਸਕਰਾ ਪਿਆ।

ਉਹ ਚੌਂਕੇ ਵਿਚ ਬੈਠ ਦਲੀਆ ਬਣਾ ਰਹੀ ਸੀ। ਜਦ ਵੀ ਉਹ, ਉਨ੍ਹਾਂ ਵੱਲ ਧਿਆਨ ਮਾਰੇ ਤਾਂ ਕਿਰਪਾਲ ਸਿੰਘ ਉਸ ਵੱਲ ਵੇਖਦਾ ਹੋਵੇ। ਉਸ ਦੇ ਮੂੰਹੋਂ ਨਿਕਲ ਗਿਆ-'ਫਿੱਟੇ ਮੂੰਹ। ਅੱਖਾਂ ਪਾੜ-ਪਾੜ ਵੇਂਹਦੈ, ਜਿਵੇਂ ਮਾਂ ਭੈਣ ਘਰ ਨਹੀਂ ਸੂ ਹੋਂਦੀ। ਚੁੱਘੇ ਬਾਈ ਨੂੰ ਪੁੱਛੂੰ। ਏਸ ਲੰਗੂਰ ਨੂੰ ਚੰਘਈ ਹੀ ਰਹਿਣ ਦੇਣਾ ਸੀ।'

ਉਹ ਦਲੀਆ ਬਣਾਂਦੀ-ਬਣਾਂਦੀ ਸੋਚ ਰਹੀ ਸੀ ਕਿ ਇਸ ਦੀ ਸ਼ਕਲ ਕਿਉਂ ਪਛਾਣੀ-ਪਛਾਣੀ ਲੱਗਣ ਲੱਗ ਪਈ ਹੈ। ਉਹ ਸੋਚਦੀ-ਸੋਚਦੀ ਬੋਲ ਪਈ-'ਇਹ ਤਾਂ ਸਾਡੇ ਨਾਲ ਹੀ ਜਹਾਜ਼ ਤੇ ਆਇਆ ਸੀ। ਘਾਉਂ ਮਾਉਂ ਹੋ ਕੇ ਇਕ ਨੁੱਕਰ ਵਿਚ ਬੈਠਾ ਰਹਿੰਦਾ ਸੀ। ਕਿਸੇ ਨਾਲ ਗੱਲ ਨਹੀਂ ਸੀ ਕਰਦਾ।'

ਉਸ ਨੂੰ ਕੁਝ ਸੜਨ ਦੀ ਬੋ ਆਈ। ਝਟ ਹੀ ਉਸ ਨੂੰ ਪਤਾ ਲੱਗ ਗਿਆ ਕਿ ਧਿਆਨ ਨਾ ਦੇਣ ਕਰਕੇ ਦਲੀਆ ਪਤੀਲੇ ਨਾਲ ਲੱਗ ਗਿਆ ਹੈ। ਉਸ ਨੇ ਛੇਤੀ-ਛੇਤੀ ਕੜਛੀ ਫੇਰਨੀ ਸ਼ੁਰੂ ਕਰ ਦਿੱਤੀ।

## ਦੂਜਾ ਹਿੱਸਾ

'ਵੇ, ਦੀਦੀ-ਦੀਦੀ ਕੀ ਕਰਦੈਂ ?'

'ਦੀਦੀ! ਤੈਨੂੰ ਰਾਸ ਬਿਹਾਰੀ ਦੀਦੀ ਕਹਿ ਕੇ ਬੁਲਾਂਦੈ।'

'ਵੀਰ ਉਹ ਕੀ ਹੋਂਦੈ ?'

'ਭੈਣ ਨੂੰ ਦੀਦੀ ਕਹਿੰਦੇ ਐ, ਬੰਗਾਲੀ 'ਚ।'

'ਤੇ ਤੂੰ ਕਿਹੜਾ ਬੰਗਾਲੀ ਐਂ !'

'ਦੀਦੀ ਕਹਿਣਾ ਸੌਖਾ ਲਗਦੈ।'

'ਵੇ ਕਰਤਾਰ ਤੂੰ ਆਪਣੀ ਬਾਤ ਛੱਡ ਕੇ ਬੰਗਾਲੀ ਬੋਲਣ ਲੱਗੈਂ !'

'ਚੰਗਾ ਭੈਣ ਜੀ ਈ ਕਹੂੰ ਫੇਰ।'

'ਨਹੀਂ ! ਤੂੰ ਕਹਿ ਲੈ ਦੀਦੀ। ਕੀ ਫਰਕ ਪੈਂਦੈ। ਤੂੰ ਖ਼ੁਸ਼ ਰਹੋ। ਵੇ ਖੜੋ ਜ਼ਰਾ। ਮੈਂ ਦਸਦੀ ਆਂ ਤੈਨੂੰ। ਬੀਬੀ ਸੌਖਾ ਐ ਕਿ ਦੀਦੀ ?'

'ਚੰਗਾ। ਫੇਰ ਬੀਬੀ ਈ ਸਹੀ।'

'ਵੀਰਾ। ਤੂੰ ਕਹਿ ਲੈ, ਦੀਦੀ ਈ ਸਹੀ।'

ਕਰਤਾਰ ਤੇ ਗੁਲਾਬ ਕੌਰ ਹੱਸਣ ਲੱਗ ਪਏ।

'ਦੀਦੀ। ਨਾ ਸੱਚ ਬੀਬੀ ! ਤੈਨੂੰ ਪਤੈ ਅਸੀਂ ਸਭ ਰਾਸ ਬਿਹਾਰੀ ਨੂੰ ਦਾਦਾ ਕਹਿ ਕੇ ਬੁਲਾਂਦੇ ਆਂ ?'

'ਵੇ ਕਰਤਾਰ ! ਕੀ ਕਿਹਾ ਈ ? ਦਾਦਾ ਤਾਂ ਬੁੱਢਾ ਬੰਦਾ ਹੁੰਦੈ, ਜੀਹਦੇ ਪੁੱਤ ਪੋਤੇ ਹੋਣ। ਇਹ ਤਾਂ ਅੱਜੇ...।'

'ਦੀਦੀ। ਬੰਗਾਲੀ 'ਚ ਵੱਡੇ ਭਰਾ ਨੂੰ ਦਾਦਾ ਕਹਿੰਦੇ ਐ।'

'ਵੀਰਾ। ਆਪਣੀ ਬਾਤ ਲਿਖਣੀ ਪੂੰੜਣੀ ਤਾਂ ਮਸਾਂ ਆਵੇ ਮੈਨੂੰ। ਫੇਰ ਗਰੇਜ਼ੀ ਸਿੱਖਣੀ ਪੈ ਗਈ ਮਨੀਲੇ। ਤੂੰ ਹੁਣ ਮੈਨੂੰ ਬੰਗਾਲੀ ਵੀ ਸਿਖਾ ਲੈ।'

ਨਹੀਂ ਦੀਦੀ। ਮੈਂ ਵੀ ਤਾਂ ਦੀਦੀ ਤੇ ਦਾਦਾ ਤੋਂ ਬਿਨਾਂ ਹੋਰ ਦੋ ਚਾਰ ਲਫਜ਼ ਈ ਜਾਣਦਾਂ।'

'ਤੂੰ ਆਪਣੀ ਸਾਰੀ ਬੰਗਾਲੀ ਮੈਨੂੰ ਸਿਖਾ ਦਿੱਤੀ ਐ।'

'ਹੁਣ ਜਦ ਰਾਸ ਬਿਹਾਰੀ ਮਿਲੂ ਤੇ ਜੇ ਉਹਨੇ ਮੈਨੂੰ ਦੀਦੀ ਕਿਹਾ ਤਾਂ ਮੈਂ ਵੀ ਉਹਨੂੰ ਦਾਦਾ ਕਹਿ ਦਊਂ।'

ਗੁਲਾਬ ਕੌਰ ਹੱਸ ਰਹੀ ਸੀ। ਉਸ ਨੇ ਚਰਖਾ ਪਰੇ ਧੱਕਦਿਆਂ, ਬੁੱਢੀਆਂ ਵਾਂਗੂੰ ਦੋਹਾਂ ਗੋਡਿਆਂ ਉੱਤੇ ਹੱਥ ਰੱਖ ਕੇ ਉਠਦਿਆਂ ਕਿਹਾ-'ਵੇ ਕਰਤਾਰ। ਤੂੰ ਅੱਜ ਤਕਾਲੀਂ ਜ਼ਰੂਰ ਆਵੀਂ। ਮੈਂ ਖੀਰ ਰਿੰਨ੍ਹਣੀ ਐਂ। ਉੱਤੇ ਪਾਊਂ ਸ਼ੱਕਰ ਨਾਲੇ ਪਾਊਂ ਘੇ।'

'ਦੀਦੀ। ਮੈਂ ਤਾਂ ਕੜਾਹ ਖਾਣੈ।'

'ਵੀਰ ਤੂੰ ਕਦੋਂ ਦਾ ਕੜਾਹ ਖਾਣਾ ਬਣਿਐਂ ? ਕੜਾਹ ਤਾਂ ਧਰਮਸ਼ਾਲੀਏ ਖਾਂਦੇ ਐ।'

'ਤੇ ਦੀਦੀ ! ਖੀਰ ਤਾਂ ਬਾਹਮਣਾਂ ਦਾ ਖਾਣੈ।'

'ਵੇ। ਤੂੰ ਜੋ ਕਹੇਂ ਉਹੋ ਬਣਾ ਦਊਂ।'

'ਫੇਰ ਦੀਦੀ। ਮੱਕੀ ਦੇ ਫੁੱਲੇ ਤੇ ਛੋਲਿਆਂ ਦੇ ਖਿੱਲੇ ਖਾਣ ਨੂੰ ਦਿਲ ਕਰਦੈ। ਖਾਧਿਆਂ ਸਦੀਆਂ ਬੀਤ ਗਈਐਂ। ਮੈਂ ਆਊਂ ਕਿਸੇ ਦਿਨ ਲਹੁਡੇ ਵੇਲੇ।'

ਇਕ ਸਿੱਖ ਪੁਲਸੀਏ ਨੂੰ ਆਪਣੇ ਵੱਲ ਆਉਂਦਾ ਵੇਖ ਕੇ, ਗੁਲਾਬ ਕੌਰ ਵੱਲ ਹੱਥ ਹਿਲਾ ਕੇ ਉਹ ਬਾਈਸਿਕਲ ਉੱਤੇ ਪਲਾਕੀ ਮਾਰ ਕੇ ਹਵਾ ਹੋ ਗਿਆ। ਗੁਲਾਬ ਕੌਰ ਕਦੇ ਆ ਰਹੇ ਪੁਲਸੀਏ ਵੱਲ ਵੇਖਦੀ ਤੇ ਕਦੇ ਕਰਤਾਰ ਦੇ ਉੱਡੇ ਜਾਂਦੇ ਸਾਈਕਲ ਵੱਲ।

ਪੁਲਸੀਏ ਨੇ ਗੁਲਾਬ ਕੌਰ ਦੇ ਕੋਲੋਂ ਲੰਘਦਿਆਂ ਘੂਰ ਕੇ ਕਿਹਾ, 'ਕੁੜੇ। ਬਰੂਹਾਂ ਅੰਦਰ ਬਹਿ ਕੇ ਚਰਖਾ ਕੱਤਿਆ ਕਰ। ਤੂੰ ਤਾਂ ਸਾਰੀ ਸੜਕ ਮੱਲਣ ਨੂੰ ਫਿਰਦੀ ਐਂ।'

ਗੁਲਾਬ ਕੌਰ ਨੇ ਉਸ ਵੱਲ ਨਫ਼ਰਤ ਨਾਲ ਵੇਖਦਿਆਂ ਬਿਨਾਂ ਬੋਲੇ, ਪੀੜ੍ਹੀ ਪਿੱਛੇ ਖਿਸਕਾ ਕੇ ਚਰਖਾ ਵੀ ਕੁਝ ਪਿੱਛੇ ਕਰ ਲਿਆ। ਪੁਲਸੀਆ ਪਿੱਛੇ ਮੁੜ-ਮੁੜ ਕੇ ਵੇਖ ਰਿਹਾ ਸੀ। ਉਹ ਆਪਣੇ ਮੂੰਹ ਵਿਚ ਹੀ ਬੁੜ-ਬੁੜਾਈ-'ਲਾਲ ਚੀਰਾ ਬੰਨ੍ਹੀ ਫਿਰਦੈ। ਕਮੀਨ ਫਰੰਗੀਆਂ ਦਾ।'

ਗੁਲਾਬ ਕੌਰ ਦਾ ਰੰਗੀਲਾ ਚਰਖਾ, ਰੰਗੀਲੀ ਪੀੜ੍ਹੀ ਅਟੇਰਨ ਤੇ ਮੁੱਢਿਆਂ ਵਾਲੀ ਪੱਛੀ ਬਰੂਹੋਂ ਬਾਹਰ ਪਏ ਸਨ। ਬਰੂਹੋਂ ਅੰਦਰ ਉਸ ਨੇ ਭੱਠੀ ਭਖਾਈ ਹੋਈ ਸੀ। ਉਹ ਕਪਾਹ ਦੀਆਂ ਛਿੱਟੀਆਂ ਸੱਜੇ ਹੱਥ ਨਾਲ ਭੱਠੀ ਵਿਚ ਝੋਕਦੀ ਤੇ ਫਿਰ ਭੁੱਜ ਰਹੇ ਛੋਲਿਆਂ ਨੂੰ ਇਕ ਕੁੱਜੇ ਨਾਲ ਰਗੜਦੀ ਜਾ ਰਹੀ ਸੀ। ਧਿਆਨ ਉਸ ਦਾ ਬਾਹਰ ਵੱਲ ਸੀ। ਉਹ ਕਈ ਦਿਨਾਂ ਤੋਂ ਕਰਤਾਰ ਦੀ ਉਡੀਕ ਵਿਚ ਸੀ। ਉਸ ਨੇ ਇਕ ਪੱਛੀ ਵਿਚ ਮੱਕੀ ਦੇ ਫੁੱਲੇ ਤੇ ਦੂਜੀ ਵਿਚ ਛੋਲਿਆਂ ਦੀਆਂ ਖਿੱਲਾਂ ਰੱਖੀਆਂ ਹੋਈਆਂ ਸਨ। ਉਹ ਸੋਚਦੀ ਕਿ ਜਦ ਕਰਤਾਰ ਆਵੇਗਾ ਤਾਂ ਉਹ ਫੁੱਲੇ ਤੇ ਖਿੱਲਾਂ ਝੱਟ ਪੱਟ ਗਰਮ ਕਰ ਦਏਗੀ।

ਉਹ ਪੁਲਸੀਆ ਲਾਹੌਰ ਸਟੇਸ਼ਨ ਤੋਂ ਮੂਲ ਚੰਦ ਦੀ ਸਰਾਂ ਅੱਗੋਂ ਲੰਘਦੀ ਸੜਕ ਉੱਤੇ ਹਰ ਰੋਜ਼ ਗੇੜੇ ਕੱਢਦਾ ਰਹਿੰਦਾ ਸੀ। ਉਸ ਨੇ ਗੁਲਾਬ ਕੌਰ ਦੇ ਚਰਖੇ ਤੇ ਪੀੜ੍ਹੀ ਵੱਲ ਗਹੁ ਨਾਲ ਤੱਕਦਿਆਂ ਅੰਦਰ ਝਾਤ ਮਾਰੀ। ਗੁਲਾਬ ਕੌਰ ਨੇ ਉਸ ਨੂੰ ਵੇਖ ਲਿਆ ਸੀ ਪਰ ਅਣਵੇਖਿਆ ਕਰਕੇ ਉਸ ਨੇ ਨੀਵੀਂ ਪਾਈ ਰੱਖੀ। ਪੁਲਸੀਏ ਨੇ ਬਰੂਹਾਂ ਕੋਲ ਖਲੋਤਿਆਂ ਪੁੱਛਿਆ-'ਕੁੜੇ। ਤੂੰ ਭੱਠੀ ਲਾ ਲਈ ਐ। ਗਾਹਕ ਤਾਂ ਤੇਰੇ ਕੋਈ ਔਂਦਾ ਨਹੀਂ।'

ਗੁਲਾਬ ਕੌਰ ਨੇ ਉਸ ਵੱਲ ਵੇਖੇ ਬਿਨਾਂ ਉੱਤਰ ਦਿੱਤਾ-'ਹੌਲਦਾਰਾ, ਹੌਲੀ-ਹੌਲੀ ਆਉਣ ਲੱਗ ਪੈਣਗੇ।'

ਅੱਜ ਪਹਿਲੀ ਵਾਰੀ ਕਿਸੇ ਨੇ ਉਸ ਨੂੰ ਹੌਲਦਾਰ ਕਹਿ ਕੇ ਬੁਲਾਇਆ ਸੀ। ਉਹ ਛਾਤੀ ਅਕੜਾ ਕੇ ਬਰੂਹਾਂ ਦੇ ਅੰਦਰ ਹੋ ਖਲੋਤਾ। ਉਸ ਨੇ ਸੱਜੀ ਮੁੱਛ ਮਰੋੜਦਿਆਂ ਕਿਹਾ-'ਚੱਲ ਫੇਰ, ਅੱਜ ਤੈਨੂੰ ਅਸੀਂ ਬੋਹਣੀ ਕਰੌਂਦੇ ਆਂ। ਭੁੰਨ ਦੇਹ ਮੱਕੀ ਦੇ ਦਾਣੇ।'

'ਭੁੰਨ ਦੇਹ ਮੱਕੀ ਦੇ ਦਾਣੇ', ਸ਼ਬਦ ਉਸ ਨੇ ਮਸਤੀ ਦੇ ਲਹਿਜੇ ਵਿਚ ਕਹੇ ਸਨ। ਗੁਲਾਬ ਕੌਰ ਨੇ ਉਸ ਵੱਲ ਵੇਖ ਕੇ ਕਿਹਾ-'ਹੌਲਦਾਰਾ, ਪੀੜ੍ਹੀ ਲੈ ਲੈ, ਮੈਂ ਭੁੰਨਦੀ ਆਂ ਦਾਣੇ।'

ਪੁਲਸੀਆ ਉਸ ਦੇ ਦੰਦਾਂ ਵੱਲ ਨੀਝ ਲਾ ਕੇ ਕਹਿਣਾ ਚਾਹੁੰਦਾ ਸੀ- 'ਦੰਦ ਮੋਤੀਆਂ ਦੇ ਦਾਣੇ-ਪਰ ਕਹਿ ਨਾ ਸਕਿਆ। ਉਸਨੇ ਪੁੱਛਿਆ-'ਕੁੜੇ। ਤੇਰਾ ਨਾਂ ਕੀ ਐ।'

'ਜੀ। ਗੁਲਾਬੋ ਐ ਮੇਰਾ ਨਾਓਂ।'

'ਲੈ ਸੁਣ ਲੈ। ਤੇਰਾ ਨਾਂ ਗੁਲਾਬੋ ਤੇ ਮੇਰਾ ਗੁਲਾਬ ਸਿਹੁੰ। ਹੈ ਨਾ ਕੌਤਕ।' ਗੁਲਾਬ ਸਿੰਘ ਹੱਸ ਰਿਹਾ ਸੀ। ਗੁਲਾਬ ਕੌਰ ਨੇ ਵੀ ਨਕਲੀ ਜਿਹੀ ਹਾਸੀ ਹੱਸੀ।

'ਮੇਰਾ ਪਿੰਡ ਭਸੀਣ ਐ। ਤੇਰਾ ਪਿੰਡ ਕਿਹੜੈ ?'

'ਜੀ ਅਸੀਂ ਰਿਆਸਤਾਂ ਦੇ ਵਾਸੀ ਆਂ। ਮੇਰੇ ਪੰਜ ਭਰਾ ਕਪੜੇ ਦੀ ਫੇਰੀ ਕਰਦੇ ਐ।'

ਗੁਲਾਬ ਸਿੰਘ ਹੋਰ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਗੁਲਾਬ ਕੌਰ ਉਸ ਦੇ ਰੁਮਾਲ ਵਿਚ ਖਿੱਲਾ ਉਲੱਦਦਿਆਂ ਹੀ ਉੱਠ ਕੇ, ਕਾਵਾਂ ਪਿੱਛੇ ਨੱਸ ਉੱਠੀ। ਕਾਂ, ਉਸ ਦੀਆਂ ਧੁੱਪੇ ਪਾਈਆਂ ਛੱਲੀਆਂ ਚੂੰਡ ਰਹੇ ਸਨ।

'ਗੁਲਾਬੋ। ਅੱਜ ਮੇਰੇ ਕੋਲ ਭੱਜੇ ਹੋਏ ਪੈਸੇ ਹੈ ਨਹੀਂ, ਤੇਰੀ ਅਧਿਆਨੀ ਕੱਲ ਦੇ ਦਊਂ।' ਕਹਿੰਦਾ ਹੀ ਉਹ, ਮੂਲ ਚੰਦ ਦੀ ਸਰਾਂ ਦੇ ਅੰਦਰ ਝਾਤੀ ਮਾਰ ਕੇ ਮਟਕ-ਮਟਕ ਚਾਲੇ ਸਟੇਸ਼ਨ ਵੱਲ ਤੁਰ ਪਿਆ। ਉਸਨੇ ਮੱਕੀ ਦੇ ਫੁੱਲਿਆਂ ਦਾ ਇਕ ਭਰਵਾਂ ਫੱਕਾ ਮਾਰ ਕੇ ਰੁਮਾਲ ਵਿਚ ਲਪੇਟੇ ਦਾਣਿਆਂ ਦੀ ਪੋਟਲੀ ਆਪਣੇ ਨੱਕ ਨਾਲ ਲਾ ਕੇ ਸੇਕ ਲਿਆ। ਉਸ ਦਾ ਨੱਕ ਠੰਢ ਕਰਕੇ ਲਾਲ ਹੋਇਆ ਪਿਆ ਸੀ।

ਸਟੇਸ਼ਨ ਉੱਤੇ ਪਹੁੰਚ ਕੇ ਉਸ ਨੇ ਇਕ ਵਹਿੰਗੀ ਵਾਲੇ ਪਾਸੋਂ ਗੁੜ ਲਿਆ। ਗੁੜ ਤੇ ਦਾਣੇ ਖਾਂਦਾ ਉਹ ਸਟੇਸ਼ਨ ਦੇ ਮੁਸਾਫਰ-ਖਾਨੇ ਵਿਚ ਜਾ ਖਲੋਤਾ। ਉਹ ਸੋਚ ਰਿਹਾ ਸੀ ਕਿ ਪੰਜਾਂ ਭਰਾਵਾਂ ਦੀ ਭੈਣ ਗੁਲਾਬੋ ਰਿਆਸਤ ਛੱਡ ਕੇ ਲਾਹੌਰ ਕਿਉਂ ਆਈ ਐ। ਲਗਦੀ ਪੇਂਡੂ ਹੈ। ਸੋਹਣੀ ਵੀ ਐ। ਸੁਣੱਖੀ ਵੀ ਐ। ਪੰਝੀਆਂ ਛੱਬੀਆਂ ਦੀ ਲੱਗਦੀ ਐ। ਇਹਦੇ ਭਰਾ ਵੀ ਪੇਂਡੂ ਹੋਣੇ ਐ। ਕਪੜੇ ਦੀ ਫੇਰੀ ਕਿਉਂ ਕਰਦੇ ਐ? ਜੱਟਾਂ ਦੀ ਕੁੜੀ ਐ। ਬਾਣੀਆਂ ਦੀ ਧੀ ਨਹੀਂ ਲਗਦੀ।

ਉਸਦੇ ਚਿਹਰੇ ਦੇ ਹਾਵ ਭਾਵ ਉਸ ਦੇ ਖਿਆਲਾਂ ਨਾਲ ਬਦਲ ਰਹੇ ਸਨ। ਉਹ ਕੁਝ ਸੋਚਦਾ-ਸੋਚਦਾ ਉੱਠ ਖਲੋਤਾ। ਉਸ ਨੇ ਸੀਟੀ ਮਾਰਦਿਆਂ ਕੁਝ ਕਦਮ ਪੁੱਟੇ। ਮੁਸਾਫਰ-ਖਾਨੇ ਦੇ ਬਾਹਰ ਹੋ ਖਲੋਤਾ। ਉਹ ਕਾਲੇ ਮੁਛਹਿਰੇ ਦੋਹਾਂ ਹੱਥਾਂ ਨਾਲ ਵੱਟਦਿਆਂ ਬੁੜਬੁੜਾਇਆ-''ਰੰਗ ਦੀ ਸੌਲੀ ਐ। ਮੈਂ ਕਿਹੜਾ ਗੋਰਾ ਆਂ। ਜੱਟ ਦਾ ਪੁੱਤ ਹੁੰਦੇ ਵੀ ਕਈ ਪੁਲਸੀਏ ਮੇਰੀ ਪਿੱਠ ਪਿੱਛੇ ਮੈਨੂੰ ਮਜ਼ਹਬੀ ਕਹਿ ਦੇਂਦੇ ਐ। ਸ਼ੈਂਤ ਕੰਵਾਰੀ ਹੋਵੇ। ਰਿਆਸਤੀ ਲੋਕ ਕੁੜੀਆਂ ਵੱਡੀਆਂ ਹੋਣ ਤੇ ਵਿਆਹੁੰਦੇ ਐ। ਸਾਡੇ ਤਾਂ ਸੋਲ੍ਹਾਂ ਦੀ ਹੋਈ ਨਹੀਂ ਕਿ ਮਾਪੇ ਨਰੜ ਦੇਂਦੇ ਐ। ਤਾਰੋ ਮਸਾਂ ਪੰਦਰਾਂ ਦੀ ਸੀ। ਬਾਪੂ ਨੇ ਗਲੋਂ ਲਾਹੀ। ਗੁਲਾਬੋ ਮੈਥੋਂ ਚਾਰ ਪੰਜ ਸਾਲ ਦੀ ਨਿੱਕੀ ਹੋਊ।''

ਗੱਡੀ ਦੀਆਂ ਚੀਕਾਂ ਸੁਣ ਕੇ ਉਸ ਦਾ ਧਿਆਨ ਉਖੜ ਗਿਆ। ਉਹ ਅੰਦਰ ਵੱਲ ਤੁਰ ਪਿਆ। ਉਹ ਪਲੇਟਫਾਰਮ ਉੱਤੇ ਚੜ੍ਹਿਆ ਹੀ ਸੀ ਕਿ ਦਿੱਲੀ ਵੱਲੋਂ ਗੱਡੀ ਆ ਖਲੋਤੀ। ਉਹ ਗੱਡੀ ਤੋਂ ਉੱਤਰ ਰਹੇ ਮੁਸਾਫਰਾਂ ਨੂੰ ਤਾੜ-ਤਾੜ ਕੇ ਵੇਖਣ ਲੱਗ ਪਿਆ। ਜਦ ਵੀ ਕੋਈ ਵੱਖਰਾ ਜਿਹਾ ਬੰਦਾ ਉਸ ਉਸ ਦੀ ਨਜ਼ਰੀਂ ਪੈਂਦਾ ਤਾਂ ਉਹ ਉਸ ਨੂੰ ਬੜੀ ਗਹੁ ਨਾਲ ਵੇਖਦਾ। ਜਦ ਤਕ ਉਹ ਬਾਹਰ ਨਾ ਨਿਕਲ ਜਾਂਦਾ ਉਹ ਉਸ ਵੱਲ ਤੱਕਦਾ ਹੀ ਰਹਿੰਦਾ। ਉਹ ਇਕ ਸੂਟ ਬੂਟ ਵਾਲੇ ਸੌਲੇ ਜਿਹੇ ਨੌਜਵਾਨ ਦੇ ਪਿੱਛੇ ਹੋ ਤੁਰਿਆ। ਕਦੇ ਉਹ ਉਸ ਦੇ ਸੂਟ ਵੱਲ ਵੇਖਦਾ ਤੇ ਕਦੇ ਉਸ ਦੀ ਸ਼ਮਲੇ ਵਾਲੀ ਗੁਲਾਬੀ ਪੱਗ ਵੱਲ। ਉਹ ਉਸ ਨੂੰ ਅਜੀਬ-ਅਜੀਬ ਲੱਗਾ। ਉਹ ਸੋਚਣ ਲੱਗਾ ਕਿ ਪੰਜਾਬੀ ਤਾਂ ਇਹ ਹੈ ਨਹੀਂ। ਕੋਈ ਬੰਗਾਲੀ ਬਾਬੂ ਹੋਣੈ। ਫਿਰ ਉਸ ਦਾ ਮਨ ਕਹੇ ਕਿ ਬੰਗਾਲੀ ਬਾਬੂ ਤੇ ਗੁਲਾਬੀ ਪੱਗ, ਫੇਰ ਸ਼ਮਲੇ ਵਾਲੀ, ਇਹ ਬੰਗਾਲੀ ਵੀ ਨਹੀਂ ਹੋਣਾ, ਫਿਰ ਉਹ ਆਪਣੇ ਆਪ ਵਿਚ ਬੁੜਬੁੜਾਇਆ- 'ਰੰਗ ਬਿਰੰਗੀ ਦੁਨੀਆਂ ਐਂ। ਕੋਈ ਕਾਲਾ ਕੋਈ ਗੋਰਾ। ਕੋਈ ਬੰਗਾਲੀ, ਕੋਈ ਮਦਰਾਸੀ, ਕੋਈ ਮਰਹਟਾ, ਕੋਈ ਪਾਰਸੀ। ਰੱਬ ਨੇ ਵੰਨ ਸੁਵੰਨੀ ਦੁਨੀਆਂ ਬਣਾਈ ਐ। ਹੋ ਸਕਦੈ ਇਹ ਬਾਬੂ ਵੀ ਟਾਪੂਆਂ ਵਲੋਂ ਆਇਆ ਹੋਵੇ ਤੇ ਸ਼ੱਕੀ ਬੰਦਾ ਹੋਵੇ।'' ਉਹ ਝੱਟ ਪੱਟ ਪਲੇਟਫਾਰਮ ਤੋਂ ਬਾਹਰ ਵੱਲ ਦੌੜਿਆ ਪਰ ਸੂਟ ਬੂਟ ਵਾਲਾ ਜਵਾਨ ਉਸਨੂੰ ਕਿਧਰੇ ਨਜ਼ਰੀਂ ਨਾ ਪਿਆ।

# 2

ਐਤਵਾਰ ਦਾ ਦਿਨ ਸੀ। ਤੜਕੇ ਹੀ ਕਿਸੇ ਨੇ ਗੁਲਾਬ ਕੌਰ ਦਾ ਬੂਹਾ ਆ ਖੜਕਾਇਆ। ਉਹ ਅੱਖਾਂ ਮਲਦੀ-ਮਲਦੀ ਮੰਜੇ ਤੋਂ ਉੱਠੀ। ਉਸ ਨੇ ਝੀਤਾਂ ਵਿਚੋਂ ਬਾਹਰ ਤੱਕਣ ਦਾ ਜਤਨ ਕੀਤਾ। ਧੁੰਦ ਤੋਂ ਬਿਨਾਂ ਉਸ ਦੀ ਨਜ਼ਰੀਂ ਕੁਝ ਨਾ ਪਿਆ। ਬਾਹਰੋਂ ਨਿੰਮ੍ਹੀ ਜਿਹੀ ਆਵਾਜ਼ ਆਈ-'ਫਰਿਸਕੋ।'' ਗੁਲਾਬ ਕੌਰ ਨੇ ਝੱਟ ਪੱਟ ਕੁੰਡਾ ਖੋਲ੍ਹ ਕੇ ਕਰਤਾਰ ਸਿੰਘ ਨੂੰ ਅੰਦਰ ਵਾੜਦਿਆਂ ਕਿਹਾ-''ਤੂੰ ਦੋ ਦਿਨ ਮੂੰਹ ਨਹੀਂ ਵਿਖਾਇਆ। ਅੱਜ ਏਨੇ ਤੜਕੇ ਆ ਵੜਿਐਂ।'' ਉਸਨੇ ਠਰੇ ਹੋਏ ਹੱਥ ਮਲਦਿਆਂ ਦਸਿਆ-''ਬੀਬੀ, ਤੂੰ ਰਜਾਈ ਲੈ ਕੇ ਨਿੱਘੀ ਪਈ ਐਂ। ਮੈਂ ਗਰਮ ਕੋਟ ਵਿਚ ਵੀ ਠਰ ਗਿਆਂ। ਵੇਖ ਮੇਰੇ ਹੱਥ ਤੇ ਨੱਕ ਲਾਲ ਹੋਏ ਪਏ ਐ। ਸੈਂਕਲ ਦਾ ਹੈਂਡਲ ਠਰਿਆ ਪਿਐ।''

ਉਸ ਨੇ ਮੰਜੇ ਉੱਤੇ ਚੜ੍ਹ ਕੇ ਰਜਾਈ ਆਪਣੇ ਦੁਆਲੇ ਲਪੇਟਦਿਆਂ ਕਿਹਾ-''ਚਾਹ ਪੀਣ ਨੂੰ ਮਨ ਕਰਦੈ। ਜੇ ਰਾਤ ਦੀ ਬੇਹੀ ਰੋਟੀ ਹੋਵੇ ਤਾਂ ਉਹ ਵੀ ਦੇਹ। ਰਾਤੀਂ ਖਾਣ ਨੂੰ ਕੁਛ ਨਹੀਂ ਮਿਲਿਆ।'' ਗੁਲਾਬ ਕੌਰ ਉਸ ਨੂੰ ਜਵਾਬ ਦਿੱਤੇ ਬਿਨਾਂ, ਲੋਈ ਦੀ ਬੁੱਕਲ ਮਾਰ ਕੇ ਬਾਹਰ ਨੂੰ ਨਿਕਲ ਤੁਰੀ। ਕਰਤਾਰ ਸਿੰਘ ਬਿਸਤਰੇ ਵਿਚ ਲੇਟਦਿਆਂ ਹੀ ਉਂਘਲਾਉਣ ਲੱਗ ਪਿਆ।

ਗੁਲਾਬ ਕੌਰ ਮੂਲ ਚੰਦ ਦੀ ਸਰਾਂ ਤੋਂ ਸੜਕ ਪਾਰ ਕਰਕੇ ਇਕ ਹਲਵਾਈ ਦੀ ਦੁਕਾਨ ਉੱਤੇ ਜਾ ਚੜ੍ਹੀ। ਉੱਥੋਂ ਗਰਮ-ਗਰਮ ਦੁੱਧ ਦੀ ਭਰੀ ਹੋਈ ਗੜਵੀ ਤੇ ਰਸਾਂ ਨਾਲ ਭਰਿਆ ਲਫਾਫਾ ਲੈ ਕੇ ਮੁੜੀ। ਕਰਤਾਰ ਸਿੰਘ ਨੂੰ ਸੁੱਤਾ ਵੇਖ ਕੇ ਜਾਣ ਗਈ ਕਿ ਠੀਕ ਹੀ, ਨਾ ਰਾਤ ਨੂੰ ਸੁੱਤਾ ਹੋਣੈਂ ਤੇ ਨਾ ਹੀ ਕੁਝ ਖਾਧਾ ਹੋਣੈ। ਉਸ ਨੇ ਮਰਜ਼ੀ ਨਾ ਹੁੰਦਿਆਂ ਵੀ ਪੋਲੀ ਜਿਹੀ ਵਾਜ ਮਾਰੀ-'ਵੇ ਕਰਤਾਰਾ!' ਕਰਤਾਰ ਸਿੰਘ ਖੁੰਭ ਵਾਂਗ ਉੱਠਕੇ ਬੈਠ ਗਿਆ। ਉਸ ਦੀ ਪੈਂਦ ਵੱਲ ਬਹਿੰਦਿਆਂ, ਗੁਲਾਬ ਕੌਰ ਨੇ ਦੋ ਗਲਾਸ ਦੁੱਧ ਦੇ ਭਰ ਕੇ ਇਕ ਉਸ ਦੇ ਹੱਥ ਵਿਚ ਫੜਾ ਦਿੱਤਾ-'ਕਰਤਾਰ ਸਿੰਘ ਬੋਲ ਪਿਆ-'ਬੜਾ  ਤੱਤੈ ਗਲਾਸ।''

''ਤੂੰ ਗਰਮ-ਗਰਮ ਦੁੱਧ ਪੀ।''

''ਬੀਬੀ ਚਾਹ ਲਿਔਣੀ ਸੀ।

''ਛੱਡ ਚਾਹ ਨੂੰ। ਆਹ ਫੜ ਰਸ।''

ਕਰਤਾਰ ਦੇ ਦੰਦਾਂ ਹੇਠਾਂ ਰਸ ਕੜ-ਕੜ ਕਰ ਰਹੇ ਸਨ। ਉਹ ਇਕ ਖਾ ਕੇ ਦੂਜਾ ਚੁੱਕ ਲੈਂਦਾ। ਉਸਨੇ ਰਸਾਂ ਵਾਲਾ ਲਿਫ਼ਾਫ਼ਾ ਖਾਲੀ ਕਰ ਦਿੱਤਾ, ਮੰਜੀ ਉੱਤੋਂ ਉਠਦਾ ਹੀ ਬੋਲ ਪਿਆ-''ਬੀਬੀ। ਝੱਟ ਪੱਟ ਤਿਆਰ ਹੋ। ਕਿਧਰੇ ਜਾਣੈ।''

''ਵੇ ਸਾਹ ਲੈ। ਥੋੜ੍ਹਾ ਸੌਂ ਲੈ। ਤੇਰੀਆਂ ਅੱਖਾਂ ਉਨੀਂਦੇ ਨਾਲ ਲਾਲ ਹੋਈਆਂ ਪਈਐਂ।''

''ਬੱਸ, ਤੂੰ ਅੱਧਾ ਘੰਟਾ ਹੋਰ ਲਾ ਲੈ। ਮੈਂ ਵੀ ਲੱਕ ਸਿੱਧਾ ਕਰ ਲਾਂ। ਜੇ ਮੇਰੀ ਅੱਖ ਲੱਗ ਗਈ ਤਾਂ ਵਾਜ ਮਾਰ ਲਈਂ।''

''ਤੂੰ ਦੱਸੇਂ ਵੀ ਜਾਣਾ ਕਿੱਥੇ ਐ ? ਮੁੜਨਾ ਕਦੋਂ ਐ ?''

''ਤੈਨੂੰ ਸਾਰੀ ਗੱਲ ਰਾਹ ਵਿਚ ਦੱਸੂੰ।''

''ਨਹੀਂ, ਤੂੰ ਹੁਣੇ ਦਸ।''

''ਤੈਨੂੰ ਪਤੈ। ਛੜਿਆਂ ਨੂੰ ਕੋਈ ਮਕਾਨ ਕਰਾਏ ਤੇ ਨਹੀਂ ਦੇਂਦਾ। ਏਸ ਵਾਸਤੇ ਤੈਨੂੰ ਨਾਲ ਲਿਜਾਣੈ।''

''ਚੱਲ ਫੇਰ।''

''ਜਿੱਥੇ ਆਪਾਂ ਜਾਣੈ, ਓਥੇ ਕੋਈ ਨਾ ਕੋਈ ਗਦਰੀ ਖੜ੍ਹਾ ਹੋਊ। ਮਕਾਨ ਟਿਕਾਣੇ ਤੇ ਐ। ਪੰਜ ਕਮਰੇ ਐ। ਸਾਰਾ ਖਾਲੀ ਪਿਐ। ਜੇ ਮਿਲ ਜਾਏ ਤਾਂ ਤੂੰ ਅੱਜ ਰਾਤ ਓਥੇ ਰਹਿਣੈ। ਉਹ ਗਦਰੀ ਵੀ ਓਥੇ ਰਹੂ। ਸ਼ੈਦ ਹੋਰ ਕੋਈ ਵੀ ਰਹਿ ਪਊ।''

''ਤੇ ਤੂੰ ? ਨਾਲੇ ਉਹ ਕਿਹੜਾ ਕੋਈ ਗਦਰੀ ਹੋਊ ?

''ਮੈਂ ਡਿਊਟੀ ਤੇ ਜਾਣੈ। ਪਤਾ ਨਹੀਂ ਕੀਹਦੀ ਡੀਊਟੀ ਲੱਗੀ ਐ।''

ਨਾ ਕਰਤਾਰ ਨੇ ਆਰਾਮ ਕੀਤਾ ਤੇ ਨਾ ਗੁਲਾਬ ਕੌਰ ਨੇ ਦੇਰ ਲਾਈ। ਕਰਤਾਰ ਸਿੰਘ ਨੇ ਬਾਹਰ ਨਿਕਲਦਿਆਂ ਹੀ ਸਾਈਕਲ ਫੜ ਕੇ ਕਿਹਾ-''ਬਹਿ ਜਾ ਪਿੱਛੇ।''

''ਮੈਂ ਤਾਂ ਕਦੇ ਸੈਕਲ ਤੇ ਬੈਠੀ ਨਹੀਂ।''

''ਨਾ ਤੂੰ ਕਦੇ ਮਨੀਲੇ ਗਈ ਸੀ। ਨਾ ਕਦੇ ਲਹੌਰ ਆਈ ਸੀ। ਨਾ ਕਦੇ ਸੈਕਲ ਤੇ ਬੈਠੀ ਸੀ। ਨਾ ਕਦੇ ਗਦਰੀ ਬਣੀ ਸੀ।'' ਕਹਿ ਕੇ ਹਸਦਿਆਂ-ਹਸਦਿਆਂ ਉਸ ਨੇ ਗੁਲਾਬ ਕੌਰ ਨੂੰ ਸਾਈਕਲ ਦੇ ਪਿੱਛੇ ਬਿਠਾਇਆ। ਆਪ ਪਲਾਕੀ ਮਾਰ ਕੇ ਚੜ੍ਹਦਿਆਂ ਉਸ ਨੇ ਸਾਈਕਲ ਦੌੜਾ ਲਿਆ। ਧੁੰਦ ਖ਼ਤਮ ਹੋ ਰਹੀ ਸੀ। ਸੂਰਜ ਚੜ੍ਹ ਆਇਆ ਸੀ। ਫਿਰ ਵੀ ਠੰਢ ਬੜੀ ਸੀ।

ਉਨ੍ਹਾਂ ਨੇ ਰਾਹ ਵਿਚ ਕੋਈ ਗੱਲ ਨਾ ਕੀਤੀ। ਮੋਚੀ ਦਰਵਾਜ਼ੇ ਪਹੁੰਚ ਕੇ ਇਕ ਗਲੀ ਦੇ ਸਾਹਮਣੇ ਉਸ ਨੇ ਸਾਈਕਲ ਖੜ੍ਹਾ ਕਰ ਦਿੱਤਾ। ਉੱਥੇ ਇਕ ਬੰਦੇ ਨੂੰ ਇਧਰ ਉੱਧਰ ਟਹਿਲਦਿਆਂ ਵੇਖ ਕੇ ਕਰਤਾਰ ਨੇ ਦੱਸਿਆ-''ਇਹ ਇੰਦਰ ਸਿਹੁੰ ਐ। ਪਿੰਡ ਇਹਦਾ ਭਸੀਣ ਐ।''

ਉਹ ਭਸੀਣ ਸ਼ਬਦ ਸੁਣਦਿਆਂ ਹੀ ਕੜਕ ਪਈ। ''ਉਹ ਪੁਲਸੀਆ ਗੁਲਾਬੂ ਵੀ ਤਾਂ ਭਸੀਣ ਦਾ ਹੀ ਐ।''

''ਇਕ ਪੁਲਸੀਆ ਮਾੜੈ ਤਾਂ ਸਾਰਾ ਭਸੀਣ-।''

''ਨਹੀਂ ਮੇਰਾ ਮਤਲਬ ਇਹ ਨਹੀਂ।''

ਉਸੇ ਵੇਲੇ ਉਸੇ ਗਲੀ ਦੇ ਸਾਹਮਣੇ ਇਕ ਤਾਂਗਾ ਆ ਰੁਕਿਆ। ਉਨ੍ਹਾਂ ਦਾ ਧਿਆਨ ਉਧਰ ਚਲਿਆ ਗਿਆ। ਕਰਤਾਰ ਸਿੰਘ ਨੇ ਤਾਂਗੇ ਤੋਂ ਉਤਰਦੇ ਬੰਦੇ ਬਾਰੇ ਦੱਸਿਆ-''ਇਹ ਲਾਲਾ ਰਾਮ ਸਰਨ ਦਾਸ ਤੇ ਨਾਲ ਇਹਨਾਂ ਦੇ ਘਰ ਵਾਲੀ, ਸਾਡੀ ਭੈਣ ਸਤਿਆਵਤੀ ਐ। ਅਣਦਾੜ੍ਹੀਆ ਜੋ ਅਗਲੀ ਮੀਟ ਤੋਂ ਉੱਤਰ ਰਿਹੈ, ਇਹ ਐ ਸੱਜਣ ਸਿਹੁੰ ਆਪਣਾ ਬੇਲੀ।''

ਸਾਰੇ, ਗਲੀ ਦੇ ਸਿਰੇ ਉੱਤੇ ਇਕੱਠੇ ਹੋ ਕੇ ਕੁਝ ਦੇਰ ਗੱਲਾਂ ਕਰਦੇ ਰਹੇ। ਫਿਰ ਕਰਤਾਰ ਸਿੰਘ ਨੇ ਖਾਲੀ ਮਕਾਨ ਦਾ ਕੁੰਡਾ ਜਾ ਖੜਕਾਇਆ। ਇਕ ਬੰਦੇ ਨੇ ਬੂਹਾ ਖੋਲ੍ਹਿਆ। ਉਸ ਦੇ ਪਿੱਛੇ ਉਸ ਦੀ ਤੀਵੀਂ ਆ ਖਲੋਤੀ। ਕਰਤਾਰ ਨੇ ਕਿਹਾ-'ਮੈਂ ਮਕਾਨ ਵੇਖਣ ਆਇਆ ਸਾਂ, ਤੁਸੀਂ ਛੜਾ ਜਾਣ ਕੇ ਗੱਲ ਨਾ ਕੀਤੀ। ਹੁਣ ਤੁਸੀਂ ਸਭ ਕੁਝ ਪੁੱਛ ਦਸ ਲੌ। ਮੈਂ ਚਲਦਾਂ। ਮੈਂ ਕਪੜਾ ਲੈਣ ਅੰਬਰਸਰ ਜਾਣੈ। ਗੱਡੀ ਫੜਨੀ ਐ।''

ਮਾਲਕ ਮਕਾਨ ਨੇ ਉਨ੍ਹਾਂ ਨੂੰ ਡਿਉਢੀ ਵਿਚ ਸੱਦ ਲਿਆ। ਸਤਿਆਵਤੀ ਨੇ ਰਾਮ ਸਰਨ ਵੱਲ ਇਸ਼ਾਰਾ ਕਰਕੇ ਦੱਸਿਆ- ''ਇਹ ਮੇਰੇ ਪਤੀ ਐ, ਅਸੀਂ ਕਪੜੇ ਦੇ ਵਪਾਰੀ ਆਂ। ਆੜ੍ਹਤ ਦੀ ਦੁਕਾਨ ਵੀ ਐ ਸਾਡੀ। ਕਪੂਰਥਲਿਓਂ ਆਏ ਆਂ। ਸਾਨੂੰ ਤਾਂ ਮਕਾਨ ਮਿਲ ਗਿਐ ਮੱਛੀ ਹੱਟੇ।'' ਉਸ ਨੇ ਗੁਲਾਬ ਕੌਰ ਤੇ ਇੰਦਰ ਸਿੰਘ ਵੱਲ ਇਸਾਰਾ ਕਰਕੇ ਕਿਹਾ-''ਇਹਨਾਂ ਨੂੰ ਮਕਾਨ ਚਾਹੀਦੈ।''

ਮਾਲਕ ਮਕਾਨ ਨੇ ਪੁੱਛਿਆ-''ਇਹ ਮੁੰਡਾ ਕੌਣ ਐ ?''

ਗੁਲਾਬ ਕੌਰ ਬੋਲ ਪਈ ''ਜੀ ਅਸੀਂ ਲਾਲਾ ਜੀ ਤੋਂ ਕਪੜਾ ਲੈ ਕੇ ਵੇਚਦੇ ਆਂ। ਮੇਰੇ ਪੰਜ ਭਰਾ ਐ। ਤਿੰਨ ਬਡੇ ਤੇ ਦੋ ਛੋਟੇ। ਜਿਹੜਾ ਥੋਡੇ ਕੋਲੇ ਆਇਆ ਸੀ, ਉਹ ਇਹਤੋਂ ਵੱਡੈ, ਚੌਥੇ ਥਾਂ। ਇਹ ਸਭ ਤੋਂ ਛੋਟੈ।'' ਮਾਲਕ ਮਕਾਨ ਦੀਆਂ ਨਜ਼ਰਾਂ ਸੁਆਲਾਂ ਨਾਲ ਭਰੀਆਂ ਤਾੜ ਕੇ ਗੁਲਾਬ ਕੌਰ ਫਿਰ ਦੱਸਣ ਲੱਗ ਪਈ।-''ਸੱਜਣ ਨੇ ਤਾਂ ਫਿਰ ਮੁੜ ਜਾਣੈ। ਪਾੜ੍ਹਾ ਐ। ਅੱਜੇ ਪੜ੍ਹਦੈ। ਓਂ ਸਾਡੇ ਆਇਆ ਗਿਆ ਰਹੂ। ਤਿੰਨ ਭਰਾ ਸੈਕਲਾਂ ਤੇ ਫਿਰ ਕੇ ਕਪੜਾ ਬੇਚਦੇ ਐ। ਉਹਨਾਂ ਨਾਲ ਕੋਈ ਹੋਰ ਆਇਆ ਗਿਆ ਵੀ ਰਹੂ। ਲਾਲਾ ਜੀ ਤੇ ਭੈਣ ਹੋਰੀਂ ਵੀ ਆਉਂਦੇ ਜਾਂਦੇ ਰਹਿਣਗੇ।'

ਮਾਲਕ ਮਕਾਨ ਦੇ ਪਿੱਛੇ ਖਲੋਤੀ ਤੀਵੀਂ ਬੋਲ ਪਈ-''ਅਸੀਂ ਸ਼ਰਾਬ ਤੇ ਸਿਰਗਟਾਂ ਪੀਣ ਵਾਲਿਆਂ ਨੂੰ ਮਕਾਨ ਨਹੀਂ ਦੇਂਦੇ। ਗੁਲਾਬ ਕੌਰ ਉੱਚੀ-ਉੱਚੀ ਹੱਸਣ ਲੱਗ ਪਈ। ਉਸ ਨੇ ਇੰਦਰ ਸਿੰਘ ਵੱਲ ਇਸ਼ਾਰਾ ਕਰਕੇ ਉਸ ਦੀ ਦਾੜ੍ਹੀ ਨੂੰ ਹੱਥ ਲਾਉਂਦਿਆਂ ਕਿਹਾ-''ਮੇਰੇ ਘਰ ਵਾਲਾ...।'' ਉਸ ਦੀ ਗੱਲ ਵਿਚੋਂ ਹੀ ਫੜ ਕੇ ਮਾਲਕ ਮਕਾਨ ਨੇ ਕਿਹਾ-''ਸਿੱਖ ਸਿਗਰਟ ਬੀੜੀ ਤਾਂ ਨਹੀਂ ਪੀਂਦੇ ਪਰ ਸ਼ਰਾਬ...।''

''ਨਾ ਜੀ ਨਾ। ਆਪਣਾ ਨਸ਼ਾ ਤਾਂ ਬੱਸ ਚਾਹ ਐ।''

''ਕਰਾਇਆ ਅਸੀਂ ਪੇਸ਼ਗੀ ਲਵਾਂਗੇ।''

''ਹਰ ਪਹਿਲੀ ਤਰੀਕ ਨੂੰ ਦਊਂ। ਅੱਜ ਐਤਵਾਰ ਆ ਤੇ ਤਰੀਕ ਸਤ ਆ ਦੂਜੇ ਮਹੀਨੇ ਦੀ।''

ਵੀਹ ਰੁਪਏ ਪੇਸ਼ਗੀ ਲੈ ਕੇ ਮਾਲਕ ਮਕਾਨ ਨੇ ਚਾਬੀਆਂ ਗੁਲਾਬ ਕੌਰ ਦੇ ਹੱਥ ਫੜਾਈਆਂ। ਮਾਲਕ ਮਕਾਨ ਤੇ ਉਸ ਦੀ ਤੀਵੀਂ ਬਾਹਰ ਨਿਕਲੇ ਹੀ ਸਨ ਕਿ ਸਤਿਆਵਤੀ ਨੇ ਅੰਦਰੋਂ ਕੁੰਡਾ ਲਾ ਕੇ ਆਖਿਆ-''ਅਸੀਂ ਚਲਦੇ ਆਂ।''

''ਭੈਣ ਜੀ ਤੇਰਾ ਨਾ ਔਖੈ। ਮੈਂ ਤਾਂ ਤੈਨੂੰ ਸਤਿਆ ਹੀ ਸੱਦੂੰ। ਤੂੰ ਮੈਨੂੰ ਗੁਲਾਬੋ ਸੱਦ ਲਿਆ ਕਰ। ਅੱਜ ਤਾਂ ਲੱਕੜਾਂ ਵੀ ਹੈ ਨਹੀਂ ਚੁੱਲ੍ਹਾ ਭਖੌਣ ਨੂੰ, ਨਹੀਂ ਤਾਂ ਚਾਹ ਕਰਦੀ ਥੋਡੇ ਲਈ।'' ਕਹਿੰਦੀ ਹੀ ਉਹ ਹੱਸਣ ਲੱਗ ਪਈ।

ਇੰਦਰ ਸਿੰਘ ਨੇ ਅੰਦਰੋਂ ਕੁੰਡਾ ਖੋਲ੍ਹਦਿਆਂ ਕਿਹਾ-''ਮੈਂ ਚਲਦਾਂ।'' ਉਸ ਦੀ ਗੱਲ ਸੁਣ ਕੇ ਉਹ ਉੱਚੀ-ਉੱਚੀ ਹੱਸਣ ਲੱਗ ਪਈ। ''ਕਰਤਾਰ ਤਾਂ ਕਹਿੰਦਾ ਸੀ ਤੂੰ...।''

''ਉਹ ਤਾਂ ਕਹਿੰਦਾ ਸੀ ਪਰ ਮੈਂ ਡੂਟੀ ਤੇ ਜਾਣੈ। ਪਾੜ੍ਹਾ ਰਹੂ ਤੇਰੇ ਕੋਲੇ। ਬਾਜ਼ਾਰ ਨੇੜੇ ਐ। ਤਨੂਰ ਤੋਂ ਰੋਟੀ ਖਾ ਆਇਓ। ਸਾਡਾ ਇਕ ਪੇਂਡੂ ਤੁਹਾਨੂੰ ਦੋ ਬਿਸਤਰੇ ਪਹੁੰਚਾ ਦਊ।'' ਉਹ ਗਿਆ ਹੀ ਸੀ ਕਿ ਗੁਲਾਬ ਕੌਰ ਨੇ ਬਾਹਰੋਂ ਜੰਦਰਾ ਮਾਰਿਆ ਤੇ ਸੱਜਣ ਸਿੰੇਘ ਨੂੰ ਨਾਲ ਲੈ ਕੇ ਬਜ਼ਾਰ ਨੂੰ ਨਿਕਲ ਤੁਰੀ।

# 3

ਗੁਲਾਬ ਕੌਰ, ਮੁੂਲ ਚੰਦ ਦੀ ਸਰਾਂ ਦੇ ਆਪਣੇ ਮਕਾਨ ਵਿਚ, ਅੰਦਰੋਂ ਕੁੰਡਾ ਮਾਰ ਕੇ ਮਸ਼ੀਨ ਚਲਾ ਰਹੀ ਸੀ। ਉਹ ਮੂੰਹ ਵਿਚ ਹੀ ਕੁਝ ਗੁਣਗੁਣਾ ਰਹੀ ਸੀ। ਉਹ ਮਹਿਸੂਸ ਕਰ ਰਹੀ ਸੀ, ਜਿਵੇਂ ਯਾਦ ਕੀਤੀਆਂ ਗਦਰ ਦੀਆਂ ਗੂੰਜਾਂ ਉਸ ਨੂੰ ਭੁੱਲ ਗਈਆਂ ਹੋਣ। ਉਹ ਸਾਰਾ ਦਿਨ ਮਸ਼ੀਨ ਚਲਾਉਂਦੀ ਥੱਕ ਗਈ ਸੀ। ਉਸ ਨੇ ਬਾਹਰ ਝਾਤ ਮਾਰੀ। ਕਿਣਮਿਣ-ਕਿਣਮਿਣ ਹੋ ਰਹੀ ਸੀ। ਹਵਾ ਵੀ ਵਗ ਰਹੀ ਸੀ। ਹਨੇਰਾ ਉੱਤਰ ਰਿਹਾ ਸੀ। ਉਸ ਦਾ ਮਨ ਬਾਹਰ ਫਿਰ ਕੇ ਲੱਤਾਂ ਸਿੱਧੀਆਂ ਕਰਨ ਨੂੰ ਕਰਦਾ ਸੀ ਪਰ ਫਿਰ ਕੁਝ ਸੋਚ ਕੇ ਬੂਹਾ ਭੀੜ ਕੇ ਆਪਣੀ ਪੀੜ੍ਹੀ ਉੱਤੇ ਜਾ ਬੈਠੀ। ਲੱਤਾਂ ਲੰਮਿਆਰ ਕੇ ਕਿੰਨਾ ਚਿਰ ਬੈਠੀ ਸੋਚਦੀ ਰਹੀ।

ਉਸਦਾ ਧਿਆਨ ਜੀਵਨ ਸਿੰਘ ਤੇ ਮਨੀਲੇ ਤੋਂ ਆਏ ਹੋਰ ਸਾਥੀਆਂ ਵੱਲ ਚਲਾ ਗਿਆ। ਫੇਰੂ ਸ਼ਹਿਰ ਦੇ ਸਾਕੇ ਵਿਚ ਫੜੇ ਗਏ ਸਾਥੀਆਂ ਦਾ ਧਿਆਨ ਕਰਕੇ ਉਸ ਦੇ ਰੋਮ ਖੜ੍ਹੇ ਹੋ ਗਏ। ਉਹ ਹਰ ਰੋਜ਼ ਗਦਰੀਆਂ ਤੋਂ ਸੁਣਦੀ ਸੀ ਕਿ ਉਨ੍ਹਾਂ ਨੂੰ ਫਾਂਸੀ ਤੋਂ ਘੱਟ ਸਜ਼ਾ ਨਹੀਂ ਹੋਣੀ। ਕਦੇ ਉਸ ਦਾ ਧਿਆਨ ਉਨ੍ਹਾਂ ਵੱਲ ਜਾਂਦਾ ਤੇ ਕਦੇ ਉਹ ਬਾਬਾ ਤਾਰੂ ਸਿੰਘ ਨਾਲ ਗੱਲਾਂ ਕਰਨ ਲੱਗ ਪੈਂਦੀ। ਕਦੇ ਮਨ ਦੀ ਮਨ ਵਿਚ ਮਾਨ ਸਿੰਘ ਨੂੰ ਬੁਰਾ ਭਲਾ ਕਹਿਣ ਲੱਗ ਪੈਂਦੀ। ਅਚਨਚੇਤ ਹੀ ਭੀੜਿਆ ਹੋਇਆ ਬੂਹਾ ਚੁਫਾਲ ਖੁਲ੍ਹ ਗਿਆ। ਉਸਨੇ ਤ੍ਰੱਬਕ ਕੇ, ਬਾਹਰ ਵੱਲ ਝਾਤ ਮਾਰੀ। ਡਿਉਢੀ ਦੇ ਬਾਹਰਵਾਰੋਂ ਕਤੂਰੇ ਦੇ ਭੌਂਕਣ ਦੀ ਅਵਾਜ਼ ਆ ਰਹੀ ਸੀ। ਉਸਨੇ ਪੁੱਚ-ਪੁੱਚ ਕਰਕੇ ਸੱਦਿਆ। ਮੀਂਹ ਵਿਚ ਭਿੱਜਾ ਕਤੂਰਾ, ਉਸਦੇ ਸਾਹਮਣੇ ਖਲੋ ਕੇ ਪੂੰਛ ਹਿਲਾਉਣ ਲੱਗ ਪਿਆ। ਗੁਲਾਬ ਕੌਰ ਨੇ ਸੱਜਰੀਆਂ ਪਕਾਈਆਂ ਰੋਟੀਆਂ ਵਿਚੋਂ ਇਕ ਰੋਟੀ ਚੰਗੇਰ ਵਿਚੋਂ ਕੱਢ ਕੇ ਚਾਰ ਟੋਟੇ ਕਰਕੇ ਉਸ ਦੇ ਸਾਹਮਣੇ ਰੱਖ ਦਿੱਤੀ। ਕਤੂਰਾ ਰੋਟੀ ਖਾਣ ਲੱਗ ਪਿਆ। ਉਸਨੇ ਅੰਦਰੋਂ ਕੁੰਡਾ ਮਾਰ ਕੇ ਪੀੜ੍ਹੀ ਉੱਤੇ ਬਹਿੰਦਿਆਂ ਉੱਚੀ ਸਾਰੀ ਵਾਜ ਮਾਰੀ-'ਵੇ ਕਰਤਾਰ, ਉੱਠ। ਰਾਤ ਪੈ ਗਈ ਐ। ਤੂੰ ਕਿਧਰੇ ਡੂਟੀ ਉੱਤੇ ਜਾਣਾ ਹੋਊ।' ਕਰਤਾਰ ਅੱਖਾਂ ਮਲਦਾ-ਮਲਦਾ ਸਿਰੋਂ ਨੰਗਾ ਉਸ ਦੇ ਕੋਲ ਆ ਖਲੋਤਾ।

ਗੁਲਾਬ ਕੌਰ ਨੇ ਜ਼ਰਾ ਖਹੁਰੇ ਜਿਹੇ ਲਹਿਜ਼ੇ ਵਿਚ ਕਿਹਾ-'ਝੰਡੇ ਵਿਚ ਦੋ ਹਿੱਸੇ ਜੋੜਨੇ ਸੀ। ਤੂੰ ਹੁਣ ਵਿਚ ਤੀਜਾ ਆ ਰਲਾਇਐ। ਕੰਮ ਕਿੰਨਾਂ ਵੱਧ ਗਿਐ।'

ਕਰਤਾਰ ਸਿੰਘ ਨੇ ਉਸ ਦੇ ਸਾਹਮਣੇ ਪਈ ਲੱਕੜ ਦੀ ਕੁਰਸੀ ਉੱਤੇ ਬਹਿੰਦਿਆਂ ਕਿਹਾ-'ਬੀਬੀ ਤੇਰੇ ਨਾਲ ਬੜੀਆਂ ਗੱਲਾਂ ਕਰਨ ਨੂੰ ਮਨ ਕਰਦੈ ਪਰ...।'

'ਤੂੰ ਔਂਦੈ ਖਾਣ ਲਈ ਜਾ ਸੌਣ ਲਈ। ਹਰ ਵਕਤ ਤੇਰੀ ਡੂਟੀ ਲੱਗੀ ਰਹਿੰਦੀ ਐ। ਕੀ ਰਾਤੀਂ ਤੇ ਕੀ ਦਿਨੇ।'

'ਬੀਬੀ ਤੂੰ ਸੱਚੀ ਐਂ। ਮੇਰੀ ਡਿਊਟੀ ਬੜੀ ਕੁਵੱਲੀ ਐ।'

'ਮੈਨੂੰ ਪਤੈ। ਤੂੰ ਕੀ ਦੱਸਣੈ। ਪਹਿਲੋਂ ਦੋ ਲੀੜੇ ਜੋੜਦੀ ਸੀ, ਤੂੰ ਹੁਣ ਤਿੰਨ ਲੀੜੇ ਬਣਾ ਦਿੱਤੇ ਐ।'

'ਤੈਨੂੰ ਦੱਸਦਾਂ। ਜਦ ਮਿਰਕਣ ਤੋਂ ਤੁਰੇ ਤਾਂ ਦੋਰੰਗੇ ਝੰਡੇ ਅੱਗੇ ਖਲੋ ਕੇ ਕਸਮਾਂ ਖਾਧੀਆਂ ਸੀ। ਇਕ ਰੰਗ ਪਾਇਆ ਸੀ ਹਿੰਦੂਆਂ ਦਾ ਤੇ ਦੂਜਾ ਮੁਸਲਮਾਨਾਂ ਦਾ। ਏਥੇ ਆ ਕੇ ਗਦਰੀਆਂ ਵਿਚ ਚਰਚਾ ਛਿੜ ਪਈ ਕਿ ਸਿੱਖਾਂ ਦਾ ਰੰਗ ਵੀ ਪਾਓ। ਸਰਬਸੰਮਤੀ ਨਾਲ ਇਹ ਗੱਲ ਪਾਸ ਹੋ ਗਈ ਤੇ ਪਾਰਟੀ ਨੇ ਤਿੰਨ ਰੰਗਾ ਝੰਡਾ ਬਣਾ ਦਿੱਤਾ।'

'ਅੱਛਾ। ਹੁਣ ਲੱਗੈ ਪਤੈ। ਨਵਾਂ ਪੀਲਾ ਰੰਗ ਸਿੱਖਾਂ ਦਾ ਹੋਣੈ।'

'ਲਾਲ ਹਿੰਦੂਆਂ ਦਾ ਪੀਲਾ ਸਿੱਖਾਂ ਦਾ ਤੇ ਹਰਾ ਮੁਸਲਮਾਨਾਂ ਦਾ।'

'ਮੈਂ ਆਪਣਾ ਜ਼ੋਰ ਲਾ ਕੇ ਬਣਾਊਂ, ਜਿੰਨੇ ਬਣੇ। ਸੱਜਣ ਕਹਿੰਦਾ ਸੀ-ਸੌ ਤੋਂ ਘੱਟ ਨਾ ਹੋਣ। ਸਤਿਆ ਨੇ ਕਿੰਨੇਂ ਬਣਾਏ ਐ।'

'ਮੈਨੂੰ ਨਹੀਂ ਪਤਾ ਇਹ ਡਿਉਟੀ ਸੱਜਣ ਤੇ ਸੁੱਚੇ ਦੀ ਐ।'

ਗੁਲਾਬ ਕੌਰ ਨੇ, ਕਰਤਾਰ ਸਿੰਘ ਅੱਗੇ ਰੋਟੀ ਰੱਖ ਦਿੱਤੀ। ਉਹ ਗੋਭੀ-ਆਲੂਆਂ ਦੀ ਸਬਜ਼ੀ ਤੇ ਪੂਦਨੇ ਦੀ ਚਟਨੀ ਵੇਖ ਕੇ ਖ਼ੁਸ਼ ਹੋ ਗਿਆ। ਗੁਲਾਬ ਕੌਰ ਨੇ ਕਿਹਾ-'ਕਰਤਾਰ। ਮੈਂ ਤੈਨੂੰ ਗੱਲਾਂ ਪੁਛੂੰ, ਜਿਹੜੀ ਦੱਸਣੀ ਹੋਊ ਦੱਸ ਦਈਂ। ਜਿਹੜੀ ਨਾ ਦੱਸਣ ਵਾਲੀ ਹੋਊ, ਉਹ ਬੇਸ਼ੱਕ ਨਾ ਦੱਸੀਂ।'

'ਬੀਬੀ। ਮੈਂ ਤੇਰੇ ਕੋਲੋਂ ਕਦੇ ਕੋਈ ਗੱਲ ਲੁਕੋ ਕੇ ਨਹੀਂ ਰੱਖੀ, ਜਿਹੜੀ ਮੈਨੂੰ ਪਤਾ ਹੋਊ ਦੱਸ ਦਊਂ।'

'ਬੰਗਾਲੀ ਬੋਸ ਨਾਲ ਦੋ ਹੋਰ ਬੰਗਾਲੀ ਆਏ ਸੀ ਅੰਬਰਸਰ।'

'ਆਹੋ। ਇਕ ਬੰਗਾਲੀ ਐ, ਉਹਦਾ ਨਾਂ ਐ ਸੁਨਿਆਲ ਤੇ ਦੂਜਾ ਪਿੰਗਲੇਂ ਮਿਰਕਣ ਤੋਂ ਆਇਐ।

'ਵੇ ਪਿੰਗਲੇ ਨਾਂ ਕੀ ਹੋਇਆ ?'

'ਉਹਦਾ ਪੂਰਾ ਨਾਂ ਵਿਸ਼ਨੂੰ ਗਣੇਸ਼ ਪਿੰਗਲੇ ਐ। ਮਰਹੱਟਾ ਐ।'

'ਫੇਰ ਮੈਂ ਤਾਂ ਉਹਨੂੰ ਵਿਸ਼ਨੂੰ ਸੱਦੂੰ, ਵੇਖਿਆ ਨਹੀਂ ਮੁੜਕੇ।'

'ਮੇਰਠ ਗਿਐ ਡਿਊਟੀ ਤੇ।'

'ਕਰਤਾਰ। ਤੈਨੂੰ ਪਤੈ ਉਹ ਜਦ ਰੋਟੀ ਖਾਣ ਬਹਿੰਦਾ ਸੀ ਤਾਂ ਆਲੂਆਂ ਤੇ ਮੂਲੀਆਂ ਵਾਲੇ ਪਰਾਉਂਠਿਆਂ ਦੀ ਗੱਲ ਤੋਰ ਲੈਂਦਾ ਸੀ। ਜੇ ਹੁਣ ਆਇਆ ਤਾਂ ਉਹਨੂੰ ਪਰਾਉਂਠੇ ਜ਼ਰੂਰ ਖੁਆਊਂ।'

'ਬੀਬੀ। ਅਸੀਂ ਕੱਠੇ ਪੜ੍ਹਦੇ ਸਾਂ। ਛੁੱਟੀ ਵਾਲੇ ਦਿਨ ਮਿਰਕਣ, ਆਲੂਆਂ ਵਾਲੇ ਪਰਾਉਂਠੇ ਬਣਦੇ ਸੀ ਸਾਡੇ ਡੇਰੇ ਵਿਚ।'

'ਤਾਹੀਓਂ ਘੜੀ-ਘੜੀ ਪਰਾਉਂਠਿਆਂ ਦੀ ਗੱਲ ਕਰਦਾ ਸੀ।'

'ਦਾਦਾ ਤਾਂ ਪੰਜਾਬੀ ਰੋਟੀ ਖਾ ਕੇ ਬੜਾ ਖ਼ੁਸ਼ ਹੁੰਦੈ। ਉਹਦਾ ਇਕ ਸਿੱਖ ਦੋਸਤ ਐ ਡਿਹਰਾਦੂਨ, ਜੀਹਦੇ ਹੇਠਾਂ ਉਹ ਕੰਮ ਕਰਦਾ ਰਿਹੈ। ਉਹਦੇ ਕੋਲੋਂ ਪੰਜਾਬੀ ਰੋਟੀ ਖਾਣੀ ਗਿਐ ਹਿਲ। ਦਾਦਾ ਦੱਸਦੈ ਕਿ ਉਹਦਾ ਨਾਂ ਪੂਰਨ ਸਿਹੁੰ ਐ ਤੇ ਜੰਗਲ ਦੇ ਮਹਿਕਮੇ ਵਿਚ ਬੜਾ ਵੱਡਾ ਅਫਸਰ ਐ। ਜਪਾਨ ਪੜ੍ਹ ਕੇ ਆਇਐ। ਨਾਲੇ ਜਾਪਾਨੀ ਬੋਲਦੈ।'

'ਕਦੋਂ ਆਉਣੈ ਉਹਨਾਂ ਹੁਣ ?'

'ਦਾਦਾ ਆਇਆ ਹੋਇਐ। ਸੱਤਿਆ ਭੈਣ ਦੇ ਘਰ ਐ ਮੱਛੀ ਹੱਟੇ ਵਾਲੇ ਘਰ।'

'ਤੂੰ ਕਹਿੰਦਾ ਸੀ ਮੀਆਂਮੀਰ ਜਾਣੈ।'

'ਜਾਣਾ ਤਾਂ ਸੀ ਤੈਨੂੰ ਨਾਲ ਲੈ ਕੇ ਪਰ ਮੀਂਹ ਨਹੀਂ ਹਟਦਾ।'

'ਮੈਂ ਕੀ ਕਰਨ ਜਾਣਾ ਸੀ।'

'ਓਥੇ ਚੁੱਘੇ ਦਾ ਪੱਕਾ ਟਿਕਾਣੈ। ਮੀਆਂ ਮੀਰ ਛੌਣੀ ਦੇ ਕੁਝ ਫੌਜੀ ਸਾਡੇ ਨਾਲ ਰਲ ਗਏ ਐ। ਓਥੇ ਆਪਣਾ ਬੰਦੈ ਮਦਨ ਸਿਹੁੰ ਗਾਗਾ। ਤਰਖਾਣਾ ਕੰਮ ਕਰਦੈ। ਉਹਨੂੰ ਤੇ ਤੈਨੂੰ ਨਾਲ ਲੈ ਕੇ ਇਕ ਘਰ ਕਰਾਏ ਤੇ ਲੈਣੈ। ਉਹਦੀ ਹੱਟੀ ਉੱਤੇ ਗਾਹਕ ਔਂਦੇ ਰਹਿੰਦੇ ਐ। ਸਾਨੂੰ ਨਵੇਕਲਾ ਟਿਕਾਣਾ ਚਾਹੀਦੈ।'

'ਚੱਲ ਫੇਰ। ਮੈਂ ਤਾਂ ਤਿਆਰ ਆਂ। ਮੀਂਹ ਵਰ੍ਹਦੈ ਤਾਂ ਕੀ ਹੋਇਆ। ਮੈਂ ਕੋਈ ਲੂਣ ਦੀ ਖਿੱਟੀ ਆਂ ਕਿ ਘੁਲ ਜਾਊਂ।'

'ਮੈਂ ਥੱਕਿਆ ਟੁੱਟਿਆ ਪਿਆਂ। ਪਰਮਾਨੰਦ ਦੀ ਦੁਕਾਨ ਤੇ ਜਾਣੈ। ਜੇ ਹੋਰ ਕੋਈ ਕੰਮ ਨਾ ਹੋਇਆ ਤਾਂ ਬਾਰਾਂ ਵੱਜੇ ਤੋਂ ਪਹਿਲੋਂ-ਪਹਿਲੋਂ ਮੁੜ ਆਊਂ ਤੇ ਮੀਆਂਮੀਰ ਚੱਲਾਂਗੇ।' ਕਹਿ ਕੇ ਉਹ ਉੱਠ ਖਲੋਤਾ।

# 4

ਅੱਧੀ ਰਾਤ ਅੱਗੇ ਤੇ ਅੱਧੀ ਪਿੱਛੇ ਸੀ। ਗੁਲਾਬ ਕੌਰ ਤਿਰੰਗੇ ਝੰਡੇ ਬਣਾ-ਬਣਾ ਕੇ ਥੱਕ ਟੁੱਟ ਕੇ ਘੂਕ ਸੁੱਤੀ ਪਈ ਸੀ। ਕੁਝ ਖੜਾਕ ਸੁਣ ਕੇ ਉਹ ਅੱਭੜਵਾਹੇ ਉੱਠ ਖਲੋਤੀ। ਅੱਖਾਂ ਮਲਦਿਆਂ-ਮਲਦਿਆਂ ਉਸ ਝੀਤਾਂ ਥਾਣੀ ਬਾਹਰ ਵੱਲ ਵੇਖਿਆ। ਉਸ ਨੂੰ ਕੁਝ ਨਜ਼ਰ ਨਾ ਆਇਆ। ਉਹ ਸੋਚਣ ਲੱਗੀ-'ਕਿਤੇ ਸਪਾਹਟਾ ਗੁਲਾਬੂ ਹੀ ਨਾ ਸ਼ਹਿ ਲਾ ਕੇ ਬੈਠਾ ਹੋਵੇ ਬਾਹਰ।' ਉਸ ਨੇ ਸਿਰਹਾਣੇ ਹੇਠੋਂ ਛੁਰਾ ਕੱਢ ਕੇ ਝੀਤਾਂ ਵਿਚੋਂ ਬਾਹਰ ਵੇਖ ਕੇ ਪੁੱਛਿਆ-'ਕੌਣ ਆ ਬਾਹਰ ?' ਜਿਵੇਂ ਬਿੱਲੀ ਆਪਣੇ ਪੰਜਿਆਂ ਨਾਲ ਬੂਹਾ ਖੁਰਚਦੀ ਹੈ, ਉਹੋ ਜਿਹੀ ਆਵਾਜ਼ ਸੁਣ ਕੇ ਉਸ ਨੇ ਸੱਜੇ ਹੱਥ ਦੀ ਮੁੱਠੀ ਵਿਚ ਛੁਰਾ ਘੁੱਟ ਕੇ, ਹੱਥ ਸਿਰ ਤੋਂ ਉੱਚਾ ਕੀਤਾ ਹੀ ਸੀ ਕਿ ਬਾਹਰੋਂ ਨਿੰਮ੍ਹੀ ਜਿਹੀ ਅਵਾਜ਼ ਆਈ-'ਬੀਬੀ। ਸਰਬ ਲੋਹ।'

ਗੁਲਾਬ ਕੌਰ ਨੇ ਛੁਰਾ ਮੰਜੇ ਉੱਤੇ ਵਗਾਹ ਮਾਰਿਆ। ਸੱਜਣ ਸਿੰਘ ਨੂੰ ਆਪਣੀ ਜੱਫੀ ਵਿਚ ਘੁੱਟਦਿਆਂ ਉਸ ਦਾ ਮੱਥਾ ਚੁੰਮ ਕੇ ਕਿਹਾ-'ਵੇ ਸੱਜਣਾ ! ਤੂੰ ਸੋਲਾਂ ਦਾ ਤਾਂ ਹੋ ਗਿਆ ਹੋਵੇਂਗਾ।'

'ਨਹੀਂ ਬੀਬੀ ਸਤਾਰ੍ਹਵਾਂ ਚੜ੍ਹਨ ਨੂੰ ਫਿਰਦੈ।'

'ਭੁੱਖਾ ਹੋਵੇਂਗਾ ਨਾਲੇ ਤੂੰ ਠਰਿਆ ਪਿਐਂ। ਚਾਹ ਕਰਾਂ।'

'ਨਹੀਂ ਬੀਬੀ। ਤੂੰ ਮੈਨੂੰ ਤਿਰੰਗੇ ਫੜਾ, ਮੈਂ ਹੁਣੇ ਮੁੜਨੈ। ਅਟਕਣਾ ਨਹੀਂ। ਮੱਛੀ ਹੱਟੇ ਪਹੁੰਚਣੈ।'

'ਉਥੇ ਸਤਿਆ ਨੇ ਨਹੀਂ ਬਣਾਏ ਤਿਰੰਗੇ ?'

'ਮੈਨੂੰ ਨਹੀਂ ਪਤਾ ਕੁਝ ਵੀ। ਸਤਿਆ ਭੈਣ ਤਾਂ ਉਥੇ ਹੈ ਨਹੀਂ, ਬੰਦਿਆਂ ਉਥੋਂ ਤੜਕੇ ਨਿਕਲ ਜਾਣੈ ਪਿੰਡਾਂ ਨੂੰ।'

ਤਿਰੰਗਿਆਂ ਵਾਲੀ ਪੋਟਲੀ ਗੁਲਾਬ ਕੌਰ ਦੇ ਹੱਥੋਂ ਫੜ ਕੇ ਸਾਈਕਲ ਪਿੱਛੇ ਬੰਨ੍ਹਦਿਆਂ ਸੱਜਣ ਸਿੰਘ ਨੇ ਦੱਸਿਆ-'ਬੀਬੀ ਇਕ ਬੜੀ ਮਾੜੀ ਖ਼ਬਰ ਐ। ਕਰਤਾਰ ਨੇ ਕਿਹਾ ਸੀ ਤੈਨੂੰ ਦੱਸ ਆਵਾਂ।'

ਗੁਲਾਬ ਕੌਰ, ਦੀਵੇ ਦੀ ਨਿੰਮ੍ਹੀ ਜਿਹੀ ਲੋਅ ਦਾ ਚਾਨਣ ਸੱਜਣ ਸਿੰਘ ਦੇ ਚਿਹਰੇ ਉੱਤੇ ਪਿਆ ਵੇਖ ਰਹੀ ਸੀ। ਉਸ ਦਾ ਉਦਾਸ ਚਿਹਰਾ ਵੇਖ ਕੇ ਕਾਹਲੀ ਨਾਲ ਪੁੱਛਿਆ-'ਮਨੀਲੇ ਵਾਲਿਆਂ ਨੂੰ ਫਾਂਸੀ ਦੀ ਸਜ਼ਾ ਹੋ ਗਈ ਸੁਣੀ ਐ ?'

'ਹਾਂ ਬੀਬੀ।' ਕਹਿਕੇ ਸੱਜਣ ਸਿੰਘ ਨੇ ਸਾਈਕਲ ਤੋਰ ਲਿਆ।

ਗੁਲਾਬ ਕੌਰ ਨੇ ਬੂਹਾ ਭੀੜਿਆ ਹੀ ਸੀ ਕਿ ਦੀਵਾ ਟਿਮਟਿਮਾਂਦਾ ਬੁਝ ਗਿਆ। ਉਹ ਆਪਣਾ ਸਿਰ ਦੋਹਾਂ ਹੱਥਾਂ ਵਿਚ ਫੜ ਕੇ ਲੇਟ ਗਈ। ਖੁੱਲ੍ਹੀਆਂ ਅੱਖਾਂ ਨਾਲ ਵੀ ਉਹ ਆਪਣੇ ਚੋਹੀਂ ਪਾਸੀਂ ਹਨੇਰਾ ਪਸਰਿਆ ਵੇਖ ਰਹੀ ਸੀ। ਉਹ ਕੁਝ ਦੇਰ ਇਸ ਤਰ੍ਹਾਂ ਲੰਮੀ ਪਈ ਰਹੀ। ਉਸ ਦਾ ਮਨ ਕਾਹਲਾ ਪੈਣ ਲੱਗ ਪਿਆ। ਉਹ ਉੱਠ ਕੇ ਬੈਠ ਗਈ ਤੇ ਫਿਰ ਲੇਟ ਗਈ। ਫਿਰ ਉੱਠ ਕੇ ਪੋਲੇ-ਪੋਲੇ ਕਦਮੀਂ ਕਮਰੇ ਵਿਚ ਹੀ ਤੁਰਨ ਲੱਗ ਪਈ। ਕਮਰੇ ਦੇ ਵਿਚਕਾਰ ਲੱਕੜ ਦੀ ਥੰਮ੍ਹੀ ਸੀ। ਉਹ ਉਸ ਥੰਮ੍ਹੀ ਨੂੰ ਜੱਫੀ ਵਿਚ ਲੈ ਕੇ ਉਸ ਦੇ ਆਲੇ ਦੁਆਲੇ ਗੇੜੇ ਕੱਢਦੀ ਰਹੀ, ਸਿਰ ਚਕਰਾਂਦਾ ਜਾਣ ਕੇ ਉਹ ਮੰਜੇ ਉੱਤੇ ਜਾ ਬੈਠੀ।

ਜੀਵਨ ਸਿੰਘ, ਲਾਲ ਸਿੰਘ, ਧਿਆਨ ਸਿੰਘ, ਹਾਫ਼ਜ਼ ਅਦਬੁਲਾ, ਸੁਰਜਨ ਸਿੰਘ, ਰਹਿਮਤ ਅਲੀ ਤੇ ਹੋਰ ਕਈ ਸਾਥੀ ਵਾਰੀ-ਵਾਰੀ ਉਸ ਦੇ ਸਾਹਮਣੇ ਆਉਣ ਲੱਗ ਪਏ। ਉਹ ਉਨ੍ਹਾਂ ਦੀਆਂ ਕਹੀਆਂ ਗੱਲਾਂ ਯਾਦ ਕਰਨ ਲੱਗ ਪਈ। ਉਸ ਨੂੰ ਉਹ ਸਮਾਂ ਯਾਦ ਆਇਆ, ਜਦ ਉਹ ਜੀਵਨ ਸਿੰਘ ਨੂੰ ਆਪਣਾ ਪਤੀ ਮਿਥ ਕੇ ਪੁਲਸ ਦੇ ਹੱਥੋਂ ਬਚ ਕੇ, ਗਦਰੀਆਂ ਵਿਚ ਰਲਣਾ ਚਾਹੁੰਦੀ ਸੀ। ਠੀਕ ਉਸੇ ਵੇਲੇ ਜੀਵਨ ਸਿੰਘ ਉਸ ਦੇ ਸਾਹਮਣੇ ਆ ਖਲੋਤਾ। ਉਹ ਕਹਿ ਰਿਹਾ ਸੀ-'ਗੁਲਾਬੋ। ਤੂੰ ਮੇਰੀ ਭੈਣ ਆਂ। ਮੈਂ ਤੇਰਾ ਝੂਠਾ ਮੂਠਾ ਪਤੀ ਵੀ ਕਿਸ ਤਰ੍ਹਾਂ ਬਣ ਸਕਦਾਂ। ਕੁਝ ਅਕਲ ਦੀ ਗੱਲ ਕਰ।' ਗੁਲਾਬ ਕੌਰ ਦੀਆਂ ਅੱਖਾਂ ਵਿਚੋਂ ਛੰਮ-ਛੰਮ ਅੱਥਰੂ ਵਹਿ ਤੁਰੇ। ਉਹ ਬਿਸਤਰੇ ਵਿਚ ਬਹਿ ਕੇ ਗੋਡਿਆਂ ਵਿਚ ਸਿਰ ਦੇ ਕੇ ਗੁਣ ਗੁਣਾਉਣ ਲੱਗ ਪਈ :-

ਵੇ ਵੀਰਾ ਜੀਇਆਂ !
ਨਾ ਮੈਂ ਤੈਨੂੰ ਘੋੜੀ ਚੜ੍ਹਾਇਆ,
ਨਾ ਘੋੜੀਆਂ ਗਾਈਆਂ।
ਨਾ ਗੁੰਦੀਆਂ ਘੋੜੀ ਦੀਆਂ ਵਾਗਾਂ,

ਨਾ ਮੈਂ ਤੈਨੂੰ ਬੰਨ੍ਹਿਆਂ ਗਾਨਾ।
ਭੈਣ ਤੇਰੀ ਕਿਧਰ ਜਾਏ।
ਨਾ ਪੂਰੀਆਂ ਹੋਈਆਂ ਤਾਂਘਾਂ।
ਵੇ ਮੇਰੇ ਵੀਰ ਜੀਣਿਆਂ,
ਤੂੰ ਉੱਚੀਆਂ ਮਾਰੀਆਂ ਲਾਂਘਾਂ
ਵੇ ਮੇਰੇ ਵੀਰ ਜੀਣਿਆਂ
ਕਿਧਰ ਜਾਏ ਗੁਲਾਬੋ
ਮਾਰੇ ਉੱਚੀਆਂ-ਉੱਚੀਆਂ ਚਾਂਗਾਂ
ਇਕ ਵਾਰੀ ਆਈਂ ਵੀਰ ਵੇ
ਵੇ ਇਕ ਵਾਰੀ ਆਈਂ ਵੀਰ ਵੇ।'
ਕਿਧਰ ਜਾਏ ਗੁਲਾਬੋ
ਇਕ ਵਾਰੀ ਆਈਂ ਵੀਰ ਵੇ।

ਉਹ ਗੁਣ ਗੁਣਾਉਂਦੀ, ਗੁਣ ਗੁਣਾਉਂਦੀ ਫਿਸ ਪਈ। ਉਸ ਨੇ ਦੁਪੱਟੇ ਨਾਲ ਅੱਖਾਂ ਪੂੰਝੀਆਂ, ਉਸਦਾ ਦੁਪੱਟਾ ਉਸ ਦੇ ਹੰਝੂਆਂ ਨਾਲ ਗੜੂੰਦ ਹੋਇਆ ਪਿਆ ਸੀ।

ਅਚਾਨਕ ਜ਼ੋਰ ਦੀ ਦਰਵਾਜਾ ਖੜਕਿਆ। ਉਹ ਕਾਹਲੀ ਨਾਲ ਉੱਠੀ, ਉਸ ਨੇ ਝਕਦਿਆਂ ਝੱਕਦਿਆਂ ਬੂਹਾ ਖੋਲ੍ਹਿਆ। ਹਵਾ ਜ਼ੋਰ ਦੀ ਵਗ ਰਹੀ ਸੀ। ਜਾਣਦਿਆਂ ਬੁਝਦਿਆਂ ਕਿ ਜੀਵਨ ਸਿੰਘ ਤਾਂ ਫਾਂਸੀ ਵਾਲੀ ਕੋਠੀ ਵਿਚ ਡੱਕਿਆ ਹੋਇਆ ਹੋਵੇਗਾ, ਘੁੱਪ ਹਨੇਰੇ ਵਿਚੋਂ ਉਸ ਦੇ ਬੁੱਤ ਦੀ ਭਾਲ ਕਰਨ ਲੱਗ ਪਈ।

## 5

'ਵੇ ਮੈਂ ਤੰਦ ਚਰਖੇ ਦੀ ਪਾਈ,

ਵੇ ਮੈਂ ਤੰਦ ਚਰਖੇ ਦੀ।'

ਗੁਲਾਬ ਕੌਰ ਆਪਣੇ ਕਮਰੇ ਦੇ ਅੰਦਰ ਹੀ ਪੀੜ੍ਹੀ ਉੱਤੇ ਬੈਠੀ ਚਰਖਾ ਕੱਤਦੀ ਗੁਣ-ਗੁਣਾ ਰਹੀ ਸੀ। ਉਸ ਦੀਆਂ ਪੂਣੀਆਂ ਮੁੱਕ ਗਈਆਂ। ਉਹ ਪੂਣੀਆਂ ਵੱਟਦੀ-ਵੱਟਦੀ ਸੋਚੀਂ ਪਈ ਹੋਈ ਸੀ। ਥੋੜ੍ਹੀਆਂ ਜਿਹੀਆਂ ਪੂਣੀਆਂ ਵੱਟ ਕੇ, ਉੱਠ ਕੇ ਬਾਹਰ ਵੱਲ ਵੇਖਣ ਲੱਗ ਪਈ, ਜਿਵੇਂ ਕਿਸੇ ਦੀ ਉਡੀਕ ਕਰ ਰਹੀ ਹੋਵੇ। ਉਸਨੇ ਤਕਲੇ ਉੱਤੋਂ ਮੁੱਢਾ ਲਾਹ ਕੇ ਨਵੀਂ ਤੰਦ ਪਾਉਂਦਿਆਂ ਗੁਣ ਗੁਣਾਉਣਾ ਅਰੰਭ ਦਿੱਤਾ-

ਵੀਰਾ ! ਤੰਦ ਚਰਖੇ ਦੀ ਪਾਈ,

ਵੇ ਮੈਂ ਤੰਦ ਚਰਖੇ ਦੀ।

ਜਰਾ ਕੁ ਚੁੱਪ ਕਰਕੇ ਬੋਲ ਪਈ-

ਵੀਰਾ। ਤੰਦ ਚਰਖੇ ਦੀ ਪਾਈ,

ਵੇ ਮੈਂ ਤੰਦ ਚਰਖੇ ਦੀ,

ਤੇਰੇ ਲਈ ਮੈਂ ਕੱਤਾਂ ਚਰਖਾ

ਘੂਕ ਚਰਖੇ ਦੀ ਪਾਵਾਂ,

ਤੇਰੇ ਲਈ ਭਠਿਆਰਣ ਬਣ ਗਈ

ਬੈਠੀ ਔਂਸੀਆਂ ਪਾਵਾਂ।

ਬਹੁੜੇਂਗਾ ਤੂੰ ਕਦੋਂ ਵੀਰਨਾ।

ਮੈਂ ਤੇਰੇ ਸਦਕੇ ਜਾਵਾਂ।

ਬਹੁੜੇਂਗਾ ਤੂੰ ਕਦੋਂ ਵੀਰਨਾ ?'

ਗੁਣ ਗੁਣਾਉਂਦਿਆਂ, ਉਸ ਨੇ ਦੋਹਾਂ ਹੱਥਾਂ ਨਾਲ ਦੁਪੱਟਾ ਚੁਕਿਆ ਤੇ ਮੂੰਹ ਢੱਕ ਲਿਆ। ਉਸ ਦਾ ਗੱਚ ਭਰ ਆਇਆ ਸੀ। ਵਾਜਾਂ ਤਾਂ ਉਹ ਕਰਤਾਰ ਸਿੰਘ ਨੂੰ ਮਾਰ ਰਹੀ ਸੀ ਪਰ ਰੋ ਰਹੀ ਸੀ, ਉਨ੍ਹਾਂ ਭਰਾਵਾਂ ਦੇ ਸਦਾ ਲਈ ਪੈ ਜਾਣ ਵਾਲੇ ਵਿਛੋੜੇ ਲਈ, ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਬੋਲ ਗਈ ਸੀ।

ਉਸ ਦਾ ਬੂਹਾ ਚੁਫਾਲ ਖੁਲ੍ਹਾ ਵੇਖਕੇ, ਗੁਲਾਬ ਸਿੰਘ ਉਧਰੋਂ ਗਸ਼ਤ ਕਰਦਾ-ਕਰਦਾ ਰੁਕ ਗਿਆ। ਪਹਿਲੋਂ ਉਸ ਨੇ ਵਰਦੀ ਵਾਲੀ ਪੱਗ ਸੰਵਾਰੀ। ਫੇਰ ਉਸ ਨੇ ਆਪਣੀਆਂ ਮੁੱਛਾਂ ਮਰੋੜ ਕੇ ਕੁੰਡਲ ਪਾਏ। ਮੈਲੀ ਜਿਹੀ ਟਾਕੀ ਨਾਲ ਉਸਨੇ ਕਾਲੇ ਬੂਟਾਂ ਉੱਤੇ ਪਿਆ ਘੱਟਾ ਝਾੜਿਆ। ਇਕ ਨਿੱਕਾ ਜਿਹਾ ਖੰਘੂਰਾ ਮਾਰ ਕੇ ਗੁਲਾਬ ਕੌਰ ਦੇ ਬੂਹੇ ਅੱਗੇ ਜਾ ਖਲੋਤਾ। ਨੀਵੀਂ ਪਾਈ ਗੁਲਾਬ ਕੌਰ ਆਪ ਧਿਆਨੀ ਗੁਣਗੁਣਾ ਰਹੀ ਸੀ। ਉਸ ਨੇ ਨਜ਼ਰ ਚੁੱਕ ਕੇ ਗੁਲਾਬ ਸਿੰਘ ਵੱਲ ਤੱਕਿਆ। ਅੱਗੋਂ ਉਹ ਬੋਲ ਪਿਆ- 'ਮੈਂ ਕਿਹਾ ਚੱਲ ਗੁਲਾਬੋ ਨੂੰ ਹੀ ਮਿਲ ਆਈਏ।'

'ਹੌਲਦਾਰਾ ! ਅੱਜ ਤਾਂ ਬੜੀ ਟੱਸ ਕੱਢੀ ਐ ਤੂੰ।'

'ਨਹੀਂ ਗੁਲਾਬੋ ਨਹੀਂ। ਪਿੰਡ ਗਿਆ ਸਾਂ। ਵਰਦੀ ਘੱਟੇ ਨਾਲ ਭਰ ਗਈ ਸੀ। ਧੁਆ ਤੇ ਪਾਈ ਐ। ਜ਼ਰਾ ਚਮਕ ਆਈ ਐ।'

ਗੁਲਾਬ ਸਿੰਘ ਬੂਹਿਓਂ ਬਾਹਰ ਖਲੋਤਾ ਸੀ। ਗੁਲਾਬ ਕੌਰ ਪੀੜ੍ਹੀ ਉੱਤੇ ਬੈਠ ਬਾਹਰ ਵੱਲ ਮੂੰਹ ਕਰਕੇ ਚਰਖਾ ਕੱਤ ਰਹੀ ਸੀ। ਦੋਵੇਂ ਜ਼ਰਾ ਚੁੱਪ ਰਹੇ। ਗੁਲਾਬ ਸਿੰਘ ਨੇ ਹੌਸਲਾ ਕਰਕੇ ਪੁੱਛਿਆ-'ਜੇ ਕਹੇਂ ਤਾਂ ਮੈਂ ਅੰਦਰ ਆ ਬਹਾਂ।'

'ਨਾ ਭਾਈ ਨਾ। ਜੇ ਕੋਈ ਵੇਖੂ ਤਾਂ ਕੀ ਕਹੂ। ਲੋਕੀਂ ਐਵੇਂ ਊਜਾਂ ਲੈਣ ਲੱਗ ਪੈਂਦੇ ਐ।'

ਗੁਲਾਬ ਸਿੰਘ ਦਾ ਇਕ ਪੈਰ ਮੁਹਾਠ ਦੇ ਅੰਦਰ ਸੀ ਤੇ ਇਕ ਬਾਹਰ। ਉਸਨੇ ਦੂਜਾ ਪੈਰ ਵੀ ਦਹਿਲੀਜ਼ ਤੋਂ ਬਾਹਰ ਕੱਢ ਲਿਆ। ਉਹ ਨਿੰਮੋਝੂਣਾ ਜਿਹਾ ਖਲੋਤਾ ਸੀ। ਅਗੋਂ ਉਸ ਨੂੰ ਕੋਈ ਗੱਲ ਨਹੀਂ ਸੀ ਸੁੱਝ ਰਹੀ। ਏਨੇ ਨੂੰ ਇਕ ਆਵਾਰਾ ਕੁੱਤਾ, ਖੁਰਕ

ਖਾਧਾ, ਗੁਲਾਬ ਸਿੰਘ ਪਾਸ ਆ ਕੇ ਉਸ ਵੱਲ ਵੇਖ ਕੇ ਭੌਂਕਣ ਲੱਗ ਪਿਆ। ਉਸਨੇ ਠੁੱਡ ਮਾਰਿਆ। ਕੁੱਤੇ ਦੇ ਪੇਟ ਵਿਚ ਲੱਗਾ। ਉਹ ਚਊਂ-ਚਊਂ ਕਰਦਾ ਪੂਛ ਦਬਾ ਕੇ ਬਾਹਰ ਨੂੰ ਨਿਕਲ ਤੁਰਿਆ। ਗੁਲਾਬ ਸਿੰਘ ਆਪਣੀ ਜਿੱਤ ਵੇਖਕੇ ਸੱਜੀ ਮੁੱਛ ਮਰੋੜਨ ਲੱਗ ਪਿਆ। ਗੁਲਾਬ ਕੌਰ ਚਰਖਾ ਕੱਤਣਾ ਛੱਡ ਕੇ ਹੱਸਣ ਲੱਗ ਪਈ-'ਹੌਲਦਾਰ ਤੂੰ ਸਮਝਦੈ ਕੁੱਤਾ ਭੌਂਕਣੋਂ ਹਟ ਜਾਊ। ਉਹ ਤੈਨੂੰ ਨਹੀਂ ਭੌਂਕਦਾ ਤੇਰੀ ਵਰਦੀ ਨੂੰ ਭੌਂਕਦੈ।'

'ਕੁੱਤਾ ਭੌਂਕੂ ਤਾਂ ਮੈਂ ਵਰਦੀ ਲਾਹ ਦਊਂ।' ਗੁਲਾਬ ਸਿੰਘ ਨੇ ਆਪਣਾ ਫੀਨਾ ਨੱਕ ਫੁਲਾ ਕੇ ਕਿਹਾ।

ਗੁਲਾਬ ਕੌਰ ਨੇ ਠੱਠਾ ਕੀਤਾ-'ਹੌਲਦਾਰਾ। ਜਿਹੜੀ  ਵਰਦੀ ਕੁੱਤੇ ਨੂੰ ਨਹੀਂ ਚੰਗੀ ਲਗਦੀ, ਤੈਨੂੰ ਕਿਉਂ ਚੰਗੀ ਲਗਦੀ ਐ ?'

'ਤੂੰ ਤਾਂ ਝੇਡਾਂ ਕਰਦੀ ਐਂ। ਮੇਰਾ ਇਕ ਚਾਚੈ। ਦੂਰੋਂ ਪਾਰੋਂ। ਉਂਜ ਮੇਰੇ ਹਾਣਦਾ ਈ ਐ। ਉਹ ਫੌਜੀ ਸੀ। ਨਾਵਾਂ ਕਟਾ ਕੇ ਆ ਵੜਿਐ ਪਿੰਡ। ਉਹਨੇ ਬੜਾ ਜ਼ੋਰ ਲਾਇਐ ਕਿ ਮੈਂ ਨੌਕਰੀ ਛੱਡ ਦਿਆਂ। ਵਰਦੀ ਲਾਹ ਦਿਆਂ। ਉਹ ਕਹਿੰਦੈ ਇਹ ਵਰਦੀ ਗੁਲਾਮੀ ਦੀ ਵਰਦੀ ਐ। ਕੋਈ ਪੁੱਛੇ ਇੰਦਰ ਸਿਹੁੰ ਨੂੰ...।' ਉਹ ਗੱਲਾਂ ਕਰਦਾ-ਕਰਦਾ ਵਿੱਚੇ ਰੁਕ ਗਿਆ।

ਗੁਲਾਬ ਕੌਰ ਝੱਟ ਤਾੜ ਗਈ ਕਿ ਇੰਦਰ ਸਿੰਘ ਗਦਰੀ ਇਹਦਾ ਪੇਂਡੂ ਹੈ। ਉਸ ਨੇ ਹੀ ਇਸ ਨੂੰ ਨੌਕਰੀ ਛੱਡਣ ਲਈ ਕਿਹਾ ਹੋਵੇਗਾ। ਹੋ ਸਕਦਾ ਹੈ, ਇਸ ਨੂੰ ਗਦਰ ਕਰਨ ਲਈ ਤਿਆਰ ਕਰਦਾ ਰਿਹਾ ਹੋਵੇ।

ਗੁਲਾਬ ਸਿੰਘ ਨੇ ਏਧਰ ਓਧਰ ਨਜ਼ਰ ਮਾਰ ਕੇ ਪੁੱਛਿਆ-

'ਮੈਂ ਇਕ ਗੱਲ ਪੁੱਛਾਂ। ਤੂੰ ਗੁੱਸਾ ਨਾ ਮਨਾਈਂ।'

'ਜੇ ਪੁੱਛਣ ਵਾਲੀ ਐ ਤਾਂ ਪੁੱਛ।'

'ਮੈਂ ਸੁਣਿਐ ਤੇਰੇ ਪੰਜ ਭਰਾ ਐ।'

'ਹੌਲਦਾਰਾ। ਤੂੰ ਠੀਕ ਸੁਣਿਐਂ। ਤੈਨੂੰ ਕਿੱਥੋਂ ਪਤਾ ਲੱਗੈ। ਮੈਂ ਤਾਂ ਨਹੀਂ ਦੱਸਿਆ।'

'ਤੂੰ ਦੱਸ ਨਾ ਦੱਸ। ਅਸਾਂ ਪੁਲਸ ਦੀ ਵਰਦੀ ਕਾਹਦੇ ਲਈ ਪਾਈ ਐ।'

'ਅੱਛਾ। ਹੌਲਦਾਰਾ। ਤੂੰ ਤਾਂ ਖੁਫੀਆ ਕੰਮ ਵੀ ਕਰਦਾ ਹੋਵੇਂਗਾ।'

'ਨਹੀਂ ਗੁਲਾਬੋ, ਨਹੀਂ। ਪਤਾ ਨਹੀਂ ਕੀਹਨੇ ਦੱਸਿਆ ਸੀ। ਤੂੰ ਤਾਂ ਏਥੇ ਕੱਲੀ ਰਹਿੰਦੀ ਐਂ।'

'ਮੇਰੇ ਪੰਜ ਭਰਾ ਕੜੀਆਂ ਵਰਗੇ ਐ। ਤਿੰਨ ਮੀਆਂਮੀਰ ਛੌਣੀ ਵਿਚ ਐ। ਸਭ ਤੋਂ ਵੱਡਾ ਜਮਾਂਦਾਰ ਐ। ਉਸ ਤੋਂ ਛੋਟਾ ਸਟੋਰ ਕੀਪਰ ਤੇ ਤੀਜਾ ਅਜੇ ਰੰਗਰੂਟ ਹੀ ਐ।'

'ਤੇ ਦੋ ਹੋਰ।'

'ਨਿੱਕਾ ਦਸਵੀਂ ਪੜ੍ਹਦੈ। ਵੱਡਾ ਬੀਆ ਕਰਦੈ। ਕੱਠੇ ਰਹਿੰਦੇ ਐ ਦੋਵੇਂ ਕਾਲਜ ਲਾਗੇ। ਜਦੋਂ ਜੀਅ ਕਰਦੈ, ਆ ਵੜਦੇ ਐ।'

'ਗੁਲਾਬੋ। ਤੂੰ ਕੱਲੀ ਕਾਰੀ। ਤੂੰ, ਵਿਆਹ ਕਿਉਂ ਨਹੀਂ ਕਰਵਾ ਲੈਂਦੀ।' ਗੁਲਾਬ ਕੌਰ ਇਸੇ ਸਵਾਲ ਦੀ ਉਡੀਕ ਵਿਚ ਬੈਠੀ ਸੀ। ਉਸਨੇ ਸੱਜੇ ਪੈਰ ਦੇ ਪੌਲੇ ਨੂੰ ਹੱਥ ਪਾ ਕੇ ਉੱਚੀ ਸਾਰੀ ਕਿਹਾ-'ਹੌਲਦਾਰਾ। ਤੁਰਦਾ ਹੋ। ਮੇਰੇ ਵੱਡੇ ਨਿਧਾਨ ਸਿਹੁੰ ਦੇ ਕੋਲ ਪਸਤੌਲ ਭਰਿਆ ਰਹਿੰਦੈ। ਤੇਰੀ ਛਾਤੀ ਨੇ ਉਹਦੀਆਂ ਪੰਜ ਛੇ ਗੋਲੀਆਂ ਨਹੀਂ ਝੱਲਣੀਆਂ। ਤੁਰਦਾ ਹੋ।'

ਗੁਲਾਬ ਸਿੰਘ ਕੰਬ ਗਿਆ। ਉਹ ਬਾਹਰ ਵੱਲ ਨਿਕਲ ਤੁਰਿਆ। ਉਸ ਨੇ ਮੁੜ ਕੇ ਕਈ ਵਾਰੀ ਗੁਲਾਬ ਕੌਰ ਵੱਲ ਤੱਕਿਆ। ਉਹ ਨੀਵੀਂ ਪਾਈ ਬੈਠੀ ਸੀ। ਜਦ ਉਹ ਉਸ ਦੀ ਅੱਖੋਂ ਉਹਲੇ ਹੋ ਗਿਆ ਤਾਂ ਉਸਨੇ ਚਰਖਾ ਚੁੱਕ ਕੇ ਇਕ ਨੁੱਕਰ ਵਿਚ ਰੱਖਦਿਆਂ ਉੱਚੀ-ਉੱਚੀ ਹੱਸਣਾ ਸ਼ੁਰੂ ਕਰ ਦਿੱਤਾ ਤੇ ਉਹ ਕਿੰਨੀ ਦੇਰ ਹੱਸਦੀ ਰਹੀ।

# 6

'ਬੀਬੀ। ਪੰਡਤ ਐ ਨਾ ਪੰਡਤ, ਜਗਤ ਰਾਮ। ਤੂੰ ਉਹਦਾ ਨਾਂ ਸੁਣਿਆ ਹੋਣੈ...।'

ਸੱਜਣ ਸਿੰਘ ਦੀ ਗੱਲ ਟੋਕ ਕੇ ਗੁਲਾਬ ਕੌਰ ਵਿਚੋਂ ਹੀ ਬੋਲ ਪਈ-'ਵੇ ਪਾੜ੍ਹਾ ਤਾਂ ਸਾਡੇ ਨਾਲ ਆਇਆ ਸੀ ਮਨੀਲੇ ਤੋਂ। ਕਰਤਾਰ ਨਾਲ ਮਿਰਕਣ ਪੜ੍ਹਦਾ ਰਿਹੈ। ਕਲਕੱਤਿਓਂ ਗੱਡੀ ਚੜ੍ਹਿਐ ਸਾਡੇ ਨਾਲ। ਰਾਹ ਵਿਚੋਂ ਪੁਲਸ ਤੋਂ ਅੱਖ ਬਚਾਅ ਕੇ ਖਿਸਕ ਗਿਐ। ਮੁੜ ਨਹੀਂ ਕੋਈ ਉਘ ਸੁੱਘ ਸੁਣੀ ਉਹਦੀ। ਤੂੰ ਕੀ ਗੱਲ ਕਰਨ ਲੱਗਾ ਸੀ ਪੰਡਤ ਦੀ।'

'ਬੀਬੀ। ਤੈਨੂੰ ਪਤੈ ਉਹ ਪਸ਼ੌਰ ਗਿਆ ਸੀ ਹਥਿਆਰ ਖਰੀਦਣ ਤੇ ਓਥੇ ਹੀ ਫੜਿਆ ਗਿਆ ਸੀ।'

ਗੁਲਾਬ ਕੌਰ ਨੇ ਘਬਰਾ ਕੇ ਪੁੱਛਿਆ-'ਕਿਵੇਂ ਫੜਿਆ ਗਿਆ ? ਉਹ ਤਾਂ ਬੜਾ ਚਤਰ ਸੀ।'

'ਏਨਾ ਹੀ ਪਤੈ ਕਿ ਉਹ ਪਸ਼ੌਰ ਛੌਣੀ ਫੜਿਆ ਗਿਆ ਸੀ। ਹੋਰ ਵੀ ਕਈ ਗਦਰੀ ਫੜੇ ਗਏ ਐ। ਇਕ ਨਵਾਬ ਖਾਨ ਤੇ ਇਕ ਪਿਰਥੀ ਸਿੰਘ। ਦੋਵੇਂ ਮਿਰਕਣ ਤੋਂ ਆਏ ਸੀ।'

'ਵੇ ਸੱਜਣਾ। ਪਿਰਥੀ ਤਾਂ ਚੁੱਪ ਚਾਪ ਰਹਿੰਦਾ ਸੀ। ਨਵਾਬ ਬੜਾ ਗਲੋਖੜ ਸੀ। ਸਾਡੇ ਨਾਲ ਹੀ ਆਏ ਸੀ। ਬੜੀ ਮਾੜੀ ਗੱਲ ਹੋਈ। ਕਿੱਥੋਂ ਫੜੇ ਗਏ ? ਕਿਵੇਂ ਫੜੇ ਗਏ?

'ਇਹ ਤਿੰਨੇ ਤਾਂ ਬੀਬੀ ਪਿਛਲੇ ਸਾਲ ਹੀ ਫੜੇ ਗਏ ਸੀ। ਹੁਣ ਤਾਂ ਨਵੇਂ ਸਾਲ ਦਾ ਦੂਜਾ ਮਹੀਨਾ ਜਾਂਦੈ। ਤੈਨੂੰ ਨਹੀਂ ਸੀ ਪਤਾ ਇਹਨਾਂ ਦੇ ਫੜੇ ਜਾਣ ਦਾ ?'

'ਨਹੀਂ ਤਾਂ। ਉਂਜ ਕਰਤਾਰ ਦੱਸਦਾ ਸੀ, ਫੜੋ ਫੜੀ ਸ਼ੁਰੂ ਹੋ ਗਈ ਐ।'

'ਬੀਬੀ। ਮੋਰੀ ਗੇਟ ਵਾਲੇ ਮਕਾਨ ਦਾ ਮਾਲਕ ਇਕ ਦਿਨ ਤੜਕੇ ਹੀ ਆ ਪਹੁੰਚਾ। ਪੁੱਛਣ ਲੱਗਾ-'ਤੇਰੀ ਭੈਣ ਕਿੱਥੇ ਐ। ਮੈਂ ਕਿਹਾ-ਮੇਰੇ ਵੱਡੇ ਭਰਾ ਦੇ ਘਰ ਗਈ ਹੋਈ ਐ। ਉਹ ਚੁੱਪ ਕਰਕੇ ਮੁੜ ਗਿਆ। ਚੁਬਾਰੇ ਵਿਚ ਕਈ ਗਦਰੀ ਮੀਟਿੰਗ ਕਰ ਰਹੇ ਸੀ। ਮੈਂ ਹੇਠਾਂ ਪਹਿਰੇ ਉੱਤੇ ਸਾਂ।'

'ਕੌਣ ਕੌਣ ਸੀ ?'

'ਕਈ ਬੰਦੇ ਸੀ ਪੇਂਡੂ। ਬੋਸ, ਪਿੰਗਲੇ, ਸਾਨੀਆਲ, ਤੇ ਕਈ ਹੋਰ ਸੀ ਜਿਨ੍ਹਾਂ ਨੂੰ ਮੈਂ ਨਹੀਂ ਜਾਣਦਾ।'

'ਪਰਾਉਂਠੇ ਤਾਂ ਸਾਰੇ ਪੰਦਰਾਂ ਸੀ।'

'ਉਹ ਅਸਾਂ ਮੀਟਿੰਗ ਤੋਂ ਢੇਰ ਚਿਰ ਪਹਿਲੋਂ ਹੀ ਖਾ ਲਏ ਸੀ।'

'ਭਲਾ ਦਾਦਾ ਨੇ ਵੀ ਖਾਧੇ ਸੀ।'

'ਉਹਨੇ ਪਹਿਲੋਂ ਹੀ ਤਿੰਨ ਚੁੱਕ ਕੇ ਆਪਣੀ ਥਾਲੀ ਵਿਚ ਰੱਖ ਲਏ। ਤੇ ਮਸਤ ਹੋ ਕੇ ਬੋਲਿਆ 'ਦੀਦੀ ਕੋ ਕਹਿਨਾ ਫਿਰ ਭੀ ਭੇਜੇ। ਫਿਰ ਹਾਫੜਿਆ ਹੋਇਆ, ਬੁਰਕੀਆਂ ਦਹੀਂ ਨਾਲ ਭਰ ਕੇ ਖਾਣ ਲੱਗ ਪਿਆ। ਮੇਰੇ ਹਿੱਸੇ ਤਾਂ ਇਕ ਹੀ ਆਇਆ।'

'ਕਰਤਾਰ ਕਿਥੇ ਸੀ।'

ਉਹਨੇ ਦੋ ਪਰਾਉਂਠੇ ਚੁੱਕੇ ਤੇ ਖਾਂਦਾ-ਖਾਂਦਾ ਬਾਹਰ ਨੂੰ ਨਿਕਲ ਤੁਰਿਆ। ਉਹਨੇ ਕਿਹੈ ਕਿ ਜੇ ਕੋਈ ਬੰਦਾ ਤੇਰੇ ਕੋਲੋਂ ਆ ਕੇ 'ਲੋਹਟਬੱਧੀ' ਕਹੇ ਤਾਂ ਉਹਨੂੰ ਮੱਛੀ ਹੱਟੇ ਦੇ ਮਕਾਨ ਦਾ ਪਤਾ ਦੇ ਦੇਵੀਂ।'

'ਦੇ ਦਊਂ। ਤੇਰਾ ਸੈਕਲ ਕਿੱਥੇ ਐ ?'

'ਬਾਹਰ ਖੜਕੂ ਖੜੈ। ਉਹਦੇ ਕੋਲ ਐ।'

ਉਹਨੂੰ ਵੀ ਲੈ ਔਂਦਾ। ਰੋਟੀਆਂ ਪਈਐਂ। ਦਾਲ ਵੀ ਪਈ ਐ। ਮੈਂ ਗਰਮ ਕਰ ਦਊਂ।' ਸੱਜਣ ਸਿੰਘ, ਗੁਲਾਬ ਕੌਰ ਦੀ ਗੱਲ ਸੁਣ ਕੇ ਖੜਕ ਸਿੰਘ ਨੂੰ ਵਾਜ ਮਾਰਨ ਹੀ ਲੱਗਾ ਸੀ ਕਿ ਉਸ ਨੇ ਕੋਟ ਦੀ ਅੰਦਰਲੀ ਜੇਬ ਵਿਚੋਂ ਇਕ ਪੁਰਜਾ ਕੱਢ ਕੇ ਉਸ ਉੱਤੇ ਨਜ਼ਰ ਮਾਰ ਕੇ ਕਿਹਾ-'ਬੀਬੀ। ਮੈਂ ਬੜੀ ਭਾਰੀ ਗਲਤੀ ਕਰ ਚੱਲਿਆ ਸਾਂ।'

'ਕੀ ਗੱਲ ਐ ?'

'ਜਿਹੜਾ ਗਦਰੀ ਆ ਕੇ 'ਲੋਟਬੱਧੀ' ਕਹੇ, ਉਹਨੂੰ ਮੱਛੀ ਹੱਟੇ ਨਹੀਂ ਭੇਜਣਾ। ਮੀਆਂ ਮੀਰ ਭੇਜਣੈ, ਗਾਗੇ ਦੀ ਹੱਟੀ ਉੱਤੇ।'

'ਵੇ ਤੂੰ ਹੋਸ਼ ਨਾਲ ਕੰਮ ਕਰਿਆ ਕਰ।'

'ਅੱਜ ਤਾਂ ਮੈਂ ਬੀਬੀ ਮਾਰਿਆ ਚੱਲਿਆ ਸਾਂ, ਬੜੀ ਗਲਤੀ ਹੋਣ ਲੱਗੀ ਸੀ।'

'ਤੂੰ ਸਿਰ ਕਦੋਂ ਧੋਤੈ ?' ਪੁੱਛ ਕੇ ਗੁਲਾਬ ਕੌਰ ਮੁਸਕਰਾ ਪਈ।

'ਸੱਚੀਂ ਪੁੱਛੋਂ ਤਾਂ ਪਿਛਲੇ ਸਾਲ ਨਹਾਤਾ ਸਾਂ ਕੇਸੀਂ।' ਕਹਿ ਕੇ ਉਹ ਆਪ ਹੱਸਣ ਲੱਗ ਪਿਆ।

'ਜੇ ਤੂੰ ਠੰਢੇ ਨਾਲ ਨਹੀਂ ਧੋਣਾ ਤਾਂ ਮੈਂ ਪਾਣੀ ਗਰਮ ਕਰ ਦਊਂ। ਆ ਹੁਣੇ ਕਰ ਦੇਂਦੀ ਆਂ। ਖੜਕੂ ਨੂੰ ਸੱਦ ਲੈ। ਨਾਲੇ ਸਿਰ ਧੋ ਲੈ। ਨਾਲੇ ਰੋਟੀ ਖਾ ਲੈ।'

'ਨਹੀਂ ਬੀਬੀ। ਅਸਾਂ ਭਸੀਣ ਜਾਣੈ ਤੇ ਤਕਾਲਾਂ ਤੋਂ ਪਹਿਲੋਂ-ਪਹਿਲੋਂ ਮੁੜਨੈਂ।'

ਭਸੀਣ ਦਾ ਸ਼ਬਦ ਸੁਣ ਕੇ ਗੁਲਾਬ ਕੌਰ ਦੇ ਸਾਹਮਣੇ ਪੁਲਸੀਆ ਗੁਲਾਬ ਸਿੰਘ ਤੇ ਗਦਰੀ ਇੰਦਰ ਸਿੰਘ ਆ ਖਲੋਤੇ। ਉਸ ਨੇ ਪੁੱਛਿਆ-ਇੰਦਰ ਸਿਹੁੰ ਨੂੰ ਮਿਲਣ ਜਾਣੈ ?'

ਸੱਜਣ ਸਿੰਘ ਨੇ ਝਿਜਕਦਿਆਂ ਉੱਤਰ ਦਿੱਤਾ-'ਨਹੀਂ ਬੀਬੀ, ਨਹੀਂ। ਮੈਂ ਕੱਲ ਦੁਪਹਿਰੇ ਆਊਂ ਸਿਰ ਧੋਣ। ਚਲਦਾਂ ਦੇਰ ਹੋਂਦੀ ਐ।' ਕਹਿ ਕੇ ਸੱਜਣ ਸਿੰਘ ਬਾਹਰ ਵੱਲ ਦੌੜ ਪਿਆ।

ਗੁਲਾਬ ਕੌਰ ਨੇ ਉੱਚੀ ਸਾਰੀ ਕਿਹਾ-'ਮੈਂ ਪਾਣੀ ਗਰਮ ਰੱਖੂੰ। ਆਈਂ ਜ਼ਰੂਰ।'

# 7

'ਵੇ ਸੱਜਣਾ। ਤੂੰ ਠੀਕ ਵੇਲੇ ਸਿਰ ਆਇਐਂ। ਮੈਂ ਬੱਸ ਹੁਣੇ ਪਤੀਲਾ ਰੱਖਿਐ ਪਾਣੀ ਗਰਮ ਕਰਨ ਨੂੰ। ਤੈਨੂੰ ਸਾਹ ਕਿਉਂ ਚੜ੍ਹਿਆ ਹੋਇਐ ?'

ਸੱਜਣ ਸਿੰਘ ਨੇ ਗੁਲਾਬ ਕੌਰ ਨੂੰ ਬਾਹੋਂ ਫੜ ਕੇ ਅੰਦਰ ਵੱਲ ਤੋਰਦਿਆਂ ਦੱਸਿਆ-ਬੀਬੀ ਸਭ ਕੰਮ ਖਰਾਬ ਹੋ ਗਿਐ। ਫੜੋ ਫੜੀ ਜ਼ੋਰਾਂ ਤੇ ਐ। ਮੱਛੀ ਹੱਟੇ ਤੇ ਮੋਚੀ ਗੇਟ ਵਾਲੇ ਦੋਵੇਂ ਘਰ ਪੁਲਸ ਨੇ ਘੇਰੇ ਹੋਏ ਐ। ਕਰਤਾਰ ਹੋਰੀਂ ਖਿਸਕ ਗਏ ਐ। ਤੂੰ ਛੇਤੀ-ਛੇਤੀ ਮੈਨੂੰ ਆਪਣਾ ਇਕ ਸੂਟ ਤੇ ਦੁਪੱਟਾ ਦੇਹ। ਝੱਟ ਪੱਟ ਤਿਆਰ ਹੋ। ਗੱਡੀ ਔਣ ਵਾਲੀ ਐ। ਆਪਾਂ ਹੁਣੇ ਨਿਕਲ ਜਾਣੈ।'

ਸੱਜਣ ਸਿੰਘ ਦੀ ਗੱਲ ਸੁਣਦੀ-ਸੁਣਦੀ ਗੁਲਾਬ ਕੌਰ ਪੱਥਰ ਦੀ ਮੂਰਤੀ ਬਣ ਗਈ। ਜਿਵੇਂ ਉਸ ਦੇ ਪੈਰ ਧਰਤੀ ਵਿਚ ਗੱਡੇ ਰਹਿ ਗਏ ਹੋਣ। ਸੱਜਣ ਨੇ ਕਿਹਾ-'ਬੀਬੀ। ਛੇਤੀ ਕਰ। ਬੱਸ ਤਿੰਨਾਂ ਕਪੜਿਆਂ ਵਿਚ ਨਿਕਲ ਜਾਣੈ।' ਸੱਜਣ ਸਿੰਘ ਨੇ ਕਿੱਲੀ ਨਾਲੋਂ ਗੁਲਾਬ ਕੌਰ ਦੀ ਸਲਵਾਰ ਕਮੀਜ਼ ਲਾਹੀ। ਆਪਣੀ ਪੱਗ ਲਾਹ ਕੇ ਕੇਸ ਪਿੱਛੇ ਵਾਹੇ। ਦੂਜੀ ਕਿੱਲੀ ਤੋਂ ਇਕ ਦੁਪੱਟਾ ਲਾਹ ਕੇ ਸਿਰ ਉੱਤੇ ਲੈ ਲਿਆ। ਉਸ ਨੇ ਆਪਣੇ ਕਪੜੇ ਬੂਟ ਤੇ ਪੱਗ ਇਕ ਪੋਟਲੀ ਵਿਚ ਬੰਨ੍ਹ ਕੇ ਵਾਜ ਮਾਰੀ-'ਬੀਬੀ ! ਤੂੰ ਕਿੱਥੇ ਐਂ। ਛੇਤੀ ਕਰ।'

ਗੁਲਾਬ ਕੌਰ ਚੁੱਪ ਚੁਪੀਤੀ, ਹੈਰਾਨ ਪਰੇਸ਼ਾਨ ਹੋਈ ਤਿੰਨਾਂ ਕਪੜਿਆਂ ਵਿਚ ਬਾਹਰ ਨਿਕਲ ਤੁਰੀ। ਸੱਜਣ ਨੇ ਕਿਹਾ-'ਬੀਬੀ। ਤੂੰ ਅੱਗ ਤਾਂ ਬੁਝਾ ਦੇਣੀ ਸੀ।' ਉਸ ਨੇ ਅੰਦਰ ਜਾ ਕੇ ਪਤੀਲਾ ਚੁੱਲ੍ਹੇ ਦੇ ਵਿਚ ਉਲੱਦ ਕੇ ਅੱਗ ਬੁਝਾ ਦਿੱਤੀ। ਚਰਖੇ, ਪੀੜ੍ਹੀ ਤੇ ਕਪੜੇ ਸੀਉਣ ਵਾਲੀ ਮਸ਼ੀਨ ਵੱਲ ਇਕ ਨਜ਼ਰ ਮਾਰੀ। ਸੱਜਣ ਨੇ ਕੁੰਡਾ ਮਾਰ ਕੇ ਜੰਦਾ ਲਾਇਆ ਤੇ ਕੁੰਜੀ ਆਪਣੀ ਜੇਬ ਵਿਚ ਪਾ ਕੇ ਤੁਰ ਪਿਆ। ਆਪਣਾ ਸਾਈਕਲ ਵੀ ਉਸ ਨੇ ਉੱਥੇ ਕੰਧ ਨਾਲ ਖੜ੍ਹਾ ਰਹਿਣ ਦਿੱਤਾ! ਅੱਗੇ-ਅੱਗੇ ਸੱਜਣ ਸਿੰਘ ਤੇ ਪਿੱਛੇ-ਪਿੱਛੇ ਗੁਲਾਬ ਕੌਰ, ਸਟੇਸ਼ਨ ਜਾ ਪਹੁੰਚੇ। ਸੱਜਣ ਨੇ ਹੱਥ ਵਿਚਲੀ ਪੋਟਲੀ ਗੁਲਾਬ ਕੌਰ ਨੂੰ ਫੜਾ ਕੇ ਟਿਕਟ ਖਰੀਦੇ।

ਉਹ ਪਲੇਟਫਾਰਮ ਉੱਤੇ ਪਹੁੰਚੇ ਹੀ ਸਨ ਕਿ ਗੁਲਾਬ ਕੌਰ ਨੂੰ ਪੁਲਸੀਆ ਗੁਲਾਬ ਸਿੰਘ ਉੱਥੇ ਟਹਿਲਦਾ ਦਿਸ ਪਿਆ। ਉਸ ਨੇ ਸੱਜਣ ਨੂੰ ਉੱਥੇ ਹੀ ਖੜ੍ਹਾ ਰਹਿਣ ਦਾ ਇਸ਼ਾਰਾ ਕੀਤਾ ਤੇ ਆਪ ਕਾਹਲੇ-ਕਾਹਲੇ ਕਦਮ ਪੁੱਟ ਕੇ ਗੁਲਾਬ ਸਿੰਘ ਪਾਸ ਜਾ ਕੇ ਕਿਹਾ-'ਹੌਲਦਾਰਾ, ਮੇਰੀ ਨਿੱਕੀ ਭੈਣ, ਚਾਚੇ ਦੀ ਧੀ ਆਈ ਸੀ। ਮੈਂ ਉਹਨੂੰ ਅੰਬਰਸਰ ਛੱਡ ਆਵਾਂ। ਬੱਸ ਜਾਣ ਆਉਣ ਹੀ ਕਰਨੈ। ਜੇ ਕੱਲ ਨਾ ਮੁੜੀ ਤਾਂ ਪਰਸੋਂ ਜ਼ਰੂਰ ਮੁੜ ਆਊਂ। ਤੂੰ ਜ਼ਰਾ ਮੇਰੇ ਕਮਰੇ ਦਾ ਖਿਆਲ ਰੱਖੀਂ।'

ਗੁਲਾਬ ਸਿੰਘ ਨੇ ਬਿਨਾ ਬੋਲੇ, ਗੁਲਾਬ ਕੌਰ ਨੂੰ ਸਿਰ ਤੋਂ ਪੈਰਾਂ ਤਕ ਨਾਪ ਕੇ, ਕੁਝ ਦੂਰ ਖੜ੍ਹੀ ਉਸ ਦੀ ਭੈਣ ਵੱਲ ਤੱਕਿਆ। ਫਿਰ ਉਹ ਉਧਰ ਤੁਰ ਪਿਆ, ਜਿੱਥੇ ਸੱਜਣ ਸਿੰਘ ਤੀਵੀਂ ਦੇ ਲਿਬਾਸ ਵਿਚ ਖੜ੍ਹਾ ਸੀ। ਉਸ ਨੇ ਬਾਵਰਦੀ ਪੁਲਸੀਏ ਨੂੰ ਆਪਣੇ ਵੱਲ ਆਉਂਦਿਆਂ ਵੇਖ ਕੇ ਦੁਪੱਟੇ ਨਾਲ, ਮੁੱਛਾਂ ਵਾਲੀ ਥਾਂ ਤੇ ਨਿੱਕੀ-ਨਿੱਕੀ ਉਗਦੀ ਮਸ ਵਾਲਾ ਹਿੱਸਾ ਢੱਕ ਲਿਆ। ਨੇੜੇ ਢੁੱਕ ਕੇ ਗੁਲਾਬ ਕੌਰ ਨੇ ਦੱਸਿਆ-'ਇਹ ਮੇਰੀ ਭੈਣ ਅੰਬੋ ਐ।' ਸੱਜਣ ਨੇ ਅੱਗੋਂ ਸਿਰ ਨੀਵਾਂ ਕਰ ਲਿਆ।

'ਤੂੰ ਤਾਂ ਕਹਿੰਦੀ ਸੈਂ, ਤੂੰ ਪੰਜਾਂ ਭਰਾਵਾਂ ਦੀ ਇਕੋ ਇਕ ਭੈਣ ਆਂ।'

'ਹੌਲਦਾਰਾ। ਤੂੰ ਬੋਲਾ ਤਾਂ ਨਹੀਂ। ਮੈਂ ਤੈਨੂੰ ਦੱਸਿਐ, ਮੇਰੇ ਚਾਚੇ ਦੀ ਧੀ ਐ।'

'ਅੱਛਾ, ਅੱਛਾ। ਤੂੰ ਕਦੋਂ ਮੁੜਨੈ ? ਮੈਂ ਦਿਹਾੜੀ ਵਿਚ ਦੋ ਗੇੜੇ ਜ਼ਰੂਰ ਮਾਰੂੰ ਤੇਰੇ ਘਰ ਵੱਲ। ਕਿਸੇ ਦੀ ਮਜਾਲ ਐ ਤੇਰੇ ਵਿਹੜੇ ਵੜ ਜਾਏ।' ਉਹ ਮੁੱਛਾਂ ਮਰੋੜਨ ਲੱਗ ਪਿਆ।

ਗੱਡੀ ਚੀਕਾਂ ਮਾਰਦੀ ਪਲੇਟਫਾਰਮ ਵੱਲ ਆ ਰਹੀ ਸੀ। ਗੁਲਾਬ ਸਿੰਘ ਦਾ ਮੂੰਹ ਉੱਧਰ ਹੋ ਗਿਆ। ਗੱਡੀ ਖਲੋਣ ਸਾਰ ਗੁਲਾਬ ਕੌਰ ਤੇ ਸੱਜਣ ਤੀਵੀਆਂ ਵਾਲੇ ਡੱਬੇ ਵਿਚ ਜਾ ਬੈਠੇ। ਗੱਡੀ ਤੁਰਨ ਹੀ ਵਾਲੀ ਸੀ ਕਿ ਗੁਲਾਬ ਸਿੰਘ ਉਨ੍ਹਾਂ ਦੇ ਡੱਬੇ ਕੋਲ ਆ ਕੇ ਬੋਲਿਆ-'ਗੁਲਾਬੋ ! ਛੇਤੀ ਮੁੜੀਂ। ਤੂੰ ਆਪਣੇ ਘਰ ਦਾ ਉੱਕਾ ਫਿਕਰ ਨਾ ਕਰੀਂ। ਮੈਂ ਧਿਆਨ ਰਖੂੰ।' ਗੁਲਾਬ ਕੌਰ ਨੇ ਮੁਸਕਰਾ ਕੇ ਉਸ ਵੱਲ ਤੱਕਿਆ ਪਰ ਮੂੰਹੋਂ ਕੁਝ ਨਾ ਬੋਲੀ। ਗੱਡੀ ਹਿੱਲ ਪਈ। ਗੁਲਾਬ ਸਿੰਘ ਨੇ ਮੁੱਛਾਂ ਨੂੰ ਤਾਅ ਦੇਂਦਿਆਂ ਕਿਹਾ-'ਹੁਣ ਫਸੀ ਕਿ ਫਸੀ।' ਜਿੰਨੀ ਦੇਰ ਗੱਡੀ ਪਲੇਟਫਾਰਮ ਉੱਤੇ ਤੁਰੀ ਜਾ ਰਹੀ ਸੀ, ਗੁਲਾਬ ਕੌਰ ਤੇ ਗੁਲਾਬ ਸਿੰਘ ਇਕ ਦੂਜੇ ਵੱਲ ਵੇਖਦੇ ਰਹੇ। ਫਿਰ ਗੁਲਾਬ ਕੌਰ ਆਪ-ਮੁਹਾਰੀ ਹੱਸਣ ਲੱਗ ਪਈ. ਸੱਜਣ ਸਿੰਘ, ਉਨ੍ਹਾਂ ਦੋਹਾਂ ਵੱਲ ਮੁੜ ਮੁੜ ਵੇਖ ਰਿਹਾ ਸੀ।

ਸੱਜਣ ਸਿੰਘ, ਗੁਲਾਬ ਕੌਰ ਨੂੰ ਕੁਝ ਪੁੱਛਣਾ ਚਾਹੁੰਦਾ ਸੀ ਕਿ ਆਪ ਹੀ ਬੋਲ ਪਈ-'ਇਹ ਸਪਾਹਟਾ ਮੇਰੇ ਨਾਲ ਇਸ਼ਕ ਮਸ਼ੂਕੀ ਕਰਨੀ ਚਾਹੁੰਦੈ। ਤੈਨੂੰ ਨਹੀਂ ਇਹਦਾ ਪਤਾ। ਕਰਤਾਰ ਨੂੰ ਸਭ ਪਤੈ।'

ਉਨ੍ਹਾਂ ਤੋਂ ਕੁਝ ਦੂਰ ਦੋ ਔਰਤਾਂ ਬੁਰਕੇ ਪਾਈ ਬੈਠੀਆਂ ਸਨ। ਉਹ ਦੋਵੇਂ ਚੁੱਪ-ਚੁੱਪ ਸਨ। ਇਨ੍ਹਾਂ ਵੀ ਚੁੱਪ ਧਾਰੀ ਰੱਖੀ। ਜਦ ਗੱਡੀ ਅੰਮ੍ਰਿਤਸਰ ਸਟੇਸ਼ਨ ਉੱਤੇ ਰੁਕੀ ਤਾਂ ਉਹ ਦੋਵੇਂ ਔਰਤਾਂ ਉਤਰ ਖਲੋਤੀਆਂ। ਸੱਜਣ ਨੇ ਉਨ੍ਹਾਂ ਵੱਲ ਇਸ਼ਾਰਾ ਕਰਕੇ ਕਿਹਾ- 'ਬੀਬੀ। ਵੇਖ ਇਹ ਔਰਤਾਂ ਨਹੀਂ। ਮਰਦਾਂ ਵਾਂਗੂੰ ਤੁਰਦੀਐਂ, ਜਾਂ ਖੁਹਫੀਆ ਹੋਣਗੇ ਜਾਂ ਗ਼ਦਰੀ।' ਗੁਲਾਬ ਕੌਰ ਨੇ ਕੋਈ ਉੱਤਰ ਨਾ ਦਿੱਤਾ। ਹੁਣ ਸਾਰੇ ਡੱਬੇ ਵਿਚ ਉਹ ਦੋਵੇਂ ਸਨ। ਸੱਜਣ ਨੇ ਦੱਸਿਆ-ਬੀਬੀ, ਉਹ ਜਿਹੜਾ ਕਿਰਪਾਲ ਸੀ ਨਾ, ਉਹ ਖੁਫੀਆ ਨਿਕਲਿਐ। ਉਹਨੇ ਸਾਰਾ ਭੇਤ ਦਿੱਤੈ ਪੁਲਸ ਨੂੰ।'

'ਵੇ, ਉਹ ਘੂੰਆਂ ਮੂੰਆਂ ਸਾਡੇ ਨਾਲ ਹੀ ਆਇਆ ਸੀ। ਦਿਨੇ ਰਾਤੀਂ ਚੁੱਘੇ ਨਾਲ ਫਿਰਦਾ ਸੀ ਅੰਬਰਸਰ। ਚੁੱਘਾ ਤਾਂ ਉਹਨੂੰ ਬੜਾ ਚੰਗਾ ਜਾਣਦਾ ਸੀ ਚੰਘਈ ਤੋਂ। ਕਰਤਾਰ ਕਿੱਥੇ ਐ ?'

'ਕੋਈ ਪਤਾ ਨਹੀਂ। ਜਿੱਧਰ ਕਿਸੇ ਦਾ ਦਾਅ ਲੱਗੈ, ਨਿਕਲ ਗਿਐ। ਆਪਾਂ ਜਲੰਧਰ ਛਾਉਣੀ ਉਤਰਨੈ। ਕਰਤਾਰ ਨੇ ਵਿਛੜਨ ਲੱਗਿਆਂ ਕਿਹਾ ਸੀ ਕਿ ਤੈਨੂੰ ਪਿੰਡ ਛੱਡ ਕੇ ਕਿਧਰੇ ਜਾਵਾਂ।'

'ਮੈਂ ਪਿੰਡ ਨਹੀਂ ਜਾਣਾ। ਜੇ ਪੁਲਸ ਨੂੰ ਪਤਾ ਲੱਗ ਗਿਆ ਤਾਂ ਖਰਾਬ ਕਰੂ। ਨਾਲੇ ਅਮਰ ਸਿਹੁੰ ਤੇ ਭਾਰ ਪਊ ਪੁਲਸ ਦਾ।'

'ਫੇਰ ਕਿੱਥੇ ਛੱਡਾਂ ਤੈਨੂੰ ?'

'ਵੇ ਬਚੂੰਗੜਿਆ, ਤੂੰ ਕਿੱਥੇ ਛੱਡਣੈ। ਮੈਨੂੰ ਰਾਹ ਨਹੀਂ ਔਂਦਾ ? ਮੈਂ ਆਪੇ ਚਲੀ ਜਾਊਂ ਜਿੱਧਰ ਜਾਣੈ। ਤੂੰ ਆਪਣਾ ਬਚਾਅ ਕਰ।'

ਗੁਲਾਬ ਕੌਰ ਦੀ ਝਿੜਕ ਖਾ ਕੇ ਸੱਜਣ ਸਿੰਘ ਚੁੱਪ ਹੋ ਗਿਆ। ਗੱਡੀ ਚਲਦੀ ਰਹੀ। ਉਹ ਚੁੱਪ ਚੁਪੀਤੇ ਬੈਠੇ ਰਹੇ। ਜਲੰਧਰ ਪਹੁੰਚਣ ਤੋਂ ਪਹਿਲੋਂ ਸੱਜਣ ਨੇ ਕਿਹਾ-'ਬੀਬੀ, ਮੈਂ ਤੇਰੇ ਕਪੜੇ ਕੀ ਕਰਨੇ ਐਂ। ਤੇਰੇ ਕੰਮ ਆ ਜਾਣਗੇ। ਮੈਂ ਟੇਸ਼ਨ ਤੋਂ ਉੱਤਰ ਕੇ ਗੁਸਲਖਾਨੇ ਵਿਚ ਜਾ ਕੇ ਆਪਣੇ ਕਪੜੇ ਪਾ ਲਊਂ। ਜੇ ਗੱਡੀ ਤੁਰ ਜਾਊ ਤਾਂ ਮੈਂ ਦੂਜੀ ਗੱਡੀ ਫੜ੍ਹ ਲਊਂ ਲੋਧੀਆਣੇ ਲਈ।'

'ਤੂੰ ਏਨਾ ਚਤਰ ਨਾ ਬਣ। ਪਾਈ ਰੱਖ ਮੇਰੇ ਕਪੜੇ। ਜਿੱਥੇ ਵੀ ਜਾਏਂਗਾ ਘਰ ਜਾ ਕੇ ਬਦਲ ਲਈਂ। ਮੈਨੂੰ ਖ਼ਬਰ ਸਾਰ ਦੇਂਦਾ ਰਹੀਂ। ਮੈਂ ਧਾਮੀਆਂ ਜਾਊਂ ਇੰਦਰ ਕੌਰ ਕੋਲੇ, ਬੈਂਸਾਂ ਦੀ ਇੰਦੋ ਕਹਿੰਦੇ ਐ ਉਹਨੂੰ, ਮੈਂ ਅੱਜੇ ਕੋਟਲੇ ਨਹੀਂ ਜਾਣਾ।'

ਜਲੰਧਰ ਗੱਡੀ ਖੜ੍ਹੀ ਹੋਈ। ਗੁਲਾਬ ਕੌਰ ਨੇ ਸੱਜਣ ਨੂੰ ਆਪਣੀ ਜੱਫੀ ਵਿਚ ਘੁੱਟ ਕੇ ਆਖਿਆ-'ਵੀਰਾ ਵੇ। ਜੇ ਕਰਤਾਰ ਦੀ ਕੋਈ ਸੋਅ ਮਿਲੀ ਤਾਂ ਮੈਨੂੰ ਜ਼ਰੂਰ ਪਹੁੰਚਾਈਂ।' ਸੱਜਣ ਨੇ ਅੱਗੋਂ ਹਾਂ ਵਿਚ ਸਿਰ ਹਿਲਾ ਦਿੱਤਾ। ਗੁਲਾਬ ਕੌਰ ਨੇ ਸੱਜਣ ਦਾ ਮੱਥਾ ਚੁੰਮਿਆ। ਦੋਹਾਂ ਦੀਆਂ ਅੱਖਾਂ ਭਰ ਆਈਆਂ। ਗੱਡੀ ਤੋਂ ਉਤਰ ਕੇ ਪਲੇਟਫਾਰਮ ਉੱਤੇ ਖਲੋ ਕੇ ਹਿੱਲ ਪਈ ਗੱਡੀ ਨੂੰ ਉਹ ਕਿੰਨਾ ਚਿਰ ਵੇਖਦੀ ਰਹੀ। ਜਦ ਗੱਡੀ ਉਸਦੀਆਂ ਅੱਖਾਂ ਤੋਂ ਉਹਲੇ ਹੋ ਗਈ ਤਾਂ ਉਹ ਅੱਖਾਂ ਪੂੰਝਦੀ-ਪੂੰਝਦੀ; ਬਾਬੂ ਨੂੰ ਟਿਕਟ ਦੇ ਕੇ ਬਾਹਰ ਨੂੰ ਹੋ ਤੁਰੀ।

# 8

'ਸਾਰੀ-ਸਾਰੀ ਰਾਤ ਸੌਂਦੀ ਨਹੀਂ। ਮੈਂ ਕਈ ਵਾਰੀ ਤੱਕਿਐ। ਇਉਂ ਲੱਗਦਾ ਜਿਉਂ ਗੁਲਾਬੋ ਦੀਆਂ ਅੱਖਾਂ ਤਾੜੇ ਲੱਗੀਆਂ ਹੋਣ। ਟਿਕ ਟਿਕੀ ਲਾ ਕੇ ਛੱਤ ਵੱਲ ਵੇਂਹਦੀ ਰਹੂ। ਦਿਨ ਚੜ੍ਹੇ ਕਿਤੇ ਅੱਖ ਲੱਗੂ ਤਾਂ ਮਾੜਾ ਜਿਹਾ ਖੜਾਕ ਹੋਏ ਤੇ ਉੱਠ ਕੇ ਬਹਿ ਜਾਊ। ਪਹਿਲੋਂ ਗੱਲਾਂ ਕਰਦੀ ਨਹੀਂ ਸੀ ਥੱਕਦੀ। ਹੁਣ ਘਾਊਂ ਮਾਊਂ ਹੋ ਕੇ ਬੈਠੀ ਰਹੂ। ਜੇ ਕੁਝ ਪੁੱਛੋ ਤਾਂ ਅੱਗੋਂ ਹੂੰ ਹਾਂ ਕਰ ਛੱਡੂ। ਦਿਲ ਦਾ ਰੋਗ ਲਾਈ ਬੈਠੀ ਐ, ਬੜਾ ਸਮਝਾਇਐ। ਬੋਲੀ ਗੂੰਗੀ ਹੋਈ ਬੈਠੀ ਰਹਿੰਦੀ ਐ। ਇਕ ਦਿਨ ਮੈਂ ਕਿਹਾ-'ਜਾਹ ਕੋਟਲੇ ਚਾਚੀ ਨੂੰ ਮਿਲ ਆ। ਫੇਰ ਕੁਝ ਬੋਲੀਂ। ਕਹੇ, ਮੈਂ ਨਹੀਂ ਜਾਣਾ ਕੋਟਲੇ। ਜੇ ਗਈ ਤਾਂ ਅਮਰ ਸਿਹੁੰ 'ਤੇ ਭਾਰ ਪਊ, ਉਹਨੂੰ ਪੁਲਸ ਧੂਹੀ ਫ਼ਿਰੂ।'

'ਇੰਦੋ। ਗੁਲਾਬੋ ਮੇਰਾ ਏਨਾ ਖਿਆਲ ਰੱਖਦੀ ਐ।'

'ਤੇ ਹੋਰ ਕੀ। ਕਹਿੰਦੀ ਐ ਕੋਟਲੇ ਨਹੀਂ ਜਾਣਾ। ਕਦੇ-ਕਦੇ ਪੰਡੋਰੀ ਜਾਣ ਦੀ ਗੱਲ ਛੇੜ ਲੈਂਦੀ ਐ।'

'ਓਥੇ ਕੀਹਦੇ ਕੋਲ ?'

'ਮੈਂ ਨਹੀਂ ਪੁੱਛਿਆ।'

'ਆਪਣੇ ਬੜੇ ਘਰ ਐ ਪੰਡੋਰੀ ਵੀ। ਗਈ ਕਿੱਥੇ ਐ ? ਕਦੋਂ ਮੁੜੂ?'

'ਤੜਕੇ ਉੱਠ ਕੇ, ਬਿਨਾ ਮੂੰਹ ਜੂਠਾ ਕੀਤੇ, ਖੂਹ ਨੂੰ ਤੁਰ ਜਾਂਦੀ ਐ। ਮੁੰਡਿਆਂ ਨੂੰ ਗਾਧੀ ਤੋਂ ਉਠਾਅ ਕੇ ਆਪ ਬਹਿ ਜਾਊ। ਰੱਤੂ ਨਾਲ ਬੜੀਆਂ ਗੱਲਾਂ ਕਰੂ। ਵਿਸਾਖੀ ਨੂੰ ਸੁੱਖ ਨਾਲ ਬਾਰ੍ਹਾਂ ਦਾ ਹੋ ਜਾਊ। ਉਹ ਵੀ ਜਿੱਧਰ ਗੁਲਾਬੋ ਜਾਊ, ਓਧਰ ਤੁਰਿਆ ਫਿਰੂ। ਜਦ ਉਹਨੂੰ ਛੁੱਟੀ ਮਿਲਦੀ ਐ ਤਾਂ ਕਈ ਵਾਰੀ ਉਹ ਉਹਨੂੰ ਅੱਗੋਂ ਜਾ ਮਿਲੂ। ਪੁੱਤ ਮੇਰੇ ਰੱਤੂ ਦੀ ਜਾਨ ਗੁਲਾਬੋ ਵਿਚ ਐ। ਜੇ ਉਹ ਪੰਡੋਰੀ ਜਾਣ ਦੀ ਗੱਲ ਕਰੂ ਤਾਂ ਉਹਦੇ ਗੱਲ ਪੈ ਜਾਊ। ਗੁਲਾਬੋ ਰੱਤੂ ਦੀ ਜ਼ਿੱਦ ਕਰਕੇ ਏਥੇ ਬੈਠੀ ਐ, ਨਹੀਂ ਤਾਂ ਕਦੇ ਦੀ ਪੰਡੋਰੀ ਜਾਂ ਹੋਰ ਕਿਧਰੇ ਤੁਰ ਜਾਂਦੀ।' ਗੁਲਾਬ ਕੌਰ ਨੂੰ ਵੇਖਕੇ ਇੰਦਰ ਕੌਰ ਝੱਟ ਚੁੱਪ ਹੋ ਗਈ।

ਅਮਰ ਸਿੰਘ ਨੂੰ ਵੇਖ ਕੇ, ਗੁਲਾਬ ਕੌਰ ਨੂੰ ਕੋਈ ਹੈਰਾਨੀ ਨਾ ਹੋਈ, ਪਰ ਬਾਬੂ ਸੁਰਜਨ ਸਿੰਘ ਨੂੰ ਆਪਣੇ ਸਾਹਮਣੇ ਖਲੋਤਾ ਵੇਖ ਕੇ ਉਸ ਦੇ ਗੱਲ ਜਾ ਲੱਗੀ। ਉਹ ਦੋਵੇਂ ਇਵੇਂ ਮਿਲੇ ਜਿਵੇਂ ਵਿਛੜੇ ਹੋਏ ਸਕੇ ਭੈਣ ਭਰਾ ਮਿਲੇ ਹੋਣ। ਦੋਹਾਂ ਦੀਆਂ ਅੱਖਾਂ ਸੱਜਲ ਸਨ। ਗੁਲਾਬ ਕੌਰ ਨੇ ਅੱਖਾਂ ਪੂੰਝਦਿਆਂ ਕਿਹਾ-'ਤੇਰੇ ਦਰਸ਼ਨਾਂ ਦੀ ਆਸ ਮੈਂ ਲਾਹ ਛੱਡੀ ਸੀ।' ਬਾਬੂ ਸੁਰਜਨ ਚੁੱਪ ਚਾਪ ਖਲੋਤਾ ਰਿਹਾ। ਉਸ ਦਾ ਮਨ ਅਜੇ ਵੀ ਭਰਿਆ ਹੋਇਆ ਸੀ। ਅਮਰ ਸਿੰਘ ਨੇ ਗੁਲਾਬ ਕੌਰ ਤੇ ਸੁਰਜਨ ਸਿੰਘ ਨੂੰ ਬਾਹੋਂ ਫੜ ਕੇ ਮੰਜੀ ਉੱਤੇ ਬਿਠਾ ਦਿੱਤਾ। ਗੁਲਾਬ ਕੌਰ ਝੱਟ ਹੀ ਉੱਠ ਕੇ ਚੌਂਕੇ ਵਿਚ ਬੈਠੀ ਇੰਦਰ ਕੌਰ ਕੋਲ ਜਾ ਕੇ ਬੋਲੀ-'ਇੰਦੋ...।'

ਉਸ ਦੀ ਗੱਲ ਵਿਚੋਂ ਹੀ ਫੜਦਿਆਂ ਇੰਦਰ ਕੌਰ ਨੇ ਦੱਸਿਆ-ਸ਼ਾਹ ਵੇਲਾ ਖਾਕੇ ਤੁਰੇਐ ਕੋਟਲਿਓਂ, ਤੂੰ ਤੰਦੂਰ ਤਪਾ, ਮੈਂ ਆਟਾ ਗੁੰਨ੍ਹ ਲੈਂਦੀ ਆਂ।'

ਅਮਰ ਸਿੰਘ ਨੇ ਪੁੱਛਿਆ-'ਇੰਦੋ। ਜਦ ਵੀ ਆਈਏ, ਬਸੰਤਾ ਘਰ ਨਹੀਂ ਹੋਂਦੈ। ਕਿੱਥੇ ਰਹਿੰਦੈ ?'

'ਜਾਣਾ ਕਿੱਥੇ ਐ ਉਹਨੇ, ਕੱਲਾ ਕਾਰੈ, ਮਿੱਟੀ ਨਾਲ ਮਿੱਟੀ ਹੋਇਆ ਰਹਿੰਦੈ। ਤੜਕੇ ਗਿਆ ਤਕਾਲੀਂ ਮੁੜਦੈ। ਰੱਤੂ ਅੱਜੇ ਛੋਟੈ। ਬਸ ਗਾਧੀ ਉੱਤੇ ਬਹਿ ਲਊ। ਹੋਰ ਕੁਝ ਕਰਨ ਜੋਗਾ ਨਹੀਂ ਅੱਜੇ।'

ਗੁਲਾਬ ਕੌਰ ਬੋਲ ਪਈ-'ਤੇ ਪੱਠੇ ਕੌਣ ਲਿਔਂਦੈ, ਕੌਣ ਚਲੌਂਦੈ ਟੋਕਾ, ਮੈਂਹ ਕੌਣ ਚੋਂਦੈ। ਤੂੰ ਉਹਨੂੰ ਬਚੂੰਗੜਾ ਹੀ ਦਸਦੀ ਐਂ। ਪਿਓ ਦੇ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੈ ਸਾਰੇ।'

'ਵੇਖ ਲਿਆ। ਇਹ ਰੱਤੂ ਦੀ ਹਾਮੀ ਭਰੂ ਤੇ ਰੱਤੂ ਇਹਦੀ।'

ਅਮਰ ਸਿੰਘ ਨੇ ਗੱਲ ਦਾ ਮੋੜਾ ਮੋੜਨ ਲਈ ਦੱਸਿਆ-'ਅਸੀਂ ਅਟਕਣਾ ਨਹੀਂ। ਬਾਬੂ ਨੇ ਹੁਣੇ ਤੁਰ ਜਾਣੈ।'

ਗੁਲਾਬ ਕੌਰ ਨੇ ਘੂਰੀ ਵਟ ਕੇ ਅਮਰ ਸਿੰਘ ਵੱਲ ਤੱਕਿਆ ਪਰ ਮੂੰਹੋਂ ਕੁਝ ਨਾ ਬੋਲੀ।

ਸੁਰਜਨ ਸਿੰਘ ਨੇ ਰੋਟੀ ਖਾਂਦਿਆਂ ਕਿਹਾ-'ਅੱਜ ਮੈਂ ਰੱਜ੍ਹ ਕੇ ਖਾਣੈ। ਪਤਾ ਨਹੀਂ ਮੁੜ ਕੇ ਅਜਿਹੀ ਰੋਟੀ ਕਦੇ ਮਿਲਣੀ ਐ ਕਿ ਨਹੀਂ।'

ਗੁਲਾਬ ਕੌਰ ਨੇ ਉਸ ਦੇ ਸਾਹਮਣੇ ਪੈਰਾਂ ਪਰਨੇ ਬਹਿੰਦਿਆਂ, ਉਸ ਦੀ ਥਾਲੀ ਵਿਚ ਪਈਆਂ ਦੋ ਮਿੱਸੀਆਂ ਰੋਟੀਆਂ ਜੋੜ ਕੇ ਉਨ੍ਹਾਂ ਉੱਤੇ ਮੱਖਣ ਦਾ ਵੱਡਾ ਸਾਰਾ ਪੇੜਾ ਰੱਖ ਦਿੱਤਾ। ਮੱਖਣ ਢਲਦਾ ਵੇਖ ਕੇ ਸੁਰਜਨ ਸਿੰਘ ਨੇ ਢਲਿਆ ਹੋਇਆ ਕੋਸਾ-ਕੋਸਾ ਮੱਖਣ ਆਪਣੇ ਮੂੰਹ ਵਿਚ ਉਲੱਦ ਲਿਆ। ਜਿਹੜਾ ਮੱਖਣ ਅੱਜੇ ਨਹੀਂ ਸੀ ਢਲਿਆ, ਉਹ ਉਸ ਨੇ ਸੱਜੇ ਹੱਥ ਦੀਆਂ ਦੋਹਾਂ ਉਂਗਲਾਂ ਨਾਲ, ਮੂੰਹ ਵਿਚ ਪਾਉਣਾ ਸ਼ੁਰੂ ਕਰ ਦਿੱਤਾ। ਗੁਲਾਬ ਕੌਰ ਨੇ ਲੱਸੀ ਵਾਲੇ ਛੰਨੇ ਵਿਚ ਤਰਦਾ ਮੱਖਣ ਦਾ ਪਿੰਨਾ ਕੱਢਕੇ ਸੁਰਜਨ ਸਿੰਘ ਦੀਆਂ ਰੋਟੀਆਂ ਉੱਤੇ ਰੱਖ ਦਿੱਤਾ। ਦੋਹਾਂ ਦੀਆਂ ਅੱਖਾਂ ਮਿਲੀਆਂ, ਦੋਵੇਂ ਹੱਸਣ ਲੱਗ ਪਏ। ਉਨ੍ਹਾਂ ਦੇ ਨਾਲ ਅਮਰ ਸਿੰਘ ਵੀ ਹੱਸ ਪਿਆ। ਚੌਂਕੇ ਵੱਲੋਂ ਇੰਦਰ ਕੌਰ ਦੀ ਆਵਾਜ਼ ਆਈ-'ਸ਼ੁਕਰ ਐ ਗੁਲਾਬੋ ਦੇ ਮੂੰਹੋਂ ਵੀ ਅੱਜ ਹਾਸਾ ਨਿਕਲਿਐ।' ਉਹ ਆਪ ਵੀ ਹੱਸਣ ਲੱਗ ਪਈ। ਉਸ ਨੇ ਉਠਦਿਆਂ ਕਿਹਾ-'ਨੀ ਗੁਲਾਬੋ। ਤੂੰ ਵੀ ਖਾ ਲੈ। ਮੈਂ ਤਾਂ ਰੱਤੂ ਦੇ ਬਾਪੂ ਨੂੰ ਰੋਟੀ ਦੇਣ ਜਾਣੈ, ਖੇਤਾਂ ਵਿਚ ਹੀ ਹੋਊ ਕਿਤੇ।'

'ਮੈਂ ਤੇਰੇ ਆਏ ਤੇ ਹੀ ਖਾਊਂ।'

'ਨੀ ਤੂੰ ਵੀਰਾਂ ਨਾਲ ਬਹਿ ਕੇ ਖਾ ਲੈ।'

'ਮੈਂ ਤੇਰੇ ਨਾਲ ਖਾਊਂ ਜਦ ਤੂੰ ਮੁੜੇਂਗੀ, ਮੈਨੂੰ ਅਜੇ ਭੁੱਖ ਨਹੀਂ।'

''ਤੈਨੂੰ ਭੁੱਖ ਲਗਦੀ ਹੀ ਕਦੋਂ ਐ। ਅਮਰ ਸਿਹਾਂ ਇਹਨੇ ਦੋ ਵੇਲੇ ਕਦੇ ਰੋਟੀ ਨਹੀਂ ਖਾਧੀ। ਵੇਖ ਇਹਦਾ ਕੀ ਹਾਲ ਹੋਇਆ ਪਿਐ।' ਕਹਿੰਦੀ ਹੀ ਇੰਦਰ ਕੌਰ, ਰੋਟੀ ਲੈ ਕੇ ਖੂਹ ਵੱਲ ਤੁਰ ਪਈ।

ਇੰਦਰ ਕੌਰ ਦੇ ਬਾਹਰ ਨਿਕਲਦਿਆਂ ਹੀ ਸੁਰਜਨ ਸਿੰਘ ਬੋਲ ਪਿਆ-'ਬੀਬੀ, ਜਦ ਵੀ ਮੈਂ ਆਉਂਦਾ ਤੈਨੂੰ ਭੈੜੀਆਂ ਖਬਰਾਂ ਸੁਣਾਂਦਾਂ। ਕੋਈ ਚੰਗੀ ਹੋਵੇ ਤਾਂ ਦਸਾਂ। ਚੌਵੀ ਮਾਰਚ, ਬੁਧਵਾਰ ਵਾਲੇ ਦਿਨ ਤੜਕੇ ਅੱਠ ਵੱਜੇ ਸਾਡੇ ਸੱਤਾਂ ਗਦਰੀਆਂ ਨੂੰ ਫਾਂਸੀ ਦੇ ਤਖਤੇ ਉੱਤੇ ਚਾੜ੍ਹ ਦਿੱਤਾ ਫਰੰਗੀਆਂ।'

ਗੁਲਾਬ ਕੌਰ ਉਸਦੇ ਸਾਹਮਣੇ ਪੈਰਾਂ ਪਰਨੇ ਨੀਵੀਂ ਪਾ ਕੇ ਬੈਠੀ ਉਸਦੀ ਗੱਲ ਸੁਣ ਰਹੀ ਸੀ। ਸੁਰਜਨ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ-'ਕਾਂਸ਼ੀ ਰਾਮ ਪੰਡਤ ਮੜੌਲੀ ਦਾ ਮਿਰਕਣ ਤੋਂ ਆਇਆ ਸੀ, ਵੱਡਾ ਗਦਰੀ। ਗਦਰ ਪਾਰਟੀ ਦਾ ਖਜ਼ਾਨਚੀ ਸੀ। ਤੂੰ ਨਹੀਂ ਉਸਨੂੰ ਮਿਲੀ। ਬੜਾ ਦਲੇਰ। ਬੜਾ ਸਿਆਣਾ। ਬਾਕੀ ਸਾਰਿਆਂ ਨੂੰ ਤੂੰ ਜਾਣਦੀ ਐਂ। ਕੱਠੇ ਆਏ ਸੀ ਅਸੀਂ ਸਾਰੇ। ਜਿਓਣ ਸਿਹੁੰ, ਰਹਿਮਤ ਅਲੀ, ਬਖਸ਼ੀਸ਼ ਸਿਹੁੰ, ਲਾਲ ਸਿਹੁੰ, ਜਗਤ ਸਿਹੁੰ ਤੇ ਧਿਆਨ ਸਿਹੁੰ ਉਮਰ ਪੁਰੀਆ ਸਭ ਸ਼ਹੀਦੀਆਂ ਪਾ ਗਏ। ਸੁਰਜਨ ਸਿੰਘ ਨੀਵੀਂ ਪਾ ਕੇ ਗੱਲ ਕਰਦਾ ਜਾ ਰਿਹਾ ਸੀ। ਜਦ ਉਸਨੇ ਗੁਲਾਬ ਕੌਰ ਵੱਲ ਤਕਿਆ ਤਾਂ ਉਹ ਚੌਂਕੜੀ ਮਾਰਕੇ ਅੱਖਾਂ ਮੀਟ ਕੇ ਬੈਠੀ ਸੀ। ਉਸਨੇ ਅਮਰ ਸਿੰਘ ਵੱਲ ਤਕਿਆ। ਅਮਰ ਸਿੰਘ ਵੀ ਟਿਕਟਿਕੀ ਲਾ ਕੇ ਗੁਲਾਬ ਕੌਰ ਦੇ ਚਿਹਰੇ ਵੱਲ ਤਕ ਰਿਹਾ ਸੀ, ਉਸ ਦੇ ਸਾਉਲੇ ਚਿਹਰੇ ਉੱਤੋਂ ਹੰਝੂਆਂ ਦਾ ਹੜ੍ਹ ਵਹਿ ਤੁਰਿਆ ਸੀ। ਉਸਦੇ ਬੁਲ੍ਹ ਥਰ-ਥਰ ਕੰਬ ਰਹੇ ਸਨ। ਉਸਨੇ ਆਪਣੀਆਂ ਦੋਵੇਂ ਬਾਹਾਂ ਆਪਣੀ ਛਾਤੀ ਉੱਤੇ ਲਪੇਟੀਆਂ ਹੋਈਆਂ ਸਨ। ਉਸਦਾ ਦਿਲ ਧੜਕ ਰਿਹਾ ਸੀ। ਉਹ ਸਾਰੇ ਜ਼ੋਰ ਨਾਲ ਆਪਣੇ ਆਪ ਉੱਤੇ ਕਾਬੂ ਰੱਖਣ ਦਾ ਯਤਨ ਕਰ ਰਹੀ ਸੀ ਫਿਰ ਵੀ ਉਹ ਫਿਸ ਪਈ। ਸੁਰਜਨ ਸਿੰਘ ਨੇ ਉਸ ਦੇ ਨੇੜੇ ਹੋ ਕੇ ਉਸਨੂੰ ਆਪਣੀ ਸੱਜੀ ਬਾਂਹ ਵਿਚ ਲਪੇਟ ਲਿਆ। ਉਹ ਕਿੰਨੀ ਦੇਰ ਡੁਸਕਦੀ ਰਹੀ, ਡੁਸਕਦੀ-ਡੁਸਕਦੀ ਚੌਂਕੇ ਵਿਚ ਪਹੁੰਚ ਉਸਨੇ ਥਿੜਕਦੀ ਆਵਾਜ਼ ਵਿਚ ਕਿਹਾ-'ਮੈਂ ਚਾਹ ਬਣਾਉਂਦੀ ਹਾਂ।'

'ਬੀਬੀ, ਤੈਨੂੰ ਇਹ ਤਾਂ ਪਤਾ ਹੋਣੈ ਕਿ ਕਰਤਾਰ, ਹਰਨਾਮ ਸਿਹੁੰ ਤੇ ਇਕ ਹੋਰ ਗਦਰੀ ਜਗਤ ਸਿਹੁੰ ਕੱਠੇ ਹੀ ਪਿਛਲੇ ਮਹੀਨੇ ਦੀ ਠਾਈ ਨੂੰ ਐਤਵਾਰ ਵਾਲੇ ਦਿਨ ਫੜੇ ਗਏ ਸੀ।'

ਗੁਲਾਬ ਕੌਰ ਨੇ ਦੁਪੱਟੇ ਨਾਲ ਅੱਖਾਂ ਪੂੰਝਦਿਆਂ ਉੱਤਰ ਦਿੱਤਾ-'ਪਤੈ'

# 9

'ਓ ਸਿੱਖਣੀਏਂ, ਖੜ੍ਹੀ ਓ। ਚੌਂਕੜ ਮਾਰ ਕੇ ਬੈਠੀ ਐਂ। ਨਾਨਕੇ ਆਈ ਹੋਈ ਐਂ?'

ਗੁਲਾਬ ਕੌਰ ਚੌਂਕੜੀ ਮਾਰ ਕੇ ਮੂੰਹ ਵਿਚ ਹੀ ਪਾਠ ਕਰ ਰਹੀ ਸੀ। ਉਸਨੇ ਅੱਖਾਂ ਖੋਲ੍ਹ ਕੇ ਵੇਖਿਆ।

'ਮੈਂ ਜਿਹਲ ਦੀ ਨੰਬਰਦਾਰਨੀ ਆਂ। ਉੱਠ ਖੜ੍ਹੀ ਓ।'

ਗੁਲਾਬ ਕੌਰ, ਮਨ ਨਾ ਕਰਦਿਆਂ ਵੀ; ਉੱਠ ਕੇ ਖੜ੍ਹੀ ਹੋ ਗਈ।

'ਗੁੱਤ ਖੋਲ੍ਹ।

'ਤੁੱਘੀ ਆਖਿਐ ਖੋਲ੍ਹ ਗੁੱਤ। ਆਪੂੰ ਖੋਲਸੇਂ ਕਿ ਮੈਂ ਖੋਲ੍ਹਾਂ।' ਕਹਿੰਦਿਆਂ ਹੀ ਨੰਬਰਦਾਰਨੀ, ਉਸਦੇ ਪਿੱਛੇ ਖਲੋ ਕੇ ਉਸ ਦੀ ਗੁੱਤ ਖੋਲ੍ਹਣ ਲੱਗ ਪਈ। ਗੁਲਾਬ ਕੌਰ ਅਹਿਲ ਖਲੋਤੀ ਰਹੀ।

'ਖੋਲ੍ਹ ਆਪਣੀ ਸੁੱਥਣ। ਨਾੜਾ ਕੱਢੀਕੈ ਮਿੱਘੀ ਪਕੜਾ। ਨਹੀਂ ਤਾਂ ਮੈਂ ਆਪੂੰ ਖੋਲ੍ਹ ਲੈਸੂੰ।'

ਨੰਬਰਦਾਰਨੀ ਦਾ ਹੁਕਮ ਸੁਣ ਕੇ ਗੁਲਾਬ ਕੌਰ ਦਾ ਚਿਹਰਾ ਸੂਹਾ ਲਾਲ ਹੋ ਗਿਆ। ਉਹ ਕਹਿਣਾ ਚਾਹੁੰਦੀ ਹੋਈ ਵੀ ਕੁਝ ਕਹਿ ਨਾ ਸਕੀ। ਉਸ ਦੇ ਜੱਕੋ ਤੱਕੇ ਵੇਖ ਕੇ ਨੰਬਰਦਾਰਨੀ ਗੜ੍ਹਕ ਪਈ-

'ਤੂੰ ਨਾੜਾ ਕੱਢੀ ਕੈ ਮਿੱਘੀ ਪਕੜਾ। ਪਕੜਾਸੈਂ ਕਿ ਨਾਂਹ।' ਕਹਿੰਦਿਆਂ ਹੀ ਨੰਬਰਦਾਰਨੀ ਨੇ ਗੁਲਾਬ ਕੌਰ ਦੀ ਸਲਵਾਰ ਨੂੰ ਹੱਥ ਪਾਉਂਦਿਆਂ ਦੱਸਿਆ-'ਨਾ ਤੂੰ ਗੁੱਤ ਰੱਖ ਸਕਣੀ ਐ ਨਾਹ ਤੂੰ ਨਾੜਾ।'

'ਕਿਉਂ ?'

'ਤੁੱਘੀ ਲਗਸੀ ਪਤਾ। ਅਜੈ ਤੂੰ ਨਵੀਂ ਆਈ ਐਂ। ਵੱਲੀ ਖਾਂਨੈ ਤੇਰੇ ਲੋਹੇ ਦੇ ਗਜਰੇ ਲਾਹੇ। ਤੂੰ ਉਸਦੀ ਕੀਹਾਂ ਨਹੀਂ ਪੁੱਛਿਆ।'

ਗੁਲਾਬ ਕੌਰ ਨੂੰ ਕੋਈ ਜਵਾਬ ਨਹੀਂ ਸੀ ਸੁੱਝ ਰਿਹਾ। ਉਸ ਨੂੰ ਪਹਿਲੀ ਰਾਤ ਦਾ ਉਹ ਸਮਾਂ ਯਾਦ ਆ ਗਿਆ ਜਦ ਵਲੀ ਖਾਨ ਨੰਬਰਦਾਰ ਨੇ ਉਸ ਦੀਆਂ ਦੋਹਾਂ ਬਾਹਾਂ ਵਿਚੋਂ ਕੜੇ ਲਾਹ ਕੇ ਇਕ ਹੋਰ ਨੰਬਰਦਾਰ ਨੂੰ ਫੜਾ ਦਿੱਤੇ ਸਨ। ਉਸਨੇ ਹੌਲੀ-ਹੌਲੀ ਸਲਵਾਰ ਦਾ ਨਾਲਾ, ਖਿੱਚ ਕੇ ਕੱਢਿਆ। ਨਾਲਾ ਹੇਠਾਂ ਡਿੱਗ ਪਿਆ। ਉਸਨੇ ਸਲਵਾਰ ਦੇ ਅੱਗੇ ਗੰਢ ਮਾਰ ਲਈ। ਨੰਬਰਦਾਰਨੀ ਉਸਦਾ ਨਾਲਾ ਚੁੱਕ ਕੇ ਉੱਚੀ-ਉੱਚੀ ਹੱਸਣ ਲੱਗ ਪਈ। ਗੁਲਾਬ ਕੌਰ ਦਾ ਅੰਦਰਲਾ ਕੰਬ ਉੱਠਿਆ। ਉਸਦੇ ਸਰੀਰ ਦੇ ਸਭ ਰੋਮ ਕੰਡਿਆਂ ਵਾਂਗੂੰ ਖੜੋ ਗਏ। ਉਹ ਪੱਕੇ ਪੈਰੀਂ ਖਲੋਤੀ, ਜਾ ਰਹੀ ਨੰਬਰਦਾਰਨੀ ਨੂੰ ਘੂਰ-ਘੂਰ ਕੇ ਵੇਖ ਰਹੀ ਸੀ। ਉਸ ਆਪਣੀ ਸਲਵਾਰ ਦੀ ਗੰਢ ਖੋਲ੍ਹ ਕੇ ਹੋਰ ਪੱਕੀ ਕੀਤੀ।

ਉਹ ਬੈਠ ਕੇ, ਜਿੱਥੋਂ ਪਾਠ ਛੱਡਿਆ ਸੀ, ਅੱਗੇ ਤੋਰਨਾ ਚਾਹੁੰਦੀ ਸੀ ਪਰ ਉਸਨੂੰ ਯਾਦ ਹੀ ਨਹੀਂ ਸੀ ਆ ਰਿਹਾ ਕਿ ਉਸਨੇ ਕਿੱਥੋਂ ਛੱਡਿਆ ਸੀ। ਏਨੇ ਨੂੰ ਨੰਬਰਦਾਰਨੀ ਫਿਰ ਮੁੜ ਆਈ। ਉਸਨੇ ਆਉਂਦਿਆਂ ਹੀ ਗੁਲਾਬ ਕੌਰ ਨੂੰ ਸੱਜੇ ਮੋਢੇ ਤੋਂ ਫੜ ਕੇ ਝੰਜੋੜਨਾ ਚਾਹਿਆ ਪਰ ਗੁਲਾਬ ਕੌਰ ਨੇ ਡੌਲਾ ਅਕੜਾ ਲਿਆ। ਨੰਬਰਦਾਰਨੀ ਨੇ ਗੁਲਾਬ ਕੌਰ ਦੇ ਪੱਟ ਟਟੋਲਦਿਆਂ ਗੁੱਸੇ ਨਾਲ ਪੁੱਛਿਆ-'ਸਿੱਖਣੀਏ। ਤੂੰ ਸੁੱਥਣ ਹੇਠ ਕੱਛਾ ਵੀ ਪਾਇਆ ਹੋਇਐ।' ਕਹਿੰਦਿਆਂ ਹੀ ਉਸਨੇ ਗੁਲਾਬ ਕੌਰ ਦੀ ਸਲਵਾਰ ਖਿੱਚ ਕੇ ਸਲਵਾਰ ਦੀ ਗੰਢ ਖੋਲ੍ਹ ਦਿੱਤੀ। ਗੁਲਾਬ ਕੌਰ ਨੇ ਉਸ ਤੋਂ ਛੁਡਾ ਕੇ ਫੇਰ ਪੱਕੀ ਗੰਢ ਮਾਰ ਲਈ। ਨੰਬਰਦਾਰਨੀ ਨੇ ਉੱਚੀਆਂ-ਉੱਚੀਆਂ ਆਵਾਜ਼ਾਂ ਦਿੱਤੀਆਂ। ਵਲੀ ਖਾਨ ਨਥੀ ਖਾਨ ਦੋਵੇਂ ਨੰਬਰਦਾਰ ਆ ਪਹੁੰਚੇ। ਉਨ੍ਹਾਂ ਚਾਰ ਔਰਤਾਂ ਹੋਰ ਬੁਲਾ ਲਈਆਂ।

ਨੰਬਰਦਾਰਨੀ ਤੇ ਬਾਕੀ ਹੋਰ ਚਾਰ ਕੈਦੀ ਔਰਤਾਂ ਨੇ ਗੁਲਾਬ ਕੌਰ ਨੂੰ ਫੜ ਕੇ ਇਕ ਕੋਠੜੀ ਵਿਚ ਵਾੜ ਲਿਆ। ਪੰਜਾਂ ਨੇ ਉਸਨੂੰ ਹੇਠਾਂ ਢਾਹ ਕੇ ਸਲਵਾਰ ਕਮੀਜ਼ ਤੇ ਕੱਛਾ ਲਾਹ ਕੇ ਕੈਦੀ ਔਰਤਾਂ ਵਾਲੇ ਕਪੜੇ ਪੁਆ ਦਿੱਤੇ। ਉਸਨੂੰ ਪਿੱਠ ਪਰਨੇ ਚੌਫਾਲ ਲੰਮੀ ਪਾ ਕੇ ਦੋ ਔਰਤਾਂ ਉਸ ਦੀਆਂ ਬਾਹਾਂ ਉੱਤੇ ਤੇ ਦੋ ਉਸ ਦੀਆਂ ਲੱਤਾਂ ਉੱਤੇ ਚੜ੍ਹ ਕੇ ਖਲੋ ਗਈਆਂ। ਨੰਬਰਦਾਰਨੀ ਉਸਦੀ ਛਾਤੀ ਤੇ ਪੇਟ ਉੱਤੇ ਚੜ੍ਹ ਕੇ ਸਾਰੇ ਜ਼ੋਰ ਨਾਲ ਟੱਪਣ ਲੱਗ ਪਈ। ਉਸਦਾ ਖਿਆਲ ਸੀ ਕਿ ਗੁਲਾਬ ਕੌਰ ਉਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਤਰਲੇ ਮਿੰਨਤਾਂ ਕਰੇਗੀ ਪਰ ਗੁਲਾਬ ਕੌਰ ਨੇ ਉੱਚੀ ਵਾਜ ਤੱਕ ਨਾ ਕੱਢੀ। ਉਸਦਾ ਸਾਹ ਪੁੱਠਾ ਸਿੱਧਾ ਹੋ ਰਿਹਾ ਸੀ। ਨੰਬਦਾਰਨੀ ਨੇ ਜਦ ਉਸ ਦੀਆਂ ਅੱਖਾਂ ਪੁੱਠੀਆਂ ਸਿੱਧੀਆਂ ਹੁੰਦੀਆਂ ਵੇਖੀਆਂ ਤਾਂ ਕਿਧਰੇ ਜਾ ਕੇ ਉਸ ਦੀ ਛਾਤੀ ਤੋਂ ਹੇਠਾ ਉਤਰੀ। ਗੁਲਾਬ ਕੌਰ ਅੱਧ ਬਿਹੋਸ਼ ਪਈ ਸੀ। ਨੰਬਰਦਾਰਨੀ ਨੇ ਪਾਣੀ ਦਾ ਲੋਟਾ ਉਸਦੇ ਸਿਰਹਾਣੇ ਰੱਖਦਿਆਂ, ਨਫਰਤ ਭਰੀ ਨਿਗਾਹ

ਨਾਲ ਉਸਦੀ ਵੱਖੀ ਵਿਚ ਲੱਤ ਮਾਰੀ ਤੇ ਉਸਦੀ ਕੋਠੀ ਦੇ ਲੋਹੇ ਦਾ ਜੰਗਲਾ ਬੰਦ ਕਰਕੇ ਵਲੀ ਖਾਨ ਕੋਲ ਜਾ ਖੜੋਤੀ। ਨਬੀ ਖਾਨ ਜਾ ਚੁੱਕਾ ਸੀ। ਵਲੀ ਖਾਨ ਨੇ ਉਸ ਦੀ ਪਿੱਠ ਉੱਤੇ ਥਾਪੀ ਦੇਂਦਿਆਂ ਕਿਹਾ 'ਤੂੰ ਕਹਿ ਜਾਣੈ ਤੁੱਘੀ ਕਹਿ ਪਤੈ। ਕਲ ਆਈ ਤੈ ਅੱਜ ਨੰਬਰਦਾਰਨੀ ਬਣ ਬੈਠੀ।' ਵਲੀ ਖਾਨ ਨੇ ਬਾਕੀ ਕੈਦੀ ਔਰਤਾਂ ਨੂੰ ਚਲੇ ਜਾਣ ਦਾ ਇਸ਼ਾਰਾ ਕੀਤਾ। ਉਸਨੇ ਨੰਬਰਦਾਰਨੀ ਦੀ ਪਿੱਠ ਤੋਂ ਹੱਥ ਚੁੱਕ ਕੇ ਉਸ ਦੀ ਬਾਂਹ ਫੜਨੀ ਚਾਹੀ ਪਰ ਨੰਬਰਦਾਰਨੀ ਨੇ ਝਟਕਾ ਮਾਰ ਕੇ ਵਲੀ ਖਾਨ ਤੋਂ ਬਾਂਹ ਛੁਡਾ ਲਈ। ਖਿਸਿਆਏ ਹੋਏ ਵਲੀ ਖਾਨ ਨੇ ਦੋਹਾਂ ਹੱਥਾਂ ਨਾਲ ਮੁੱਛਾਂ ਮਰੋੜਦਿਆਂ ਕਿਹਾ-'ਤੱਕਸਾਂ ਤੁੱਘੀ। ਤੇਰੀ ਆਕੜ ਭੰਨ ਕੈ ਛੋੜਸਾਂ।' ਉਹ ਗੁੱਸੇ ਵਿਚ ਭਰਿਆ ਪੀਤਾ ਜਿਹਲ ਦੇ ਦਫਤਰ ਵੱਲ ਤੁਰ ਪਿਆ। ਨੰਬਰਦਾਰਨੀ ਕਿੰਨੀ ਦੇਰ ਇਕੋ ਥਾਂ ਖਲੋ ਕੇ ਹੈਰਾਨ ਪਰੇਸ਼ਾਨ ਹੋਈ ਸੋਚਾਂ ਵਿਚ ਡੁੱਬੀ ਰਹੀ। ਜਦ ਉਸਨੇ ਪਿੱਛੇ ਮੁੜ ਕੇ ਤੱਕਿਆ ਤਾਂ ਗੁਲਾਬ ਕੌਰ ਅਜੇ ਵੀ ਉਸਨੂੰ ਚੁਫਾਲ ਪਈ ਦਿਸੀ। ਉਹ ਉਸ ਵੱਲ ਕੁਝ ਕਦਮ ਵੱਧ ਕੇ ਰੁਕ ਗਈ। ਫਿਰ ਪਿੱਛੇ ਮੁੜ ਪਈ। ਫਿਰ ਉਸਦੀ ਕੋਠੀ ਦੇ ਸਾਹਮਣੇ ਜਾ ਖਲੋਤੀ। ਗੁਲਾਬ ਕੌਰ ਨੇ ਪਾਸਾ ਪਰਤਣਾ ਚਾਹਿਆ। ਵੱਖੀ ਦੇ ਦਰਦ ਨਾਲ ਉਹ ਕਰਾਹ ਉੱਠੀ। ਨੰਬਰਦਾਰਨੀ ਨੇ ਬੂਹਾ ਖੋਲ੍ਹ ਕੇ, ਗੁਲਾਬ ਕੌਰ ਦੀ ਪਿੱਠ ਪਿੱਛੇ ਬੈਠ ਕੇ ਪਾਣੀ ਦਾ ਭਰਿਆ ਲੋਟਾ ਉਸਦੇ ਮੂੰਹ ਨਾਲ ਲਾ ਦਿੱਤਾ। ਗੁਲਾਬ ਕੌਰ ਡੱਕ-ਡੱਕ ਕਰਕੇ ਕਈ ਘੁੱਟ ਪੀ ਗਈ। ਨੰਬਰਦਾਰਨੀ ਨੇ ਲੋਹੇ ਦਾ ਦਰਵਾਜ਼ਾ ਬੰਦ ਕਰਨ ਲੱਗਿਆਂ ਕਈ ਵਾਰੀ ਮੁੜ-ਮੁੜ ਕੇ ਗੁਲਾਬ ਕੌਰ ਵੱਲ ਤੱਕਿਆ। ਉਹ ਜਿਹਲ-ਕੋਠੜੀ ਦੇ ਨੰਗੇ ਸੀਮਿੰਟੀ ਫਰਸ਼ ਉੱਤੇ ਉਸ ਵੱਲ ਪਿੱਠ ਦੇ ਕੇ ਲੇਟੀ ਹੋਈ ਸੀ।

# 10

ਗੁਲਾਬ ਕੌਰ ਜਿਹਲ ਦੇ ਹਸਪਤਾਲ ਵਿਚ ਅੱਧ-ਬਿਹੋਸ਼ ਪਈ ਸੀ। ਉਹ ਲਹੂ ਦੀਆਂ ਤਿੰਨ ਉਲਟੀਆਂ ਕਰ ਚੁੱਕੀ ਸੀ। ਹੁਣ ਵੀ ਉਸ ਦੇ ਥੁੱਕ ਨਾਲ ਲਹੂ ਨਿਕਲ ਰਿਹਾ ਸੀ। ਜਿਹਲ ਦੇ ਡਾਕਟਰ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਛਾਤੀ ਵਿਚ ਤਕੜੀਆਂ ਸੱਟਾਂ ਲੱਗੀਆਂ ਹਨ। ਜੇ ਮਰੀਜ਼ ਦਾ ਇਲਾਜ ਨਾ ਕੀਤਾ ਗਿਆ ਤਾਂ ਮੌਤ ਹੋ ਜਾਣ ਦਾ ਖ਼ਤਰਾ ਹੈ।

ਡਾਕਟਰ ਦੀ ਰਿਪੋਰਟ ਪੜ੍ਹ ਕੇ ਅੰਗਰੇਜ਼ ਜੇਲਰ ਲੋਹਾ ਲਾਖਾ ਹੋ ਉੱਠਿਆ। ਉਸਨੇ ਨੰਬਰਦਾਰ ਵਲੀ ਖਾਨ ਨੂੰ ਬੁਲਾ ਕੇ ਰਿਪੋਰਟ ਲਈ। ਵਲੀ ਖਾਨ ਨੇ ਮਾਰ ਕੁਟ ਦੀ ਸਾਰੀ ਜ਼ਿੰਮੇਦਾਰੀ ਨੰਬਰਦਾਰਨੀ ਨੂਰਾਂ ਦੇ ਸਿਰ ਪਾ ਦਿੱਤੀ। ਜਦ ਨੂਰਾਂ ਤੋਂ ਪੁੱਛ ਪੜਤਾਲ ਕੀਤੀ ਗਈ ਤਾਂ ਉਸਨੇ ਦੱਸਿਆ ਕਿ ਸਾਰੀ ਮਾਰ ਕੁਟਾਈ ਵਲੀ ਖਾਨ ਦੇ ਕਹਿਣ ਉੱਤੇ ਕੀਤੀ ਗਈ ਹੈ। ਦੋਹਾਂ ਨੇ ਇਕ ਦੂਜੇ ਉੱਤੇ ਜ਼ਿੰਮੇਦਾਰੀ ਸੁੱਟ ਦਿੱਤੀ।

ਜੇਲਰ ਨੇ ਵਲੀ ਖਾਨ ਤੇ ਨੂਰਾਂ ਦੋਹਾਂ ਨੂੰ ਇਕੱਠਿਆਂ ਬੁਲਾ ਲਿਆ। ਵਲੀ ਖਾਨ ਨੇ ਕਸਮਾਂ ਖਾ-ਖਾ ਕੇ ਕਿਹਾ ਕਿ ਉਸਨੇ ਮਾਰ ਕੁਟਾਈ ਲਈ ਉੱਕਾ ਨਹੀਂ ਕਿਹਾ ਤੇ ਇਹ ਸਾਰੀ ਮਾਰ ਕੁਟਾਈ ਨੂਰਾਂ ਨੇ ਆਪਣਾ ਰੋਹਬ ਜਮਾਉਣ ਲਈ ਕੀਤੀ ਹੈ। ਨੂਰਾਂ ਨੇ ਦੋਸ਼ ਲਾਇਆ ਕਿ ਵਲੀ ਖਾਨ ਭੈੜੀਆਂ ਨਜ਼ਰਾਂ ਨਾਲ ਉਸਦੀ ਬਾਂਹ ਫੜਨੀ ਚਾਹੁੰਦਾ ਸੀ। ਕਹਿੰਦਾ ਸੀ ਕਿ ਜੇ ਨਾ ਮੰਨਾਂਗੀ ਤਾਂ ਉਹ ਆਕੜ ਭੰਨ ਕੇ ਹੀ ਸਾਹ ਲਵੇਗਾ।

ਜੇਲਰ ਨੇ ਘੂਰ ਕੇ ਦੋਹਾਂ ਵੱਲ ਵੇਖਿਆ। ਦੋਹਾਂ ਨੇ ਨਜ਼ਰਾਂ ਨੀਵੀਆਂ ਕਰ ਲਈਆਂ। ਜੇਲਰ ਨੇ ਉਨ੍ਹਾਂ ਨੂੰ ਦੱਸਿਆ ਕਿ ਗੁਲਾਬ ਕੌਰ ਨਾ ਕਾਤਲ ਹੈ, ਨਾ ਚੋਰ ਤੇ ਡਾਕੂ ਹੈ। ਪੰਜਾਬ ਦੀ ਜਿਹਲ ਵਿਚ ਇਹ ਇਕੋ ਇਕ ਸਿੱਖ ਔਰਤ ਹੈ ਇਸ ਉੱਤੇ ਕੋਈ ਮੁਕੱਦਮਾ ਨਹੀਂ। ਨਾ ਹੀ ਕੋਈ ਚਾਰਜਸ਼ੀਟ ਲੱਗੀ ਹੈ। ਫਿਲੇਪੀਨ ਤੋਂ ਉਨ੍ਹਾਂ ਨਾਮਕਟੇ ਫੌਜੀਆਂ ਨਾਲ ਆਈ ਹੈ ਜੋ ਬਾਦਸ਼ਾਹ ਸਲਾਮਤ ਦੇ ਖਿਲਾਫ ਹਨ। ਇਸਦੇ ਸਾਥੀਆਂ ਨੇ ਡਾਕੇ ਮਾਰੇ ਹਨ, ਕਈ ਪੁਲਸ ਮੁਕਾਬਲੇ ਵਿਚ ਮਾਰੇ ਗਏ। ਕਈ ਫਾਂਸੀ ਚਾੜ੍ਹੇ ਗਏ। ਕਈਆਂ ਨੂੰ ਉਮਰ ਕੈਦਾਂ ਹੋਈਆਂ ਇਹ ਇਕੋ ਇਕ ਔਰਤ ਹੈ ਜੋ ਉਨ੍ਹਾਂ ਸਿਆਸੀ ਡਾਕੂਆਂ ਨਾਲ ਆਈ ਸੀ। ਡਾਕੂਆਂ ਦੀ ਸਾਥਨ ਹੈ ਪਰ ਇਸਨੇ ਆਪ ਕੋਈ ਡਾਕਾ ਨਹੀਂ ਮਾਰਿਆ। ਨਾ ਚੋਰੀ ਕੀਤੀ ਹੈ ਤੇ ਨਾ ਕੋਈ ਕਤਲ ਕੀਤਾ ਹੈ। ਤੁਸੀਂ ਦੋਵੇਂ ਜੁਰਾਇਮ ਪੇਸ਼ਾ ਹੋ, ਗੁਲਾਬੋ ਜੁਰਾਇਮ ਪੇਸ਼ਾ ਨਹੀਂ। ਜੇ ਉਹ ਮਰ ਗਈ ਤਾਂ ਤੁਹਾਡੀਆਂ ਸਜ਼ਾਵਾਂ ਵੱਧ ਜਾਣਗੀਆਂ। ਅੱਜ ਤੋਂ ਤੁਸੀਂ ਦੋਵੇਂ ਨੰਬਰਦਾਰੀ ਤੋਂ ਹਟਾਏ ਜਾਂਦੇ ਹੋ।'

ਵਲੀ ਖਾਨ ਨੇ ਕੁਝ ਕਹਿਣਾ ਚਾਹਿਆ। ਜੇਲਰ ਆਪਣਾ ਰੂਲ ਮੇਜ਼ ਉੱਤੇ ਮਾਰਦਿਆਂ ਗੜ੍ਹਕਿਆ-'ਸ਼ੱਟ ਅੱਪ ਗੈੱਟ ਆਊਟ।'

ਵਲੀ ਖਾਨ ਜਿਹਲ ਦੇ ਸਭ ਨੰਬਰਦਾਰਾਂ ਉੱਤੇ ਵੱਡਾ ਨੰਬਰਦਾਰ ਸੀ। ਬਾਕੀ ਨੰਬਰਦਾਰ ਤੇ ਕੈਦੀ ਉਸ ਤੋਂ ਥਰ-ਥਰ ਕੰਬਦੇ ਸਨ। ਉਸਨੂੰ ਕਤਲਾਂ ਦੇ ਦੋ ਮੁਕੱਦਮਿਆਂ ਵਿਚ ਦੋਹਰੀ ਉਮਰ ਕੈਦ ਹੋਈ ਸੀ। ਉਸ ਦੀ ਦੋਹਰੀ ਉਮਰ ਕੈਦ ਦਾ ਸਭ ਉੱਤੇ ਬੜਾ ਰੋਹਬ ਸੀ। ਉਂਜ ਵੀ ਸਵਾ ਛੇ ਫੁਟਾ ਹੱਟਾ ਕੱਟਾ ਤੀਹਾਂ ਬੱਤੀਆਂ ਸਾਲਾਂ ਦਾ ਜਵਾਨ ਸੀ। ਹਾਸੇ ਠੱਠੇ ਵਿਚ ਕੋਲੋਂ ਲੰਘਦੇ ਨੰਬਰਦਾਰਾਂ ਨੂੰ ਧੌਲਾਂ ਮਾਰ ਲੈਂਦਾ ਸੀ। ਕੋਈ ਉਸ ਅੱਗੇ ਅੜ ਕੇ ਨਹੀਂ ਸੀ ਖਲੋਂਦਾ।

ਨੂਰਾਂ ਨੂੰ ਅੱਜੇ ਤਿੰਨ ਸਾਲ ਹੀ ਹੋਏ ਸਨ, ਜਿਹਲ ਵਿਚ ਆਇਆਂ। ਨਵੀਂ-ਨਵੀਂ ਨੰਬਰਦਾਰ ਬਣੀ ਸੀ। ਪਹਿਲੋਂ ਨੰਬਰਦਾਰਨੀ ਤਾਬੋ ਅਨਪੜ੍ਹ ਸੀ। ਨੂਰਾਂ ਉਰਦੂ ਪੜ੍ਹਨਾ ਲਿਖਣਾ ਜਾਣਦੀ ਸੀ। ਤਾਬੋ ਚਾਲੀ ਸਾਲ ਟਪ ਚੁੱਕੀ ਸੀ। ਨੂਰਾਂ ਅੱਜੇ ਮਸਾਂ ਪੰਝੀਆਂ ਛੱਬੀਆਂ ਸਾਲਾਂ ਦੀ ਸੁਣੱਖੀ ਔਰਤ ਸੀ। ਵੱਲੀ ਖਾਨ ਨੇ ਤਾਬੋ ਦੇ ਕਮ ਦੀਆਂ ਸ਼ਕੈਤਾਂ ਲਾ-ਲਾ ਕੇ ਨੂਰਾਂ ਨੂੰ ਨੰਬਰਦਾਰਨੀ ਦੁਆਈ ਸੀ। ਤਾਬੋ ਉਸਦੀ ਕੋਈ ਗੱਲ ਨਹੀਂ ਸੀ ਮੋੜਦੀ। ਹੁਣ ਉਹ ਨੂਰਾਂ ਤੋਂ ਵੀ ਇਹੋ ਆਸ ਰਖਦਾ ਸੀ। ਨੂਰਾਂ ਆਕੜ ਬੈਠੀ।

ਜਦ ਵਲੀ ਖਾਨ ਤੇ ਨੂਰਾਂ ਜੇਲਰ ਦੇ ਦਫਤਰ ਤੋਂ ਬਾਹਰ ਨਿਕਲੇ ਤਾਂ ਉਹ ਇਕ ਦੂਜੇ ਵੱਲ ਘੂਰ-ਘੂਰ ਕੇ ਵੇਖਦੇ, ਕੁਝ ਕਦਮ ਤੁਰਦੇ ਗਏ। ਨੂਰਾਂ ਆਪ ਮੁਹਾਰੀ ਹੱਸਣ ਲਗ ਪਈ। ਵਲੀ ਖਾਨ ਨੂੰ ਚਿੱਪ ਚੜ੍ਹ ਗਈ। ਉਸ ਨੇ ਨੂਰਾਂ ਵੱਲ ਵੱਧ ਕੇ ਮੁੱਕਾ ਉਘਰਿਆ ਹੀ ਸੀ ਕਿ ਨਬੀ ਖਾਨ ਉਸ ਦੀ ਨਜ਼ਰੀਂ ਪੈ ਗਿਆ। ਉਹ ਝਿੱਜਕ ਕੇ ਰੁਕ ਗਿਆ। ਨਬੀ ਖਾਨ ਨੇ ਉਨ੍ਹਾਂ ਪਾਸ ਆ ਕੇ ਰੁਕਦਿਆਂ ਪੁੱਛਿਆ-ਕਹਿ ਗੱਲ ਐ। ਸਾਹਬਨੇ।' ਉਸ ਦੀ ਗੱਲ ਵਿਚੋਂ ਹੀ ਫੜਦਿਆਂ ਨੂਰਾਂ ਹੱਸ ਕੇ ਬੋਲੀ-'ਵੱਡੇ ਨੰਬਰਦਾਰ ਦੀ ਨੰਬਰਦਾਰੀ ਟੁੱਟੀ ਗਈ ਐ। ਮਿੱਘੀ ਆਖਣ ਇਹਾ, ਤੇਰੀ ਆਕੜ ਭੰਨੀ ਕੇ ਛੋੜਸਾਂ। ਮੈਂ ਭੰਨੀ ਆਈ ਆਂ ਇਸ ਨੀ ਆਕੜ।' ਵਲੀ

ਖਾਨ ਦੇ ਚਿਹਰੇ ਉੱਤੇ ਖ਼ੂਨ ਉਤਰ ਆਇਆ ਸੀ ਪਰ ਉਹ ਕੁਝ ਕਰਨ ਜੋਗਾ ਨਹੀਂ ਸੀ। ਅਜੇ ਜੇਲਰ ਦੇ ਦਫਤਰੋਂ ਬਹੁਤੇ ਦੂਰ ਨਹੀਂ ਸੀ ਗਏ।

ਨਬੀ ਖਾਨ ਦੋਹਾਂ ਦੇ ਵਿਚਾਲੇ ਖਲੋਤਾ ਸੀ। ਨੂਰਾਂ ਆਕੜ ਕੇ ਖਲੋਤੀ ਫਿਰ ਬੋਲ ਪਈ-'ਤੁੱਘੀ ਸਾਹਬ ਬੁਲਾਇਆ ਹੋਸੀ। ਜਾਹ ਵਹਿਲਾ-ਵਹਿਲਾ। ਵੱਡਾ ਨੰਬਰਦਾਰ ਬਣਸੇਂ। ਮੇਰੇ ਨਾਲ ਬਣਾ ਕੇ ਰਖਿਆ।' ਉਹ ਹੱਸਦੀ-ਹੱਸਦੀ ਨਬੀ ਖਾਨ ਨਾਲ ਤੁਰ ਪਈ। ਵਲੀ ਖਾਨ ਗੁੱਸੇ ਵਿਚ ਭਰਿਆ ਪੀਤਾ, ਪਿੱਛੇ ਮੁੜ-ਮੁੜ ਵੇਖਦਾ ਜੇਲਰ ਦੇ ਦਫਤਰ ਤੋਂ ਦੂਰ ਹੁੰਦਾ ਜਾ ਰਿਹਾ ਸੀ

ਵਲੀ ਖਾਨ ਪੋਠੋਹਾਰ ਦੇ ਸਰਦੇ ਪੁਜਦੇ ਮੁਗਲ ਖਾਨਦਾਨ ਵਿਚੋਂ ਸੀ। ਉਸ ਦਾ ਪਿਓ ਨਵਾਬ ਖਾਨ ਤਕੜਾ ਜ਼ਿੰਮੀਂਦਾਰ ਸੀ। ਉਸ ਦੇ ਕੜੀਆਂ ਵਰਗੇ ਛੇ ਪੁੱਤਰ ਤੇ ਛਿਆਂ ਵਿਚੋਂ ਚੌਥੀ ਥਾਂ ਸੀ ਵਲੀ ਖਾਨ; ਪਿੰਡ ਦੇ ਨੰਬਰਦਾਰ ਨੇ ਵੱਡੇ ਚੌਧਰੀ ਨੂੰ ਕਹਿ ਕੁਹਾ ਕੇ ਵਲੀ ਖਾਨ ਨੂੰ ਫੌਜ ਵਿਚ ਭਰਤੀ ਕਰਵਾ ਦਿੱਤਾ ਸੀ। ਚੌਧਰੀ ਛਿਆਂ ਨੂੰ ਆਪਣੇ ਪਾਸ ਰਖ ਕੇ ਆਪਣੀ ਡਾਂਗ ਸਮੇਤ ਘਰ ਦੀਆਂ ਸਤ ਡਾਂਗਾਂ ਗਿਣਦਾ। ਸੰਮਾਂ ਵਾਲੀ ਡਾਂਗ ਫੜ ਕੇ ਆਕੜ-ਆਕੜ ਕੇ ਤੁਰਦਾ। ਜਦ ਵਲੀ ਖਾਨ ਫੌਜ ਵਿਚ ਜਾ ਭਰਤੀ ਹੋਇਆ ਤਾਂ ਉਹ ਅਫਸੋਸਿਆ ਹੋਇਆ ਇਕ ਡਾਂਗ ਘਟ ਗਈ ਮਹਿਸੂਸ ਕਰਦਾ। ਉਸਦੇ ਸੱਜੇ ਹੱਥ ਵਿਚ ਸਾਢੇ ਛੇ ਫੁੱਟੀ ਡਾਂਗ ਤੇ ਖੱਬੇ ਹੱਥ ਦੇ ਅੰਗੂਠੇ ਉੱਤੇ ਬਾਜ ਬਿਠਾਇਆ ਹੁੰਦਾ ਜੋ ਹਰ ਵੇਲੇ ਉਡਣ-ਉਡਣ ਕਰਦਾ ਰਹਿੰਦਾ।

ਚੌਧਰੀ ਨਵਾਬ ਖਾਨ ਦਾ ਆਪਣੇ ਇਲਾਕੇ ਵਿਚ ਇਤਨਾ ਦਬਦਬਾ ਸੀ ਕਿ ਥਾਣੇਦਾਰ ਤੇ ਇਲਾਕੇ ਦੇ ਹੋਰ ਸਰਕਾਰੀ ਬੰਦੇ ਵੀ ਉਸ ਨਾਲ ਉਠਣ ਬੈਠਣ ਵਿਚ ਆਪਣੀ ਇਜ਼ਤ ਸਮਝਦੇ। ਇਕ ਦਿਨ ਦੋ ਗੁਆਂਢੀ ਪਿੰਡਾਂ ਦੇ ਜਵਾਨਾਂ ਵਿਚ ਮੁਕਾਬਲੇ ਦੀ ਛਿੰਜ ਪੈ ਰਹੀ ਸੀ। ਛਿੰਜ ਮੁੱਕਣ ਵੇਲੇ ਝਗੜਾ ਉੱਠ ਖੜ੍ਹੋਤਾ। ਡਾਂਗਾਂ ਤੇ ਛਵ੍ਹੀਆਂ ਚੱਲੀਆਂ। ਸਿਆਣਿਆਂ ਨੇ ਵਿਚ ਪੈ ਕੇ ਲੜਾਈ ਮੁਕਾਈ। ਦੋਵੇਂ ਪਿੰਡ ਆਪਣੇ-ਆਪਣੇ ਜ਼ਖਮੀਂ ਚੁੱਕ ਕੇ ਲੈ ਗਏ। ਪੁਲਸ ਪਾਸ ਕੋਈ ਨਾ ਗਿਆ। ਥਾਣੇਦਾਰ ਵੀ ਘੇਸਲਾ ਹੋ ਗਿਆ। ਉਸ ਨੇ ਖਾਹ ਮਖਾਹ ਵਿਚ ਪੈਣਾ ਠੀਕ ਨਾ ਸਮਝਿਆ।

ਦੋਹਾਂ ਗੱਭਰੂਆਂ ਵਿਚ ਦੁਸ਼ਮਣੀ ਵੱਧ ਗਈ। ਸਾਲਾਨਾ ਛਿੰਜ ਪੈਣੀ ਹਟ ਗਈ। ਇਕ ਦਿਨ ਨਵਾਬ ਖਾਨ ਦੇ ਮੁੰਡਿਆਂ ਦੇ ਹੱਥ ਦੂਜੇ ਪਿੰਡ ਦਾ ਇਕ ਗੱਭਰੂ ਆ ਗਿਆ। ਉਨ੍ਹਾਂ ਉਸਨੂੰ ਕੁਟ-ਕੁਟ ਕੇ ਭੌਰ ਬਣਾ ਦਿੱਤਾ। ਉਹ ਫਿਰ ਵੀ ਥਾਣੇ ਨਾ ਗਿਆ। ਉਨ੍ਹਾਂ ਰਾਤੋ ਰਾਤ ਛਵ੍ਹੀਆਂ ਸਾਣੇ ਚੜ੍ਹਾਈਆਂ ਤੇ ਕੁੱਕੜ ਦੀ ਬਾਂਗ ਵੇਲੇ ਚੌਧਰੀ ਦੇ ਘਰ ਉੱਤੇ ਆ ਪਏ। ਉਨ੍ਹਾਂ ਚੌਧਰੀ ਤੇ ਉਸਦੇ ਪੰਜੇ ਪੁੱਤਰ ਸੁੱਤੇ ਪਏ ਵੱਢ ਘੱਤੇ ਦੇ ਬੱਕਰੇ ਬੁਲਾਂਦੇ-ਬੁਲਾਂਦੇ ਪਿੰਡੋਂ ਨਿਕਲ ਗਏ। ਕਿਸੇ ਨੇ ਉਨ੍ਹਾਂ ਦਾ ਪਿੱਛਾ ਨਾ ਕੀਤਾ।

ਥਾਣਾ ਚੜ੍ਹ ਕੇ ਆਇਆ। ਰਾਵਲ ਪਿੰਡੀ ਤੋਂ ਗੋਰਾ ਪੁਲਸ ਕਪਤਾਨ ਕੁਮਕ ਲੈ ਕੇ ਆਇਆ। ਸਭ ਨੂੰ ਪਤਾ ਸੀ ਕਿ ਕਾਤਲ ਕੌਣ ਹਨ, ਪਰ ਕੋਈ ਵੀ ਗਵਾਹੀ ਦੇਣ ਲਈ ਤਿਆਰ ਨਾ ਹੋਇਆ। ਦੂਜੇ ਪਿੰਡ ਵਾਲਿਆਂ ਦੀ ਪਕੜ ਧਕੜ ਹੋਈ ਪਰ ਉਹ ਹਵਾਲਾਤੋਂ ਹੀ ਛੁੱਟ ਕੇ ਆ ਗਏ। ਉਸ ਵੇਲੇ ਵਲੀ ਖਾਨ ਕੈਂਬਲਪੁਰ ਛੌਣੀ ਵਿਚ ਸੀ। ਜਦ ਉਸਨੂੰ ਪਤਾ ਲੱਗਾ ਤਾਂ ਉਹ ਆਪਣੀ ਬੰਦੂਕ ਤੇ ਪੰਜਾਹ ਗੋਲੀਆਂ ਲੈ ਕੇ ਫੌਜ ਵਿਚੋਂ ਭੱਜ ਨਿਕਲਿਆ। ਉਸ ਨੇ ਰਾਹ ਵਿਚ ਪੈਂਦਾ ਆਪਣਾ ਪਿੰਡ ਛੱਡ ਦਿੱਤਾ ਤੇ ਗੁਆਂਢੀ ਦੁਸ਼ਮਣ ਪਿੰਡ ਪਹੁੰਚ ਗਿਆ। ਅੱਧ ਰਾਤ ਲੰਘ ਚੁੱਕੀ ਸੀ। ਲੋਕੀਂ ਵਿਹੜਿਆਂ ਤੇ ਛੱਤਾਂ ਉੱਤੇ ਘੂਕ ਸੁੱਤੇ ਪਏ ਸਨ। ਉਸ ਨੇ ਮਸਜਦ ਦੀ ਛੱਤ ਉੱਤੇ ਚੜ੍ਹ ਕੇ ਅੰਨ੍ਹੇਵਾਹ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਲੋਕਾਂ ਵਿਚ ਭਾਜੜ ਪੈ ਗਈ. ਜਦ ਉਸ ਦੀਆਂ ਸਾਰੀਆਂ ਗੋਲੀਆਂ ਮੁੱਕ ਗਈਆਂ ਤਾਂ ਬੰਦੂਕ ਉੱਥੇ ਸੁੱਟ ਕੇ 'ਅਲੀ 'ਅਲੀ' ਤੇ ਨਾਹਰੇ ਲਾਉਂਦਾ ਨਸ ਉੱਠਿਆ।

ਪਿੰਡ ਦੀ ਵਾਹਰ ਉਸ ਦੇ ਪਿੱਛੇ ਹੋ ਤੁਰੀ। ਜਿਧਰ ਵਲੀ ਖਾਨ ਜਾਏ ਉਧਰੋਂ ਹੀ ਹੋਰ ਪਿੰਡਾਂ ਦੇ ਲੋਕ ਉਸ ਦੇ ਪਿੱਛੇ ਲੱਗ ਤੁਰਨ। ਉਹ ਨਿਰੱਥਾ ਸੀ। ਆਖਰ ਫੜਿਆ ਗਿਆ। ਉਸ ਦੀਆਂ ਗੋਲੀਆਂ ਨਾਲ ਤਿੰਨ ਬੰਦੇ ਦੋ ਔਰਤਾਂ ਤੇ ਚਾਰ ਬੱਚੇ ਮਾਰੇ ਗਏ ਤੇ ਕਈ ਹੋਰ ਜ਼ਖਮੀ ਹੋਏ ਸਨ। ਉਸ ਨੂੰ ਦੋਹਰੀ ਉਮਰ ਕੈਦ ਹੋਈ ਸੀ।

ਜਦ ਜੰਗ ਸ਼ੁਰੂ ਹੋਈ ਤਾਂ ਉਹ ਲਾਹੌਰ ਜਿਹਲ ਵਿਚ ਕੈਦ ਕੱਟ ਰਿਹਾ ਸੀ। ਸਰਕਾਰ ਨੂੰ ਫੌਜੀ ਭਰਤੀ ਦੀ ਲੋੜ ਸੀ। ਪਿੰਡਾਂ ਦੇ ਨੌਜਵਾਨ ਫੌਜ ਵਿਚ ਭਰਤੀ ਹੋਣਾ ਮੌਤ ਸਹੇੜਨੀ ਸਮਝਦੇ ਸਨ। ਭਰਤੀ ਹੋਏ ਜਵਾਨ ਮਹੀਨਾ ਦੋ ਮਹੀਨੇ ਫੌਜੀ ਸਿਖਲਾਈ ਦੇ ਕੇ ਮੈਦਾਨੇ ਜੰਗ ਯੂਰਪ ਨੂੰ ਭੇਜ ਦਿੱਤੇ ਜਾਂਦੇ ਸਨ। ਬਸਰਾ ਤੇ ਬਗਦਾਦ ਗਈਆਂ ਪੰਜਾਬੀ ਫੌਜਾਂ ਵਿਚੋਂ ਮਾਰੇ ਗਏ ਫੌਜੀਆਂ ਬਾਰੇ ਖਬਰਾਂ ਸਾਰੇ ਪੰਜਾਬ ਵਿਚ ਫੈਲ ਚੁੱਕੀਆਂ ਸਨ। ਜਦ ਨੰਬਰਦਾਰ ਜ਼ੈਲਦਾਰ ਤੇ ਫੌਜੀ ਅਫਸਰ ਕਿਸੇ ਪਿੰਡ ਵਿਚ ਜਾ ਕੇ ਭਰਤੀ ਕਰਨ ਲਗਦੇ ਤਾਂ ਪੇਂਡੂ ਨੌਜਵਾਨ ਪਿੰਡ ਛੱਡ ਕੇ ਭੱਜ ਜਾਂਦੇ।

ਅੰਗਰੇਜ਼ੀ ਸਰਕਾਰ ਨੂੰ ਫੌਜੀ ਭਰਤੀ ਦੀ ਲੋੜ ਸੀ ਜਬਰਨ ਭਰਤੀ ਸ਼ੁਰੂ ਹੋ ਗਈ। ਜਬਰਨ ਭਰਤੀ ਕਰਨ ਲਈ ਚੋਰ, ਡਾਕੂ, ਕਾਤਲ ਜਿਹਲਾਂ ਵਿਚੋਂ ਕੱਢ ਕੇ, ਭਰਤੀ ਕਰਨ ਵਾਲੇ ਅਫਸਰਾਂ ਨਾਲ ਭੇਜ ਦਿੱਤੇ ਗਏ। ਇਨ੍ਹਾਂ ਲੋਕਾਂ ਵਿਚ ਵਲੀ ਖਾਨ ਨਬੀ ਖਾਨ, ਗਨੀ ਖਾਨ ਤੇ ਹੋਰ ਕਈ ਅਜਿਹੇ ਕਾਤਲ ਚੋਬਰ ਸ਼ਾਮਲ ਸਨ। ਫੌਜੀ ਦਸਤੇ ਤੇ ਜਿਹਲੋਂ ਛੱਡੇ ਕਾਤਲ ਰਾਤ ਬਰਾਤੇ ਪਿੰਡਾਂ ਉੱਤੇ ਹਮਲੇ ਕਰਕੇ ਸੁੱਤੇ ਪਏ ਨੌਜਵਾਨਾਂ ਨੂੰ ਫੜ ਕੇ ਜਬਰਨ ਭਰਤੀ ਕਰ ਲੈਂਦੇ। ਜੇ ਕੋਈ ਉਜ਼ਰ ਕਰਦਾ ਤਾਂ ਉਸ ਨੂੰ ਮਾਰ ਕੁਟਾਈ ਕੀਤੀ ਜਾਂਦੀ। ਨਵੇਂ ਭਰਤੀ ਕੀਤੇ ਨੌਜਵਾਨਾਂ ਨੂੰ ਪੁਲਸ ਤੇ ਫੌਜ ਦੇ ਪਹਿਰੇ ਵਿਚ ਪਹੁੰਚਾਇਆ ਜਾਂਦਾ।

ਜਦ ਦਾਅ ਲਾ ਕੇ ਨੌਜਵਾਨ ਭੱਜ ਜਾਂਦੇ ਤਾਂ ਉਨ੍ਹਾਂ ਦੇ ਘਰਾਂ ਵਾਲਿਆਂ ਨੂੰ ਤਸੀਹੇ ਦਿੱਤੇ ਜਾਂਦੇ। ਔਰਤਾਂ ਦੀਆਂ ਸੁੱਥਣਾਂ ਲੁਹਾ ਕੇ ਉਨ੍ਹਾਂ ਦੇ ਚੱਡਿਆਂ ਵਿਚ ਕੰਡਿਆਲੇ ਛਾਪੇ ਦਿੱਤੇ ਜਾਂਦੇ। ਔਰਤਾਂ ਨੂੰ ਕੰਡਿਆਲੀਆਂ ਝਾੜੀਆਂ ਲੱਤਾਂ ਵਿਚਾਲੇ ਰੱਖਣ ਲਈ ਮਜਬੂਰ ਕੀਤਾ ਜਾਂਦਾ। ਜੋ ਔਰਤਾਂ ਫਿਰ ਵੀ ਭਰਾਵਾਂ, ਪੁੱਤਰਾਂ ਤੇ ਖਾਵੰਦਾਂ ਦਾ ਪਤਾ ਨਾ ਦੇਣ, ਉਨ੍ਹਾਂ ਨੂੰ ਥਾਣੇ ਲਿਜਾ ਕੇ ਹਵਾਲਾਤਾਂ ਵਿਚ ਬੰਦ ਕਰ ਦਿੱਤਾ ਜਾਂਦਾ। ਜਿਹਲੋਂ ਛੱਡੇ ਗੁੰਡੇ ਉਨ੍ਹਾਂ ਦੀਆਂ ਇਜ਼ਤਾਂ ਲੁਟਦੇ। ਜਿਹਲੋਂ ਛੱਡੇ ਚੋਰ, ਡਾਕੂ ਤੇ ਕਾਤਲ ਅਫ਼ਸਰਾਂ ਦੇ ਆਖੇ ਲੱਗ ਕੇ ਔਰਤਾਂ ਦੀਆਂ ਸੁੱਥਣਾਂ ਪਾੜਦੇ। ਕੁੜਤੀਆਂ ਦੇ ਬਟਨ ਤੋੜ ਕੇ ਉਨ੍ਹਾਂ ਨੂੰ ਛਾਤੀਆਂ ਤੋਂ ਪਕੜ ਕੇ ਘਸੀਟਦੇ। ਸ਼ਰੇਆਮ ਉਨ੍ਹਾਂ ਦੀ ਬੇਇਜ਼ਤੀ ਕਰਦੇ।

ਨੂਰਾਂ ਦਾ ਵਿਆਹ ਨਿੱਕੇ ਹੁੰਦਿਆਂ ਹੀ ਹੋ ਗਿਆ ਸੀ। ਦਸ ਸਾਲ ਹੋ ਗਏ ਸਨ ਉਸ ਦਾ ਵਿਆਹ ਹੋਇਆਂ ਪਰ ਬਾਲ ਬੱਚਾ ਕੋਈ ਨਹੀਂ ਸੀ ਹੋਇਆ। ਇਕ ਹਨੇਰੀ ਰਾਤ ਨੂੰ ਘੋੜ ਚੜ੍ਹੀ ਫੌਜ ਨੇ ਉਨ੍ਹਾਂ ਦੇ ਪਿੰਡ ਨੂੰ ਆ ਘੇਰਾ ਪਾਇਆ। ਸਾਰੇ ਪਿੰਡ ਵਿਚ ਰਾਹਾਕਾਰ ਮਚ ਗਈ। ਨੌਜਵਾਨਾਂ ਨੇ ਨੱਸਣਾ ਚਾਹਿਆ ਪਰ ਕੋਈ ਨੱਸ ਨਾ ਸਕਿਆ। ਘਰ-ਘਰ ਤਲਾਸ਼ੀ ਕਰਕੇ ਉਨ੍ਹਾਂ ਸਾਰੇ ਨੌਜਵਾਨ ਇਕ ਚੁਰਾਹੇ ਵਿਚ ਇਕੱਠੇ ਕਰ ਲਏ। ਔਰਤਾਂ, ਭੈਣਾਂ ਤੇ ਮਾਵਾਂ ਨੇ ਚੁਰਾਹੇ ਵਿਚ ਇਕੱਠਿਆਂ ਹੋ ਕੇ ਰੋਣਾ ਪਿੱਟਣਾ ਸ਼ੁਰੂ ਕਰ ਦਿੱਤਾ। ਸਾਰੀ ਰਾਤ ਪਿੱਟ ਸਿਆਪਾ ਪਿਆ ਰਿਹਾ। ਦਿਨ ਚੜ੍ਹੇ ਭਰਤੀ ਵਾਲਿਆਂ, ਸਾਰੇ ਨੌਜਵਾਨ ਭੇਡਾਂ ਬੱਕਰੀਆਂ ਦੇ ਇੱਜੜ ਵਾਂਗੂੰ ਅੱਗੇ ਲਾ ਲਏ। ਉਨ੍ਹਾਂ ਦੇ ਸੱਜੇ ਖੱਬੇ ਫੌਜੀ ਘੋੜ ਸਵਾਰ। ਅੱਗੇ ਪਿੱਛੇ ਘੋੜ ਚੜ੍ਹੇ ਡਾਕੂ, ਕਾਤਲ ਤੇ ਚੋਰ।

ਜਬਰਨ ਭਰਤੀ ਲਈ ਫੜੇ ਗਏ ਪੇਂਡੂ ਗੱਭਰੂ, ਫੌਜੀ ਪਹਿਰੇ ਵਿਚ ਤੁਰੇ ਜਾਂਦੇ, ਜਦ ਪਿੱਛੇ ਰੋ ਰਹੀਆਂ ਮਾਵਾਂ, ਭੈਣਾਂ ਤੇ ਵਹੁਟੀਆਂ ਵੱਲ ਵੇਖਦੇ ਤਾਂ ਉਨ੍ਹਾਂ ਨੂੰ ਚਾਬਕ ਮਾਰੇ ਜਾਂਦੇ। ਅਜਿਹਾ ਇਕ ਚਾਬਕ ਜਦ ਨੂਰਾਂ ਦੇ ਖਾਵੰਦ ਸ਼ੇਰ ਖਾਨ ਦੀ ਪਿੱਠ ਉੱਤੇ ਵੱਜਾ ਤਾਂ ਨੂਰਾਂ ਦੀ ਚੀਕ ਨਿਕਲ ਗਈ। ਉਹ ਆਪਣੀ ਪਿੱਠ ਮਲਣ ਲੱਗ ਪਈ।

ਨੂਰਾਂ ਨੂੰ ਡਰ ਲੱਗਾ ਕਿ ਉਸ ਦੇ ਇਕੋ ਇਕ ਭਰਾ ਨੂੰ ਵੀ ਕਿਧਰੇ ਜਬਰਨ ਭਰਤੀ ਨਾ ਕਰ ਲੈਣ। ਉਹ ਘਰ ਮੁੜਨ ਦੀ ਥਾਂ ਉਸੇ ਵੇਲੇ ਆਪਣੇ ਪੇਕੇ ਪਿੰਡ ਵੱਲ ਤੁਰ ਪਈ। ਉਹ ਤਿੰਨ ਕੋਹ ਪੈਂਡਾ ਕਰਕੇ ਜਦ ਪੇਕੇ ਪਿੰਡ ਪਹੁੰਚੀ ਤਾਂ ਉਸ ਦਾ ਪਿਓ ਤੇ ਭਰਾ ਦੋਵੇਂ ਖੇਤਾਂ ਵਿਚ ਕੰਮ ਕਰ ਰਹੇ ਸਨ। ਉਸ ਨੇ ਆਪਣੇ ਪਿਓ ਨੂੰ ਸਾਰੀ ਗੱਲ ਦੱਸੀ ਤੇ ਉਸ ਦੀ ਛਾਤੀ ਲੱਗ ਕੇ ਰੱਜ ਕੇ ਰੋਈ। ਉਸ ਨੇ ਤਰਲਾ ਕੀਤਾ ਕਿ ਉਸ ਦੇ ਭਰਾ ਦੌਲਤ ਖਾਨ ਨੂੰ ਉਸੇ ਵੇਲੇ ਪਿੰਡੋਂ ਨਠਾ ਦਿੱਤਾ ਜਾਏ ਪਰ ਉਸ ਦੇ ਪਿਓ ਨੇ ਉਸ ਦੀ ਗੱਲ ਨਾ ਮੰਨੀ।

ਉਸੇ ਰਾਤ ਜਬਰਨ ਭਰਤੀ ਵਾਲਿਆਂ ਉਸ ਦੇ ਪੇਕੇ ਪਿੰਡ ਨੂੰ ਘੇਰਾ ਪਾ ਲਿਆ। ਪਿੰਡ ਵਾਲਿਆਂ ਇਕੱਠੇ ਹੋ ਕੇ ਪੁਲਸ ਮੁਕਾਬਲਾ ਕੀਤਾ। ਪੇਂਡੂਆਂ ਕੋਲ ਡਾਂਗਾਂ, ਕੁਹਾੜੀਆਂ ਤੇ ਗੰਡਾਸੇ ਸਨ। ਫੌਜੀਆਂ ਪਾਸ ਰਫਲਾਂ ਸਨ। ਉਨ੍ਹਾਂ ਹਵਾ ਵਿਚ ਗੋਲੀਆਂ ਚਲਾਈਆਂ। ਪਿੰਡ ਦੇ ਲੋਕ ਫਿਰ ਵੀ ਪਿੱਛੇ ਨਾ ਹਟੇ। ਬਲਵਾ ਹੋ ਗਿਆ। ਗੋਲੀਆਂ ਚੱਲਣ ਦੀ ਅਵਾਜ਼ ਸੁਣ ਕੇ ਪੁਲਸ ਪਹੁੰਚ ਗਈ। ਪੇਂਡੂ ਜਵਾਨ ਅੱਗੇ ਵਧਦੇ ਤਾਂ ਜਬਰਨ ਭਰਤੀ ਕਰਨ ਵਾਲੇ ਪਿੱਛੇ ਹਟ ਜਾਂਦੇ। ਸਾਰੀ ਰਾਤ ਰੌਲਾ ਪੈਂਦਾ ਰਿਹਾ। ਤੜਕਸਾਰ ਆਲੇ ਦੁਆਲੇ ਦੇ ਨੰਬਰਦਾਰ ਤੇ ਜ਼ੈਲਦਾਰ ਆ ਇਕੱਠੇ ਹੋਏ। ਉਨ੍ਹਾਂ ਦੂਰ ਖਲੋ ਕੇ ਹੀ ਨੌਜਵਾਨਾਂ ਨੂੰ ਬੜਾ ਸਮਝਾਇਆ ਪਰ ਨੌਜਵਾਨਾਂ ਦੀਆਂ ਮਾਵਾਂ, ਧੀਆਂ, ਭੈਣਾਂ ਤੇ ਵਹੁਟੀਆਂ ਉਨ੍ਹਾਂ ਦੇ ਸਾਹਮਣੇ ਢਾਲ ਬਣ ਕੇ ਖਲੋਤੀਆਂ ਰਹੀਆਂ।

ਨੂਰਾਂ ਨੇ ਆਪਣੇ ਪਿੰਡ ਵਿਚ, ਪਿਛਲੀ ਰਾਤ ਦਾ ਜ਼ੁਲਮ ਹੁੰਦਾ ਵੇਖਿਆ ਹੋਇਆ ਸੀ। ਉਹ ਜਾਣ ਗਈ ਕਿ ਅਖੀਰ ਵਿਚ ਜਬਰਨ ਭਰਤੀ ਕਰਨ ਵਾਲਿਆਂ ਦੀ ਹੀ ਜਿੱਤ ਹੋਵੇਗੀ। ਉਸ ਦੇ ਪਿਓ ਨੇ ਪਿੰਡ ਦੇ ਨੰਬਰਦਾਰ ਨੂੰ ਇਸ਼ਾਰਾ ਕਰਕੇ ਆਪਣਾ ਕੋਲ ਬੁਲਾਇਆ। ਉਹ ਕੁੱਲੇ ਉੱਤੇ ਤੁੱਰੇ ਵਾਲੀ ਪੱਗ ਸੰਭਾਲਦਾ ਸੰਭਾਲਦਾ ਉਸ ਪਾਸ ਪਹੁੰਚਿਆ ਹੀ ਸੀ ਕਿ ਉਸ ਨੇ ਪੁੱਛਿਆ ਕਿ ਨੰਬਰਦਾਰਾ, ਤੂੰ ਆਪਣੇ ਪੁੱਤਰਾਂ ਤੇ ਭਰਾਵਾਂ ਨੂੰ ਕਿਉਂ ਭਰਤੀ ਨਹੀਂ ਕਰਵਾਂਦਾ ਤੇ ਸਾਡੇ ਉੱਤੇ ਕਿਉਂ ਜ਼ੁਲਮ ਕਰਾ ਰਿਹਾ ਹੈਂ।

ਨੰਬਰਦਾਰ ਲੋਹਾ ਲਾਖਾ ਹੋ ਕੇ ਉਸ ਦੇ ਗੱਲ ਪੈ ਗਿਆ। ਉਸ ਨੇ ਨੂਰਾਂ ਦੇ ਪਿਓ ਨੂੰ ਗਲਮਿਓਂ ਫੜ ਲਿਆ। ਨੂਰਾਂ ਨੇ ਆ ਵੇਖਿਆ ਨਾ ਤਾਅ ਆਪਣੀ ਕੱਛ ਵਿਚੋਂ ਛੁਰਾ ਕੱਢ ਕੇ ਨੰਬਰਦਾਰ ਦੀ ਧੌਣ ਵਿਚ ਦੇ ਮਾਰਿਆ। ਨੰਬਰਦਾਰ ਲਹੂ ਲੁਹਾਨ ਹੋ ਕੇ ਡਿੱਗ ਪਿਆ। ਉਸ ਦੀ ਕੁੱਲੇ ਵਾਲੀ ਪੱਗ ਰੁਲ ਰਹੀ ਸੀ। ਜ਼ੈਲਦਾਰ ਦੇ ਇਸਾਰੇ ਉੱਤੇ ਜਬਰਨ ਭਰਤੀ ਕਰਨ ਵਾਲਿਆਂ ਪਿੰਡ ਦੇ ਲੋਕਾਂ ਉੱਤੇ ਹਮਲਾ ਕਰ ਦਿੱਤਾ। ਲਾਠੀਆਂ ਨਾਲ ਉਨ੍ਹਾਂ ਪਿੰਡ ਦੀਆਂ ਔਰਤਾਂ ਬੱਚੇ ਵੀ ਕੁਟ ਘਤੇ। ਕਈ ਨੌਜਵਾਨ ਨੱਸ ਉੱਠੇ। ਨੂਰਾਂ ਛੁਰਾ ਘੁਮਾਂਦੀ ਪਿੱਛੇ ਹਟਣ ਲੱਗ ਪਈ। ਘੋੜ ਸਵਾਰਾਂ ਨੇ ਘੇਰਾ ਪਾ ਕੇ ਨੂਰਾਂ ਨੂੰ ਫੜ ਲਿਆ। ਇਕ ਘੋੜ ਸਵਾਰ ਕਾਤਲ ਨੇ ਨੂਰਾਂ ਉੱਤੇ ਛੁਰੇ ਨਾਲ ਵਾਰ ਕਰਨਾ ਚਾਹਿਆ। ਜ਼ੈਲਦਾਰ ਨੇ ਉਸ ਦਾ ਹੱਥ ਫੜ ਲਿਆ।

ਨੱਸ ਗਏ ਨੌਜਵਾਨਾਂ ਦੇ ਵਾਰੰਟ ਕੱਢ ਦਿੱਤੇ ਗਏ। ਨੂਰਾਂ ਦੇ ਪਿਓ ਨੂੰ ਕੁਝ ਦਿਨ ਹਵਾਲਾਤ ਵਿਚ ਰੱਖ ਕੇ ਬਿਨਾ ਮੁਕੱਦਮਾ ਚਲਾਏ ਪੁਲਸ ਮੁਕਾਬਲੇ ਦੇ ਜੁਰਮ ਵਿਚ ਮਿੰਟਗੁਮਰੀ ਜਿਹਲ ਵਿਚ ਬੰਦ ਕਰ ਦਿੱਤਾ ਗਿਆ। ਨੂਰਾਂ ਦੇ ਸਤਾਰਾਂ ਸਾਲਾ ਅਲੂਏਂ ਭਰਾ ਨੂੰ ਜਬਰਨ ਭਰਤੀ ਕਰਕੇ ਚੱਕਲਾਲਾ ਛੌਣੀ ਭੇਜਿਆ ਗਿਆ।

ਨੂਰਾਂ ਉੱਤੇ ਕਤਲ ਦਾ ਕੇਸ, ਦਸਾਂ ਮਿੰਟਾਂ ਵਿਚ ਮੁਕਾਅ ਕੇ ਉਸ ਨੂੰ ਬਾਦਸ਼ਾਹ ਸਲਾਮਤ ਦੇ ਖਿਲਾਫ਼ ਬਗਾਵਤ ਕਰਨ, ਪੁਲਸ ਮੁਕਾਬਲਾ ਕਰਨ ਤੇ ਨੰਬਰਦਾਰ ਉੱਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ਵਿਚ ਉਮਰ ਕੈਦ ਕਰਕੇ ਲਾਹੌਰ ਜਿਹਲ ਵਿਚ ਬੰਦ ਕਰ ਦਿੱਤਾ ਗਿਆ।

# 11

ਨੂਰਾਂ ਤੇ ਵਲੀ ਖਾਨ ਦੋਹਾਂ ਦੀ ਨੰਬਰਦਾਰੀ ਟੁੱਟ ਚੁੱਕੀ ਸੀ ਪਰ ਅਜੇ ਵੀ ਉਹ ਪਹਿਲੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਸਨ। ਨੂਰਾਂ ਨੇ ਨੰਬਰਦਾਰੀ ਟੁੱਟਣ ਦੀ ਕੋਈ ਪਰਵਾਹ ਨਾ ਕੀਤੀ ਪਰ ਵਲੀ ਖਾਨ ਮੁਰਝਾਇਆ ਹੋਇਆ ਨੀਵੀਂ ਪਾ ਕੇ ਤੁਰਿਆ ਫਿਰਦਾ। ਇਉਂ ਜਾਪਦਾ ਜਿਵੇਂ ਮੁੱਛਾਂ ਮਰੋੜਨ ਦੀ ਜਾਚ ਉਸ ਨੂੰ ਉੱਕੀ ਭੁੱਲ ਹੀ ਗਈ ਹੋਵੇ। ਜੇ ਕਿਧਰੇ ਨੂਰਾਂ ਦਿਸ ਪੈਂਦੀ ਤਾਂ ਉਹ ਉਸ ਵਾਲਾ ਰਾਹ ਛੱਡ ਕੇ ਦੂਜੇ ਰਾਹ ਪੈ ਜਾਂਦਾ ! ਉਸ ਨੇ ਨੰਬਰਦਾਰੀ ਟੁੱਟਣ ਦਾ ਦੁੱਖ ਏਨਾ ਮੰਨਿਆ ਕਿ ਕਈ ਵਾਰ ਖਾਣ ਦਾ ਵੇਲਾ ਵੀ ਭੁੱਲ ਜਾਂਦਾ।

ਨੂਰਾਂ ਪਹਿਲੋਂ ਨਾਲੋਂ ਵੀ ਵੱਧ ਆਕੜ-ਆਕੜ ਕੇ ਤੁਰਦੀ। ਜਿਨ੍ਹਾਂ ਚਾਰ ਕੈਦੀ ਔਰਤਾਂ ਨੇ ਉਸ ਦਾ ਹੁਕਮ ਮੰਨ ਕੇ ਗੁਲਾਬ ਕੌਰ ਨੂੰ ਕੁੱਟਿਆ ਸੀ ਉਹ ਉਸ ਤੋਂ ਹੋਰ ਡਰਨ ਲੱਗ ਪਈਆਂ। ਉਹ ਸਮਝਦੀਆਂ ਜੇ ਨੂਰਾਂ, ਵਲੀ ਖਾਨ ਦੀ ਲੰਬਰਦਾਰੀ ਤੁੜਵਾ ਸਕਦੀ ਹੈ ਤਾਂ ਹੋਰ ਕੀ ਨਹੀਂ ਕਰ ਸਕਦੀ। ਗਹੁਰਾਂ, ਜ਼ਿਲ੍ਹਾ ਸ਼ਾਹਪਰ ਦੇ ਪਿੰਡ ਉੱਠੀਆਂ ਤੋਂ ਫੜ ਕੇ ਲਿਆਂਦੀ ਗਈ ਸੀ। ਬਰਕਤੇ ਤਖਤ ਹਜ਼ਾਰੇ ਦੀ ਸੀ। ਫ਼ਾਤਮਾ ਜ਼ਿਲ੍ਹਾ ਮੁਲਤਾਨ ਦੀ ਸੀ। ਵਹੀਦਾ ਦਾ ਪਿੰਡ ਚਕਵਾਲ ਦੇ ਨੇੜੇ ਸੀ। ਉਨ੍ਹਾਂ ਵਿਚ ਇਕ ਸਾਂਝ ਸੀ ਕਿ ਉਹ ਸਾਰੀਆਂ ਜਬਰਨ ਭਰਤੀ ਦੀ ਮੁਖਾਲਫਤ ਕਰਦੀਆ ਫੜੀਆਂ ਸਨ। ਗਹੁਰਾਂ, ਬਰਕਤੇ ਤੇ ਵਹੀਦਾ ਦੇ ਖਸਮ ਜ਼ਬਰਦਸਤੀ ਭਰਤੀ ਕੀਤੇ ਗਏ ਸਨ। ਫਾਤਮਾ ਵਿਧਵਾ ਸੀ। ਉਸ ਦੇ ਦੋਵੇਂ ਪੁੱਤਰ ਜ਼ਬਰਦਸਤੀ ਬੰਨ੍ਹ ਕੇ, ਘੋੜੇ ਦੇ ਪਿੱਛੇ ਘਸੀਟੇ ਗਏ ਸਨ। ਉਸ ਨੇ ਗੁੱਸੇ ਵਿਚ ਆ ਕੇ ਆਪਣੇ ਕੋਠੇ ਉੱਤੇ ਚੜ੍ਹ ਕੇ ਇੱਟਾਂ ਵੱਟਿਆਂ ਦਾ ਮੀਂਹ ਵਰਸਾ ਦਿੱਤਾ ਸੀ। ਪਿੰਡ ਦਾ ਜ਼ੈਲਦਾਰ ਤੇ ਇਕ ਪੁਲਸੀਆ ਜ਼ਖ਼ਮੀ ਹੋ ਗਏ ਸਨ।

'ਨੂਰਾਂ, ਇਨ੍ਹਾਂ ਚੌਹਾਂ ਵਿਚੋਂ ਫਾਤਮਾ ਨੂੰ ਪਸੰਦ ਕਰਦੀ ਸੀ। ਗਹੁਰਾ ਬਰਕਤੇ ਤੇ ਵਹੀਦਾ, ਕਿਸੇ ਵੇਲੇ ਉਸ ਦੇ ਅੱਗੇ ਬੋਲ ਪੈਂਦੀਆਂ ਸਨ ਪਰ ਫਾਤਮਾ ਉਸ ਦੀ ਹਰ ਗੱਲ ਵਿਚ ਆਪਣੀ ਹਾਂ ਮਿਲਾਂਦੀ ਰਹਿੰਦੀ ਸੀ। ਨੂਰਾਂ ਕਦੇ ਕਦਾਈਂ ਉਸ ਨੂੰ ਚਾਚੀ ਕਹਿ ਕੇ ਵੀ ਬੁਲਾ ਲੈਂਦੀ।

ਗੁਲਾਬ ਕੌਰ ਨੂੰ ਹਸਪਤਾਲ ਵਿਚ ਪਿਆਂ ਹਫਤਾ ਹੋ ਗਿਆ ਸੀ। ਨੂਰਾਂ ਪਹਿਲਾਂ ਵਾਂਗੂੰ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਕਈ ਵਾਰੀ ਹਸਪਤਾਲ ਵਿਚ ਜਾਂਦੀ ਪਰ ਗੁਲਾਬ ਕੌਰ ਵਾਲੇ ਵਾਰਡ ਵਿਚ ਫਿਰਦਿਆਂ ਵੀ ਉਸ ਦੇ ਮੰਜੇ ਨੇੜੇ ਨਾ ਜਾਂਦੀ। ਗੁਲਾਬ ਕੌਰ ਜਦ ਨੂਰਾਂ ਨੂੰ ਆਪਣੇ ਵਾਰਡ ਵਿਚ ਵੇਖਦੀ ਤਾਂ ਵੱਖੀ ਪਰਨੇ ਲੇਟ ਕੇ ਉਸ ਦੇ ਰਾਹ ਵੱਲ ਪਿੱਠ ਕਰ ਲੈਂਦੀ। ਅੱਜ ਨੂਰਾਂ, ਵਹੀਦਾ ਨੂੰ ਨਾਲ ਲੈ ਕੇ, ਗੁਲਾਬ ਕੌਰ ਦੇ ਮੰਜੇ ਕੋਲੋਂ ਲੰਘ ਰਹੀ ਸੀ। ਗੁਲਾਬ ਕੌਰ ਨੇ ਉਸ ਵੱਲ ਪਿੱਠ ਦੇ ਦਿੱਤੀ। ਨੂਰਾਂ ਨੇ ਉਸ ਦੇ ਮੰਜੇ ਲਾਗੇ ਅਟਕ ਕੇ ਕਿਹਾ-'ਗੁਲਾਬੋ। ਮੈਂ ਤੁੱਘੀ ਨਿਹੱਕਾ ਕੁੱਟਿਐ। ਮਾਫ ਕਰਿਆਂ ਮਿੱਘੀ। ਮਹਾੜੀ ਨੰਬਰਦਾਰੀ ਤਰੁਟੀ ਗਈ ਐ।'

ਗੁਲਾਬ ਕੌਰ ਨੇ ਪਾਸਾ ਮੋੜ ਕੇ ਨੂਰਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਿਆ। ਗੁਲਾਬ ਕੌਰ ਦੀਆਂ ਮੋਟੀਆਂ-ਮੋਟੀਆਂ ਅੱਖਾਂ ਦਾ ਤੇਜ ਤੇ ਉਸ ਦੇ ਮੱਥੇ ਉੱਤੇ ਪਈ ਤੀਉੜੀ ਨਾ ਸਹਾਰ ਕੇ ਨੂਰਾਂ ਨੇ ਨੀਵੀਂ ਪਾ ਲਈ। ਗੁਲਾਬ ਕੌਰ ਮੂੰਹੋਂ ਕੁਝ ਨਾ ਬੋਲੀ। ਨੂਰਾਂ ਪੋਲੇ-ਪੋਲੇ ਕਦਮੀਂ ਅੱਗੇ ਤੁਰ ਪਈ।

ਹਸਪਤਾਲ ਦੇ ਵਾਰਡ ਤੋਂ ਬਾਹਰ ਨਿਚਲਦਿਆਂ ਹੀ ਨੂਰਾਂ, ਫਾਤਮਾ ਨੂੰ ਦੱਸਣ ਲੱਗ ਪਈ-'ਚਾਚੀ। ਸਿੱਖਣੀ ਗੁਲਾਬੋ ਸੱਤਾਂ ਸਮੁੰਦਰਾਂ ਨਾ ਪਾਣੀ ਪੀ ਕੇ ਆਈ ਐ। ਮਿੱਘੀ ਕਹਿ ਪਤੈ। ਗੋਰੇ ਸਾਹਬੈ ਬਾਹਿਐ।' ਅੱਗੇ-ਅੱਗੇ ਨੂਰਾਂ ਦੇ ਪਿੱਛੇ-ਪਿੱਛੇ ਫਾਤਮਾ ਤੁਰੀਆਂ ਜਾ ਰਹੀਆਂ ਸਨ। ਨੂਰਾਂ ਫਿਰ ਬੋਲ ਪਈ-'ਚਾਚੀ, ਨਬੀ ਦੱਸਣੈ। ਗੁਲਾਬੋ ਨੇ ਖਸਮੈਂ ਕੀ ਫਾਂਸੀ ਹੋਈ ਗਈ ਐ।'

'ਭਰਤੀ ਨਹੀਂ ਹੋਇਆ।' ਫਾਤਮਾਂ ਦੀ ਗੱਲ ਵਿਚੋਂ ਹੀ ਫੜ ਕੇ ਨੂਰਾਂ ਬੋਲ ਪਈ-'ਨਹੀਂ ਚਾਚੀ। ਸਮੁੰਦਰੋਂ ਪਾਰੋਂ ਆਈ ਕੈ ਸਿਖਾਂ ਬੰਕਾਂ ਲੁੱਟੀਆਂ। ਡਾਕੇ ਮਾਰੇ। ਜ਼ੈਲਦਾਰਾਂ ਤੇ ਨੰਬਰਦਾਰਾਂ ਕੀ ਕਤਲ ਕੀਤੈ।'

ਜ਼ੈਲਦਾਰਾਂ ਤੇ ਨੰਬਰਦਾਰਾਂ ਦੇ ਕਤਲ ਦੀ ਗੱਲ ਸੁਣ ਕੇ ਫਾਤਮਾ ਦਾ ਚਿਹਰਾ ਖਿੜ ਆਇਆ। ਉਹ ਬੋਲ ਪਈ-'ਵੱਲ ਕੀਤੈ ਸਿੱਖਾਂ।'

'ਤੈ ਹੋਰ ਦੱਸਾਂ ਤੁੱਘੀ। ਸਿੱਖ ਆਪਣਾ ਰਾਜ ਮੰਗਣੇ ਐ। ਮਿੱਘੀ ਤੇ ਸਮਝ ਨਹੀਂ ਪੈਣੀ। ਨੱਬੀ ਦੱਸਣੈ ਹਿੱਸੇ ਜਿਹਲ ਵਿਚ ਗੋਰਿਆਂ ਕਈ ਸਿੱਖਾਂ ਕੀ ਫਾਂਸੀ ਚੜ੍ਹਾਈ ਛੋੜਿਐ। ਹਿੱਕ ਦੋ ਮੁਸਲਮਾਨ ਵੀ ਸਿੱਖਾਂ ਨਾਲ ਰਲੀ ਗਏ। ਗੋਰਿਆਂ ਦੇ ਮੁਸਲਮੀਣਾਂ ਕੀ ਵੀ ਫਾਂਸੀ ਚਾੜ੍ਹੀ ਦਿੱਤੈ। ਦੱਸਣੇ ਐ ਉਹ ਵੀ....।' ਨੂਰਾਂ ਗੱਲ ਕਰਦੀ-ਕਰਦੀ ਰੁਕ ਗਈ।

'ਮੁਸਲਮੀਣ ਵੀ ਆਪਣੀ ਹਕੂਮਤ ਮੰਗਣੇ ਹੋਏ ਐ।' ਫਾਤਮਾ ਦੀ ਗੱਲ ਸੁਣ ਕੇ ਨੂਰਾਂ ਨੇ ਕਈ ਵਾਰੀ ਸਿਰ ਅੱਗੇ ਪਿੱਛੇ ਛੰਡ ਕੇ ਕਿਹਾ-'ਮਿੱਘੀ ਤੈ ਸਮਝ ਨਹੀਂ ਪੈਣੀ। ਹਿੱਕਾ ਗੱਲ ਸਮਝਣੀ ਆਂ। ਗੋਰੇ ਗੁਲਾਬੋ ਨੇ ਵੀ ਦੁਸ਼ਮਣ ਐਂ ਤੇ ਸਾੜੇ ਵੀ...ਸਿੱਖਾਂ ਤੇ ਮੁਸਲਮੀਣਾ ਕੀ ਪਾੜੀ-ਪਾੜੀ ਰੱਖਣੈ ਐ।' ਗੱਲ ਕਰਦੀ-ਕਰਦੀ ਨੂਰਾਂ ਬਹੁਤ ਗੰਭੀਰ ਹੋ ਗਈ।

ਦੁਪਹਿਰਾਂ ਦਾ ਵੇਲਾ ਸੀ। ਖਾਣੇ ਦੀ ਘੰਟੀ ਵੱਜੀ। ਨੂਰਾਂ ਤੇ ਫਾਤਮਾ ਤਿੱਖੇ-ਤਿੱਖੇ ਕਦਮ ਪੁੱਟ ਕੇ ਖਾਣਾ-ਖਾਣ ਜਾ ਬੈਠੀਆਂ। ਨਬੀ ਖਾਨ ਨੂੰ ਵਲੀ ਖਾਨ ਦੀ ਥਾਂ ਤੇ ਵੱਡਾ ਨੰਬਰਦਾਰ ਬਣਾ ਦਿੱਤਾ ਗਿਆ ਸੀ। ਉਸ ਨੇ ਬੂਹੇ ਵਿਚ ਖਲੋ ਕੇ ਕਿਹਾ-'ਨੂਰਾਂ। ਤੁੱਘੀ ਛੋਟਾ ਸਾਹਬ ਸੱਦਣੈ ਵਹਿਲੀ-ਵਹਿਲੀ ਖਾਹ।'

ਜਦ ਵਲੀ ਖਾਨ ਨੂੰ ਨੰਬਰਦਾਰੀ ਤੋਂ ਹਟਾਇਆ ਗਿਆ ਤਾਂ ਨਬੀ ਖਾਨ ਨੂੰ ਵੱਡੀ ਨੰਬਰਦਾਰੀ ਦੇ ਕੇ ਉਸ ਦੇ ਨਾਲ ਗਨੀ ਖਾਨ ਨੂੰ ਲਾ ਦਿੱਤਾ ਗਿਆ. ਜਬਰਨ ਭਰਤੀ ਵੇਲੇ ਜਿੰਨਾਂ ਕੰਮ ਵਲੀ ਖਾਨ ਨੇ ਕੀਤਾ ਸੀ, ਇਤਨਾ ਕਿਸੇ ਹੋਰ ਉਮਰ ਕੈਦੀ ਨੇ ਨਹੀਂ ਸੀ ਕੀਤਾ। ਉਹ ਛੇ ਸਾਲਾਂ ਤੋਂ ਵੱਧ ਕੈਦ ਕੱਟ ਚੁੱਕਾ ਸੀ। ਉਸ ਦਾ ਖਿਆਲ ਸੀ ਕਿ ਅੰਗਰੇਜ਼ ਉਸ ਦੀ ਕੀਤੀ ਖਿਦਮਤ ਦਾ ਮੁੱਲ ਪਾਉਣਗੇ ਤੇ ਰਿਟਾਇਰ ਹੋਕੇ ਜਾ ਰਹੇ ਅੰਗਰੇਜ਼ ਜੇਲਰ ਨੇ ਉਸ ਨੂੰ ਦਫ਼ਤਰ ਸੱਦ ਕੇ ਦੱਸਿਆ ਸੀ ਵੀ ਕਿ ਬਾਦਸ਼ਾਹ ਸਲਾਮਤ ਦੀ ਖਿਦਮਤ ਕਰਨ ਦੇ ਬਦਲੇ ਵਿਚ ਉਸ ਦੀ ਕੈਦ ਛੇ ਸਾਲ ਘੱਟ ਕਰ ਦਿੱਤੀ ਜਾਏਗੀ ਪਰ ਹੋਇਆ ਉਸ ਦੇ ਬਿਲਕੁਲ ਉਲਟ; ਅਚਾਨਕ ਹੀ ਉਸ ਦੀ ਬਦਲੀ ਮੀਆਂ ਵਾਲੀ ਜਿਹਲ ਵਿਚ ਕਰ ਦਿੱਤੀ ਗਈ।

ਕੈਦੀ ਔਰਤਾਂ ਵਿਚ ਗੱਲਾਂ ਚੱਲ ਪਈਆਂ ਕਿ ਇਹ ਸਭ ਕਰਤੂਤ ਨੂਰਾਂ ਦੀ ਹੈ। ਉਸ ਨੇ ਨਿੱਕੇ ਟੋਮੀ ਸਾਹਬ ਨਾਲ ਰਲ ਕੇ ਉਸ ਦੀ ਬਦਲੀ ਕਰਵਾਈ ਹੈ। ਕਿੰਨੀ-ਕਿੰਨੀ ਦੇਰ ਉਸ ਦੇ ਦਫਤਰ ਵਿਚ ਵੜੀ ਰਹਿੰਦੀ ਹੈ। ਡੱਕਾ ਭੰਨ ਕੇ ਦੋਹਰਾ ਨਹੀਂ ਕਰਦੀ। ਜਦ ਵਲੀ ਖ਼ਾਨ ਵੱਡਾ ਨੰਬਰਦਾਰ ਸੀ ਤਾਂ ਕੈਦੀ ਔਰਤਾਂ ਉੱਤੇ ਸਿੱਧਾ ਹੁਕਮ ਨਹੀਂ ਸੀ ਚਾੜ੍ਹਦਾ। ਸਭ ਹੁਕਮ ਨੂਰਾਂ ਰਾਹੀਂ ਦੇਂਦਾ ਸੀ। ਨੂਰਾਂ ਨੰਬਰਦਾਰਨੀ ਨਹੀਂ ਸੀ ਰਹੀ ਪਰ ਫਿਰ ਵੀ ਉਸ ਦਾ ਹੀ ਹੁਕਮ ਚੱਲਦਾ ਸੀ। ਨਾ ਨਬੀ ਖਾਂ ਤੇ ਨਾ ਹੀ ਗਨੀ ਖਾਨ ਉਸ ਦੇ ਕੰਮ ਵਿਚ ਦਖਲ ਦੇਂਦੇ ਸਨ। ਵਲੀ ਖਾਨ ਦੇ ਜਾਣ ਦੀ ਦੇਰ ਸੀ ਕਿ ਨੂਰਾਂ ਨੂੰ ਉਸ ਦੀ ਨੰਬਰਦਾਰੀ ਵਾਪਸ ਮਿਲ ਗਈ। ਕੈਦੀ ਔਰਤਾਂ ਸ਼ੱਕ ਕਰਨ ਲੱਗ ਪਈਆਂ ਕਿ ਨੂਰਾਂ, ਨਿੱਕੇ ਟੌਮੀ ਸਾਹਬ ਨਾਲ ਰਹਿੰਦੀ ਹੈ ਪਰ ਜਦ ਉਹ ਸਾਹਮਣੇ ਆ ਜਾਂਦੀ ਤਾਂ ਉਸ ਅੱਗੇ ਨਾ ਕੁਸਕਦੀਆਂ। ਉਹ ਜੋ ਕਹਿੰਦੀ, ਉਹ ਕਰਨ ਲਈ ਤਿਆਰ ਹੋ ਜਾਂਦੀਆਂ।

ਨਬੀ ਖਾਨ ਪੰਜਾਹਾਂ ਨੂੰ ਟੱਪ ਗਿਆ ਸੀ। ਗਨੀ ਖਾਨ ਵੀ ਪੰਜਾਹਾਂ ਦੇ ਨੇੜੇ ਤੇੜੇ ਸੀ। ਉਹ ਦਿਨ ਕੱਟੀ ਕਰ ਰਹੇ ਸਨ। ਦੋਵੇਂ ਉਮਰ ਕੈਦਾਂ ਦੀ ਛੋਟ ਦੀ ਉਡੀਕ ਵਿਚ ਸਨ। ਨੂਰਾਂ ਉਨ੍ਹਾਂ ਦੇ ਉੱਤੋਂ ਦੀ ਵਗਣ ਲੱਗ ਪਈ। ਉਨ੍ਹਾਂ ਨੂੰ ਇਹ ਗੱਲ ਪਸੰਦ ਨਹੀਂ ਸੀ ਪਰ ਨਿੱਕੇ ਟੌਮੀ ਸਾਹਬ ਤੋਂ ਡਰਦੇ ਚੁੱਪ ਕਰ ਰਹਿੰਦੇ।

ਜਿਹਲੀ ਔਰਤਾਂ ਉੱਤੇ ਨੂਰਾਂ ਦਾ ਰਾਜ ਸੀ। ਜਿਧਰ ਜੀਅ ਕਰਦਾ, ਫੁੰਕਾਰੇ ਮਾਰਦੀ ਫਿਰਦੀ ਪਰ ਜਦ ਗੁਲਾਬ ਕੌਰ ਦੇ ਸਾਹਮਣੇ ਹੁੰਦੀ ਤਾਂ ਨੀਵੀਂ ਪਾ ਕੇ ਅੱਗੇ ਲੰਘ ਜਾਂਦੀ। ਔਦਰੋ ਅੰਦਰੀ ਉਹ ਗੁਲਾਬ ਕੌਰ ਉੱਤੇ ਤਰਸ ਖਾਣ ਲੱਗ ਪਈ ਸੀ। ਉਹ ਕਈ ਵਾਰੀ ਸੋਚਦੀ ਕਿ ਜਦ ਉਨ੍ਹਾਂ ਗੁਲਾਬ ਕੌਰ ਕੁੱਟ ਕੇ ਬਿਹੋਸ਼ ਕਰ ਦਿੱਤੀ ਤਾਂ ਭਲਾ ਮੁੜ ਕੇ ਉਹ ਉਸ ਨੂੰ ਸਹਾਰਾ ਦੇ ਕੇ ਪਾਣੀ ਪਿਆਉਣ ਕਿਉਂ ਗਈ ਸੀ। ਉਂਜ ਉਸ ਇਕ ਪਲ ਨੂੰ ਯਾਦ ਕਰਕੇ ਉਹ ਮਨ ਹੀ ਮਨ ਵਿਚ ਬੜੀ ਖ਼ੁਸ਼ ਹੁੰਦੀ। ਉਹ ਗੁਲਾਬ ਕੌਰ ਤੇ ਆਪਣੇ ਆਪ ਵਿਚ ਕਈ ਸਾਂਝਾਂ ਲੱਭਣ ਲੱਗ ਪਈ। ਜਦ ਉਸਨੂੰ ਯਾਦ ਆਉਂਦਾ ਕਿ ਗੁਲਾਬ ਕੌਰ ਦੇ ਖਾਵੰਦ ਨੂੰ ਫਾਂਸੀ ਦੇ ਦਿੱਤੀ ਗਈ ਸੀ ਤਾਂ ਉਹ ਉਸ ਤੋਂ ਪੁੱਛਣ ਲਈ ਉਤਾਵਲੀ ਹੋ ਉਠਦੀ। ਉਸ ਨੂੰ ਆਪਣਾ ਖਾਵੰਦ ਯਾਦ ਆ ਜਾਂਦਾ। ਉਸ ਨੂੰ ਉਸ ਉਹ ਸਮਾਂ ਦਿਸ ਪੈਂਦਾ, ਜਦ ਉਸ ਦੇ ਖਾਵੰਦ ਨੂੰ ਲਗਾਤਾਰ ਚਾਬਕਾਂ ਮਾਰੀਆਂ ਜਾ ਰਹੀਆਂ ਸਨ। ਉਹ ਆਪਣੀ ਪਿੱਠ ਟਟੋਲਣ ਲੱਗ ਪੈਂਦੀ।

ਉਹ ਆਪਣੇ ਭਰਾ ਦੌਲਤ ਖਾਨ ਨੂੰ ਯਾਦ ਕਰਦੀ-ਕਰਦੀ ਰੋ ਪੈਂਦੀ। ਉਹ ਆਪਣੇ ਛੁਰੇ ਨਾਲ ਨੰਬਰਦਾਰ ਨੂੰ ਲਹੂ ਲੁਹਾਣ ਹੋਇਆ ਤੜਫ਼ ਰਿਹਾ ਵੇਖਦੀ-ਵੇਖਦੀ ਕੰਬ ਉੱਠਦੀ। ਉਹ ਮਨ ਪੱਕਾ ਕਰਦੀ ਪਰ ਉਸ ਦਾ ਮਨ ਉਸ ਦੇ ਹੱਥੋਂ ਨਿਕਲ-ਨਿਕਲ

ਜਾਂਦਾ। ਉਹ ਸੋਚਦੀ ਕਿ ਉਸ ਦਾ ਖਾਵੰਦ ਸ਼ਾਇਦ ਕਿਧਰੇ ਜੀਂਦਾ ਹੋਵੇਗਾ ਪਰ ਗੁਲਾਬ ਕੌਰ ਦਾ ਖਾਵੰਦ ਤਾਂ ਫਾਂਸੀ ਚੜ੍ਹ ਚੁੱਕਾ ਹੈ। ਉਹ ਗੁਲਾਬ ਕੌਰ ਤੋਂ ਗੜਗੜਾ ਕੇ ਮਾਫੀ ਮੰਗਣ ਦਾ ਮਨ ਬਣਾਂਦੀ ਪਰ ਜਦ ਉਸ ਦੇ ਸਾਹਮਣੇ ਜਾਂਦੀ ਤਾਂ ਉਸ ਨੂੰ ਆਪਣੀ ਨੰਬਰਦਾਰੀ ਯਾਦ ਆ ਜਾਂਦੀ। ਉਸ ਨੂੰ ਪਤਾ ਸੀ ਕਿ ਉਸ ਦੇ ਭਰਾ ਦੌਲਤ ਖਾਨ ਨੂੰ ਜੰਗ ਵਿਚ ਨਹੀਂ ਸੀ ਭੇਜਿਆ ਗਿਆ ਅੱਜੇ ਵੀ ਉਹ ਪੰਜਾਬ ਦੀ ਕਿਸੇ ਛੌਣੀ ਵਿਚ ਹੀ ਸੀ ਪਰ ਇਹ ਸੋਚ ਕੇ ਘਬਰਾ ਜਾਂਦੀ ਕਿ ਜੇ ਉਹ ਪੰਜਾਬ ਵਿਚ ਹੀ ਹੈ ਤਾਂ ਉਸ ਨਾਲ ਮੁਲਾਕਾਤ ਕਰਨ ਕਿਉਂ ਨਹੀਂ ਸੀ ਆਇਆ।

ਉਸ ਦੀ ਮਾਂ ਆਪਣੇ ਖਾਵੰਦ ਦੇ ਫੜੇ ਜਾਣ, ਪੁੱਤਰ ਦੇ ਜਬਰਨ ਭਰਤੀ ਕੀਤੇ ਜਾਣ ਤੇ ਧੀ ਨੂੰ ਕੈਦ ਹੋਣ ਦੇ ਕਾਰਨ ਝੂਰਦੀ-ਝੂਰਦੀ ਮਰ ਗਈ ਸੀ। ਜਿਹਲ ਵਿਚ ਉਸਦੇ ਪਿਓ ਨੂੰ ਏਨਾ ਕੁਟਿਆਂ ਗਿਆ ਸੀ ਕਿ ਉਹ ਘਰ ਆਉਂਦਾ ਹੀ ਫੌਤ ਹੋ ਗਿਆ ਸੀ। ਉਸ ਦੀ ਆਸ ਭਰਾ ਨੂੰ ਮਿਲਣ ਦੀ ਸੀ। ਕਦੇ-ਕਦੇ ਉਸਨੂੰ ਇਹ ਵੀ ਜਾਪਦਾ ਕਿ ਹੋ ਸਕਦਾ ਹੈ ਸ਼ੇਰ ਖਾਨ ਵੀ ਜੀਂਦਾ ਹੋਵੇ।

ਇਕ ਦਿਨ ਤੜਕੇ ਹੀ ਉਸ ਨੂੰ ਮੁਲਾਕਾਤੀ ਕਮਰੇ ਵਿਚ ਸੱਦਿਆ ਗਿਆ। ਉਹ ਦੌਲਤ ਖ਼ਾਨ ਨੂੰ ਵੇਖ ਕੇ ਹੈਰਾਨ ਹੋ ਗਈ। ਉਹ ਉਸ ਨੂੰ ਜੱਫੀ ਪਾਉਣ ਲਈ ਦੌੜੀ। ਉਨ੍ਹਾਂ ਦੋਹਾਂ ਦੇ ਰਾਹ ਵਿਚ ਲੋਹੇ ਦੀਆਂ ਵੱਡੀਆਂ-ਵੱਡੀਆਂ ਸੀਖਾਂ ਵਾਲਾ ਜੰਗਲਾ ਸੀ। ਦੋਵੇਂ ਭੈਣ ਭਰਾ ਰੱਜ ਕੇ ਰੋਏ। ਦੌਲਤ ਨੇ ਉਸ ਨੂੰ ਦੱਸਿਆ ਕਿ ਸ਼ੇਰਾ ਜਰਮਨਾਂ ਦੀ ਕੈਦ ਵਿਚ ਤਿੰਨ ਸਾਲ ਰਿਹਾ ਹੈ। ਉਹ ਕਿਸੇ ਹਸਪਤਾਲ ਵਿਚ ਹੈ। ਛੇਤੀ ਹੀ ਘਰ ਆ ਜਾਏਗਾ। ਉਸ ਨੇ ਆਪਣੇ ਹੱਥਾਂ ਨਾਲ ਆਪਣੀ ਮਾਂ ਨੂੰ ਚਿੱਠੀ ਲਿਖੀ ਹੈ।

ਛੋਟਾ ਟੌਮੀ ਸਾਹਬ ਉਨ੍ਹਾਂ ਦੀ ਮੁਲਾਕਾਤ ਵੇਲੇ ਆਪ ਉੱਥੇ ਖੜ੍ਹਾ ਰਿਹਾ। ਇਕ ਵਾਰੀ ਉਹ ਜ਼ਰਾ ਕੁਝ ਪਰੇ ਹੋਇਆ, ਨੂਰਾਂ ਨੇ ਉਸ ਵੱਲ ਗੁੱਸੇ ਨਾਲ ਵੇਖ ਕੇ, ਉਸ ਵੱਲ ਥੁੱਕ ਸੁੱਟਿਆ। ਟੌਮੀ ਨੇ ਪਿੱਛੇ ਮੁੜ ਕੇ ਤੱਕਿਆ ਤੇ ਉਨ੍ਹਾਂ ਦੀ ਮੁਲਾਕਾਤ ਖਤਮ ਕਰਨ ਦਾ ਹੁਕਮ ਦੇ ਦਿੱਤਾ। ਜਿੰਨੀ ਦੇਰ ਦੌਲਤ ਖਾਨ ਦੀ ਪਿੱਠ ਦਿਸਦੀ ਰਹੀ, ਨੂਰਾਂ ਉੱਥੇ ਹੀ ਖਲੋ ਕੇ ਉਸ ਵੱਲ ਤੱਕਦੀ ਰਹੀ।

ਭਰਾ ਨੂੰ ਮਿਲ ਕੇ ਤੇ ਸ਼ੇਰ ਖਾਨ ਦੇ ਜੀਊਂਦੇ ਹੋਣ ਦੀ ਖ਼ਬਰ ਪਾ ਕੇ ਨੂਰਾਂ ਫੁੱਲੀ ਨਹੀਂ ਸੀ ਸਮਾਂਦੀ। ਉਸ ਦੀਆਂ ਅੱਖਾਂ ਵਿਚੋਂ ਖ਼ੁਸ਼ੀ ਭਰੇ ਹੰਝੂਆਂ ਦਾ ਹੜ੍ਹ ਵਹਿ ਤੁਰਿਆ ਸੀ। ਉਹ ਉੱਡਣਾ-ਉੱਡਣਾ ਲੋੜ ਰਹੀ ਸੀ। ਆਪਣੀ ਕੋਠੀ ਦੇ ਬਾਹਰ ਬੈਠੀ ਗੁਲਾਬ ਕੌਰ ਉਸ ਨੂੰ ਦਿਸ ਪਈ। ਉਹ ਉਸ ਵੱਲ ਦੌੜ ਉੱਠੀ। ਅੱਜ ਉਸ ਨੂੰ ਨੰਬਰਦਾਰੀ ਵੀ ਭੁੱਲ ਗਈ। ਉਹ ਉਸ ਦੇ ਪੈਰਾਂ ਵਿਚ ਡਿੱਗ ਪਈ। ਗੁਲਾਬ ਕੌਰ ਨੇ ਉਸ ਨੂੰ ਫੜ ਕੇ ਆਪਣੀ ਜੱਫੀ ਵਿਚ ਲੈ ਲਿਆ। ਨੂਰਾਂ ਗੜਗੜਾ ਕੇ ਰੋ ਰਹੀ ਸੀ। ਗੁਲਾਬ ਕੌਰ ਦੇ ਸਾਂਵਲੇ ਗੰਭੀਰ ਚਿਹਰੇ ਉੱਤੇ ਚਿੱਟੇ ਮੋਤੀਆਂ ਵਰਗੇ ਦੋ ਅੱਥਰੂ ਲਟਕ ਆਏ।

ਗਹੁਰਾਂ, ਬਰਕਤੇ, ਵਹੀਦਾ, ਫਾਤਮਾ ਤੇ ਹੋਰ ਕਈ ਕੈਦੀ ਔਰਤਾਂ ਦੂਰ ਖਲੋਤੀਆਂ ਉਨ੍ਹਾਂ ਵੱਲ ਵੇਖ ਰਹੀਆਂ ਸਨ।

ਗੁਲਾਬ ਕੌਰ ਦੇ ਮੂੰਹੋਂ ਨਿਕਲ ਗਿਆ-'ਨੂਰਾਂ ! ਸਾਡੇ ਦੁੱਖ ਸਾਂਝੇ, ਸਾਡੀ ਪੀੜ ਸਾਂਝੀ, ਦੁੱਖਾਂ ਤੇ ਪੀੜਾਂ ਦੀ ਸਾਂਝ ਬੜੀ ਪੱਕੀ ਹੋਂਦੀ ਐ।'

# 12

ਦੁਪਹਿਰਾਂ ਦੀ ਧੁੱਪ ਕੜਕ ਰਹੀ ਸੀ। ਕੋਈ ਪੰਛੀ ਵੀ ਉੱਡਦਾ ਨਹੀਂ ਸੀ ਦਿਸਦਾ। ਗੁਲਾਬ ਕੌਰ ਰੜ੍ਹੇ ਮਦਾਨ ਕੇਸ ਖੋਲ੍ਹ ਕੇ ਬੈਠੀ ਸੀ। ਪਿੰਡਾ ਤੇ ਸਿਰ ਨਹਾਤਿਆਂ ਉਸ ਨੂੰ, ਇਕ ਮੁੱਦਤ ਹੋ ਗਈ ਸੀ। ਉਸ ਦੇ ਪਿੰਡੇ ਦੀ ਖੁਸ਼ਕੀ ਕਾਰਨ ਉਹ ਖੁਰਕ-ਖੁਰਕ ਕੇ ਅੱਕ ਗਈ ਸੀ। ਉਹ ਡਰ ਰਹੀ ਸੀ ਕਿ ਕਿਧਰੇ, ਉਸ ਦੇ ਸਿਰ ਵਿਚ ਲੀਖਾਂ ਜਾਂ ਜੂੰਆਂ ਨਾਲ ਪੈ ਜਾਣ। ਉਹ ਕੜਕਦੀ ਧੁੱਪੇ ਸਿਰ ਖੋਲ੍ਹ ਕੇ ਬੈਠੀ ਲੀਖਾਂ ਤੇ ਜੂੰਆਂ ਤੋਂ ਬਚਣ ਦਾ ਇਲਾਜ ਕਰ ਰਹੀ ਸੀ। ਕਦੇ ਉਹ ਆਪਣੇ ਨੇਫੇ ਵਿਚ ਖੁਰਕਦੀ, ਕਦੇ ਪਿੱਠ ਵਿਚ ਤੇ ਕਦੇ ਸਿਰ ਵਿਚ। ਉਹ ਗੁਣਗੁਣਾਉਣ ਲੱਗ ਪਈ-

ਮੇਰਾ ਸਬਰ ਫਰੰਗੀਆਂ ਨੂੰ ਮਾਰੇ<br>ਨਰਕਾਂ 'ਚ ਪਾਈ ਜਿੰਦੜੀ<br>ਮੇਰਾ ਸਬਰ ਫਰੰਗੀਆਂ ਨੂੰ ਮਾਰੇ<br>ਨਰਕਾਂ 'ਚ ਪਾਈ ਜਿੰਦੜੀ।

ਇਕ ਨਵੀਂ ਆਈ ਕੈਦਣ ਨੂੰ ਨਾਲ ਲੈ ਕੇ, ਨੂਰਾਂ ਉਸ ਨੂੰ, ਉਸ ਦੀ ਬਾਰਕ ਵਿਖਾਉਣ ਜਾ ਰਹੀ ਸੀ। ਉਹ ਲੰਘਦੀ-ਲੰਘਦੀ, ਗੁਲਾਬ ਕੌਰ ਨੂੰ ਧੁੱਪੇ ਬੈਠਿਆਂ ਵੇਖ ਕੇ ਉਸ ਪਾਸ ਆ ਪਹੁੰਚੀ। ਉਸ ਨੇ ਪੁੱਛਿਆ-

'ਗੁਲਾਬੋ। ਧੁੱਪੇ ਬੈਠੀ ਐਂ।'

'ਹੋਰ ਕੀ ਕਰਾਂ ?'

'ਅੰਦਰੇ ਹੋਈ ਰਓ ਛਾਵੈਂ।'

'ਮੁੜ੍ਹਕਾ ਲੈਂਦੀ ਆਂ।'

'ਪਰਸਿਓ ਤੈਂ ਅੰਦਰ ਵੀ...।' ਨੂਰਾਂ ਗੱਲ ਕਰਦੀ-ਕਰਦੀ ਰੁਕ ਕੇ ਸੋਚਣ ਲੱਗੀ ਕਿ ਗੁਲਾਬੋ ਨੂੰ ਤੇਲ ਸਾਬਣ ਦੇਣ ਦਾ ਹੁਕਮ ਨਹੀਂ ਸੀ। ਇਸ ਲਈ ਕਦੇ ਨਹਾਤੀ ਨਹੀਂ ਹੋਣੀ। ਉਸ ਨੇ ਕਿਹਾ-'ਗੁਲਾਬੋ। ਬੇਗੋ ਕੀ ਇਸ ਨੀ ਬਾਰਕਾ ਛੋੜੀ ਆਵਾਂ। ਫਿਰ ਗੱਲ ਕਰਸਾਂ।'

ਨੂਰਾਂ ਪਿਛਲੇ ਪੈਰੀਂ ਮੁੜ ਆਈ। ਗੁਲਾਬ ਕੌਰ ਨੇ ਉੱਥੋਂ ਉੱਠ ਕੇ, ਬਰਾਂਡੇ ਦੀ ਛਾਂ ਵਿਚ ਬੈਠ ਕੇ, ਨੂਰਾਂ ਨੂੰ ਵੀ ਕੋਲ ਬਿਠਾ ਕੇ ਗਾਉਣਾ ਸ਼ੁਰੂ ਕਰ ਦਿੱਤਾ-

ਨਾ ਤਾਂ ਮੇਰੀ ਲਈ ਉਗਹੀ<br>ਨਾ ਸਭ ਬਾਤ ਪਛਾਣ<br>ਕੰਨੋ ਬੋਲੀ ਦਿਸੇ ਅਦਾਲਤ<br>ਸਚ ਫਸਲ ਕਿਵੇਂ ਕਰੇ<br>ਜੇ ਵੱਢੀ ਹੋਵੇ ਖਾਣੀ<br>ਨਰਕਾਂ 'ਚ ਪਈ ਜਿੰਦੜੀ<br>ਮਿਲੇ ਨਾ ਤਿਹਾਈ ਨੂੰ ਪਾਣੀ<br>ਨਰਕਾਂ 'ਚ ਪਈ ਜਿੰਦੜੀ।

ਜਿਉਂ-ਜਿਉਂ ਗੁਲਾਬ ਕੌਰ ਗਾ ਰਹੀ ਸੀ, ਤਿਉਂ-ਤਿਉਂ ਨੂਰਾਂ ਨੂੰ ਇਉਂ ਜਾਪ ਰਿਹਾ ਸੀ, ਜਿਵੇਂ ਉਹ ਆਪਣੀ ਹੀ ਨਹੀਂ ਸਗੋਂ ਨੂਰਾਂ ਦੀ ਕਹਾਣੀ ਵੀ ਪਾ ਰਹੀ ਹੋਵੇ। ਫਿਰ ਵੀ ਉਸ ਦੇ ਮੂੰਹੋਂ ਨਿਕਲ ਗਿਆ-ਗੁਲਾਬੋ, ਤੇਰਾ ਲੋਟਾ ਤੈ ਭਰਿਆ ਰਹਿਣੈ ਪਾਣੀਐ ਨਾਲ।'

ਗੁਲਾਬ ਕੌਰ ਹੱਸਦੀ-ਹੱਸਦੀ ਸਾਰੇ ਜ਼ੋਰ ਨਾਲ ਸਿਰ ਖੁਰਕਣ ਲੱਗ ਪਈ। ਨੂਰਾਂ ਨੇ ਉਸ ਨੂੰ ਬਾਹੋਂ ਫੜ ਕੇ ਖੜ੍ਹਾ ਕਰ ਲਿਆ-'ਤੁੱਘੀ ਸਬੂਣ ਤੇਲ ਦੇਣੈ ਨਾ ਹੁਕਮ ਨਿਹਾ। ਹੁਕਮ ਵਲੀਏ ਚਾੜ੍ਹਿਆ ਰਿਹਾ। ਜੁਲ, ਤੁੱਘੀ ਨਲਕੇ ਥੱਲੈ ਵਾੜੀ ਕੈ ਆਵਾਂ। ਜੁੱਲ।'

ਜ਼ਨਾਨਾ ਗੁਸਲਖਾਨਿਆਂ ਕੋਲ ਜਾ ਕੇ ਨੂਰਾਂ ਨੇ ਉਸ ਨੂੰ ਅੰਦਰ ਧੱਕਦਿਆਂ ਕਿਹਾ-'ਜੁਲ। ਲਾਹ ਸੁੱਥਣ ਤੈ ਕਮੀਜ਼। ਮਿੱਘੀ ਪੰਜ ਮਿੰਟਾਂ ਦਿਆਂ। ਸਬੂਣ ਤੈ ਤੇਲ ਘਿੰਨੀ ਆਵਾਂ।'

ਨੂਰਾਂ ਵੀ ਗੁਲਾਬ ਕੌਰ ਦੇ ਨਾਲ ਹੀ ਨਹਾਉਣ ਲੱਗ ਪਈ। ਦੋਹਾਂ ਰਲਕੇ ਆਪੋ ਆਪਣੇ ਕਪੜੇ ਧੋਤੇ। ਨੂਰਾਂ ਨੇ ਗੁਲਾਬ ਕੌਰ ਦੇ ਸਿਰ ਵਿਚ ਤੇ ਗੁਲਾਬ ਕੌਰ ਨੇ ਨੂਰਾਂ ਦੇ ਸਿਰ ਵਿਚ ਕੌੜਾ ਤੇਲ ਝੱਸਿਆ। ਪਿੰਡੇ ਮਾਲਸ਼ ਕੀਤੀ। ਫਿਰ ਰੱਜ ਕੇ ਨਹਾਤੀਆਂ। ਗੁਲਾਬ ਕੌਰ ਨੇ ਨਵਾਂ ਬਣਾਇਆ ਗੀਤ ਛੋਹ ਲਿਆ-

ਕੂੰਜ ਫਰੰਗੀਆਂ ਨੇ
ਵਿਚ ਪਿੰਜਰੇ ਦੇ ਪਾਈ
ਕੂੰਜ ਫਰੰਗੀਆਂ ਨੇ।
ਦੇਸ ਪੰਜਾਬ ਦੀ ਜਾਈ
ਕੂੰਜ ਫਰੰਗੀਆਂ ਨੇ।

ਗੁਲਾਬ ਕੌਰ ਦੀ ਰੀਸ ਕਰਕੇ ਨੂਰਾਂ ਨੇ ਵੀ ਇਹੋ ਤੁਕਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ :-

ਕੂੰਜ ਫਰੰਗੀਆਂ ਨੇ
ਵਿਚ ਪਿੰਜਰੇ ਨੇ ਪਾਈ
ਕੂੰਜ ਫਰੰਗੀਆਂ ਨੇ
ਦੇਸ ਪੰਜਾਬ ਨੀ ਜਾਈ
ਕੂੰਜ ਫਰੰਗੀਆਂ ਨੇ।

ਨੂਰਾਂ ਦਾ ਗਾਣਾ ਸੁਣ ਕੇ ਗੁਲਾਬ ਕੌਰ, ਕੇਸ ਛੰਡਦੀ-ਛੰਡਦੀ, ਉੱਚੀ-ਉੱਚੀ, ਹੱਸਣ ਲੱਗ ਪਈ। ਉਸ ਦੀ ਰੀਸ ਨਾਲ ਨੂਰਾਂ ਵੀ ਹੱਸ ਉੱਠੀ। ਜਦ ਉਹ ਕੱਪੜੇ ਪਾ ਕੇ ਬਾਹਰ ਨਿਕਲੀਆਂ ਤਾਂ ਉਹ ਕੂੰਜਾਂ ਵਾਂਗੂੰ ਆਸਮਾਨੀਂ ਉੱਡਣਾ ਲੋੜ ਰਹੀਆਂ ਸਨ।

# 13

ਅੰਗਰੇਜ਼ ਜੇਲਰ ਦੇ ਹੇਠਾਂ ਜਿਹਲ ਦੇ ਬੰਦੋਬਸਤ ਲਈ ਬਹੁਤੇ ਮੁਸਲਮਾਨ ਸਨ ਪਰ ਉਤਲੇ ਅਫਸਰ ਅੰਗਰੇਜ਼ ਹੀ ਸਨ। ਉਨ੍ਹਾਂ ਅਫਸਰਾਂ ਵਿਚ ਦੋ ਅਜਿਹੇ ਅੰਗਰੇਜ਼ ਨੌਜਵਾਨ ਸਨ, ਜਿਨ੍ਹਾਂ ਨੂੰ ਆਪਣੇ ਅੱਗੇ ਪਿੱਛੇ ਦਾ ਕੋਈ ਪਤਾ ਨਹੀਂ ਸੀ। ਨਾਮ ਤਾਂ ਉਨ੍ਹਾਂ ਦੇ ਕੁਝ ਹੋਰ ਸਨ ਪਰ ਵੱਡੇ ਅਫ਼ਸਰ ਉਨ੍ਹਾਂ ਨੂੰ ਵੱਡਾ ਟੌਮ ਤੇ ਨਿੱਕਾ ਟੌਮ ਕਹਿ ਕੇ ਹੀ ਸੱਦਦੇ। ਉਤਲੇ ਅੰਗਰੇਜ਼ ਅਫਸਰ ਉਨ੍ਹਾਂ ਨਾਲ ਵਰਤਾਅ ਵੀ ਰੁੱਖਾ-ਰੁੱਖਾ ਜਿਹਾ ਕਰਦੇ ਸਨ। ਉਹ ਅੱਗੋਂ ਮਿਲੇ ਰੁੱਖੇ ਵਰਤਾਅ ਦਾ ਗੁੱਸਾ ਕੈਦੀਆਂ ਉੱਤੇ ਕੱਢਦੇ। ਜੇ ਉਨ੍ਹਾਂ ਦੇ ਭੈੜੇ ਵਰਤਾਅ ਦੀ ਕੋਈ ਸ਼ਕਾਇਤ ਵੀ ਉੱਤੇ ਪੁੱਜਦੀ ਤਾਂ ਉਤਲੇ ਅਫਸਰ ਉਨ੍ਹਾਂ ਨੂੰ ਆਪਣੇ ਸਮਝ ਕੇ ਕਿਸੇ ਦੀ ਨਾ ਸੁਣਦੇ। ਉਹ ਦੋਵੇਂ ਇਕ ਤਰ੍ਹਾਂ ਨਾਲ ਆਪਣੀਆਂ ਮਨ ਮਰਜ਼ੀਆਂ ਕੈਦੀਆਂ ਉੱਤੇ ਠੋਸਣ ਵਾਲੇ, ਵਿਗੜੇ ਹੋਏ ਅਵਾਰਾ ਗਰਦ ਅਫ਼ਸਰ ਸਨ।

ਔਰਤਾਂ ਦੇ ਅਹਾਤਿਆਂ ਵੱਲ ਉਨ੍ਹਾਂ ਦੇ ਜਾਣ ਦਾ ਕੋਈ ਕੰਮ ਨਹੀਂ ਸੀ ਪਰ ਉਹ ਉੱਧਰ ਵੀ ਦਗੜ-ਦਗੜ ਕਰਦੇ ਫਿਰਦੇ ਰਹਿੰਦੇ। ਉਨ੍ਹਾਂ ਨੂੰ ਕੋਈ ਰੋਕ ਟੋਕ ਨਾ ਕਰਦਾ। ਦੋਵੇਂ ਛੜੇ ਛਾਂਡ ਸਨ। ਇਸ ਲਈ ਉਹ ਵੇਲੇ ਕੁਵੇਲੇ, ਰਾਤ ਬਰਾਤੇ ਵੀ ਔਰਤਾਂ ਵਾਲੇ ਪਾਸੇ ਘੁੰਮਦੇ ਰਹਿੰਦੇ।

ਵੱਡਾ ਟੌਮੀ ਕੁਝ ਠਰ੍ਹੰਮੇ ਵਾਲਾ ਸੀ ਪਰ ਨਿੱਕਾ ਟੌਮੀ ਤਾਂ ਨਿਰੀ ਅੱਗ ਦੀ ਨਾੜ ਸੀ। ਨਿੱਕੀ-ਨਿੱਕੀ ਗੱਲ ਉੱਤੇ ਉੱਚਾ-ਉੱਚਾ ਬੋਲਦਾ ਤੇ ਅਜਾਈਂ ਝਗੜਾ ਕਰ ਲੈਂਦਾ। ਵਲੀ ਖਾਂ ਉਸ ਦੀ ਘੱਟ ਹੀ ਸੁਣਦਾ ਸੀ। ਉਸ ਦੇ ਚਲੇ ਜਾਣ ਪਿੱਛੋਂ ਗਨੀ ਖਾਨ ਤੇ ਨਬੀ ਖਾਨ ਉਸ ਪਾਸੋਂ ਦਬ ਕੇ ਰਹਿੰਦੇ।

ਇਕ ਚੰਨ-ਚਾਨਣੀ ਰਾਤ ਨੂੰ ਗੁਲਾਬ ਕੌਰ ਆਪਣੀ ਕੋਠੀ ਵਿਚ ਪਿੱਠ ਪਰਨੇ ਲੰਮੀ ਪਈ, ਡੂੰਘੀਆਂ ਸੋਚਾਂ ਵਿਚ ਡੁੱਬੀ ਹੋਈ ਸੀ, ਕਦੇ ਉਹ ਪਿੰਡ ਜਾ ਵੜਦੀ। ਕਦੇ ਮਨੀਲੇ ਜਾ ਪਹੁੰਚਦੀ। ਕਦੇ ਬਾਬਾ ਤਾਰੂ ਸਿੰਘ ਉਸ ਦੇ ਸਾਹਮਣੇ ਆ ਖਲੋਂਦਾ। ਕਦੇ ਜੀਵਨ ਸਿੰਘ ਨੂੰ ਯਾਦ ਕਰਕੇ ਉਦਾਸ ਹੋ ਜਾਂਦੀ। ਉਸ ਨੂੰ ਇਉਂ ਜਾਪਿਆ, ਜਿਵੇਂ ਉਸ ਦੀ ਕੋਠੜੀ ਦੇ ਲੋਹੇ ਦੇ ਜੰਗਲੇ ਦੇ ਬਾਹਰ ਕੋਈ ਖਲੋਤਾ ਹੋਵੇ। ਉਸ ਨੇ ਉੱਠ ਕੇ ਤੱਕਿਆ। ਉਸ ਨੂੰ ਕੁਝ ਨਾ ਦਿੱਸਿਆ ਪਰ ਚੰਨ ਚਾਨਣੀ ਵਿਚ ਕਿਸੇ ਬੰਦੇ ਦਾ ਪਰਛਾਵਾਂ ਉਸ ਦੀ ਕੋਠੜੀ ਦੇ ਬਾਹਰ ਪੈ ਰਿਹਾ ਸੀ। ਉਸ ਨੇ ਪੁੱਛਿਆ-'ਕੌਣ ਆ ਬਾਹਰ ਖੜ੍ਹਾ ?'

ਨਿੱਕਾ ਟੌਮੀ ਓਹਲਿਓਂ ਨਿਕਲ ਕੇ ਉਸ ਦੇ ਸਾਹਮਣੇ ਆ ਖਲੋਤਾ। ਉਹ ਬੈਠੀ-ਬੈਠੀ ਥੋੜ੍ਹੀ ਖਿਸਕ ਕੇ ਪਿੱਛੇ ਹੋ ਗਈ। ਟੌਮੀ ਸੀਟੀਆਂ ਵਜਾਂਦਾ-ਵਜਾਂਦਾ ਓਥੇ ਕਿੰਨੀ ਦੇਰ ਖੜ੍ਹਾ ਰਿਹਾ ਪਰ ਮੂੰਹੋਂ ਕੁਝ ਨਾ ਬੋਲਿਆ। ਉਹ ਖਿਸਕਦੀ-ਖਿਸਕਦੀ ਕੋਠੜੀ ਦੇ ਸਿਰੇ ਉੱਤੇ ਜਾ ਕੇ ਪਿੱਠ ਦੇ ਕੇ ਲੰਮੀ ਪੈ ਗਈ। ਉਹ ਲੰਮੇ-ਲੰਮੇ ਸਾਹ ਖਿੱਚ ਰਿਹਾ ਸੀ। ਗੁਲਾਬ ਕੌਰ ਸਮਝ ਗਈ ਕਿ ਟੌਮੀ ਨਸ਼ਈ ਹੋਇਆ ਫਿਰਦਾ ਹੈ। ਉਹ ਜਾਣ ਬੁੱਝ ਕੇ ਘੁਰਾੜੇ ਮਾਰਨ ਲੱਗ ਪਈ। ਉਹ ਕਿੰਨੀ ਦੇਰ ਜੰਗਲੇ ਦੀਆਂ ਸੀਖਾਂ ਫੜ ਕੇ ਝੂਮਦਾ ਰਿਹਾ ਤੇ ਫਿਰ ਅੱਕ ਕੇ ਤੁਰ ਪਿਆ।

ਅੱਧੀ ਰਾਤ ਹੋਣ ਨੂੰ ਫਿਰਦੀ ਸੀ। ਗੁਲਾਬ ਕੌਰ ਨੂੰ ਨੀਂਦ ਨਹੀਂ ਸੀ ਆ ਰਹੀ। ਟਾਵਾਂ-ਟਾਵਾਂ ਮੱਛਰ ਉਸ ਦੇ ਕੰਨਾਂ ਵਿਚ ਘੂੰ-ਘੂੰ ਕਰਨ ਲੱਗ ਪੈਂਦਾ। ਉਸ ਦਾ ਸਰੀਰ ਜਿਹਲ-ਕੋਠੜੀ ਵਿਚ ਬੰਦ ਸੀ ਪਰ ਉਸ ਦੀ ਰੂਹ ਆਪਣੀ ਮਨ ਮਰਜ਼ੀ ਦੀਆਂ ਉਡਾਣਾਂ ਲੈ ਰਹੀ ਸੀ। ਉਹ ਗੁਣਗੁਣਾਉਣ ਲੱਗ ਪਈ :-

ਪੁਤ ਫਰੰਗੀ ਦਾ
ਝਾਤ ਪਿੰਜਰੇ ਵਿਚ ਪਾਵੇ
ਪੁੱਤ ਫਿਰੰਗੀ ਦਾ,
ਨਾਲੇ ਸ਼ੋਹਦਾ ਮਾਰੇ ਅਖੀਆਂ,
ਵਾਹ ਮੇਰੀ ਕੋਈ ਨਾ ਜਾਵੇ
ਪੁੱਤ ਫਰੰਗੀ ਦਾ
ਝਾਤ ਪਿੰਜਰੇ ਵਿਚ ਪਾਵੇ

ਪੁੱਤ ਫਰੰਗੀ ਦਾ
ਕਦੇ ਮਾਰਦਾ ਸੀਟੀਆਂ ਆਵੇ
ਕਦੇ ਮਾਰਦਾ ਸੀਟੀਆਂ ਜਾਵੇ
ਪੁੱਤ ਫਰੰਗੀ ਦਾ
ਝਾਤ ਪਿੰਜਰੇ ਵਿਚ ਪਾਵੇ
ਪੁੱਤ ਫਰੰਗੀ ਦਾ।

ਉਹ ਗੁਣਗੁਣਾਉਂਦੀ-ਗੁਣਗੁਣਾਉਂਦੀ ਲੋਹੇ ਦੀਆਂ ਸੀਖਾਂ ਨੂੰ ਫੜ ਕੇ ਕਿੰਨੀ ਦੇਰ ਅਕਾਸ਼ ਵਿਚ ਚਮਕਦੇ ਚੰਨ ਵੱਲ ਤੱਕਦੀ ਰਹੀ। ਉਹ ਚੰਨ ਵੱਲ ਇਵੇਂ ਤੱਕ ਰਹੀ ਸੀ, ਜਿਵੇਂ ਆਪਣੇ ਵਿਛੜੇ ਗਦਰੀ ਵੀਰਾਂ ਨੂੰ ਚੰਨ ਰਾਹੀਂ ਸੁਨੇਹੇ ਭੇਜ ਰਹੀ ਹੋਵੇ।

# 14

ਗੁਲਾਬ ਕੌਰ ਸਾਰਾ ਦਿਨ ਵਾਣ ਕੁੱਟਦੀ ਰਹੀ ਸੀ। ਉਸ ਦੇ ਹੱਥਾਂ ਵਿਚ ਛਾਲੇ ਪੈ ਗਏ ਸਨ। ਸਰਦੀ ਹੱਦੋਂ ਵੱਧ ਜਾਣ ਕਰਕੇ ਉਹ ਠੁਰ-ਠੁਰ ਕਰ ਰਹੀ ਸੀ। ਇਕ ਕਾਲਾ ਕੰਬਲ ਹੇਠਾਂ ਤੇ ਇਕ ਉੱਤੇ ਠੰਢ ਨੂੰ ਨਹੀਂ ਸਨ ਰੋਕ ਸਕਦੇ। ਜੇ ਉਹ ਹੇਠਲਾ ਕੰਬਲ ਕੱਢ ਕੇ ਉਤਲੇ ਕੰਬਲ ਨਾਲ ਜੋੜਦੀ ਤਾਂ ਉਸ ਨੂੰ ਸੀਮਿੰਟ ਵਾਲਾ ਫਰਸ਼ ਬਹੁਤ ਠੰਢਾ ਲਗਦਾ। ਉਸ ਨੇ ਸਾਰੀ ਰਾਤ ਜਾਗਦਿਆਂ ਤੇ ਉਘਲਾਂਦਿਆਂ ਕੱਢੀ। ਜਦ ਸਵੇਰੇ ਸੂਰਜ ਚੜ੍ਹਿਆ ਤਾਂ ਨਿੱਘ ਮਹਿਸੂਸ ਕਰਕੇ ਲੋਹੇ ਦੇ ਜੰਗਲੇ ਦੇ ਅੰਦਰਵਾਰ ਉਘਲਾਂਦੀ ਰਹੀ।

ਹਰ ਰੋਜ਼ ਸਵੇਰੇ ਬੂਹਾ ਖੁਲ੍ਹਦਾ ਸੀ ਪਰ ਕਿਸੇ ਕਾਰਨ ਅੱਜ ਉਸ ਦੀ ਕੋਠੀ ਦਾ ਬੂਹਾ ਨਾ ਖੋਲ੍ਹਿਆ ਗਿਆ। ਭੰਗਣ ਆਈ। ਉਹ ਉਸ ਦੀ ਕੋਠੀ ਦੇ ਬਾਹਰਵਾਰ ਇਕ ਬਾਲਟੀ ਜਿਹੀ ਰੱਖ ਗਈ। ਉਹ ਜਾਣ ਗਈ ਕਿ ਅੱਜ ਉਸ ਨੂੰ ਬਾਹਰ ਨਹੀਂ ਨਿਕਲਣ ਦਿੱਤਾ ਜਾਏਗਾ। ਉਹ ਘੁੱਟੀ ਵੱਟੀ ਬੈਠੀ ਰਹੀ। ਉਸ ਦਾ ਮਨ ਕਾਹਲਾ ਪੈ ਰਿਹਾ ਸੀ। ਉਹ ਨੂਰਾਂ ਦੀ ਉਡੀਕ ਕਰਨ ਲੱਗੀ।

ਚੰਗਾ ਦਿਨ ਚੜ੍ਹ ਗਿਆ, ਫ਼ਿਰ ਵੀ ਨੂਰਾਂ ਕਿਧਰੇ ਵਿਖਾਈ ਨਾ ਦਿੱਤੀ। ਉਸ ਨੇ ਕੋਲੋਂ ਲੰਘਦੀ ਭੰਗਣ ਨੂੰ ਵਾਜ ਮਾਰ ਲਈ। ਜਦ ਉਹ ਉਸਦੇ ਸਾਹਮਣੇ ਹੋਈ ਤਾਂ ਉਹ ਪਛਾਣ ਗਈ ਕਿ ਇਹ ਤਾਂ ਨਵੀਂ ਅਈ ਕੈਦਣ ਹੈ। ਗੁਲਾਬ ਕੌਰ ਨੇ ਕਿਹਾ- 'ਮੈਂ ਔਖੀ ਬੈਠੀ ਆਂ। ਜੇ ਬਾਹਰ ਨਹੀਂ ਕਢਣਾ ਤਾਂ ਇਹ ਬਾਲਟੀ ਅੰਦਰ ਕਰ ਦੇਹ।'

'ਮੇਰੇ ਪਾਸ ਤਾਂ ਕੁੰਜੀ ਹੈ ਨਹੀਂ ਬੂਹਾ ਖੋਲ੍ਹਣ ਲਈ।'

'ਜਾਂ ਬਾਲਟੀ ਅੰਦਰ ਕਰ ਦੇਹ ਜਾਂ ਬੂਹਾ ਖੁਲ੍ਹਵਾ।'

'ਬੀਬੀ ਜੀ ਮੇਰੇ ਵਸ ਦੀ ਕੋਈ ਗੱਲ ਨਹੀਂ। ਜੇ ਬੂਹਾ ਖੁਲ੍ਹੇ ਤਾਂ ਹੀ ਬਾਲਟੀ ਅੰਦਰ ਜਾਏ।'

'ਨੂਰਾਂ ਕਿੱਥੇ ਐ ? ਉਹਦੇ ਕੋਲੋਂ ਕੁੰਜੀ ਲੈ ਆ।'

'ਜੀ ਮੈਨੂੰ ਦਫ਼ਤਰ ਜਾਣ ਦਾ ਹੁਕਮ ਨਹੀਂ। ਤੈਨੂੰ ਪਤੈ ਮੈਂ ਨਵੀਂ-ਨਵੀਂ ਆਈ ਆਂ।'

'ਮੈਨੂੰ ਪਤੈ। ਤੇਰਾ ਨਾਂ ਕੀ ਐ ?'

'ਬੇਗੋ। ਫੁਟ ਗਏ ਭਾਗ ਮੇਰੇ। ਨਾ ਜੰਮਦੀ ਨਾ ਦੁੱਖ ਵੇਂਹਦੀ।'

'ਤੈਨੂੰ ਕਿਉਂ ਫੜ ਲਿਆਏ ਐ ?'

'ਬੱਸ ਭਾਗ ਸੜ ਗਏ, ਹੋਰ ਕੀ ਹੋਣਾ ਸੀ। ਮੈਂ ਤੇ ਚੰਨੀ ਦਾ ਬਾਪੂ ਦੋਵੇਂ ਸਫ਼ੀ ਸਫਾਈ ਕਰਨ ਜਾਂਦੇ ਸੀਗੇ ਇਕ ਸਾਹਬ ਦੇ ਬੰਗਲੇ। ਉਹਦੀ ਮੇਮ ਤੇ ਮੇਮਣੇ ਵਲੈਤ ਗਏ ਹੋਏ ਸੀਗੇ। ਚੰਨੀ ਦਾ ਬਾਪੂ ਕੁਝ ਢਿੱਲਾ ਸੀ। ਮੈਂ ਚੰਨੀ ਨੂੰ ਨਾਲ ਲੈ ਗਈ। ਚੰਨੀ ਮੇਰੇ ਨਾਲ ਅੱਠ ਦਸ ਦਿਨ ਜਾਂਦੀ ਰਹੀ। ਚੰਨੀ ਦਾ ਬਾਪੂ ਉੱਠ ਖਲੋਤਾ। ਇਕ ਸ਼ਾਮੀ ਅਸੀਂ ਮੰਡੂਆ ਵੇਖਣ ਚਲੇ ਗਏ। ਚੰਨੀ ਘਰੇ ਰਹਿ ਪਈ। ਅਸੀਂ ਮੁੜੇ ਤਾਂ ਚੰਨੀ ਘਰ ਹੈ ਨਾਹ। ਅੱਧੀ ਰਾਤੀਂ ਆ ਵੜੀ। ਬਾਪੂ ਨੇ ਕੁੱਟੀ। ਬਕ ਪਈ ਕਿ ਸਾਹਬ ਦੇ ਗਈ ਸੀ। ਉਹਦੇ ਨੇਫੇ ਵਿਚੋਂ ਪੰਜ ਰੁਪਈਏ ਨਿਕਲ ਆਏ। ਰੁੜਾ ਗੰਡਾਸਾ ਕੱਢੀ ਫਿਰੇ। ਮੈਂ ਮਸਾਂ ਹਟਕਿਆ। ਉਹਨੇ ਰੱਸੇ ਨਾਲ ਕੁੜੀ ਨੂੰ ਬੰਨ੍ਹ ਦਿੱਤਾ। ਸਾਰੀ ਰਾਤ ਥੰਮ੍ਹ ਨਾਲ ਬੱਧੀ ਰਹੀ।''

'ਜਵਾਨ ਹੋਈ ਐ ?'

'ਨਹੀਂ ਬੀਬੀ ਮਸਾਂ ਸੋਲ੍ਹਵਾਂ ਚੜ੍ਹਿਐ।' ਉਸ ਦੀ ਗੱਲ ਅੱਜੇ ਮੂੰਹ ਵਿਚ ਹੀ ਸੀ ਕਿ ਉਹ ਨੂਰਾਂ ਨੂੰ ਵੇਖ ਕੇ ਉੱਠ ਖਲੋਤੀ। ਨੂਰਾਂ ਨੂੰ ਵੇਖਣ ਸਾਰ ਗੁਲਾਬ ਕੌਰ ਦਾ ਸਾਹ ਵਿਚ ਸਾਹ ਆਇਆ। ਉਸ ਨੇ ਤਾਲਾ ਖੋਲ੍ਹ ਕੇ ਗੁਲਾਬ ਕੌਰ ਨੂੰ ਬਾਹਰ ਕਢਦਿਆਂ ਦੱਸਿਆ।' 'ਗੁਲਾਬੋ, ਜੇ ਵੱਡੇ ਸਾਹਬ ਕੋਲ ਜਾਣਾ ਪਿਆ ਤਾਂਹ ਵੀ ਜਾਸਾਂ। ਟੌਮੀ ਕੌਣ ਐ ਮੇਰੇ ਕੰਮੇ 'ਚ ਦਖ਼ਲ ਦਿਐਂ। ਸਹੁਰੇ ਮੇਮਣੇ ਹੁਕਮ ਚਾੜ੍ਹੀ ਛੋੜਿਐ ਗੁਲਾਬੋ ਨਾ ਬੂਹਾ ਨਾਹ ਖੁਲ੍ਹੇ ਤਿੰਨ ਦਿਨ। ਮੈਂ ਖੋਲ੍ਹਸਾਂ ਕੋਈ ਕਰੈ ਮਿੱਘੀ ਮਣਾਂ।' ਗੁਲਾਬ ਕੌਰ ਉਸਦੀ ਗੱਲ ਸੁਣਦੀ-ਸੁਣਦੀ ਤਿੱਖੇ-ਤਿੱਖੇ ਕਦਮੀ ਜ਼ਨਾਨਖਾਨੇ ਵੱਲ ਜਾ ਰਹੀ ਸੀ।

ਬੇਗੋ ਹੱਕੀ ਬੱਕੀ ਹੋਈ ਨੂਰਾਂ ਦੀਆਂ ਗੱਲਾਂ ਸੁਣ ਰਹੀ ਸੀ। ਉਹ ਜਾਣ ਹੀ ਲੱਗੀ ਸੀ ਕਿ ਨੂਰਾਂ ਨੇ ਕਿਹਾ-'ਬੇਗੋ। ਤੂੰ ਗੁਲਾਬੋ ਨਾ ਖਿਆਲ ਰੱਖਿਆਂ। ਮੇਰੀ ਭੈਣੂੰ ਜਿਹੀ ਐ ਗੁਲਾਬੋ। ਸਮੁੰਦਰੋਂ ਪਾਰੋਂ ਆਈ ਐ ਕਿਧਰੋਂ। ਇਸ ਨੇ ਖਸਮੈ ਕੀ ਫ਼ਾਹੇ ਲਾਈਏ ਛੋੜਿਆ ਨੇ।' ਨੂਰਾਂ ਗੁਲਾਬ ਕੌਰ ਦੀ ਸਿਫਾਰਸ਼ ਕਰਕੇ ਅੱਗੇ ਤੁਰ ਗਈ। ਬੇਗੋ ਨੇ ਪਹਿਲੀ ਵਾਰ ਆਪਣੀ ਗੱਲ ਦਸਣੀ ਸ਼ੁਰੂ ਕੀਤੀ ਸੀ।

ਉਹ ਗੁਲਾਬ ਕੌਰ ਦੀ ਉਡੀਕ ਕਰਨ ਲਗੀ। ਗੁਲਾਬ ਕੌਰ ਵਿਚੋਂ ਉਸ ਨੂੰ ਇਕ ਹਮਦਰਦ ਆਤਮਾ ਦਿੱਸਣ ਲੱਗ ਪਈ। ਗੁਲਾਬ ਕੌਰ ਕਿੰਨੀ ਦੇਰ ਨਾ ਮੁੜੀ। ਉਹ ਉਡੀਕਦੀ-ਉਡੀਕਦੀ ਨਬੀ ਖਾਨ ਨੂੰ ਉੱਧਰੋਂ ਆਉਂਦਿਆਂ ਵੇਖ ਕੇ ਬਾਲਟੀ ਲੈ ਕੇ ਤੁਰ ਪਈ। ਨਬੀ ਖਾਨ ਕਿਸੇ ਹੋਰ ਪਾਸੇ ਮੁੜ ਗਿਆ। ਗੁਲਾਬ ਕੌਰ ਨੂੰ ਮੁੜਦਿਆਂ ਵੇਖ ਕੇ ਉਹ ਉਸਦੀ ਉਡੀਕ ਕਰਨ ਲੱਗ ਪਈ।

ਗੁਲਾਬ ਕੌਰ ਨੇ ਆਉਂਦਿਆਂ ਹੀ ਸੁਆਲ ਕਰ ਦਿੱਤਾ-'ਬੇਗੋ। ਫੇਰ ਕੀ ਹੋਇਆ ?'

'ਹੋਣਾ ਕੀ ਸੀ। ਕੁੜੀ ਹੱਥੋਂ ਨਿਕਲ ਗਈ। ਇਕ ਸ਼ਾਮੀ ਸਾਹਬ ਦਾ ਖਾਨਸਾਮਾ ਖਾਣਾ ਲਾ ਕੇ ਬਾਹਰ ਨਿਕਲਿਆ। ਮੈਂ ਉਸ ਦੇ ਸੂਪ ਵਿਚ ਮਹੁਰਾ ਰਲਾ ਦਿੱਤਾ ਦੇ ਝੱਟ ਪੱਟ ਘਰ ਮੁੜ ਆਈ। ਉਹ ਰਾਤੀਂ ਤੜਫ ਕੇ ਮਰ ਗਿਆ। ਖਾਨਸਾਮਾ ਫ਼ੜਿਆ ਗਿਆ। ਉਨ੍ਹਾਂ ਉਸ ਨੂੰ ਕੁਟਿਆ। ਉਹ ਬੇ-ਗੁਨਾਹ ਸੀ। ਮੈਂ ਫੜੀ ਗਈ। ਜਿੱਥੋਂ ਮਹੁਰਾ ਲਿਆ ਸੀ, ਉਹ ਬੱਕ ਪਿਆ। ਮੈਨੂੰ ਦਸ ਸਾਲ ਕੈਦ ਹੋ ਗਈ।'

'ਤੇ ਚੰਨੀ ?'

'ਕੁਝ ਨਾ ਪੁੱਛ ਬੀਬੀ। ਉਹ ਮੇਰਾ ਗੰਦਾ ਲਹੂ ਨਿਕਲੀ। ਨਿਕਲ ਗਈ ਕਿਸੇ ਨਾਲ। ਅਸਾਂ ਪਿੱਛਾ ਨਹੀਂ ਕੀਤਾ।'

'ਬੜੀ ਮਾੜੀ ਗੱਲ ਹੋਈ ਬੇਗੋ। ਭਾਈਆ ਰੂੜਾ ਤਾਂ ਬੜਾ ਦੁਖੀ ਹੋਊ।'

'ਗੁਲਾਬ ਕੌਰ ਦੇ ਮੂੰਹੋਂ 'ਭਾਈਆ ਰੂੜਾ' ਸ਼ਬਦ ਸੁਣ ਕੇ ਉਹ ਉਸ ਦੇ ਪੈਰ ਫੜਨ ਲੱਗ ਪਈ। ਗੁਲਾਬ ਕੌਰ ਨੇ ਅੱਗੋਂ ਉਸ ਦੇ ਹੱਥ ਫੜ ਲਏ। ਦੋਹਾਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ।

ਬੇਗੋ ਸੋਚ ਰਹੀ ਸੀ ਇਹ ਕਿਹੋ ਜਿਹੀ ਸਰਦਾਰਨੀ ਹੈ, ਜਿਹੜੀ ਭੰਗਣ ਦੇ ਹੱਥਾਂ ਵਿਚ ਹੱਥ ਪਾ ਕੇ ਵੀ ਨਹੀਂ ਭਿੱਟਦੀ।

ਸੂਰਜ ਨਿਕਲ ਆਇਆ ਸੀ ਫਿਰ ਵੀ ਗੁਲਾਬੀ ਜਿਹੀ ਠੰਢ ਸੀ। ਗੁਲਾਬ ਕੌਰ ਬੂਹਾ ਖੁਲ੍ਹਣ ਦੀ ਉਡੀਕ ਵਿਚ ਲੋਹੇ ਦੇ ਜੰਗਲੇ ਨੂੰ ਹੱਥ ਪਾ ਕੇ ਖਲੋਤੀ ਹੋਈ ਸੀ। ਦੋ ਚਿੜੀਆਂ ਹਰੇ ਘਾਹ ਉੱਤੇ ਟੱਪਦੀਆਂ-ਟੱਪਦੀਆਂ ਚੀਂ-ਚੀਂ ਕਰਦੀਆਂ ਫੁੱਲਾਂ ਦੀ ਕਿਆਰੀ ਵਿਚ ਅਲੋਪ ਹੋ ਗਈਆਂ। ਉਹ ਚਿੜੀਆਂ ਦੀ ਆਜ਼ਾਦੀ ਵੇਖ ਕੇ ਆਪਣੀ ਗੁਲਾਮੀ ਉੱਤੇ ਤੜਫਣ ਲੱਗ ਪਈ। ਲੋਹੇ ਦੀਆਂ ਸੀਖਾਂ ਨੂੰ ਪੱਕੇ ਹੱਥ ਪਾ ਕੇ ਗੁਣਗੁਣਾਉਣ ਲੱਗ ਪਈ-

ਔਖੀ ਹੋ ਜਊ ਕੈਦ ਕਟਣੀ
ਮੇਰੇ ਗੱਲ ਵਿਚ ਪਾ ਦੇ ਫਾਂਸੀ
ਫਰੰਗੀਆ ਤਰਸ ਕਰੀਂ
ਮੇਰੀ ਕਰ ਦੇ ਬੰਦ ਖਲਾਸੀ।
ਮੇਰੇ ਗੱਲ ਵਿਚ ਪਾ ਦੇ ਫਾਂਸੀ
ਫਰੰਗੀਆਂ ਤਰਸ ਕਰੀਂ।

ਏਨੇ ਨੂੰ ਉਸ ਨੇ ਗੋਰਿਆਂ ਦੀ ਅਗਵਾਈ ਵਿਚ ਕੈਦੀ ਪਰੇਡ ਕਰਦੇ, ਉੱਧਰ ਆਉਂਦੇ ਵੇਖੇ ਤੇ ਬੋਲ ਉੱਠੀ :-

'ਖੜੀ ਬੈਠੀ ਤੇ ਪਹਿਰਾ ਦੇਂਦੇ
ਸੁੱਤੀ ਤੋਂ ਗਮ ਖਾਂਦੇ,
ਪੁੱਤ ਫਰੰਗੀਆਂ ਦੇ।
ਤਿੰਨ-ਤਿੰਨ ਵੇਲੇ ਕਰਨ ਪਰੇਟਾਂ
ਅਲ੍ਹੜ ਬਲ੍ਹੜ ਗਾਂਦੇ।
ਪੁੱਤ ਫਰੰਗੀਆਂ ਦੇ,
ਅਲ੍ਹੜ ਬਲ੍ਹੜ ਗਾਂਦੇ,
ਪੁੱਤ ਫਰੰਗੀਆਂ ਦੇ।'

ਪਰੇਡ ਦੇ ਪਿੱਛੇ-ਪਿੱਛੇ ਨਬੀ ਖਾਨ ਜਾ ਰਿਹਾ ਸੀ। ਗੁਲਾਬ ਕੌਰ ਨੇ ਵਾਜ ਮਾਰੀ-'ਨੰਬਰਦਾਰਾ। ਅੱਜ ਮੇਰਾ ਬੂਹਾ ਨਹੀਂ ਖੋਲ੍ਹਣਾ।'

ਨਬੀ ਖਾਨ ਨੇ ਬੂਹਾ ਖੋਲ੍ਹਦਿਆਂ ਕਿਹਾ-'ਅੱਜ ਫਾਤਮਾ ਨੀ ਵਾਰੀ ਸੀ। ਹਰ ਵੇਲੇ ਝੁਰਨੀ ਰਹਿੰਨੀ ਐ।'

ਗੁਲਾਬ ਕੌਰ ਨੇ ਮੌਕਾ ਤਾੜ ਕੇ ਸੁਆਲ ਕਰ ਦਿੱਤਾ-'ਤੂੰ ਸਭ ਤੋਂ ਵੱਡਾ ਨੰਬਰਦਾਰ ਐਂ। ਫਾਤਮਾ ਤੇਰੀ ਭੈਣ ਵਰਗੀ ਐ। ਉਹਨੂੰ ਤੂੰ ਸੌਖਾ ਕੰਮ ਕਿਉਂ ਨਹੀਂ ਦੇਂਦਾ ?'

'ਕੰਮ ਨੂਰਾਂ ਵੰਡਦੀ ਐ।'

'ਨੰਬਰਦਾਰਾ ! ਤੇਰੀ ਰਿਹਾਈ ਨੇੜੇ ਹੋਣੀ ਐ।'

'ਨਹੀਂ ਅੱਜੇ ਕਿੱਥੈ।'

'ਨੂਰਾਂ ਦੱਸਦੀ ਐ ਕਿ ਤੇਰੀ ਧੀ ਵੀਹਾਂ ਦੀ ਹੋ ਗਈ ਐ।'

'ਆਈ ਸੀ ਮਿਲਣ।'

'ਸੁਣਿਐ ਕਿ ਉਹ ਕਹਿੰਦੀ ਐ ਕਿ ਜਦ ਤਕ ਤੂੰ ਰਿਹਾ ਨਹੀਂ ਹੋਂਦਾ ਉਸਨੇ ਵਿਆਹ ਨਹੀਂ ਕਰੌਣਾ।'

ਨਬੀ ਖਾਨ ਨਿੰਮੋਝੂਣਾ ਹੋ ਕੇ ਖਲੋਤਾ ਰਿਹਾ। ਉਸਦਾ ਮਨ ਭਰ ਆਇਆ ਸੀ। ਉਹ ਨੇ ਦੋਹਾਂ ਹੱਥਾਂ ਨਾਲ ਅੱਖਾਂ ਮਲਦਿਆਂ ਕਿਹਾ-'ਅੱਲਾ ਦੀਆਂ ਅੱਲਾ ਜਾਣੇ।' ਉਹ ਉਖੜਿਆ-ਉਖੜਿਆ ਤੁਰਿਆ ਜਾ ਰਿਹਾ ਸੀ। ਗੁਲਾਬ ਕੌਰ ਉਸਦੇ ਉਦਰੇਵੇਂ ਦਾ ਦੁੱਖ ਪ੍ਰਤੀਤ ਕਰਕੇ ਤਰਸਵਾਨ ਅੱਖਾਂ ਨਾਲ ਉਸ ਨੂੰ ਢਿੱਲੇ-ਢਿੱਲੇ ਕਦਮੀਂ ਦਫਤਰ ਵੱਲ ਜਾਂਦਿਆਂ ਵੇਖ ਰਹੀ ਸੀ।

## 15

ਗੁਲਾਬ ਕੌਰ ਕੱਚੀ ਕੰਧ ਨਾਲ ਢੋਅ ਲਾ ਕੇ ਧੁੱਪ ਸੇਕ ਰਹੀ ਸੀ। ਚਰਖਾ ਉਸ ਦੇ ਸਾਹਮਣੇ ਪਿਆ ਸੀ। ਇਕ ਪੱਛੀ ਵਿਚ ਪੂਣੀਆਂ ਦਾ ਢੇਰ ਲੱਗਾ ਹੋਇਆ ਸੀ। ਇਕ ਕਾਂ ਵਿਹੜੇ ਵਿਚ ਟਪੂਸੀਆਂ ਮਾਰਦਾ-ਮਾਰਦਾ ਉਸੇ ਦੇ ਚਰਖੇ ਦੇ ਮੁੰਨੇ ਉੱਤੇ ਆ ਬੈਠਾ। ਗੁਲਾਬ ਕੌਰ ਨੇ ਤੌੜੀ ਵਜਾ ਕੇ ਕਾਂ ਨੂੰ ਉੱਡਾ ਦਿੱਤਾ। ਉਹ ਉੱਡਦਾ-ਉੱਡਦਾ ਬਨੇਰੇ ਉੱਤੇ ਬਹਿ ਕੇ ਕਾਂ-ਕਾਂ ਕਰਨ-ਕਰਨ ਲੱਗ ਪਿਆ।

ਗੁਲਾਬ ਕੌਰ ਦੇ ਮਨ ਵਿਚ ਇਹ ਗੱਲ ਆ ਗਈ ਕਿ ਜਦ ਕਾਂ ਬਨੇਰੇ ਉੱਤੇ ਬਹਿ ਕੇ ਬੋਲੇ ਤਾਂ ਕੋਈ ਪ੍ਰਾਹੁਣਾ ਆਉਣ ਵਾਲਾ ਹੁੰਦਾ ਹੈ। ਇਹ ਗੱਲ ਮਨ ਵਿਚ ਆਉਂਦਿਆਂ ਹੀ ਉਹ ਉਦਾਸ ਹੋ ਗਈ। ਉਹ ਇਕ-ਇਕ ਕਰਕੇ, ਸਦਾ ਲਈ ਵਿਛੜੇ ਵੀਰਾਂ ਨੂੰ ਯਾਦ ਕਰਨ ਲੱਗ ਪਈ। ਉਸ ਨੇ ਦੁਪੱਟੇ ਨਾਲ ਆਪਣੀਆਂ ਦੋਵੇਂ ਅੱਖਾਂ ਢੱਕ ਲਈਆਂ। ਉਹ ਕਿੰਨੀ ਦੇਰ ਅਹਿਲ ਬੈਠੀ ਰਹੀ। ਕਾ ਅੱਜੇ ਵੀ ਕਦੇ ਵਿਹੜੇ ਵਿਚ, ਕਦੇ ਕੰਧ ਉੱਤੇ, ਤੇ ਕਦੇ ਬਨੇਰੇ ਉੱਤੇ ਬਹਿ ਕੇ ਕਾਂ-ਕਾਂ ਕਰ ਰਿਹਾ ਸੀ।

ਜਦ ਗੁਲਾਬ ਕੌਰ ਨੇ ਅੱਖਾਂ ਉੱਤੋਂ ਦੁਪੱਟਾ ਹਟਾਇਆ ਤਾਂ ਉਸ ਦੀਆਂ ਅੱਖਾਂ ਲਾਲ ਸੂਹੀਆਂ ਹੋਈਆਂ ਪਈਆਂ ਸਨ। ਉਹ ਬਿਨਾਂ ਆਵਾਜ਼ ਕੱਢੇ ਰੋਂਦੀ ਹਟੀ ਸੀ। ਉਸ ਨੇ ਪੀੜ੍ਹੀ ਥੋੜ੍ਹੀ ਜਿਹੀ ਅੱਗੇ ਖਿਸਕਾਅ ਕੇ, ਤੱਕਲੇ ਉੱਤੇ ਤੰਦ ਪਾਈ ਸੀ ਕਿ ਉਹ ਗੁਣ ਗੁਣਾਉਣ ਲੱਗ ਪਈ।

'ਘੂਕ ਮੇਰੇ ਚਰਖੇ ਦੀ
ਜਾਏ ਸਮੁੰਦਰੋਂ ਪਾਰ
ਜਾਏ ਸਮੁੰਦਰੋਂ ਪਾਰ
ਘੂਕ ਮੇਰੇ ਚਰਖੇ ਦੀ।'

ਉਸ ਨੇ ਇਹ ਤੁਕਾਂ ਕਈ ਵਾਰੀ ਦੁਹਰਾਈਆਂ। ਚਰਖਾ ਕੱਤਦੀ-ਕੱਤਦੀ ਗੁਆਚੀ ਜਿਹੀ ਜਾਪਣ ਲੱਗ ਪਈ। ਫਿਰ ਇਕ ਦਮ ਬੋਲ ਉੱਠੀ-

'ਹੋੜ ਨਾ ਸਕੇ ਜਿਆਣ ਦਾ ਬੇਲਾ
ਨਾਹ ਬੇਲੇ ਦਾ ਮੰਗਲ ਚੇਲਾ
ਨਾਹ ਕਿਰਪਾਲ ਗਦਾਰ।
ਘੂਕ ਮੇਰੇ ਚਰਖੇ ਦੀ
ਜਾਏ ਸਮੁੰਦਰੋਂ ਪਾਰ,
ਜਾਏ ਸਮੁੰਦਰੋਂ ਪਾਰ
ਘੂਕ ਮੇਰੇ ਕਰਖੇ ਦੀ।'

ਉਹ ਅੱਖਾਂ ਬੰਦ ਕਰਕੇ ਇਹ ਤੁਕਾਂ ਦੁਹਰਾਂਦੀ-ਦੁਹਰਾਂਦੀ ਗਾ ਉੱਠੀ+

'ਤਕਲਾ ਵਿੰਗਾ ਹੋ ਗਿਆ ਮੇਰਾ,
ਆ ਫਰੰਗੀਆਂ ਲਾਇਆ ਡੇਰਾ,
ਲੈ ਗਏ ਫੜ ਕਰਤਾਰ।
ਘੂਕ ਮੇਰੇ ਚਰਖੇ ਦੀ
ਜਾਏ ਸਮੁੰਦਰੋਂ ਪਾਰ,
ਜਾਏ ਸਮੁੰਦਰੋਂ ਪਾਰ
ਘੂਕ ਮੇਰੇ ਚਰਖੇ ਦੀ।'

ਉਹ ਚਰਖਾ ਕੱਤਦੀ, ਟੱਪੇ ਜੋੜਦੀ, ਗਾਉਂਦੀ ਤੇ ਵਜਦ ਵਿਚ ਆਈ 'ਹੰਝੂ ਵਹਾ ਰਹੀ ਸੀ। ਉਸ ਦੇ ਦਿਲ ਦਾ ਦਰਦ, ਹੰਝੂ ਬਣ ਕੇ ਵਹਿ ਰਿਹਾ ਸੀ। ਉਸ ਨੇ ਹੰਝੂ ਰੋਕਣ ਜਾਂ ਪੂੰਝਣ ਦਾ ਉੱਕਾ ਕੋਈ ਜਤਨ ਨਾ ਕੀਤਾ। ਵਿਹੜੇ ਵਿਚ ਬਿਲਕੁਲ ਚੁੱਪ ਚਾਂ ਸੀ। ਕਾਂ ਵੀ ਕਿਧਰੇ ਉਡਾਰੀ ਮਾਰ ਗਿਆ ਸੀ। ਉਸ ਨੇ ਮਨ ਹੀ ਮਨ ਵਿਚ ਇਕ ਹੋਰ ਟੱਪਾ ਜੋੜਿਆਂ ਤੇ ਗਾਉਣ ਲੱਗ ਪਈ-

'ਲਾਟ ਫਰੰਗੀ ਮਾਰੇ ਠੁੱਡੇ
ਟੁੱਟਾ-ਚਰਖਾ ਖਿਲਰੇ ਮੁੱਢੇ,
ਕੀਤੀ ਗਈ ਗ੍ਰਿਫਤਾਰ
ਘੂਕ ਮੇਰੇ ਚਰਖੇ ਦੀ
ਜਾਏ ਸਮੁੰਦਰੋਂ ਪਾਰ।
ਜਾਏ ਸਮੁੰਦਰੋਂ ਪਾਰ
ਘੂਕ ਮੇਰੇ ਚਰਖੇ ਦੀ।'

ਵਿਹੜੇ ਵਿਚ ਬਿਲਕੁਲ ਚੁੱਪ ਸੀ। ਬਾਹਰ ਮਾੜਾ ਜਿਹਾ ਖੜਾਕ ਹੋਇਆ। ਗੁਲਾਬ ਕੌਰ ਨੇ ਬੂਹੇ ਵੱਲ ਤੱਕਿਆ। ਬੂਹਾ ਖੁਲ੍ਹਿਆ ਤੇ ਅਚਾਨਕ ਅਮਰ ਸਿੰਘ ਆ ਪਹੁੰਚਿਆ। ਉਹ ਗੁਲਾਬ ਕੌਰ ਨੂੰ ਘਰ ਵੇਖ ਕੇ ਹੈਰਾਨ ਹੋ ਗਿਆ। ਗੁਲਾਬ ਕੌਰ ਉੱਠ ਖਲੋਤੀ। ਦੋਵੇਂ ਭੈਣ ਭਰਾ ਜੱਫੀ ਪਾ ਕੇ ਮਿਲੇ। ਵਿਹੜੇ ਵਿਚ ਕੰਧ ਨਾਲ ਖੜ੍ਹੀ ਵਾਣ ਦੀ ਮੰਜੀ ਡਾਹ ਕੇ ਗੁਲਾਬ ਕੌਰ ਨੂੰ ਆਪਣੇ ਨਾਲ ਬਿਠਾਂਦਿਆਂ, ਅਮਰ ਸਿੰਘ ਨੇ ਪੁੱਛਿਆ-'ਗੁਲਾਬੋ। ਤੂੰ ਰਿਹਾਈ ਦਾ ਪਤਾ ਈ ਨਾ ਦਿੱਤਾ।'

'ਕਿੱਦਾਂ ਦੇਂਦੀ ਪਤਾ ?'

'ਮੈਂ ਸਮਝਦਾਂ। ਕਦੋਂ ਦੀ ਆਈ ਐਂ ?'

'ਮੈਂ ਤਾਂ ਕੱਤੇ ਦੀ ਪੂਰਨਮਾਸ਼ੀ ਦੀ ਆਈ ਆਂ। ਮਹੀਨਾ ਹੋਣ ਲੱਗੈ। ਤੂੰ ਕਿੱਥੇ  ਰਿਹੈਂ ? ਚਾਚੀ ਕਹਿੰਦੀ ਐ ਐਵੇਂ ਤੁਰਿਆ ਫਿਰਦੈ। ਘਰ ਨਹੀਂ ਬਹਿੰਦਾ।'

'ਮੈਂ ਦੋ ਢਾਈ ਮਹੀਨੇ ਅੰਬਰਸਰ, ਦਰਬਾਰ ਸਾਹਿਬ ਰਿਹਾਂ। ਫਰੰਗੀਆਂ ਨੇ ਬੜਾ ਜ਼ੁਲਮ ਸ਼ੁਰੂ ਕੀਤਾ ਹੋਇਐ। ਸਿੱਖ ਡਟ ਕੇ ਜ਼ੁਲਮ ਦਾ ਮੁਕਾਬਲਾ ਕਰ ਰਹੇ ਐ। ਚਾਚੀ ਕਿੱਥੇ ਐ ?'

'ਚਾਚੀ ਵੀ ਘਰੇ ਨਹੀਂ ਬਹਿੰਦੀ। ਸ਼ਾਹ ਵੇਲਾ ਖਾ ਕੇ ਨਿਕਲ ਗਈ ਸੀ। ਘਰ ਬਹਿ ਕੇ ਕੀ ਕਰੇ। ਈਸੋ ਦੇ ਹੋਊ ਜਾਂ ਰੁੱਕੋ ਦੇ।'

'ਗੁਲਾਬੋ। ਤੇਰਾ ਰੰਗ ਪੀਲਾ ਜ਼ਰਦ ਹੋਇਆ ਪਿਐ।'

'ਮੈਂ ਕਿਹੜੀ ਨਾਨਕੇ ਗਈ ਸਾਂ। ਤੂੰ ਵੀ ਤਾਂ ਦੋ ਸਾਲ ਕਟ ਕੇ ਆਇਐਂ।'

'ਮੇਰੇ ਨਾਲ ਤਾਂ ਹੋਰ ਸੀ ਕਈ, ਤੂੰ ਕੱਲ-ਮੁਕੱਲੀ। ਸੁਣਿਆ ਸੀ ਕਿ ਤੈਨੂੰ ਕੋਠੀ ਬੰਦ ਰਖਦੇ ਸੀ।'

'ਪੁੱਛ ਕੁਝ ਨਾ। ਤੂੰ ਪਹਿਲੋਂ ਮੂੰਹ ਹੱਥ ਧੋ। ਮੈਂ ਪਾਣੀ ਗਰਮ ਰੱਖਦੀ ਆਂ। ਦੁਪਹਿਰਾਂ ਹੋਣ ਲੱਗੀਐਂ ਭੁੱਖਾ ਹੋਵੇਂਗਾ। ਮੈਂ ਦੁਪੜਾਂ ਲਾਹ ਲਾਂ। ਦਹੀਂ ਬਥੇਰਾ ਪਿਐ।

ਅਜੇ ਉਹ ਖਾਣ ਬੈਠੇ ਹੀ ਸਨ ਕਿ ਚਾਚੀ ਆ ਪਹੁੰਚੀ। ਉਹ ਅਮਰ ਸਿੰਘ ਨੂੰ ਵੇਖ, ਲੋਹੀ ਲਾਖੀ ਹੋ ਕੇ ਬੋਲੀ-

'ਅਮਰੂ। ਤੈਨੂੰ ਕੀਹਨੇ ਰਾਹ ਦਸ ਦਿੱਤਾ ਘਰ ਦਾ ?'

ਅਮਰ ਸਿੰਘ ਨੇ ਨੀਵੀਂ ਪਾ ਕੇ ਹੱਸ ਛੱਡਿਆ।

'ਨਾ ਘਰ ਲੂਣ, ਖੰਡ, ਨਾ ਗੁੜ ਨਾ ਤੇਲ। ਤੈਨੂੰ ਕੋਈ ਫ਼ਿਕਰ ਨਹੀਂ। ਜੇ ਰੰਨ ਕੰਨ, ਪੁੱਤ ਧੀਆਂ ਹੋਂਦੀਆਂ ਜਾਂ ਤੈਨੂੰ ਪਤਾ ਲਗਦਾ। ਮੈਂ ਤੇਰਾ ਬੂਹਾ ਖੁਲ੍ਹਾ ਰਖਿਐ। ਹੁਣ ਨਹੀਂ ਸੰਭਾਲ ਹੋਂਦਾ।' ਉਹ ਬੋਲਦੀ-ਬੋਲਦੀ ਉਨ੍ਹਾਂ ਕੋਲੋਂ ਲੰਘ ਕੇ ਚੌਂਕੇ ਵਿਚ ਜਾ ਕੇ ਦਹੀਂ ਤੇ ਦੋ ਰੋਟੀਆਂ ਲੈ ਕੇ ਉਨ੍ਹਾਂ ਦੇ ਸਾਹਮਣੇ ਬਹਿ ਕੇ ਖਾਣ ਲੱਗ ਪਈ।

# 16

ਤਕਾਲਾਂ ਪਈਆਂ ਹੀ ਸਨ ਕਿ ਅਮਰ ਸਿੰਘ ਬਿਸਤਰੇ ਵਿਚ ਵੜ ਕੇ ਬਹਿ ਗਿਆ। ਦੂਜੇ ਬਿਸਤਰੇ ਵਿਚ ਚਾਚੀ ਵੜ ਬੈਠੀ। ਗੁਲਾਬ ਕੌਰ ਚਾਚੀ ਦੀ ਪੁਆਂਦੀ ਬੈਠ ਗਈ। ਚਾਚੀ ਨੇ ਗੱਲ ਛੇੜ ਲਈ-'ਗੁਲਾਬੋ ਨਾ ਤੂੰ ਘਰ ਤੇ ਨਾ ਅਮਰੂ। ਮੈਂ ਕੱਲ ਮੁਕੱਲੀ, ਸੜਦੀ ਭੁਜਦੀ ਰਹਾਂ ਅੰਦਰੇ ਅੰਦਰ, ਨਾ ਕੋਈ ਮੇਰੇ ਵਿਹੜੇ ਵੜੇ, ਨਾ ਮੈਂ ਕਿਸੇ ਦੇ ਜਾਵਾਂ। ਆਂਢਣਾਂ ਗੁਆਂਢਣਾਂ ਫਿੱਟੇ ਮੂੰਹ ਤਕ ਨਾ ਆਖਣ। ਤੇਈਏ ਤਾਪ ਨਾਲ ਬੇਹੋਸ਼ ਪਈ ਰਹੀ। ਕਿਸੇ ਮੇਰੀ ਵਾਤ ਨਾ ਪੁੱਛੀ। ਗੁਲਾਬੋ, ਤੂੰ ਹੁੰਦੀ ਤਾਂ ਮੇਰੀ ਸੇਵਾ ਸੰਭਾਲ ਕਰਦੀ। ਬੇੜਾ ਗਰਕ ਹੋਵੇ ਫਰੰਗੀਆਂ ਦਾ, ਧੀ ਧਿਆਣੀ ਨੂੰ ਫੜਕੇ ਲੈ ਗਏ। ਕਹਿਣ ਗਦਰੀਆਂ ਦੀ ਭੈਣ ਆ। ਬੰਬ ਬਣਾਉਂਦੀ ਹੋਊ। ਨੀ ਤੂੰ ਕਦੇ ਵੇਖਿਆ ਵੀ ਹੈ ਬੰਬ।' ਆਪੇ ਸੁਆਲ ਕਰਕੇ ਚਾਚੀ ਆਪੇ ਹੱਸਣ ਲੱਗ ਪਈ।

ਅਮਰ ਸਿੰਘ ਨੇ ਲੇਟ ਕੇ ਉਨ੍ਹਾਂ ਵੱਲ ਪਿੱਠ ਕਰ ਲਈ ਸੀ। ਚਾਚੀ ਨੇ ਉਸ ਨੂੰ ਝਿੜਕਦਿਆ ਪੁੱਛਿਆ-'ਤੂੰ ਕਿਹੜਾ ਹਲ ਵਾਹੁੰਦਾ ਆਇਐਂ। ਤਕਾਲੀਂ ਘੁਰਾੜੇ ਮਾਰਨ ਨੂੰ ਫਿਰਦੈਂ। ਉੱਠ ਕੇ ਬਹਿ, ਨਹੀਂ ਤਾਂ ਮੈਂ ਫੜ ਕੇ ਉਠਾਉਂ।'

'ਚਾਚੀ ਮੈਂ ਲੰਮਾ ਪੈਂਡਾ ਮਾਰ ਕੇ ਆਇਆਂ।

'ਤੂੰ ਉੱਠ ਕੇ ਬਹਿ। ਅੱਜ ਪਹਿਲੀ ਵਾਰੀ ਤੂੰ ਤੇ ਗੁਲਾਬੋ, ਕੱਠੇ ਹੋਏ ਓ। ਤੂੰ ਪਹਿਲੋਂ ਫੜੀ ਗਈ ਤੇ ਮਗਰੋਂ ਆਈ। ਅਮਰੂ ਮਗਰੋਂ ਫੜਿਆ ਗਿਆ ਤੇ ਪਹਿਲੋਂ ਆ ਗਿਆ। ਤੂੰ ਅਮਰੂ ਨਾਲੋਂ ਵੀ ਕਿਹੜਾ ਵੱਡਾ ਕਸੂਰ ਕੀਤਾ ਸੀ ?'

ਗੁਲਾਬ ਕੌਰ ਵਲੋਂ ਕੋਈ ਉਤਰ ਨਾ ਮਿਲਦਾ ਵੇਖਕੇ ਉਹ ਬੋਲ ਉੱਠੀ-'ਮੈਨੂੰ ਪਤੈ, ਤੂੰ ਦਸ ਨਾ ਦਸ। ਮੈਂ ਸਭ ਜਾਣਦੀ ਆਂ। ਤੇਰੇ ਮਨ ਵਿਚ ਕਿੰਨੀਆਂ ਅੱਗਾਂ ਬਲਦੀਐਂ। ਕੁੜੇ, ਇਕ ਗੱਲ ਯਾਦ ਰੱਖੀਂ। ਇਹ ਅੱਗਾਂ ਬਲਦੀਆਂ ਰੱਖੀਂ। ਬੁਝਣ ਨਾ ਦਈਂ। ਨਹੀਂ ਤਾਂ ਜੀਉਂਦੀ ਮਰ ਜਾਏਂਗੀ।'

ਅਮਰ ਸਿੰਘ ਅਜੇ ਵੀ ਲੇਟਿਆ ਹੋਇਆ ਸੀ। ਉਹ ਚਾਚੀ ਦੀ ਗੱਲ ਸੁਣ ਕੇ ਉੱਠ ਬੈਠਾ। ਗੁਲਾਬ ਕੌਰ ਨੇ ਚਾਚੀ ਨੂੰ ਜੱਫੀ ਪਾ ਲਈ। ਚਾਚੀ ਨੇ ਅੱਗੋਂ ਉਸ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਗੁਲਾਬ ਕੌਰ ਦਾ ਮਨ ਭਰ ਆਇਆ। ਉਹ ਅੰਞਾਣਿਆਂ ਵਾਂਗੂੰ ਡੁਸਕਣ ਲੱਗ ਪਈ। ਚਾਚੀ, ਗੁਲਾਬ ਕੌਰ ਦੇ ਚਿਹਰੇ ਨੂੰ ਆਪਣੇ ਦੋਹਾਂ ਹੱਥਾਂ ਵਿਚ ਸੰਭਾਲ ਕੇ ਉਸ ਨੂੰ ਦਿਲਾਸਾ ਦੇਣ ਲੱਗ ਪਈ। ਗੁਲਾਬ ਕੌਰ ਫੁਟ-ਫੁਟ ਕੇ ਰੋ ਉੱਠੀ। ਚਾਚੀ ਨੇ ਆਪਣੇ ਦੁਪੱਟੇ ਨਾਲ ਉਸਦਾ ਚਿਹਰਾ ਸਾਫ ਕੀਤਾ। ਗੁਲਾਬ ਕੌਰ ਅੱਜੇ ਵੀ ਹਿਚਕੀਆਂ ਲੈ ਰਹੀ ਸੀ। ਅਮਰ ਸਿੰਘ ਨੇ ਗੁਲਾਬ ਕੌਰ ਦਾ ਇਹ ਰੂਪ ਕਦੇ ਨਹੀਂ ਸੀ ਵੇਖਿਆ। ਉਸ ਨਿੰਮ੍ਹੇ ਜਿਹੇ ਜਗ ਰਹੇ ਦੀਵੇ ਦੀ ਲੋਅ ਵਿਚ, ਟਿਕਟਿਕੀ ਲਾ ਕੇ ਗੁਲਾਬ ਕੌਰ ਦੇ ਚਿਹਰੇ ਵੱਲ ਤਕ ਰਿਹਾ ਸੀ। ਜਦ ਗੁਲਾਬ ਕੌਰ ਨੇ ਉਸ ਵੱਲ ਵੇਖਿਆ ਤਾਂ ਅਮਰ ਸਿੰਘ ਨੇ ਝੱਟ ਨੀਵੀਂ ਪਾ ਲਈ।

ਚਾਚੀ ਫੇਰ ਗੜ੍ਹਕ ਪਈ-'ਵੇ ਅਮਰੂ ਤੂੰ ਕੋਈ ਗੱਲ ਵੀ ਕਰੇਂਗਾ ਕਿ ਘੁੰਆਂ ਮੂੰਆਂ ਹੋ ਕੇ ਊਂਘਦਾ ਰਹੇਂਗਾ।'

'ਚਾਚੀ। ਮੈਂ ਚੰਗੇ ਤੜਕੇ ਜਿਆਣ ਤੋਂ ਤੁਰਿਆਂ।' ਚਾਚੀ ਨੇ ਉਸ ਦੀ ਗੱਲ ਵਿਚੋਂ ਹੀ ਫੜ ਲਈ-'ਵੇ ਤੂੰ ਜਿਆਣ ਕੀ ਕਰਨ ਗਿਆ ?'

'ਚਾਚੀ ਤੈਨੂੰ ਸਭ ਪਤੈ।'

'ਤੁਸੀਂ ਜ਼ਰਾ ਠੰਢਾ ਕਰਕੇ ਖਾਓ। ਨਹੀਂ ਤਾਂ ਬੇਲਾ ਫੇਰ ਤੁਹਾਨੂੰ ਅੰਦਰ ਕਰਾ ਦਊ। ਪੀਂਹਦਾਂ ਰਹੀਂ ਚੱਕੀ ਸਾਰੀ ਉਮਰ।'

ਗੁਲਾਬ ਕੌਰ ਨੇ ਪੁੱਛਿਆ-'ਤੂੰ ਤਾਂ ਬੇਲੇ ਨੂੰ ਕਨੇਡੇ ਤੋਂ ਜਾਣਦੈਂ।'

'ਚੰਗੀ ਤਰ੍ਹਾਂ ਜਾਣਦਾਂ ਗੁੰਡੇ ਗਦਾਰ ਨੂੰ। ਏਸੇ ਕਰਕੇ ਘੜੀ ਮੁੜੀ ਮੇਰੀ ਡੂਟੀ ਲਗਦੀ ਐ ਪਰ ਉਹ ਪਿੰਡ ਹੋਂਦਾ ਹੀ ਨਹੀਂ।

'ਕਿੱਥੇ ਰਹਿੰਦੈ ?'

'ਬੀਬੀ ਤੁਰਿਆ ਰਹਿੰਦੈ। ਕਨੇਡਾ ਤੇ ਮਿਰਕਣ ਤੋਂ ਆਏ ਗਦਰੀਆਂ ਖਿਲਾਫ਼ ਸਭ ਤੋਂ ਵੱਧ ਉਹਨੇ ਗਵਾਹੀਆਂ ਦਿੱਤੀਆਂ ਤੇ ਦਵਾਈਐਂ। ਉਹਨੂੰ ਚਾਰ ਮੁਰੱਬੇ ਜ਼ਮੀਨ ਮਿਲੀ ਐ ਬਾਰ ਵਿਚ।

'ਅਮਰੂ। ਤੂੰ ਤੇ ਗੁਲਾਬੋ ਦੋਵੇਂ ਕੈਦ ਸੀ। ਬਿਸਾਖੀ ਦੇ ਮੇਲੇ ਤੇ ਇਕ ਬੜੇ ਫਰੰਗੀ ਨੇ ਗੋਲੀ ਚਲਾ ਦਿੱਤੀ, ਅੰਬਰਸਰ। ਲੁਕਾਈ ਮਾਰੀ ਗਈ। ਨਿਆਣੇ ਤੇ ਤੀਵੀਆਂ ਵੀ। ਭੈੜਾ ਜਿਹਾ ਨਾਂ ਐ ਓਸ ਫਰੰਗੀ ਦਾ। ਅਮਰੂ ਪਹਿਲਾਂ ਉਹਨੂੰ ਵੱਢੋ ਵੱਡੇ ਫਰੰਗੀ ਨੂੰ। ਬੇਲਾ ਤਾਂ ਕਬੂਤਰ ਐ। ਜਦੋਂ ਜੀਅ ਚਾਹੇ ਧੌਣ ਮਰੋੜ ਲਿਓ।'

ਚਾਚੀ ਦੀਆਂ ਗੱਲਾਂ ਸੁਣ ਕੇ ਅਮਰ ਸਿੰਘ ਤੇ ਗੁਲਾਬ ਕੌਰ ਦੋਵੇਂ ਹੈਰਾਨ ਹੋ ਰਹੇ ਸਨ। ਉਹ ਚਾਚੀ ਨੂੰ ਬਿਲਕੁਲ ਅਣਜਾਣ ਅਨਪੜ੍ਹ ਤੇ ਭੋਲੀ ਭਾਲੀ ਸਮਝਦੇ ਸਨ। ਗੁਲਾਬ ਕੌਰ ਨੇ ਗੱਲ ਕਰਨ ਲਈ ਮੂੰਹ ਖੋਲ੍ਹਿਆਂ ਹੀ ਸੀ ਕਿ ਚਾਚੀ ਨੇ ਗੱਲ ਤੋਰ ਲਈ-'ਫੇਰ ਫਰੰਗੀਆਂ ਨੇ ਬਾਬੇ ਨਾਨਕ ਦੇ ਨਨਕਾਣੇ ਨਿਦੋਸ਼ੇ ਲੋਕੀ ਮਾਰ ਮੁਕਾਏ। ਗੁੰਡਾ ਮਹੰਤ ਨਸਾ ਦਿੱਤਾ। ਪਹਿਲੇ ਗੁੰਡੇ ਮਹੰਤ ਨੂੰ ਵੱਢੋ। ਬੇਲਾ ਤਾਂ ਘਰ ਦੀ ਮੁਰਗੀ ਐ। ਨੱਸ ਕੇ ਕਿੱਥੇ ਜਾਊ।'

'ਚਾਚੀ। ਤੇਰੀਆਂ ਸੀਸਾਂ ਚਾਹੀਦੀਐਂ।' ਅਮਰ ਸਿੰਘ ਦੀ ਭਰਵੀ ਆਵਾਜ਼ ਵਿਚ ਦ੍ਰਿੜਤਾ ਸੀ।

'ਵੇ ਮੇਰੇ ਤਾਂ ਗੋਡੇ ਰਹਿ ਗਏ। ਨਹੀਂ ਤਾਂ ਮੈਂ ਹੀ ਸੁੱਤੇ ਪਏ ਬੇਲੇ ਦੀ ਘੁੰਡੀ ਮਰੋੜ ਦੇਂਦੀ।'

ਉਠਣ ਲੱਗੀ ਚਾਚੀ ਨੂੰ ਗੁਲਾਬ ਕੌਰ ਨੇ ਬਾਹੋਂ ਫੜ ਕੇ ਫੇਰ ਮੰਜੇ ਉੱਤੇ ਬਿੱਠਾ ਕੇ ਕਿਹਾ-'ਚਾਚੀ। ਮੈਂ ਲਿਆਉਂਦੀ ਆਂ ਦੁੱਧ। ਤੂੰ ਖੇਚਲ ਨਾ ਕਰ।'

'ਨੀ ਕੁੜੇ ਗੁਲਾਬੋ, ਤੂੰ ਤਾਂ ਅੱਧੀ ਵੀ ਨਹੀਂ ਰਹਿ ਗਈ। ਦੋਵੇਂ ਵੇਲੇ ਦੁੱਧ ਪੀਆ ਕਰ।'

ਗੁਲਾਬ ਕੌਰ ਚੌਂਕੇ ਵੱਲ ਗਈ ਹੀ ਸੀ ਕਿ ਚਾਚੀ ਨੇ ਕਿਹਾ-'ਅਮਰੂ ! ਤੈਨੂੰ ਇਕ ਗੱਲ ਪੁੱਛਾਂ!' ਉਹ ਗੱਲ ਕਰਦੀ-ਕਰਦੀ ਅਮਰ ਸਿੰਘ ਦੀ ਪੁਆਂਦੀ ਜਾ ਬੈਠੀ ਤਾਂ ਹੌਲੀ-ਹੌਲੀ ਅਮਰ ਸਿੰਘ ਦੇ ਕੰਨ ਵਿਚ ਕੁਝ ਕਹਿਣ ਲੱਗ ਪਈ। ਅਜੇ ਉਸ ਦੀ ਗੱਲ ਨਹੀਂ ਸੀ ਮੁੱਕੀ ਕਿ ਗੁਲਾਬ ਕੌਰ ਮੁੜ ਆਈ। ਉਸ ਨੂੰ ਵੇਖ ਕੇ ਚਾਚੀ ਝੱਟ ਪੱਟ ਉੱਥੋਂ ਉੱਠ ਕੇ ਆਪਣੇ ਮੰਜੇ ਉੱਤੇ ਜਾ ਬੈਠੀ। ਚਾਚੀ ਨੂੰ ਇਉਂ ਜਾਪ ਰਿਹਾ ਸੀ ਜਿਵੇਂ ਉਹ ਚੋਰੀ ਕਰਦੀ-ਕਰਦੀ ਫੜੀ ਗਈ ਹੋਵੇ।

ਗੁਲਾਬ ਕੌਰ ਨੇ ਚਾਚੀ ਦੇ ਹੱਥ ਵਿਚ ਦੁੱਧ ਦਾ ਕਟੋਰਾ ਫੜਾਂਦਿਆਂ ਉਸ ਦੇ ਚਿਹਰੇ ਉੱਤੇ ਭਰਵੀਂ ਨਜ਼ਰ ਸੁੱਟੀ। ਚਾਚੀ ਨੇ ਅੱਗੋਂ ਨੀਵੀਂ ਪਾ ਲਈ।

# 17

ਗੁਲਾਬ ਕੌਰ ਦਾ ਮਨ ਬੜਾ ਬਲਵਾਨ ਸੀ ਪਰ ਸਰੀਰ ਉਸ ਦਾ ਲਿੱਸਾ ਪੈ ਗਿਆ ਸੀ। ਉਸ ਦੇ ਸਲੋਨੇ-ਰੰਗ ਉੱਤੇ ਪਿਲੱਤਣ ਦੀ ਭਾਹ ਫਿਰ ਗਈ ਸੀ। ਉਹ ਘੰਟਿਆਂ ਬੱਧੀ ਵਾਹਣੇ ਮੰਜੇ ਉੱਤੇ ਪਈ ਸੋਚਾਂ ਵਿਚ ਪਈ ਰਹਿੰਦੀ। ਫਾਂਸੀ ਲੱਗ ਚੁੱਕੇ, ਪੁਲਸ ਮੁਕਾਬਲੇ ਵਿਚ ਸ਼ਹੀਦ ਹੋ ਗਏ ਤੇ ਉਮਰ-ਕੈਦਾਂ ਭੁਗਤ ਰਹੇ ਵੀਰਾਂ ਨੂੰ ਇਕ-ਇਕ ਕਰਕੇ ਯਾਦ ਕਰਦੀ ਰਹਿੰਦੀ। ਬਾਹਰੋਂ-ਬਾਹਰੋਂ ਉਹ ਬੜੀ ਸ਼ਾਂਤ-ਚਿੱਤ ਜਾਪਦੀ ਪਰ ਉਸਦੇ ਅੰਦਰਲੇ ਵਿਚ ਵੀਰਾਂ ਦੇ ਵਿਛੋੜਿਆਂ ਦੇ ਅਣਗਿਣਤ ਨਾਸੂਰ ਲਗਾਤਾਰ ਵਹਿ ਰਹੇ ਸਨ।

ਉਸ ਨੂੰ ਮਾਪੇ ਯਾਦ ਆਉਂਦੇ, ਪਿੰਡ ਯਾਦ ਆਉਂਦਾ, ਸਹੇਲੀਆਂ ਯਾਦ ਆਉਂਦੀਆਂ। ਆਪਣੇ ਵਿਆਹ ਦੀ ਯਾਦ ਕਰਕੇ ਜਦ ਮਾਨ ਸਿੰਘ ਉਸ ਦੇ ਸਾਹਮਣੇ ਆ ਖਲੋਂਦਾ ਤਾਂ ਉਹ ਅੱਖਾਂ ਉੱਤੇ ਹੱਥ ਦੇ ਲੈਂਦੀ। ਉਸ ਦਾ ਮਨ ਕਰਦਾ ਕਿ ਉਹ ਮਾਨ ਸਿੰਘ ਦਾ ਚਿਹਰਾ ਨਹੁੰਦਰ ਦੇਵੇ ਪਰ ਅਡੋਲ ਪਈ ਪੁਰਾਣੇ ਸਮਿਆਂ ਨੂੰ ਯਾਦ ਕਰਦੀ ਰਹਿੰਦੀ।

ਸੋਚਾਂ-ਸੋਚਾਂ ਵਿਚ ਹੀ ਪਿੰਡੋਂ ਮਨੀਲੇ ਪਹੁੰਚ ਜਾਂਦੀ। ਹਾਂਗਕਾਂਗ ਗੁਰਦੁਆਰੇ ਵਿਚ, ਕੱਚ ਦੀਆਂ ਵੰਗਾਂ ਤੋੜ ਕੇ ਵਗਾਹ ਮਾਰਨ ਦਾ ਸਮਾਂ ਯਾਦ ਕਰਨ ਲੱਗ ਪੈਂਦੀ। ਜੀਵਨ ਸਿੰਘ ਨਾਲ ਕੀਤੀਆਂ ਗੱਲਾਂ ਯਾਦ ਕਰਕੇ ਧੜਕਦੇ ਕਲੇਜੇ ਉੱਤੇ ਹੱਥ ਰੱਖ ਲੈਂਦੀ।

ਜਦ ਕਰਤਾਰ ਉਸ ਦੇ ਸਾਹਮਣੇ ਆ ਖਲੋਂਦਾ ਤਾਂ ਉਹ ਉਸ ਨੂੰ ਜੱਫੀ ਪਾਉਣ ਦੀ ਕਰਦੀ। ਉਮਰ ਕੈਦ ਹੋ ਗਏ ਸੱਜਣ ਸਿੰਘ ਨੂੰ ਹਾਕਾਂ ਮਾਰਦੀ ਨਾ ਥੱਕਦੀ। ਉਹ ਅਡੋਲ ਪਈ, ਅੱਖਾਂ ਝਮਕੇ ਬਿਨਾਂ, ਕਈ-ਕਈ ਘੰਟੇ ਅਸਮਾਨ ਵੱਲ ਤਾੜੀ ਲਾਈ ਰੱਖਦੀ। ਢਿੱਲੇ ਪੈ ਰਹੇ ਸਰੀਰ ਨੂੰ ਮਨੋ-ਬਲ ਦੇ ਠੁੰਮ੍ਹਣੇ ਦੇ ਦੇ ਖੜ੍ਹਾ ਕਰਦੀ।

ਦਿਨੋ ਦਿਨ ਉਸ ਦਾ ਸਰੀਰ ਕਮਜ਼ੋਰ ਪੈ ਰਿਹਾ ਸੀ। ਕਈ-ਕਈ ਡੰਗ ਬਿਨਾ ਕੁਝ ਖਾਧੇ ਪੀਤੇ ਲੰਘਾ ਦੇਂਦੀ। ਚਾਚੀ ਉਸ ਨੂੰ ਵੇਲੇ ਸਿਰ ਰੋਟੀ ਖਾਣ ਦੀ ਤਕੀਦ ਕਰਦੀ ਪਰ ਉਹ ਸੁਣੀ, ਅਣਸੁਣੀ ਕਰ ਛੱਡਦੀ।

ਕੁਝ ਦਿਨਾਂ ਤੋਂ ਮੀਂਹ ਲਗਾਤਾਰ ਵਰ੍ਹ ਰਿਹਾ ਸੀ। ਸਾਉਣ ਦੀਆਂ ਝੜੀਆਂ ਮੁੱਕਣ ਵਿਚ ਨਹੀਂ ਸਨ ਆ ਰਹੀਆਂ। ਉਹ ਰਸੋਈ ਵਿਚ ਚੁੱਲ੍ਹੇ ਅੱਗੇ ਬੈਠੀ ਅੱਗ ਬਾਲਣ ਲਈ ਫੂਕਾਂ ਮਾਰ ਰਹੀ ਸੀ। ਪਾਥੀਆਂ ਸਿਲ੍ਹੀਆਂ ਹੋਈਆਂ ਸਨ। ਲੱਕੜਾਂ ਵੀ ਅੱਗ ਨਹੀਂ ਸੀ ਫੜ ਰਹੀਆਂ। ਚਾਚੀ ਬਰਾਂਡੇ ਵਿਚ ਬੈਠੀ ਬੋਲ ਉੱਠੀ-'ਨੀ ਗੁਲਾਬੋ। ਕਿਉਂ ਅੰਨ੍ਹੀ ਕਰਨ ਲੱਗੀ ਐਂ। ਧੂੰਆਂ ਹੀ ਧੂੰਆਂ ਹੋ ਗਿਐ।' ਉਧਰ ਗੁਲਾਬ ਕੌਰ ਦੀ ਅੱਗ ਮੱਚ ਉੱਠੀ। ਏਧਰ ਚਾਚੀ ਚੁੱਪ ਹੋ ਗਈ।

ਵਰ੍ਹਦੇ ਮੀਂਹਾਂ ਵਿਚ ਵੀ ਕਿਧਰੇ-ਕਿਧਰੇ ਸੂਰਜ ਝਾਤੀ ਮਾਰ ਜਾਂਦਾ ਸੀ। ਅਜੇ ਸੂਰਜ ਡੁੱਬਣ ਨੂੰ ਨੇਜ਼ਾ ਕੁ ਸੀ। ਅੱਗੇ-ਅੱਗੇ ਅਮਰ ਸਿੰਘ ਤੇ ਉਸ ਦੇ ਪਿੱਛੇ-ਪਿੱਛੇ ਉਸ ਤੋਂ ਵੀ ਉੱਚਾ ਲੰਮਾ, ਤਕੜਾ ਤੇ ਭਰਵੇਂ ਸਰੀਰ ਵਾਲਾ ਬੰਦਾ, ਦੋਵੇਂ ਮੀਂਹ ਵਿਚ ਭਿੱਜੇ ਬਰਾਂਡੇ ਵਿਚ ਪਹੁੰਚਣ ਸਾਰ, ਕੱਪੜੇ ਲਾਹ ਕੇ ਨਚੋੜਨ ਲੱਗ ਪਏ। ਅਜੇ ਉਨ੍ਹਾਂ ਆਪਣੀਆਂ ਪੱਗਾਂ ਹੀ ਨਚੋੜੀਆਂ ਸਨ ਕਿ ਚਾਚੀ ਦੋ ਤੌਲੀਏ ਲੈ ਆਈ। ਉਨ੍ਹਾਂ ਕੇਸ ਪਿੱਛੇ ਸੁੱਟ ਕੇ ਤੌਲੀਏ ਸਿਰਾਂ ਉੱਤੇ ਰੱਖ ਲਏ। ਚਾਚੀ ਨੇ ਚੌਂਕੇ ਵਿਚ ਆ ਕੇ ਕਿਹਾ-'ਗੁਲਾਬੋ, ਅਮਰੂ ਜਦ ਘਰ ਆਊ ਕੋਈ ਨਾ ਕੋਈ ਪ੍ਰਾਹੁਣਾ ਲੈ ਕੇ ਆਉ। ਮੈਂ ਪ੍ਰਾਹੁਣਿਆਂ ਹੱਥੋਂ ਅੱਕ ਗਈ ਆਂ। ਮੈਨੂੰ ਤਾਂ ਕੋਈ ਡਾਕੂ ਲਗਦੈ।' ਗੁਲਾਬ ਕੌਰ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਰਕੇ ਫਿਰ ਬੋਲ ਪਈ-'ਜਾਂ ਫੇਰ ਕੋਈ ਗਦਰੀ ਹੋਊ ਜ਼ਰੂਰ। ਜਿਹਲ ਤੋੜ ਕੇ ਨੱਸਿਆ ਲਗਦੈ। ਉਹਦੀਆਂ ਅੱਖਾਂ ਵਿਚ ਲਹੂ ਉਤਰਿਆ ਦਿਸਦੈ।' ਗੁਲਾਬ ਕੌਰ ਦਾਲ ਵਿਚ ਕੜਛੀ ਮਾਰਦੀ ਰਹੀ ਪਰ ਮੂੰਹੋਂ ਕੁਝ ਨਾ ਬੋਲੀ। ਚਾਚੀ ਫਿਰ ਬੋਲ ਪਈ-'ਨੀ ਕੁੜੇ। ਕੋਈ ਤੈਨੂੰ ਮਿਲਣ ਵਾਲਾ ਤਾਂ ਨਹੀਂ।'

ਗੁਲਾਬ ਕੌਰ ਰੋਹ ਵਿਚ ਆ ਕੇ ਬੋਲੀ-'ਚਾਚੀ।' ਪਰ ਅੱਗੋਂ ਬੋਲ ਨਾ ਸਕੀ। ਚਾਚੀ ਬਰਾਂਡੇ ਵੱਲ ਮੁੜ ਗਈ। 'ਅਮਰੂ, ਮੈਂ ਚਾਹ ਕਰਦੀ ਆਂ, ਤੁਸੀਂ ਕਪੜੇ ਨਚੋੜ ਕੇ ਅੰਦਰ ਚੱਲ ਬਹੋ। ਖੇਸੀਆਂ ਲੈ ਲਓ ਉੱਤੇ।' ਉਹ ਬੋਲੀ ਵੀ ਜਾ ਰਹੀ ਸੀ ਪਰ ਉਸ ਦਾ ਸਾਰਾ ਜ਼ੋਰ ਨਵੇਂ ਆਏ ਬੰਦੇ ਨੂੰ ਪਛਾਣਨ ਉੱਤੇ ਵੀ ਲੱਗ ਰਿਹਾ ਸੀ। ਚਾਚੀ ਦੀ ਤੀਬਰਤਾ ਵੇਖ ਕੇ ਅਮਰ ਸਿੰਘ ਨੇ ਦੱਸਿਆ-'ਚਾਚੀ। ਮੈਂ ਤੇ ਕਰਮ ਸਿੰਘ ਕਨੇਡਾ ਕੱਠੇ ਰਹੇ ਆਂ। ਦੌਲਤ ਪੁਰੋਂ ਐ।'

'ਤੂੰ ਪਿਛਲੀ ਵਾਰੀ ਭਕੜਦੀ ਵਾਲੇ ਆਸੇ ਨੂੰ ਲਿਆਇਆ ਸੀ। ਉਹਨੂੰ ਵੀ ਜਾਣਦਾ ਹੋਊ।'

ਅੱਗੋਂ ਕਰਮ ਸਿੰਘ ਬੋਲ ਪਿਆ-'ਆਹੋ ਚਾਚੀ ਉਹ ਵੀ ਸਾਡੇ ਨਾਲੇ ਸੀ ਓਧਰ।'

'ਫੇਰ ਦੱਸਦਾ ਕਿਉਂ ਨਹੀਂ। ਇਹ ਵੀ ਗਦਰੀ ਐ ਫਰੰਗੀਆਂ ਦਾ ਦੁਸ਼ਮਣ।' ਫੇਰ ਉਸ ਨੇ ਗੁਲਾਬ ਕੌਰ ਵੱਲ ਤੱਰ ਕੇ ਕਿਹਾ-'ਗੁਲਾਬੋ, ਦੁੱਧ ਚੰਗਾ ਪਾਈਂ। ਮੈਂ ਥੋੜ੍ਹੀ ਜਿਹੀ ਪੰਜੀਰੀ ਅਮਰੂ ਤੋਂ ਲੁਕੋ ਕੇ ਰੱਖੀ ਸੀ।'

ਅਮਰ ਸਿੰਘ ਤੇ ਕਰਮ ਸਿੰਘ ਚਾਹ ਪੀਂਦੇ ਪੰਜੀਰੀ ਖਾ ਰਹੇ ਸਨ। ਗੁਲਾਬ ਕੌਰ ਅਜੇ ਵੀ ਚੌਂਕੇ ਵਿਚ ਬੈਠੀ ਕੰਮ ਕਰ ਰਹੀ ਸੀ। ਉਹ ਆਟੇ ਨੂੰ ਮੁੱਕੀ ਦੇ ਕੇ ਰੋਟੀਆਂ ਪਕਾਉਣ ਲੱਗ ਪਈ। ਉਹ ਕਰਮ ਸਿੰਘ ਨੂੰ ਮਿਲਣ ਲਈ ਉਤਾਵਲੀ ਸੀ ਪਰ ਰੋਟੀਆਂ ਪਕਾ ਕੇ ਹੀ ਉੱਠਣਾ ਚਾਹੁੰਦੀ ਸੀ। ਉਸ ਨੂੰ ਪਤਾ ਸੀ ਕਿ ਕਰਮ ਸਿੰਘ ਦੌਲਤ ਪੁਰੀਆ, ਬੱਬਰਾਂ ਦੇ ਪੰਜਾਂ ਸੱਤਾਂ ਆਗੂਆਂ ਵਿਚੋਂ ਇਕ ਸੀ ਜੋ ਅੰਗਰੇਜ਼ਾਂ ਦੇ ਉਲਟ ਹਥਿਆਰਬੰਦ ਜੰਗ ਕਰਨ ਉੱਤੇ ਤੁੱਲੇ ਹੋਏ ਸਨ। ਉਸ ਨੇ ਗਦਰੀਆਂ ਦੀਆਂ ਮੀਟਿੰਗਾਂ ਵਿਚ ਕਈ ਵਾਰੀ ਇਸ ਗੱਲ ਉੱਤੇ ਚਰਚਾ ਹੁੰਦੀ ਸੁਣੀ ਸੀ ਕਿ ਸ਼ਾਂਤਮਈ ਦੀ ਇਕ ਹੱਦ ਹੈ। ਉਸ ਤੋਂ ਅੱਗੇ ਸ਼ਸਤਰ ਵਰਤਣੇ ਧਰਮ ਬਣ ਜਾਂਦਾ। ਇਸੇ ਅਸੂਲ ਨੂੰ ਵਰਤੋਂ ਵਿਚ ਲਿਆਉਣ ਲਈ ਮਿਸਾਲਾਂ ਸੁਣੀਆਂ ਸਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ ਛੇਵੀਂ ਪਾਤਸ਼ਾਹੀ ਨੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਦਸਵੀਂ ਪਾਤਸ਼ਾਹੀ ਨੇ ਸ਼ਸਤਰ ਚੁੱਕ ਲਏ ਸੀ।

ਉਹ ਸਮਝਦੀ ਸੀ ਕਿ ਜਿਵੇਂ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਗਦਰੀਆਂ ਨੇ ਹਥਿਆਰ ਚੁੱਕੇ ਸਨ ਉਸੇ ਤਰ੍ਹਾਂ ਬੱਬਰਾਂ ਨੇ ਵੀ ਫਰੰਗੀਆਂ ਨੂੰ ਕੱਢਣ ਲਈ ਲਹਿਰ ਚਲਾਈ ਹੈ। ਉਹ ਇਹ ਵੀ ਜਾਣਦੀ ਸੀ ਕਿ ਕਰਮ ਸਿੰਘ ਕੋਈ ਆਮ ਬੰਦਾ ਨਹੀਂ। ਆਸਾ ਸਿੰਘ ਭੜਕਦੀ ਦੇ ਦੱਸਣ ਅਨੁਸਾਰ ਉਹ ਇਕ ਵੱਡਾ ਯੋਧਾ ਹੈ।

ਉਹ ਚੌਂਕੇ ਵਿਚ ਕੰਮ ਕਰਦੀ-ਕਰਦੀ, ਕਰਮ ਸਿੰਘ ਨੂੰ ਬਿਨਾ ਵੇਖੇ ਹੀ, ਸ਼ਹੀਦ ਹੋ ਗਏ ਗਦਰੀਆਂ ਦਾ ਸਾਥੀ ਸਮਝਣ ਲੱਗ ਪਈ ਸੀ। ਚੌਂਕੇ ਵਿਚੋਂ ਉੱਠ ਕੇ ਜਦ ਉਹ ਅੰਦਰ ਗਈ ਤਾਂ ਕਰਮ ਸਿੰਘ ਝੱਟ ਪੱਟ ਉੱਠ ਕੇ ਖੜ੍ਹਾ ਹੋ ਗਿਆ। ਉਸ ਨੇ ਹੱਥ ਜੋੜ ਕੇ ਸਿਰ ਨਿਵਾ ਕੇ ਬੜੀ ਹਲੀਮੀ ਨਾਲ ਕਿਹਾ-'ਬੀਬੀ, ਤੂੰ ਗਦਰੀਆਂ ਤੇ ਸ਼ਹੀਦਾਂ ਦੀ ਭੈਣ ਐਂ। ਤੇਰੇ ਅੰਦਰ ਮਾਈ ਭਾਗੋ ਦੀ ਆਤਮਾ ਦਾ ਨਿਵਾਸ ਐ। ਮੇਰੇ ਸਿਰ ਉੱਤੇ ਹੱਥ ਰੱਖ। ਮੈਨੂੰ ਵੀ ਦੇਸ ਦੇ ਪੰਥ ਖਾਤਰ ਸ਼ਹੀਦੀ ਪਾਉਣ ਦਾ ਵਰ ਦੇਹ।' ਕਰਮ ਸਿੰਘ ਅਜੇ ਵੀ ਸਿਰ ਨਿਵਾਈ ਖਲੋਤਾ ਸੀ। ਉਸ ਦਾ ਸਿਰ ਉੱਤੇ ਰੱਖਿਆ ਤੌਲੀਆ ਖਿਸਕ-ਖਿਸਕ ਜਾਂਦਾ ਸੀ। ਉਸ ਨੇ ਤੌਲੀਆ ਸੰਭਾਲਿਆ ਪਰ ਸਿਰ ਨਿਵਾਈ ਰੱਖਿਆ।

ਗੁਲਾਬ ਕੌਰ ਪੱਥਰ ਦੀ ਮੂਰਤੀ ਬਣੀ ਉਸ ਦੇ ਸਾਹਮਣੇ ਖਲੋਤੀ ਸੀ। ਉਸ ਦੇ ਅੱਥਰੂ ਉਸ ਦੀਆਂ ਪਲਕਾਂ ਵਿਚ ਹੀ ਰੁਕ ਗਏ ਸਨ। ਚਾਚੀ ਨੇ ਉਸ ਦੇ ਪਿੱਛੇ ਖਲੋ ਕੇ ਉਸ ਨੂੰ ਝੰਜੋੜਦਿਆਂ ਕਿਹਾ-'ਗੁਲਾਬੋ, ਕੁਝ ਬੋਲੇਂਗੀ ਵੀ।'

ਗੁਲਾਬ ਕੌਰ ਨੇ ਬਿਨਾ ਕੁਝ ਬੋਲੇ ਕਰਮ ਸਿੰਘ ਨੂੰ ਆਪਣੀ ਜੱਫੀ ਵਿਚ ਲੈਂਦਿਆਂ ਕਿਹਾ-'ਜੁੱਗ-ਜੁੱਗ ਜੀਓ ਮੇਰੇ ਗਦਰੀ ਵੀਰੋ, ਮੇਰੇ ਬੱਬਰ ਵੀਰੋ ਜੁੱਗ-ਜੁੱਗ ਜੀਓ।'

# 18

ਗੁਲਾਬ ਕੌਰ ਬੱਬਰਾਂ ਨੂੰ ਗਦਰੀ ਕਹਿ ਕੇ ਖ਼ੁਸ਼ ਹੁੰਦੀ। ਉਹ ਉਨ੍ਹਾਂ ਨੂੰ ਨਵੇਂ ਗਦਰੀ ਦੱਸਦੀ। ਬੱਬਰਾਂ ਦੇ ਕਾਰਨਾਮੇ ਸੁਣ ਕੇ ਮਨੋਬਲ ਦੇ ਸਹਾਰੇ ਉਸ ਦੇ ਕਦਮ ਪਹਿਲਾਂ ਵਾਂਗੂੰ ਤੇਜ਼ ਉੱਠਣ ਲੱਗ ਪਏ। ਉਸ ਦੇ ਨਿਰਬਲ ਸਰੀਰ ਵਿਚ ਫੁਰਤੀਲਾਪਣ ਆਉਣ ਕਰਕੇ ਚਾਚੀ ਖ਼ੁਸ਼ ਹੁੰਦੀ ਨਾ ਸਮਾਉਂਦੀ। ਚਾਚੀ ਬੋਲੀ-'ਨੀ ਕੁੜੇ ਗੁਲਾਬੋ, ਤੂੰ ਵੀ ਬੱਬਰਾਂ ਵਿਚ ਜਾ ਰਲ। ਦੌਲਤ-ਪੁਰੀਆ ਕਰਮਾ ਪੁਰਾਣਾ ਗਦਰੀ ਐ। ਗਦਰੀਆਂ ਤੋਂ ਵੀ ਪਹਿਲਾਂ ਗ਼ਦਰ ਕਰਨ ਆਇਆ ਸੀ ਮਿਰਕਣ ਤੋਂ। ਫਰੰਗੀਆਂ ਪਿੰਡ ਵਿਚ ਹੀ ਬੰਨ੍ਹ ਦਿੱਤਾ। ਪੁਰਾਣਾ ਗ਼ਦਰੀ ਐ ਪੁਰਾਣਾ। ਜੇ ਨਹੀਂ ਮੰਨਦੀ ਤਾਂ ਅਮਰੂ ਨੂੰ ਪੁੱਛ ਲੈ। ਜੇ ਮੇਰੇ ਗੋਡੇ ਤੁਰਦੇ ਹੁੰਦੇ ਤਾਂ ਮੈਂ ਵੀ ਕਰਮੇ ਨਾਲ ਤੁਰ ਖਲੋਂਦੀ। ਅਮਰੂ ਨੇ ਕਰਮੇ ਨੂੰ ਰਾਹੇ ਪਾ ਕੇ ਮੁੜ ਔਣੈ। ਤੂੰ ਕੱਲ ਹਕੀਮ ਦੇ ਹੋ ਆ। ਓਥੇ ਇਕ ਨਵਾਂ ਡਾਕਦਾਰ ਆਇਆ ਸੁਣੀਦੈ। ਅਮਰੂ ਤੇਰੇ ਨਾਲ ਜਾਊ। ਮੈਂ ਆਪ ਜਾਂਦੀ ਤੇਰੇ ਨਾਲ, ਜੇ ਮੇਰੇ ਗੋਡੇ ਤੁਰਦੇ ਹੁੰਦੇ।'

ਦੂਜੀ ਸਵੇਰ ਨੂੰ ਜਦ ਅਮਰ ਸਿੰਘ ਤੇ ਗੁਲਾਬ ਕੌਰ ਹੁਸ਼ਿਆਰਪੁਰ ਜਾਣ ਨੂੰ ਤਿਆਰ ਹੋਏ ਤਾਂ ਧੁੱਪ ਵੀ ਚੜ੍ਹੀ ਹੋਈ ਤੇ ਕਿਣ ਮਿਣ ਵੀ ਹੋ ਰਹੀ ਸੀ। ਉਹ ਥੋੜ੍ਹੀ ਦੂਰ ਹੀ ਗਏ ਸਨ ਕਿ ਕਿਣ ਮਿਣ ਬੰਦ ਹੋ ਗਈ ਤੇ ਧੁੱਪ ਕੜਕ ਉੱਠੀ। ਚੁਮਾਸੇ ਦੇ ਜ਼ੋਰ ਨਾਲ ਘੋੜ੍ਹੀ ਘਰਕ ਰਹੀ ਸੀ। ਗੁਲਾਬ ਕੌਰ ਨੇ ਘੋੜੀ ਤੋਂ ਉੱਤਰ ਕੇ ਲਗਾਮ, ਅਮਰ ਸਿੰਘ ਦੇ ਹੱਥ ਫੜਾਂਦਿਆਂ ਪੈਦਲ ਤੁਰਨਾ ਸ਼ੁਰੂ ਕਰ ਦਿੱਤਾ। ਕਦੇ ਉਹ ਘੋੜੀ ਉੱਤੇ ਚੜ੍ਹ ਪੈਂਦੀ ਤੇ ਕਦੇ ਉਤਰ ਖਲੋਂਦੀ। ਅਮਰ ਸਿੰਘ ਸਾਰਾ ਰਾਹ ਤੁਰਦਾ ਜਾ ਰਿਹਾ ਸੀ। ਘੋੜੀ, ਅਮਰ ਸਿੰਘ ਤੇ ਗੁਲਾਬ ਕੌਰ ਤਿੰਨੋਂ ਮੁੜ੍ਹਕੇ ਵਿਚ ਗੜੁੱਚ ਸਨ।

ਜਦ ਉਹ ਹਕੀਮ ਦੀ ਹੱਟੀ ਉੱਤੇ ਪਹੁੰਚੇ ਤਾਂ ਉਸਦਾ ਬੂਹਾ ਭੀੜਿਆ ਹੋਇਆ ਸੀ। ਗੁਲਾਬ ਕੌਰ ਜਦ ਦੀ ਜਿਹਲ ਵਿਚੋਂ ਰਿਹਾ ਹੋ ਕੇ ਆਈ ਸੀ, ਬੀਮਾਰ ਹੁੰਦਿਆਂ ਵੀ, ਕਿਸੇ ਹਕੀਮ ਪਾਸ ਨਹੀਂ ਸੀ ਗਈ। ਉਹ ਤਿੰਨ ਚਾਰ ਪੌੜੀਆਂ ਚੜ੍ਹ ਕੇ ਥੜ੍ਹੇ ਉੱਤੇ ਪਹੁੰਚੀ ਹੀ ਸੀ ਕਿ ਅੰਦਰੋਂ ਹਕੀਮ ਨੇ ਬੂਹਾ ਖੋਲ੍ਹ ਦਿੱਤਾ। ਪਹਿਲੋਂ ਕਦੇ ਨਾ ਵੇਖੇ ਮਰੀਜ਼ ਨੂੰ ਤੱਕ ਕੇ ਉਸ ਨੇ ਅੱਗੇ ਪਿੱਛੇ ਵੇਖਿਆ।

ਉਸ ਨੇ ਅਮਰ ਸਿੰਘ ਨੂੰ ਕਿਹਾ-'ਆਓ। ਸਰਦਾਰ ਜੀ, ਆਓ। ਬੈਠੋ। ਮੈਂ ਰੋਟੀ ਖਾਂਦਾ ਹਟਿਆਂ। ਹੱਥ ਧੋ ਲਵਾਂ।'

ਹਕੀਮ ਦੀ ਦੁਕਾਨ ਦੇ ਪਿੱਛਲੇ ਬਰਾਂਡੇ ਵਿਚੋਂ ਦਵਾਈਆਂ ਕੁੱਟਣ ਦੀ ਆਵਾਜ਼ ਲਗਾਤਾਰ ਆ ਰਹੀ ਸੀ।

ਹਕੀਮ ਨੇ ਆਵਾਜ਼ ਮਾਰੀ-ਛੱਜੂ। ਦਵਾਈ ਫੇਰ ਕੁੱਟ ਲਈਂ। ਜ਼ਰਾ ਅੰਦਰ ਆਵੀਂ। ਛੱਜੂ ਪੋਲੇ-ਪੋਲੇ ਕਦਮ ਰਖਦਾ ਅੰਦਰ ਆਇਆ। ਉਸਦੇ ਸਿਰ ਦੇ ਕੱਟੇ ਹੋਏ ਉੱਘੜੇ ਦੁਗੜੇ ਵਾਲ, ਕਰੜ ਬਰੜੀ ਨਿੱਕੀ-ਨਿੱਕੀ ਦਾੜ੍ਹੀ, ਗੱਲ ਮੈਲੀ ਮਲਮਲ ਦਾ ਕੁੜਤਾ। ਲੱਕ ਪਜਾਮਾ, ਕੁੜਤੇ ਨਾਲੋਂ ਵੀ ਮੈਲਾ, ਪੈਰੋਂ ਨੰਗਾ।

ਅੰਦਰ ਆਉਂਦਿਆਂ ਹੀ ਉਸਦੀਆਂ ਨਜ਼ਰਾਂ, ਗੁਲਾਬ ਕੌਰ ਦੇ ਚਿਹਰੇ ਉੱਤੇ ਜਾ ਲੱਗੀਆਂ। ਗੁਲਾਬ ਕੌਰ ਨੂੰ ਪਛਾਣਨ ਵਿਚ ਉਸ ਨੂੰ ਬਹੁਤਾ ਚਿਰ ਨਾ ਲੱਗਾ। ਜਦ ਉਸ ਨੇ ਹਕੀਮ ਨੂੰ ਆਪਣਾ ਨਾਂ, ਗੁਲਾਬ ਕੌਰ ਦੱਸਿਆ ਤਾਂ ਛੱਜੂ ਰਾਮ ਦਾ ਮਾੜਾ ਮੋਟਾ ਸ਼ੰਕਾ ਵੀ ਜਾਂਦਾ ਰਿਹਾ। ਉਸਦਾ ਮਨ ਕੀਤਾ ਕਿ ਗੜਗੜਾ ਕੇ ਰੋਵੇ ਪਰ ਉਹ ਰੋ ਨਾ ਸਕਿਆ।

ਛੱਜੂ ਨੂੰ ਟਿਕੀਟਿਕੀ ਲਾ ਕੇ ਗੁਲਾਬ ਕੌਰ ਦੇ ਚਿਹਰੇ ਵੱਲ ਤਕਦਿਆਂ ਤਾੜ ਕੇ ਹਕੀਮ ਨੇ ਪੁੱੱਛਿਆ-'ਛੱਜੂ। ਸੁੱਤੈਂ ਕਿ ਜਾਗਦਾ। ਅਜੇ ਤਾਂ ਦੁਪਹਿਰ ਐ।' ਛੱਜੂ ਦਾ ਤ੍ਰਾਹ ਨਿਕਲ ਗਿਆ। ਉਸਨੇ ਤਾਵਲ ਵਿਚ ਕਿਹਾ-''ਦਸੋ ਜੀ। ਕੀ ਹੁਕਮ ਐ।''

'ਜਾਹ ਦੋ ਗਲਾਸ ਸ਼ਰਬਤ ਲਿਆ।'

ਅਮਰ ਸਿੰਘ ਨੇ ਵਿਚੋਂ ਹੀ ਗੱਲ ਫੜ ਕੇ ਕਿਹਾ-'ਤਕਲੀਫ਼ ਨਾ ਕਰੋ। ਅਸੀਂ ਸ਼ਰਬਤ ਨਹੀਂ ਪੀਣਾ। ਰੋਟੀ ਖਾ ਕੇ ਤੁਰੇ ਸਾਂ।'

ਜਦ ਹਕੀਮ ਨੇ ਮੁੜ ਕੇ ਛੱਜੂ ਵੱਲ ਤੱਕਿਆ ਤਾਂ ਉਹ ਅਜੇ ਵੀ ਗੁਲਾਬ ਕੌਰ ਦੇ ਚਿਹਰੇ ਵੱਲ ਤਕ ਰਿਹਾ ਸੀ। ਹਕੀਮ ਨੇ ਸਿਰ ਫੇਰ ਕੇ ਮਨ ਹੀ ਮਨ ਵਿਚ ਕਿਹਾ-'ਕਿਸੇ-ਕਿਸੇ ਵੇਲੇ ਛੱਜੂ ਅਜਿਹੀਆਂ ਹਰਕਤਾਂ ਕਰਦੈ, ਜਿਸਦੀ ਮੈਨੂੰ ਉਕੀ ਸਮਝ ਨਹੀਂ ਪੈਂਦੀ। ਮਰੀਜ਼ ਨੂੰ ਜਾ ਲੈਣ ਦਿਓ, ਫੇਰ ਉਹਨੂੰ ਤਾੜ ਕੇ ਪੁਛਾਂਗਾ ਕਿ ਤੀਵੀਂ ਮਰੀਜ਼ ਵੱਲ ਕਿਉਂ ਬਿਟਰ-ਬਿਟਰ ਵੇਖਦਾ ਸੀ।

ਹਕੀਮ ਨੇ ਛੱਜੂ ਨੂੰ ਮੋੜ ਦਿੱਤਾ। ਉਹ ਬਰਾਂਡੇ ਵਿਚ ਬਹਿ ਕੇ ਦਵਾਈ ਕੁੱਟਣ ਲੱਗ ਪਿਆ ਪਰ ਝੱਟ ਹੀ ਪਿੱਛੋਂ ਦਵਾਈ ਕੁੱਟਣ ਦੀ ਅਵਾਜ਼ ਬੰਦ ਹੋ ਗਈ।

ਹਕੀਮ ਦੁਨੀ ਚੰਦ ਦਾ ਨਾਂ ਹੁਸ਼ਿਆਰਪੁਰ ਦੇ ਆਲੇ ਦੁਆਲੇ ਵਿਚ ਮਸ਼ਹੂਰ ਸੀ। ਉਸ ਦੀ ਸਾਫ਼ ਸੁਥਰੀ ਹਜਾਮਤ ਤੇ ਚਾਰ ਪੰਜ ਇੰਚ ਬੋਦੀ ਉਸ ਦੇ ਸਿਰ ਪਿੱਛੇ ਲਮਕਦੀ ਹੁੰਦੀ। ਉਹ ਧੁੱਪ ਵਾਲੀਆਂ ਕਾਲੀਆਂ ਐਨਕਾਂ ਲਾਈ ਰਖਦਾ। ਲੋਕ ਸਮਝਦੇ ਕਿ ਉਸਦੀ ਇਕ ਅੱਖ ਵਿਚ ਫੋਲਾ ਹੋਣਾ ਹੈ ਜਾਂ ਕਾਣੀ ਹੋਣੀ ਹੈ। ਇਸ ਲਈ ਕਾਲੀਆਂ ਐਨਕਾਂ ਲੋਕਾਂ ਸਾਹਮਣੇ ਨਹੀਂ ਲਾਹੁੰਦਾ। ਉਹ ਹਮੇਸ਼ਾ ਲੱਠੇ ਦਾ ਸਾਫ ਸੁਥਰਾ ਪਜਾਮਾ ਪਾਉਂਦਾ।

ਲੋਕੀਂ ਉਸ ਨੂੰ ਪਹਾੜੀ ਜੜ੍ਹੀਆਂ ਬੂਟੀਆਂ ਦਾ ਮਾਹਰ ਸਮਝਦੇ। ਉਹ ਆਪਣਾ ਪਿੰਡ ਕਾਂਗੜੇ ਵਿਚ ਦਸਦਾ। ਕਾਂਗੜੀ-ਪਹਾੜੀ ਤੇ ਪੰਜਾਬੀ ਦੋਵੇਂ ਬੋਲੀਆਂ ਬੋਲ ਲੈਂਦਾ। ਜੇ ਕੋਈ ਕਾਲੀਆਂ ਐਨਕਾਂ ਲਾਈ ਰੱਖਣ ਦੀ ਗੱਲ ਤੋਰਦਾ ਤਾਂ ਕਹਿ ਦੇਂਦਾ ਕਿ ਇਕ ਦਵਾਈ ਕੁਟਦਿਆਂ ਉਸ ਦੀਆਂ ਅੱਖਾਂ ਵਿਚ ਜਾ ਪਈ ਸੀ। ਇਸ ਲਈ ਉਹ ਐਨਕਾਂ ਲਾਈ ਰਖਦਾ ਹੈ। ਜੇ ਕੋਈ ਕਾਲੀਆਂ ਐਨਕਾਂ ਲਾਉਣ ਦਾ ਕਾਰਨ ਪੁੱਛਦਾ ਤਾਂ ਕਈ ਵਾਰੀ ਅੱਗੋਂ ਟਾਲ ਮਟੋਲ ਕਰ ਦੇਂਦਾ। ਲੋਕੀਂ ਸਮਝਦੇ ਕਿ ਇਕ ਅੱਖ ਕਾਣੀ ਜ਼ਰੂਰ ਹੋਣੀ ਹੈ।

ਦੁਨੀ ਚੰਦ ਨੇ ਗੁਲਾਬ ਕੌਰ ਦੀ ਨਬਜ਼ ਵੇਖੀ। ਜੀਭ ਦਾ ਰੰਗ ਵੇਖਿਆ। ਤਕਲੀਫ਼ ਪੁੱਛੀ। ਗੁਲਾਬ ਕੌਰ ਨੇ ਦੱਸਿਆ-''ਭੁੱਖ ਨਹੀਂ ਲੱਗਦੀ। ਸਿਰ ਘੁੰਮਦਾ ਰਹਿੰਦੈ। ਦਿਨੋ ਦਿਨ ਸਰੀਰ ਘਟਦਾ ਜਾ ਰਿਹੈ। ਕਮਜ਼ੋਰੀ ਬਹੁਤ ਐ। ਪਿੰਜਣੀਆਂ ਵਿਚ ਦਰਦ ਹੁੰਦੀ ਐ। ਨੀਂਦ ਨਹੀਂ ਔਂਦੀ।'

ਦੁਨੀ ਚੰਦ ਨੇ ਅੰਤਲੀ ਗੱਲ ਸੁਣ ਕੇ ਕਿਹਾ-'ਬੀਬੀ ਭੈਣਾਂ ਨੀਂਦ ਤਾਂ ਚਿੰਤਾ ਕਰਕੇ ਨਹੀਂ ਔਂਦੀ। ਚਿੰਤਾ ਛੱਡੋ ਜੇ ਕੋਈ ਹੈ ਤਾਂ। ਗਰਮ ਦੁੱਧ ਪੀਆ ਕਰੋ ਪੈਣ ਲੱਗਿਆਂ।' ਹਕੀਮ ਨੇ ਆਪਣੀ ਗੱਲ ਪੂਰੀ ਨਹੀਂ ਸੀ ਕੀਤੀ ਕਿ ਛੱਜੂ ਨੇ ਵਾਜ ਮਾਰੀ-'ਹਕੀਮ ਜੀ। ਜ਼ਰਾ ਬਾਹਰ ਆਓ।'

'ਆਉਨਾ। ਕੀ ਗੱਲ ਐ ? ਜ਼ਰਾ...।' ਛੱਜੂ ਵਿਚੋਂ ਹੀ ਫਿਰ ਬੋਲ ਪਿਆ-'ਮੇਰਾ ਅੰਗੂਠਾ ਹਮਾਮ ਦਸਤੇ ਵਿਚ ਚਿੱਥਿਆ ਗਿਐ।'

ਹਕੀਮ ਤਖਤਪੋਸ਼ ਉੱਤੇ ਲੱਗੀ ਗੱਦੀ ਤੋਂ ਉੱਤਰ ਕੇ ਪਿੱਛਲੇ ਪਾਸੇ ਹੋ ਤੁਰਿਆ-'ਸਰਦਾਰ ਜੀ ਮੈਂ ਆਉਨਾ।' ਕਹਿ ਕੇ ਉਹ ਬਾਹਰ ਨਿਕਲ ਗਿਆ।

ਅਮਰ ਸਿੰਘ ਨੇ ਕਿਹਾ-'ਬੀਬੀ। ਏਸ ਹਕੀਮ ਨੂੰ ਪਹਿਲੋਂ ਕਿਧਰੇ ਵੇਖਿਐ, ਯਾਦ ਨਹੀਂ ਔਂਦਾ।'

ਬੀਬੀ ਬੋਲੀ-'ਅਵਾਜ਼ ਵੀ ਜਾਣੀ ਪਛਾਣੀ ਐ।' ਹਕੀਮ ਮੁੜ ਆਇਆ। ਅੰਦਰ ਵੜਨ ਲੱਗੇ ਨੂੰ ਠੁੱਡਾ ਲਗਾ। ਮਸਾਂ ਡਿੱਗਦਾ-ਡਿੱਗਦਾ ਬਚਿਆ। ਉਸਦੀ ਐਨਕ ਡਿਗ ਪਈ। ਉਸਨੇ ਚੁੱਕ ਕੇ ਝੱਟ ਲਾ ਲਈ। ਗੱਦੀ ਉੱਤੇ ਬੈਠਦਿਆਂ ਹੀ ਉਸਨੇ ਲੰਮੇ-ਲੰਮੇ ਸਾਹ ਭਰਦਿਆਂ ਕਿਹਾ-'ਮੈਂ ਦਵਾਈ ਦੇਣਾਂ। ਪੇਟ ਠੀਕ ਹੋਵੇ ਤਾਂ ਸਿਰ ਵੀ ਠੀਕ ਹੋਂਦੈ। ਦਸ ਦਿਨ ਦਵਾਈ ਖਾਓ। ਪਹਿਲੀ ਪੁੜੀ ਤੜਕੇ ਬਹੇ ਪਾਣੀ ਨਾਲ ਖਾਣੀ ਤੇ ਇਕ ਪੁੜੀ ਰਾਤ ਨੂੰ ਗਰਮ ਦੁੱਧ ਨਾਲ ਖਾਣੀ। ਸਾਰੀਆਂ ਵੀਹ ਪੂੜੀਆਂ ਨੇ ਯਾਰ੍ਹਵੇਂ ਦਿਨ ਫਿਰ ਆਇਓ। ਰੱਬ ਭਲੀ ਕਰੇਗਾ।'

ਅਮਰ ਸਿੰਘ ਨੇ ਪੁੜੀਆਂ ਫੜਦਿਆਂ ਦਵਾਈ ਦੀ ਕੀਮਤ ਪੁੱਛੀ। ਦੁਨੀ ਚੰਦ ਨੇ ਉੱਤਰ ਦਿੱਤਾ-'ਜੀ। ਜੇ ਮਰੀਜ਼ ਰਾਜ਼ੀ ਹੋ ਜਾਏ ਤਾਂ ਹੀ ਮੈਂ ਦਵਾਈ ਦਾ ਮੁਲ ਲੈਂਦਾਂ। ਪਹਿਲੋਂ ਕਦੇ ਨਹੀਂ ਲੈਂਦਾ। ਰੱਬ ਰੋਟੀ ਦੇਂਦੈ।' ਉਸ ਨੇ ਗੁਲਾਬ ਕੌਰ ਨੂੰ ਸੰਬੋਧਨ ਕਰਕੇ ਕਿਹਾ-'ਤੇਲ ਨਹੀਂ ਖਾਣਾ। ਤਲੀ ਹੋਈ ਕੋਈ ਚੀਜ਼ ਨਹੀਂ ਖਾਣੀ। ਲਾਲ ਮਿਰਚਾਂ ਤੋਂ ਪਰਹੇਜ਼ ਰੱਖਣਾ। ਤੜਕੇ-ਤੜਕੇ ਠੰਡੇ ਪਾਣੀ ਨਾਲ ਨਹਾਉਣਾ ਤੇ ਤੁਰਨਾ ਫਿਰਨਾ ਜ਼ਰੂਰੀ ਹੈ। ਅੱਗੋਂ ਰੱਬ ਭਲੀ ਕਰੇਗਾ।' ਉਸ ਨੇ ਜ਼ਰਾ ਰੁਕ ਕੇ ਦੱਸਿਆ-'ਜੇ ਲੋੜ ਪਵੇ ਤਾਂ ਮੈਂ ਮਰੀਜ਼ਾਂ ਨੂੰ ਪਿੰਡ ਜਾ ਕੇ ਵੀ ਵੇਖ ਔਨਾ।'

# 19

'ਬੀਬੀ। ਕਰਮੇ ਨੇ ਤੈਨੂੰ ਪਹਿਲੀ ਤੱਕਣੀ ਨਾਲ ਹੀ ਪਛਾਣ ਲਿਆ ਸੀ। ਉਹਨੇ ਸੱਟ ਲੱਗਣ ਦਾ ਬਹਾਨਾ ਕਰਕੇ ਮੈਨੂੰ ਬਾਹਰ ਸਦਿਆ ਸੀ।'

ਅਮਰ ਸਿੰਘ ਬੋਲ ਪਿਆ-'ਮੈਂ ਤਾਂ ਬੀਬੀ ਨੂੰ ਓਸੇ ਵੇਲੇ ਕਹਿ ਦਿੱਤਾ ਸੀ ਕਿ ਹਕੀਮ ਨੂੰ ਮੈਂ ਪਹਿਲੇ ਵੀ ਕਿਧਰੇ ਵੇਖਿਐ। ਬੀਬੀ ਕਹਿਣ ਲੱਗੀ ਕਿ ਅਵਾਜ਼ ਵੀ ਜਾਣੀ ਪਛਾਣੀ ਐ ਪਰ ਅਸਾਂ ਅੱਗੋਂ ਕੋਈ ਗੱਲ ਨਾ ਗੌਲੀ।'

'ਬੀਬੀ ਕਰਮੇ ਨੇ ਮੈਨੂੰ ਓਸੇ ਵੇਲੇ ਭਜਾਇਆ। ਮੈਂ ਤੁਹਾਡੀ ਪੈੜ ਦੱਬੀ ਆਇਆਂ। ਕਰਮਾ ਵੀ ਆਉਂਦਾ ਸੀ। ਪਰ ਮੈਂ ਉਹਨੂੰ ਹੋੜ ਦਿੱਤਾ।'

'ਵੇ ਤੁਸੀਂ ਦੋਵੇਂ ਕਿੱਥੇ ਮਰ ਗਏ ਸੀ ? ਤੁਹਾਡੀ ਉੱਘ ਸੁੱਘ ਹੀ ਕਿਧਰੇ ਨਾ ਨਿਕਲੀ।'

'ਬੀਬੀ ! ਕੁਝ ਨਾ ਪੁੱਛ। ਦੁੱਖਾਂ ਦੇ ਮਾਰੇ ਭਟਕਦੇ-ਭਟਕਦੇ ਜੰਗਲਾਂ ਵਿਚ ਜਾ ਲੁਕੇ। ਜੰਗਲ ਵੀ ਠਾਹਰ ਨਾ ਦੇਣ। ਭੁੱਖੇ ਭਾਣੇ ਕਿਸੇ ਪਿੰਡ ਜਾ ਵੜੀਏ ਤਾਂ ਕੁੱਤੇ ਭੌਂਕਣ। ਮੁਖਬਰਾਂ ਤੇ ਲੰਬੜਦਾਰਾਂ ਤੋਂ ਬਚਦੇ ਬਚਾਂਦੇ ਕਾਂਗੜੇ ਜਾ ਪਹੁੰਚੇ। ਨਿਕੇ ਜਿਹੇ ਪਿੰਡ ਵਿਚ ਇਕ ਬੁੱਢੇ ਆਜੜੀ ਦੀਆਂ ਭੇਡਾਂ ਬੱਕਰੀਆਂ ਚਾਰਦੈ ਰਹੇ। ਫੇਰ ਮੈਂ ਇਕ ਪਹਾੜੀ ਹਕੀਮ ਦੀਆਂ ਦਵਾਈਆਂ ਕੁੱਟਣ ਲੱਗ ਪਿਆ। ਕਰਮਾ ਭੇਡਾਂ ਚਾਰਦਾ ਰਿਹਾ। ਅਸੀਂ ਰੋਜ਼ ਮਿਲ ਪਿਆ ਕਰੀਏ। ਕੱਠੇ ਹੋ ਕੇ ਦੁੱਖਾਂ ਦੀਆਂ ਘੜੀਆਂ ਯਾਦ ਕਰਦੇ ਰਹੀਏ। ਮੈਂ ਹਕੀਮ ਤੋਂ ਦਵਾਈਆਂ ਸਿਖਦਾ ਰਿਹਾ। ਤਿੰਨ ਸਾਲ ਉਹਦੇ ਕੋਲ ਰਿਹਾ। ਮੈਨੂੰ ਵੀ ਲੋਕੀਂ ਹਕੀਮ ਕਹਿਣ ਲੱਗ ਪਏ। ਉਹ ਕੁਝ ਦਿਨ ਬੀਮਾਰ ਹੋ ਕੇ ਮਰ ਗਿਆ। ਉਹਦਾ ਨਾਂ ਦੁਨੀ ਚੰਦ ਸੀ। ਮੈਂ ਆਪਣਾ ਨਾਂ ਦੁਨੀ ਚੰਦ ਰੱਖ ਲਿਆ ਤੇ ਹੁਸ਼ਿਆਰਪੁਰ ਆ ਕੇ ਹਕੀਮ ਬਣ ਗਿਆ।'

'ਵੇ ਤੂੰ ਮੈਨੂੰ ਦਵਾਈ ਕੀ ਦਿੱਤੀ ਐ ਖਾਣ ਨੂੰ ?'

'ਬੀਬੀ। ਤ੍ਰਿਫ਼ਲੈ, ਕੋਈ ਹਰਜ ਨਹੀਂ। ਤੂੰ ਖਾ ਕੇ ਵੇਖ। ਕੱਲ ਸਵੇਰੇ ਸ਼ੁਰੂ ਕਰੀਂ।'

'ਵੇ ਧਰਮਿਆਂ ਮੇਰਾ ਮਨ ਤਾਂ ਕਰਮੇ ਨੂੰ ਮਿਲਣ ਲਈ ਤੜਪ ਉਠਿਐ।'

'ਕੁਝ ਨਾ ਪੁੱਛ। ਉਹ ਤਾਂ ਛਾਲਾਂ ਮਾਰਦਾ ਨਾ ਹਟੇ। ਕਹੇ ਮੈਂ ਪਹਿਲੋਂ ਜਾਣੈ। ਤੂੰ ਮਗਰੋਂ ਜਾਈਂ। ਮੈਂ ਹੀ ਤਾਂ ਪਛਾਣਿਐਂ ਬੀਬੀ ਨੂੰ।'

'ਧਰਮਿਆ। ਤੂੰ ਇਹ ਦਸ। ਮਿਸਰੀ ਵਾਲੇ ਦੇ ਪੁਲਸ ਮੁਕਾਬਲੇ ਵੇਲੇ ਤੁਸੀਂ ਦੋਵੇਂ ਕਿਥੇ ਸੀ ?'

'ਅਮਰ ਸਿੰਹਾਂ ਕੀ ਪੁਛਦੈਂ। ਅਸੀਂ ਪਰੋਜ਼ਪੁਰ ਈ ਸੀ। ਕੁਝ ਗਦਰੀ ਗੱਡੀ ਚੜ੍ਹ ਗਏ। ਕੁਝ ਟਮਟਮਾਂ ਲੈ ਕੇ ਤੁਰ ਪਏ। ਅਸੀਂ ਰਹਿ ਗਏ ਪਿੱਛੇ। ਜਦ ਪਤਾ ਲੱਗਿਆ ਕਿ ਕੁਝ ਮਾਰੇ ਗਏ ਐ ਤੇ ਕੁਝ ਗਦਰੀ ਫੜੇ ਗਏ ਐ ਤਾਂ ਅਸੀਂ ਦੋਵੇਂ ਲੁਕਦੇ ਲਕੌਂਦੇ ਡੂੜ੍ਹ ਮਹੀਨੇ ਪਿੱਛੋਂ ਕਾਂਗੜੇ ਜਾ ਵੜੇ। ਸਾਨੂੰ ਪਤਾ ਲੱਗ ਗਿਆ ਕਿ ਗਦਰ ਰਹਿ ਗਿਐ। ਅਸੀਂ ਮੁੜ ਪਿੱਛੇ ਨਹੀਂ ਵੇਖਿਆ; ਯਰਕ ਕੇ ਦਿਨ ਕਟੀ ਕਰਦੇ ਰਹੇ।'

ਗੁਲਾਬ ਕੌਰ ਨੀਵੀਂ ਪਾ ਕੇ ਗੰਭੀਰ ਏਨੀ ਸੀ ਕਿ ਉਸਦੀ ਗੰਭੀਰਤਾ ਤੋੜਨ ਲਈ ਅਮਰ ਸਿੰਘ ਨੇ ਕਿਹਾ-'ਬੀਬੀ। ਦਿਹੁੰ ਡੁੱਬ ਗਿਐ। ਚਾਚੀ ਅਜੇ ਆਪਣੀ ਗਸ਼ਤ ਤੋਂ ਨਹੀਂ ਮੁੜੀ। ਰੋਟੀ ਦਾ ਆਹਰ ਪਾਹਰ ਕਰ।'

ਅਮਰ ਸਿੰਘ ਦੀ ਗੱਲ ਅਣਸੁਣੀ ਕਰਕੇ ਗੁਲਾਬ ਕੌਰ ਨੇ ਪੁੱਛਿਆ-'ਧਰਮਿਆ। ਤੂੰ ਧੁੱਪ ਵਾਲੀਆਂ ਐਨਕਾਂ ਅੰਦਰ ਬੈਠਿਆਂ ਵੀ ਲਾਈ ਰਖਦੈਂ।'

ਧਰਮ ਸਿੰਘ ਨੇ ਐਨਕਾਂ ਲਾਹੁੰਦਿਆਂ ਦੱਸਿਆ-'ਬੀਬੀ ਬੇਪਛਾਣ ਹੋਣ ਲਈ ਸਭ ਕੁਝ ਕਰਦਾਂ।' ਉਸ ਨੇ ਬੋਦੀ ਸੱਜੇ ਹੱਥ ਨਾਲ ਫੜਕੇ ਖੜ੍ਹੀ ਕਰਦਿਆਂ ਹੱਸ ਕੇ ਆਖਿਆ-'ਵੇਖਾਂ ਮੇਰੀ ਬੋਦੀ।' ਅਮਰ ਸਿੰਘ ਵੀ ਹੱਸ ਪਿਆ। ਗੁਲਾਬ ਕੌਰ ਦੇ ਚਿਹਰੇ ਉੱਤੇ ਨਿੱਕੀ ਜਿਹੀ ਮੁਸਕਾਨ ਆਈ।

ਧਰਮ ਸਿੰਘ ਫਿਰ ਬੋਲ ਪਿਆ-'ਅਮਰ ਸਿਹਾਂ। ਅਸਲੀ ਗੱਲ ਇਹ ਐ। ਦੁਨੀ ਚੰਦ ਮਰ ਗਿਆ ਤਾਂ ਮੈਂ ਬੰਬ ਪਟਾਕੇ ਬਣਾਉਣ ਲੱਗ ਪਿਆ। ਸੋਚਿਆ ਕਦੇ ਨਾ ਕਦੇ ਗਦਰ ਹੋਊ ਹੀ। ਚੰਗੇ ਪਟਾਕੇ ਬਣਾ ਲਏ। ਚਲਾ ਕੇ ਵੀ ਵੇਖੇ। ਇਕ ਰਾਤੀਂ ਪਟਾਕੇ

ਦੀ ਦਵਾਈ ਉੱਡ ਕੇ ਮੇਰੀਆਂ ਅੱਖਾਂ ਵਿਚ ਪੈ ਗਈ। ਮੈਂ ਸਮਝਿਆ ਅੰਨ੍ਹਾ ਹੋ ਗਿਆ। ਅੱਖਾਂ ਨਾ ਖੁਲ੍ਹਣ। ਦਰਦ ਹੋਵੇ। ਮਹੀਨੇ ਪਿੱਛੋਂ ਰਾਜ਼ੀ ਹੋ ਗਿਆ ਪਰ ਅਜੇ ਵੀ ਨਜ਼ਰ ਪੂਰੀ ਕੈਮ ਨਹੀਂ ਹੋਈ।'

ਗੁਲਾਬ ਕੌਰ ਚੁੱਪ ਬੈਠੀ ਧਰਮ ਸਿੰਘ ਦੀਆਂ ਗੱਲਾਂ ਸੁਣ ਰਹੀ ਸੀ। ਉਸ ਨੇ ਪੁੱਛਿਆ-'ਤੂੰ ਅਜੇ ਵੀ ਪਟਾਕੇ ਬਣਾ ਸਕਦੈਂ ?'

'ਕਿਉਂ ਨਹੀਂ ?'

'ਬਣਾ ਕੇ ਵਿਖਾ।'

'ਬਣਾ ਦਊਂ ਪਰ ਕਰਨੇ ਕੀ ਐ ?'

'ਧਰਮਿਆ ਜਾਗ਼ ਪਓ ਸੁੱਤਾ ਨਾ ਰਹਿ। ਦੂਜਾ ਗ਼ਦਰ ਸ਼ੁਰੂ ਹੋ ਗਿਐ। ਬੱਬਰ ਉੱਠ ਬੈਠੇ ਐ। ਕਰਮਾ ਦੌਲਤ ਪੁਰੀਆ, ਆਸਾ ਭਕੜਦੀ, ਕਰਮਾ ਝੰਗੜ ਤੇ ਹੋਰ ਕਈ ਗ਼ਦਰੀ ਮਿਰਕਣ ਤੋਂ ਆਏ ਸੀ। ਸ਼ਹਿ ਲਾ ਕੇ ਬੈਠ ਰਹੇ ਐ। ਹੁਣ ਵੇਲਾ ਵੇਖ ਉੱਠ ਖਲੋਤੇ ਐ।'

'ਹਲਾ ਬੀਬੀ ਬੱਬਰ ਗਦਰੀਆਂ ਦੇ ਬੰਦੇ ਐ।'

'ਤੇ ਹੋਰ ਕੀ।' ਜ਼ਰਾ ਕੁ ਚੁੱਪ ਰਹਿਕੇ ਗੁਲਾਬ ਕੌਰ ਨੇ ਪੁੱਛਿਆ-'ਧਰਮਿਆ। ਤੂੰ ਸਰਾਭੇ ਵਾਲੇ ਕਰਤਾਰ ਸਿੰਘ ਨੂੰ ਕਦੇ ਮਿਲਿਆਂ ਸੀ ?'

'ਨਹੀਂ ਬੀਬੀ। ਬੜਾ ਬਹਾਦਰ ਨਿਕਲਿਐ। ਫਾਹੇ ਲੱਗ ਗਿਐ ਪਰ ਫਰੰਗੀਆਂ ਦੀ ਈਨ ਨਹੀਂ ਮੰਨੀ।'

'ਤੂੰ ਓਦੇ ਨਾਲ ਦੇ ਪਾੜ੍ਹਿਆਂ ਸੱਜਣ ਤੇ ਸੁੱਚੇ ਨੂੰ ਕਦੇ ਵੇਖਿਆ ਸੀ ?'

'ਨਹੀਂ, ਨਹੀਂ ਵੇਖਿਆ।'

'ਮਸਾਂ ਮਸ ਫੁਟਦੀ ਸੀ ਉਹਨਾਂ ਦੀ। ਸੱਜਣ ਜਿਹਲਾਂ ਵਿਚ ਡਕ ਦਿੱਤਾ ਐ ਉਮਰਾਂ ਲਈ ਤੇ ਸੁੱਚਾ ਸਰਕਾਰੀ ਗਵਾਹ ਬਣ ਗਿਐ। ਤੂੰ ਦਸ ਪਟਾਕੇ ਬਣਾਉਣੇ ਸਿਖਾਏਂਗਾ ਨੌਜਵਾਨਾਂ ਨੂੰ।'

'ਜੇ ਕੋਈ ਇਤਬਾਰੀ ਹੋਊ ਤਾਂ ਦੱਸੀਂ। ਕੱਚਾ ਕਚਾਲੂ ਨਾ ਨਿਕਲੇ।'

ਗੁਲਾਬ ਕੌਰ ਨੇ ਅਮਰ ਸਿੰਘ ਦੇ ਨੇੜੇ ਢੁੱਕਦਿਆਂ ਪੁੱਛਿਆ-'ਜੇ ਧਾਮੀਆਂ ਵਾਲੇ ਦਲੀਪੇ ਨੂੰ ਧਰਮੇ ਕੋਲ ਪਟਾਕੇ ਸਿਖਣ ਲਈ ਭੇਜੀਏ ਤਾਂ।'

'ਤੇਰੀ ਗੱਲ ਠੀਕ ਐ। ਦਲੀਪੇ ਦੀ ਅਜੇ ਮਸ ਫੁਟਦੀ ਐ। ਪਰ ਉਸਦੇ ਅੰਦਰ ਕੁਝ ਕਰਕੇ ਮਰਨ ਦੇ ਭਾਂਬੜ ਬਲਦੇ ਐ।'

ਵਿਹੜੇ ਵਾਲਾ ਬੂਹਾ ਖੁਲ੍ਹਾ। ਚਾਚੀ ਸੂੰ-ਸੂੰ ਕਰਦੀ ਆ ਪਹੁੰਚੀ-'ਅਜੇ ਤਕ ਚੁੱਲ੍ਹੇ ਅੱਗ ਨਹੀਂ ਬਾਲੀ ਕੁੜੇ।'

ਗੁਲਾਬ ਕੌਰ ਉੱਠ ਕੇ ਰਸੋਈ ਵੱਲ ਤੁਰ ਪਈ। ਚਾਚੀ ਨੇ ਨਵੇਂ ਆਏ ਧਰਮੇ ਵੱਲ ਘੂਰ ਕੇ ਵੇਖਿਆ। ਧਰਮ ਸਿੰਘ ਨੇ ਕਿਹਾ-'ਚਾਚੀ ਮੱਥਾ ਟੇਕਦਾਂ।' ਚਾਚੀ ਵੀ ਰਸੋਈ ਵਿਚ ਜਾ ਪਹੁੰਚੀ। ਗੁਲਾਬ ਕੌਰ ਨੇ ਦੱਸਿਆ-'ਚਾਚੀ, ਦੁਨੀ ਚੰਦ ਬੜਾ ਚੰਗਾ ਹਕੀਮ ਐ।'

'ਹੋਊ ਫੇਰ। ਜੇ ਹਕੀਮ ਨਹੀਂ ਤਾਂ ਗਦਰੀ ਹੋਊ। ਬੱਬਰ ਤਾਂ ਹੈ ਨਹੀਂ ਇਹ। ਰਾਤ ਰਹੂ ?'

'ਨ੍ਹੇਰਾ ਹੋ ਗਿਐ।'

'ਸਮਝ ਗਈ। ਮੈਂ ਤਾਂ ਪ੍ਰਾਹੁਣਿਆਂ ਤੋਂ ਅੱਕ ਥੱਕ ਗਈ ਆਂ।'

ਅਮਰ ਸਿੰਘ ਨੇ ਰਸੋਈ ਪਾਸ ਆ ਕੇ ਕਿਹਾ-'ਚਾਚੀ। ਤੂੰ ਪ੍ਰਾਹੁਣਿਆਂ ਤੋਂ ਅੱਕੀ ਖਲੋਤੀ ਐਂ। ਅਸੀਂ ਚੱਲੇ ਧਾਮੀਆਂ ਨੂੰ। ਹਕੀਮ ਜੀ ਨੇ ਇਕ ਬੀਮਾਰ ਨੂੰ ਵੇਖਣ ਜਾਣੈ।' ਉਹ ਬਾਹਰ ਨੂੰ ਨਿਕਲ ਤੁਰੇ। ਚਾਚੀ ਹੈਰਾਨ ਹੋਈ ਵੇਖਦੀ ਰਹੀ।

## 20

ਗੁਲਾਬ ਕੌਰ ਕਾਫੀ ਸਮੇਂ ਤੋਂ ਢਿੱਲੀ ਮੱਠੀ ਸੀ। ਉਸ ਦਾ ਸਰੀਰ ਖੁਰਦਾ ਜਾ ਰਿਹਾ ਸੀ। ਨਿਰਬਲ ਜਿਹੀ ਹੋਈ ਘਰ ਦੇ ਸਾਰੇ ਕੰਮ ਕਰਦੀ ਰਹਿੰਦੀ। ਚਾਚੀ ਉਸ ਨੂੰ ਰਸੋਈ ਵਿਚ ਆਉਣ ਤੋਂ ਹੋੜਦੀ ਪਰ ਉਹ ਚਾਚੀ ਦੇ ਸਾਹਮਣੇ ਪੀੜ੍ਹੀ ਡਾਹ ਕੇ ਬਹਿ ਜਾਂਦੀ। ਰਸੋਈ ਵਿਚ ਉਠਦੇ, ਧੂੰਏਂ ਦੇ ਕਾਰਨ ਅੱਖਾਂ ਮਲਦੀ ਰਹਿੰਦੀ। ਉਸ ਨੂੰ ਪਤਾ ਸੀ ਕਿ ਉਸ ਦੀਆਂ ਅੱਖਾਂ ਦੀ ਜੋਤ ਘਟ ਰਹੀ ਸੀ ਪਰ ਫਿਰ ਵੀ ਉਹ ਰਸੋਈ ਦਾ ਕੰਮ ਚਾਚੀ ਉੱਤੇ ਨਹੀਂ ਸੀ ਛੱਡਣਾ ਚਾਹੁੰਦੀ।

ਅਮਰ ਸਿੰਘ ਕਈ ਦਿਨਾਂ ਤੋਂ ਘਰ ਨਹੀਂ ਸੀ ਮੁੜਿਆ। ਨਾ ਹੀ ਕੋਈ ਸੁਨੇਹਾ ਪਤਾ ਧਰਮ ਸਿੰਘ ਤੇ ਕਰਮ ਸਿੰਘ ਵੱਲੋਂ ਆਇਆ ਸੀ। ਬੱਬਰਾਂ ਦੇ ਕਾਰਨਾਮੇ ਸੁਣਨ ਲਈ ਉਹ ਕਾਹਲੀ ਪਈ ਰਹਿੰਦੀ। ਚਾਚੀ ਸ਼ਾਹ ਵੇਲਾ ਕਰਕੇ ਬਾਹਰ ਨਿਕਲ ਜਾਂਦੀ। ਕਦੇ ਦੁਪਹਿਰੇ ਮੁੜਦੀ ਤੇ ਕਦੇ ਖਾਓ ਪੀਏ। ਗੁਲਾਬ ਕੌਰ ਵਾਹਣੇ ਮੰਜੇ ਉੱਤੇ ਪਈ ਸੋਚਾਂ ਵਿਚ ਡੁੱਬੀ ਰਹਿੰਦੀ।

ਤਕਾਲਾ ਪੈ ਗਈਆਂ ਸਨ। ਗੁਲਾਬ ਕੌਰ ਚਾਚੀ ਦੀ ਉਡੀਕ ਵਿਚ ਸੀ। ਕਰਮ ਸਿੰਘ ਨੇ ਅਚਾਨਕ ਆ ਸਤ ਸ੍ਰੀ ਅਕਾਲ ਕਹੀ। ਉਹ ਝੱਟ ਪੱਟ ਉੱਠ ਖਲੋਤੀ। ਕਰਮ ਸਿੰਘ ਉਸ ਦੇ ਪੈਰਾਂ ਵੱਲ ਝੁਕ ਰਿਹਾ ਸੀ। ਗੁਲਾਬ ਕੌਰ ਨੇ ਉਸ ਨੂੰ ਆਪਣੀ ਜੱਫੀ ਵਿਚ ਲੈ ਲਿਆ ਤੇ ਛਮ-ਛਮ ਰੋਣ ਲੱਗੀ। ਉਸ ਦੇ ਗਦਰੀ ਮਨ ਦਾ ਹੜ੍ਹ ਉਸ ਦੀਆਂ ਅੱਖਾਂ ਰਾਹੀਂ ਵਹਿ ਤੁਰਿਆ ਸੀ। ਕਰਮ ਸਿੰਘ ਕਿੰਨੀ ਦੇਰ ਉਸ ਦੇ ਸਾਹਮਣੇ ਨੀਵੀਂ ਪਾ ਕੇ ਖਲੋਤਾ ਰਿਹਾ।

ਜਦ ਗੁਲਾਬ ਕੌਰ ਆਪਣੀਆਂ ਅੱਖਾਂ ਪੂੰਝਦੀ ਮੰਜੇ ਉੱਤੇ ਬੈਠੀ ਤਾਂ ਕਰਮ ਸਿੰਘ ਉਸ ਦੀ ਪੈਂਦੇ ਬਹਿ ਗਿਆ। ਹਨੇਰਾ ਵਧ ਰਿਹਾ ਸੀ ਪਰ ਫਿਰ ਵੀ ਗਰਮੀ ਕਾਫੀ ਸੀ। ਕਰਮ ਸਿੰਘ ਦਾ ਕੁੜਤਾ ਮੁੜ੍ਹਕੇ ਨਾਲ ਭਿੱਜਿਆ ਪਿਆ ਸੀ। ਉਸ ਨੇ ਪਿੱਠ ਉੱਤੋਂ ਕੁੜਤਾ ਉੱਚਾ ਕਰਕੇ ਮੁੜ੍ਹਕਾ ਸੁਕਾਉਂਦਿਆਂ ਕਿਹਾ-'ਬੀਬੀ। ਮੈਂ ਇਕ ਬੜੀ ਭੈੜੀ ਖਬਰ ਲਿਆਇਆਂ।'

'ਕਰਮਿਆਂ, ਮੈ ਭੈੜੀਆਂ ਖਬਰਾਂ ਸੁਣਨ ਦੀ ਆਦੀ ਹੋ ਗਈ ਆ। ਚੰਗੀਆਂ ਖਬਰਾਂ ਕਿੱਥੋਂ ਔਣ। ਫਰੰਗੀਆਂ ਕੋਲ ਤੋਪਾਂ। ਫੇਰ ਆਪਣੇ ਕੁੱਤੇ, ਲੰਬਰਦਾਰ, ਜ਼ੈਲਦਾਰ, ਸਫੈਦਪੋਸ਼ ਤੇ ਹੋਰ ਟੁਕੜ ਬੋਚ। ਮੈਂ ਸੁਣ ਲਿਐ। ਬੱਬਰ ਦੌਲਤ ਪੁਰੀਆ ਪੁਲਸ ਮੁਕਾਬਲੇ ਵਿਚ ਸ਼ਹੀਦ ਹੋ ਗਿਐ। ਉਹਦੇ ਨਾਲ ਹੋਰ ਕਿਹੜੇ-ਕਿਹੜੇ ਬੱਬਰ ਸੀ ?'

ਸੁਆਲ ਕਰਕੇ ਗੁਲਾਬ ਕੌਰ ਨੇ, ਉੱਠ ਕੇ ਬਰਾਂਡੇ ਵਿਚ ਪਿਆ ਦੀਵਾ ਜਾ ਜਗਾਇਆ। ਫਿਰ ਲਾਲਟੈਨ ਜਗਾ ਕੇ ਰਸੋਈ ਵੱਲ ਹੋ ਤੁਰੀ। ਕਰਮ ਸਿੰਘ ਨੇ ਕਿਹਾ-'ਬੀਬੀ। ਮੇਰੇ ਵਾਸਤੇ ਕੋਈ ਉਚੇਚ ਨਾ ਕਰੀਂ। ਭੁੱਖ ਜ਼ਰੂਰ ਲੱਗੀ ਐ।'

'ਦਾਲ ਬਣੀ ਪਈ ਐ। ਆਟਾ ਗੁੰਨਿਆਂ ਪਿਐ। ਬੱਸ ਦੁਪੜਾਂ ਹੀ ਲਾਹੁਣੀਐਂ। ਤੂੰ ਮੈਨੂੰ ਦੱਸ ਸ਼ਹੀਦਾਂ ਦੀ ਗੱਲ।'

'ਬੀਬੀ। ਮੈਂ ਰੋਟੀ ਖਾ ਕੇ ਤੁਰ ਜਾਣੈਂ। ਪਹੁੰਚਣੈ ਘਰ ਜ਼ਰੂਰ। ਤੜਕੇ-ਤੜਕੇ ਕਿਸੇ ਨੇ ਪਟਾਕੇ ਲੈਣ ਆਉਣੈ।'

'ਦਲੀਪੇ ਨੇ ਆਉਣਾ ਹੋਣੈ।'

'ਬੀਬੀ। ਕੁਝ ਨਾ ਪੁੱਛ। ਹੋਰਨਾਂ ਨੂੰ ਪਿੱਛੇ ਛੱਡਦੈ। ਕਿਸੇ ਘੋੜੀ ਨੇ ਕੀ ਮੁਕਾਬਲਾ ਕਰਨੈ ਉਹਦਾ, ਉੱਡਦੈ ਬੱਸ ਉੱਡਦੈ।'

'ਕਰਮਿਆ। ਤੈਨੂੰ ਪਤੈ ਉਹ ਮੇਰਾ ਧਰਮ ਦਾ ਪੁੱਤ ਐ। ਮੈਂ ਉਹਨੂੰ...।' ਉਹ ਗੱਲ ਕਰਦੀ-ਕਰਦੀ ਵਿੱਚੇ ਰੁਕ ਕੇ ਬਾਹਰਲੇ ਬੂਹੇ ਵੱਲ ਵੇਖਣ ਲੱਗ ਪਈ। ਬਰੂਹੋਂ ਬਾਹਰ ਕੁੱਤਾ ਉੱਚੀ-ਉੱਚੀ ਭੌਂਕ ਰਿਹਾ ਸੀ। ਬੂਹਾ ਖੁੱਲ੍ਹਾ ਤੇ ਦਲੀਪੇ ਨੇ ਅੰਦਰ ਆਉਂਦਿਆਂ ਹੀ ਅੰਦਰੋਂ ਕੁੰਡਾ ਮਾਰ ਦਿੱਤਾ। ਉਸ ਨੂੰ ਪਛਾਣ ਕੇ ਗੁਲਾਬ ਕੌਰ ਵਿਚ ਅਜਿਹਾ ਬਲ ਆਇਆ ਕਿ ਉਹ ਉੱਠ ਕੇ ਉਸ ਵੱਲ ਭੱਜ ਉੱਠੀ। ਦਲੀਪੇ ਨੇ ਉਸਨੂੰ ਜੱਫੀ ਵਿਚ ਲੈ ਕੇ, ਦੋ ਤਿੰਨ ਭੁਆਂਟਣੀਆਂ ਦਿੱਤੀਆਂ। ਇਉਂ ਜਾਪ ਰਿਹਾ ਸੀ ਜਿਵੇਂ ਚਿਰਾਂ ਪਿੱਛੋਂ ਮਾਂ-ਪੁੱਤ ਦਾ ਮੇਲ ਹੋਇਆ ਹੋਵੇ। ਜਿਵੇਂ ਨਿੱਕਾ ਹੁੰਦਾ ਵਿਛੜਿਆ ਪੁੱਤ, ਗੱਭਰੂ ਹੋ ਕੇ ਮਾਂ ਨੂੰ ਆ ਮਿਲਿਆ ਹੋਵੇ।

ਉਸ ਦੇ ਪਿੱਛੇ-ਪਿੱਛੇ ਹੀ ਚਾਚੀ ਆ ਪਹੁੰਚੀ। ਉਸ ਨੇ ਦਲੀਪੇ ਨੂੰ ਪਿਆਰ ਦੇ ਕੇ ਪੁੱਛਿਆ-'ਵੇ ਕਰਮਿਆ। ਤੂੰ ਤੇ ਦਲੀਪਾ ਕਦੋਂ ਦੇ ਆਏ ਓ। ਮੈਨੂੰ ਖਬਰ ਕਿਉਂ ਨਾ ਕੀਤੀ ਗੁਲਾਬੋ ਤੂੰ।' ਬਿਨਾ ਕਿਸੇ ਜਵਾਬ ਉਡੀਕ ਦੇ ਉਹ ਰਸੋਈ ਵਿਚ ਚੁੱਲ੍ਹੇ ਅੱਗੇ ਜਾ ਬੈਠੀ।

ਗੁਲਾਬ ਕੌਰ ਕਰਮ ਸਿੰਘ ਤੇ ਦਲੀਪਾ ਵਿਹੜੇ ਵਿਚ ਪਈ ਮੰਜੀ ਉੱਤੇ ਜਾ ਬੈਠੇ। ਦਲੀਪੇ ਨੇ ਆਪ੍ਹੂੰ ਦੱਸਣਾ ਸ਼ੁਰੂ ਕਰ ਦਿੱਤਾ-'ਮਾਂ ਜੀ। ਇਕ ਬੱਬਰ ਸੀ ਅਨੂਪਾ। ਉਹਦਾ ਚਾਚਾ ਐ ਬੋਘਾ, ਉਹਨਾਂ ਦੋਹਾਂ ਫਰੰਗੀਆਂ ਨਾਲ-ਨਾਲ ਸਾਜ਼ਸ਼ ਕਰਕੇ ਬਬੇਲੀ ਦਾ

ਸਾਕਾ ਕਰਵਾਇਐ। ਆਪਣਾ ਕਰਮ ਸਿਹੁੰ ਦੌਲਤਪੁਰੀਆ, ਡੀਟਰ ਸੀ, ਜਿਹੜਾ ਮਿਰਕਣ ਤੋਂ ਆਇਆ ਸੀ, ਉਹ ਸ਼ਹੀਦ ਹੋ ਗਿਐ।'

'ਕਿੱਡਾ ਵੱਡਾ ਜੋਧਾ ਸੀ। ਮੈਂ ਇਕੋ ਵਾਰੀ ਦਰਸ਼ਨ ਕੀਤੇ ਉਸ ਸੂਰਮੇ ਦੇ। ਘਰ ਆ ਕੇ ਮਿਲਿਆ ਸੀ। ਬੜਾ ਵੱਡਾ ਗਦਰੀ ਸੀ। ਜਾਨ ਉੱਤੇ ਖੇਲ ਗਿਐ। ਜਿੰਨੇ ਵੱਧ ਸ਼ਹੀਦ ਹੋਣਗੇ ਓਨੀ ਛੇਤੀ ਦੇਸ ਅਜ਼ਾਦ ਹੋਊ। ਪੰਥ ਚੜ੍ਹਦੀ ਕਲਾ ਵਿਚ ਜਾਊ। ਉਹਦੇ ਨਾਲ ਹੋਰ ਕੌਣ-ਕੌਣ ਸੀ ?'

ਇਕ ਤੋਂ ਵੱਧ ਜੋਧੇ ਸੀ ਸਾਰੇ, ਉਦੈ ਸਿਹੁੰ, ਬਿਸ਼ਨ ਸਿਹੁੰ, ਮਹਿੰਦਰ ਸਿਹੁੰ ਤੇ ਗੰਗਾ ਸਿਹੁੰ। ਬੱਸ ਹੁਣ ਅਨੂਪੇ ਤੇ ਬੋਘੇ ਨੂੰ ਲੈਣੈ।'

ਚਾਚੀ ਨੇ ਰੋਟੀ ਖਾਣ ਲਈ ਵਾਜ ਮਾਰੀ। ਦਲੀਪੇ ਤੇ ਕਰਮੇ ਨੇ ਰਸੋਈ ਵਿਚ ਹੀ ਬੋਰੀ ਉੱਤੇ ਬਹਿ ਕੇ ਰੋਟੀ ਖਾਧੀ। ਚਾਚੀ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਰਹੀ। ਗੁਲਾਬ ਕੌਰ, ਗੰਭੀਰ ਜਿਹੀ ਬਰੂਹਾਂ ਵਿਚ ਬੈਠੀ ਰਹੀ। ਜਦ ਉਹ ਰੋਟੀ ਖਾ ਕੇ ਉੱਠੇ ਤਾਂ ਚਾਚੀ ਨੇ ਕਿਹਾ-'ਕਰਮਿਆਂ। ਰਾਤ ਰਹਿ ਪਓ, ਤੜਕੇ ਨਿਕਲ ਜਾਇਆ ਜੇ ਸ਼ਾਹ ਵੇਲਾ ਖਾ ਕੇ।'

ਦਲੀਪਾ ਬੋਲ ਪਿਆ-'ਮੈਂ ਮਾਮੇ ਨੂੰ ਹੁਣੇ ਨਾਲ ਲੈ ਕੇ ਸ਼ਹਿਰ ਜਾਣੈ। ਕੱਲ ਦੁਪਹਿਰ ਤੋਂ ਪਹਿਲੋਂ ਮੈਂ ਪਿੰਡੋਂ ਹੋ ਕੇ ਪੰਡੋਰੀ ਨਿੱਝਰਾਂ ਪਹੁੰਚਣੈ। ਬੜਾ ਜ਼ਰੂਰੀ ਕੰਮ ਐ।'

'ਵੇ ਤੇਰੇ ਸਭ ਕੰਮ ਜ਼ਰੂਰੀ ਐ। ਬਚੂੰਗੜਿਆ, ਅਜੇ ਖੰਭ ਨਿਕਲੇ ਨਹੀਂ, ਤੂੰ ਪਹਿਲੋਂ ਹੀ ਉੱਡਣ-ਉੱਡਣ ਕਰਦੈਂ।' ਚਾਚੀ ਦੀ ਗੱਲ ਸੁਣ ਕੇ ਦਲੀਪੇ ਹੱਸ ਛੱਡਿਆ।

ਜਦ ਕਰਮਾ ਤੇ ਦਲੀਪਾ ਬਰੂਹਾਂ ਟੱਪ ਕੇ ਬਾਹਰ ਨਿਕਲੇ ਤਾਂ ਗੁਲਾਬ ਕੌਰ ਕਿੰਨੀ ਦੇਰ ਬਰੂਹਾਂ ਵਿਚ ਖਲੋਤੀ ਉਸ ਰਾਹ ਵੱਲ ਤੱਕਦੀ ਰਹੀ, ਜਿਧਰ ਉਹ ਹਨੇਰੇ ਵਿਚ ਗੁੰਮ ਹੋ ਗਏ ਸਨ।

## 21

ਅੱਸੂ ਦੀ ਮੱਸਿਆ ਅੱਜੇ ਲੰਘੀ ਹੀ ਸੀ ਕਿ ਅਫ਼ਵਾਹ ਉੱਡ ਗਈ ਕਿ ਕਿਧਰੇ ਬਾਰ ਵਾਲੇ ਪਾਸੇ, ਦਲੀਪਾ ਫੜਿਆ ਗਿਆ ਹੈ। ਗੁਲਾਬ ਕੌਰ ਉਸੇ ਵੇਲੇ ਧਾਮੀਆਂ ਜਾਣ ਲਈ ਤਿਆਰ ਹੋ ਪਈ। ਚੰਗਾ ਦਿਨ ਹੋ ਗਿਆ ਸੀ ਪਰ ਬੱਦਲਵਾਈ ਹੋਣ ਕਰਕੇ ਸੂਰਜ ਕਿਧਰੇ ਨਹੀਂ ਸੀ ਦਿਸਦਾ। ਠੱਕਾ ਵਗ ਰਿਹਾ ਸੀ। ਉਸ ਨੇ ਲੋਈ ਦੀ ਬੁੱਕਲ ਮਾਰੀ ਤੇ ਬਰੂਹੋਂ ਬਾਹਰ ਹੋ ਖਲੋਤੀ। ਚਾਚੀ ਨੇ ਬੜਾ ਸਮਝਾਇਆ ਕਿ ਜ਼ਰਾ ਦਿਨ ਚੜ੍ਹ ਲੈਣ ਦੇ ਪਰ ਉਹ ਨਾ ਰੁਕੀ। ਉਹ ਕੋਟਲੇ ਤੋਂ ਨਿਕਲਦੀ ਹੀ ਧਾਮੀਆਂ ਵਾਲੇ ਪਹੇ ਪੈ ਗਈ।

ਉਸ ਨੇ ਲੋਈ ਨਾਲ ਸਿਰ ਮੂੰਹ ਸਿਰ ਢੱਕਿਆ ਹੋਇਆ ਸੀ। ਕੇਵਲ ਅੱਖਾਂ ਨੰਗੀਆਂ ਰੱਖੀਆਂ ਹੋਈਆਂ ਸਨ। ਉਸ ਦਾ ਧੜ ਨਿੱਘਾ-ਨਿੱਘਾ ਸੀ ਪਰ ਪਿੰਜਣੀਆਂ ਤੱਕ ਜੁਰਾਬਾਂ ਪਾਈਆਂ ਹੋਣ ਦੇ ਬਾਵਜੂਦ ਉਸ ਦੀਆਂ ਲੱਤਾਂ ਠਰ ਰਹੀਆਂ ਸਨ। ਕਦੇ ਉਸ ਦੀ ਚਾਲ ਮੱਠੀ ਪੈ ਜਾਂਦੀ ਤੇ ਕਦੇ ਫਿਰ ਤੇਜ਼ ਹੋ ਜਾਂਦੀ। ਉਹ ਮਨ ਹੀ ਮਨ ਵਿਚ ਅਰਦਾਸ ਕਰ ਰਹੀ-'ਰੱਬਾ ਇਹ ਗੱਲ ਝੂਠ ਹੋਵੇ-'ਪਰ ਉਸ ਦਾ ਮਨ ਇਹ ਕਹੀ ਜਾ ਰਿਹਾ ਸੀ ਕਿ ਜ਼ਰੂਰ ਫੜਿਆ ਗਿਆ ਹੋਣੈ। ਕਿਸੇ ਚੁਗਲ ਨੇ ਉਸ ਨੂੰ ਫੜਾ ਦਿੱਤਾ ਹੋਣੈ। ਜੇ ਨਹੀਂ ਫੜਿਆ ਗਿਆ ਤਾਂ ਫੜਿਆ ਜਾਊ ਜਾਂ ਉਸ ਦੇ ਸ਼ਹੀਦ ਹੋ ਜਾਣ ਦੀ ਖਬਰ ਆ ਜਾਊ। ਉਸ ਦੀਆਂ ਲੱਤਾਂ ਦੇ ਨਾਲ ਉਸ ਦਾ ਮਨ ਵੀ ਕੰਬ ਰਿਹਾ ਸੀ।

ਪਿੰਡ ਦੇ ਨੇੜੇ ਢੁੱਕ ਰਹੀ ਸੀ, ਕਿਣ ਮਿਣ ਸ਼ੁਰੂ ਹੋ ਗਈ। ਠੱਕੇ ਦਾ ਜ਼ੋਰ ਕੁਝ ਮੱਠਾ ਪੈ ਗਿਆ। ਉਹ ਇੰਦਰ ਕੌਰ ਦੇ ਵਿਹੜੇ ਵਿਚ ਪਹੁੰਚੀ ਹੀ ਸੀ ਕਿ ਇੰਦਰ ਕੌਰ ਉਸ ਨੂੰ ਅੱਗੇ ਹੋ ਮਿਲੀ ਤੇ ਬੋਲੀ-'ਬੀਬੀ, ਕਿਸੇ ਮੁਖਬਰ ਨੇ ਦਲੀਪੇ ਨੂੰ ਫੜਾ ਦਿੱਤੈ। ਉਹਨਾਂ ਦੇ ਘਰ ਜੰਦਾ ਵੱਜੈ। ਘਰ ਵਾਲੇ ਪਤਾ ਨਹੀਂ ਕਿਧਰ ਤੁਰ ਗਏ ਡਰਦੇ ਮਾਰੇ।'

ਗੁਲਾਬ ਕੌਰ ਨੂੰ ਇਉਂ ਜਾਪਿਆ ਜਿਵੇਂ ਉਸਦੇ ਪੈਰ ਧਰਤੀ ਵਿਚ ਗੱਡੇ ਗਏ ਹੋਣ। ਉਹ ਪੱਥਰ ਦੀ ਮੂਰਤੀ ਬਣੀ ਖਲੋਤੀ ਸੀ। ਇੰਦਰ ਕੌਰ ਨੇ ਉਸ ਨੂੰ ਬਾਹੋਂ ਫੜ ਕੇ ਬਿਸਤਰੇ ਵਿਚ ਜਾ ਬਿਠਾਇਆ। ਅੰਗੀਠੀ ਭਖਾ ਕੇ ਉਸ ਦੇ ਸਾਹਮਣੇ ਲਿਆ ਰੱਖੀ। ਇੰਦਰ ਕੌਰ ਮਨ ਹੀ ਮਨ ਵਿਚ ਸਮਝ ਬੈਠੀ ਸੀ ਕਿ ਅੱਜ ਗੁਲਾਬ ਕੌਰ ਘਬਰਾਈ ਬੈਠੀ ਹੈ। ਗੁਲਾਬ ਕੌਰ ਨੇ ਆਪਣੇ ਆਲੇ ਦੁਆਲੇ ਰਜਾਈ ਲਪੇਟਦਿਆਂ ਕਿਹਾ-'ਇੰਦੋ ਅੱਜ ਨਹੀਂ ਤਾਂ ਕੱਲ। ਕੱਲ ਨਹੀਂ ਤਾਂ ਪਰਸੋਂ। ਜਿਨ੍ਹਾਂ ਜੋਧਿਆਂ ਨੇ ਤਲੀਆਂ ਉੱਤੇ ਸਿਰ ਧਰ ਲਏ ਆ ਉਨ੍ਹਾਂ ਸ਼ਹੀਦ ਹੋਣੈ ਹੀ ਹੋਣੈ। ਬੱਸ ਕੋਈ ਪਹਿਲੋਂ ਕੋਈ ਪਿੱਛੋਂ। ਨਾ ਕੁਝ ਕੀਤੈ ਨਾ ਕਰਨ ਜੋਗੀ ਆਂ।'

ਇੰਦਰ ਕੌਰ ਨੀਵੀਂ ਪਾ ਕੇ ਗੁਲਾਬ ਕੌਰ ਦੀਆਂ ਭਾਵਕ ਗੱਲਾਂ ਸੁਣੀ ਜਾ ਰਹੀ ਸੀ। ਫਿਰ ਦੋਵੇਂ ਚਾਹ ਪੀਣ ਲੱਗ ਪਈਆਂ। ਦੁਪਹਿਰ ਲੰਘ ਰਹੀ ਸੀ। ਗੁਲਾਬ ਕੌਰ ਨੇ ਰੋਟੀ ਖਾਣ ਤੋਂ ਨਾਂਹ ਕਰ ਦਿੱਤੀ। ਇੰਦਰ ਕੌਰ ਨੇ ਉਸ ਨੂੰ ਕਿਹਾ-'ਬੀਬੀ। ਤੂੰ ਠੱਕੇ ਵਿਚ ਆਈ ਐਂ, ਥੱਕ ਗਈ ਹੋਵੇਂਗੀ। ਜ਼ਰਾ ਲੇਟ ਲੈ, ਅਰਮਾਨ ਕਰ ਲੈ।' ਗੁਲਾਬ ਕੌਰ ਮੂੰਹ ਸਿਰ ਢੱਕ ਕੇ ਲੇਟ ਗਈ। ਉਹ ਇਕੋ ਵੱਖੀ ਉੱਤੇ ਲੇਟੀ ਰਹੀ। ਉੱਕੀ ਹਿੱਲੀ ਜੁੱਲੀ ਨਾ। ਇੰਦਰ ਕੌਰ ਨੇ ਸੋਚਿਆ ਕਿ ਉਸ ਦੀ ਅੱਖ ਲੱਗ ਗਈ ਹੋਵੇਗੀ।

ਰਤਨਾ, ਛੁੱਟੀ ਹੋਣ ਸਾਰ, ਗੱਲ ਵਿਚ ਬਸਤਾ ਲਟਕਾਂਦਾ ਘਰ ਆਇਆ ਸੀ ਤਾਂ ਉਸ ਨੇ ਪੁੱਛਿਆ-'ਕੌਣ ਸੁੱਤੈ ? ਬਾਪੂ ਤਾਂ ਤਗੜਾ ਹੈ ਨਾ ?'

ਇੰਦਰ ਕੌਰ ਨੇ ਆਪਣੇ ਮੂੰਹ ਉੱਤੇ ਸੱਜਾ ਹੱਥ ਰੱਖਦਿਆਂ ਰਤਨੇ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਰਤਨੇ ਨੇ ਨੇੜੇ ਹੋ ਕੇ ਹੌਲੀ ਜਿਹੀ ਪੁੱਛਣਾ ਚਾਹਿਆ। ਇੰਦਰ ਕੌਰ ਨੇ ਆਪੇ ਦੱਸ ਦਿੱਤਾ-'ਤੇਰੀ ਕੋਟਲੇ ਵਾਲੀ ਮਾਸੀ ਆਈ ਐ। ਸੁੱਤੀ ਪਈ ਐ। ਤੂੰ ਕੋਈ ਖੜਾਕ ਨਾ ਕਰੀਂ। ਮੈਂ ਦੁੱਧ ਦੇਂਦੀ ਆਂ ਤੈਨੂੰ। ਤੂੰ ਦੁੱਧ ਪੀ ਕੇ ਬਾਪੂ ਨੂੰ ਖੇਤਾਂ ਵਿਚ ਦੱਸ ਆਈਂ ਕਿ ਤੇਰੀ ਕੋਟਲੇ ਵਾਲੀ ਮਾਸੀ ਆਈ ਐ।'

ਰਤਨੇ ਦਾ ਮਨ ਕੀਤਾ ਕਿ ਉਹ ਗੁਲਾਬ ਕੌਰ ਨੂੰ ਉੱਠਾ ਕੇ ਉਸ ਨਾਲ ਗੱਲਾਂ ਕਰੇ ਪਰ ਮਾਂ ਦਾ ਆਖਾ ਮੰਨ ਕੇ, ਦੁੱਧ ਪੀ ਕੇ, ਅਛੋਪਲੇ ਵੀ ਖੇਤਾਂ ਨੂੰ ਤੁਰ ਗਿਆ।

ਜਦ ਗੁਲਾਬ ਕੌਰ ਨੇ ਪਾਸਾ ਪਰਤਿਆ ਤਾਂ ਇੰਦਰ ਕੌਰ ਨੇ ਕਿਹਾ-'ਬੀਬੀ। ਲਹੁਡੇ ਵੇਲਾ ਹੋ ਗਿਐ। ਉੱਠ ਗਰਮ-ਗਰਮ ਦੁੱਧ ਪੀ ਲੈ, ਥਕੇਵਾਂ ਹਟ ਜਾਊ।'

'ਇੰਦੋ, ਮੇਰਾ ਤਾਂ ਸਰੀਰ ਬੜਾ ਟੁੱਟਦੈ। ਭੱਜਿਆ ਪਿਆ ਜਿਵੇਂ।' ਇੰਦਰ ਕੌਰ ਨੇ ਗੁਲਾਬ ਕੌਰ ਦੀ ਬਾਂਹ ਫੜ ਕੇ ਕਿਹਾ-'ਨੀ ਬੀਬੀ। ਤੇਰਾ ਤਾਂ ਪਿੰਡਾ ਭੱਠ ਵਾਂਗੂੰ ਭਖਦੈ। ਤਾਪ ਤਾਂ ਨਹੀਂ ਚੜ੍ਹ ਗਿਆ ?'

'ਮੇਰੀਆਂ ਲੱਤਾਂ ਵਿਚ ਬੜੀ ਅੱਚਵੀ ਹੋਂਦੀ ਐ। ਸਾਰਾ ਬਦਨ ਦੁਖਦੈ। ਸਿਰ ਫਟਣ ਨੂੰ ਫਿਰਦੈ।'

'ਕੁਨੈਣ ਘਰ ਪਈ ਐ। ਬੀਬੀ ਜੇ ਕਹੇ ਤਾਂ ਦਿਆਂ।'

ਗੁਲਾਬ ਕੌਰ ਨੇ ਕੂਹਣੀ ਦੇ ਭਾਰ ਹੋ ਕੇ ਕੁਨੈਣ ਦੀਆਂ ਦੋ ਗੋਲੀਆਂ ਗਰਮ ਦੁੱਧ ਨਾਲ ਖਾਧੀਆਂ ਤੇ ਮੂੰਹ ਢੱਕ ਕੇ ਫਿਰ ਲੰਮੀ ਪੈ ਗਈ। ਉਹ ਤਕਾਲਾਂ ਤੱਕ ਬੇ-ਸੁਰਤ ਪਈ ਰਹੀ। ਇੰਦਰ ਕੌਰ, ਮਿਹਰ ਸਿੰਘ ਤੇ ਰਤਨੇ ਨੇ ਰੋਟੀ ਖਾਧੀ। ਉਨ੍ਹਾਂ ਉਸ ਨੂੰ ਬੁਲਾਣਾ ਠੀਕ ਨਾ ਸਮਝਿਆ। ਮਿਹਰ ਸਿੰਘ ਨੇ ਤਜਵੀਜ਼ ਕੀਤੀ ਕਿ ਤੜਕਸਾਰ ਗੁਲਾਬ ਕੌਰ ਨੂੰ ਹਕੀਮ ਪਾਸ ਸ਼ਹਿਰ ਲੈ ਜਾਏਗਾ।

ਸੌਣ ਦਾ ਵੇਲਾ ਹੋ ਗਿਆ। ਗੁਲਾਬ ਕੌਰ ਅਰਕਾਂ ਦਾ ਸਹਾਰਾ ਲੈ ਕੇ ਬੈਠ ਗਈ। ਮਿਹਰ ਸਿੰਘ, ਇੰਦਰ ਕੌਰ ਤੇ ਰਤਨਾ ਤਿੰਨੇ ਉਸ ਪਾਸ ਜਾ ਖਲੋਤੇ। ਗੁਲਾਬ ਕੌਰ ਨੇ ਰਤਨੇ ਨੂੰ ਬਾਹੋਂ ਫੜ ਕੇ ਆਪਣੇ ਪਾਸ ਬਿਠਾ ਕੇ ਦੱਸਿਆ-'ਮੈਂ ਹੁਣ ਠੀਕ ਆਂ।' ਇੰਦਰ ਕੌਰ ਨੇ ਉਸ ਦੀ ਬਾਂਹ ਫੜ ਕੇ ਦੱਸਿਆ, 'ਅੱਜੇ ਵੀ ਤੇਰਾ ਪਿੰਡਾ ਭੱਠੀ ਵਾਂਗੂੰ ਭਖਦੈ।'

'ਮੈਂ ਸੌਣ ਲੱਗੀ ਦੋ ਗੋਲੀਆਂ ਹੋਰ ਖਾਊਂ। ਮੁੜ੍ਹਕਾ ਆ ਜਾਊ, ਭਖ ਲਹਿ ਜਾਊ। ਮੈਂ ਛੇਤੀ ਕੋਟਲੇ ਮੁੜਨੈਂ।'

'ਮੈਂ ਨਹੀਂ ਤੈਨੂੰ ਜਾਣ ਦੇਣਾ।'

'ਚਾਚੀ ਫਿਕਰ ਕਰਦੀ ਹੋਊ।'

'ਕੋਈ ਨਾ। ਉਹ ਕਿਹੜੀ ਲਿੱਸੀ ਹੋ ਜਾਣ ਲੱਗੀ ਐ।' ਕਹਿ ਕੇ ਇੰਦਰ ਕੌਰ ਨੇ ਮਿਹਰ ਸਿੰਘ ਵੱਲ ਤੱਕਿਆ। ਮਿਹਰ ਸਿੰਘ ਨੇ ਮੂੰਹ ਭੁਆ ਲਿਆ।

ਰਤਨੇ ਨੇ ਲਾਡ ਵਿਚ ਆ ਕੇ ਕਿਹਾ-'ਮਾਸੀ, ਮੈਂ ਨਹੀਂ ਤੈਨੂੰ ਜਾਣ ਦੇਣਾ। ਤੂੰ ਸਾਡੇ ਕੋਲੇ ਹੀ ਰਹੋ, ਰਹੇਂਗੀ ਨਾ ?

ਗੁਲਾਬ ਕੌਰ ਨੇ ਉਸ ਦਾ ਮੱਥਾ ਚੁੰਮਦਿਆਂ ਕਿਹਾ-'ਜਿਵੇਂ ਤੂੰ ਕਹੇਂਗਾ ਓਵੇਂ ਹੀ ਕਰੂੰ ਪਰ ਜੇ ਚਾਚੀ ਲੈਣ ਆ ਗਈ ਫੇਰ।'

'ਮੈਂ ਅੰਦਰੋਂ ਕੁੰਡਾ ਲਾ ਦਊਂ। ਕਹੂੰ ਮਾਸੀ ਏਥੇ ਆਈ ਹੀ ਨਹੀਂ।' ਰਤਨੇ ਦੀ ਗੱਲ ਸੁਣ ਕੇ ਗੁਲਾਬ ਕੌਰ ਹੱਸ ਪਈ। ਉਸ ਦੇ ਨਾਲ ਹੀ ਰਤਨਾ ਵੀ ਉੱਚੀ-ਉੱਚੀ ਹੱਸਣ ਲੱਗ ਪਿਆ। ਮਿਹਰ ਸਿੰਘ ਤੇ ਇੰਦਰ ਕੌਰ, ਰਤਨੇ ਤੇ ਗੁਲਾਬ ਕੌਰ ਦੇ ਖਿੜੇ ਚਿਹਰਿਆਂ ਵੱਲ ਵੇਖ ਕੇ ਮੁਸਕਰਾ ਰਹੇ ਸਨ।

# 22

ਧਰਮ ਸਿੰਘ ਜਦ ਹਿਕਮਤ ਕਰ ਰਿਹਾ ਹੁੰਦਾ ਤਾਂ ਉਹ ਦੁਨੀ ਚੰਦ ਹੁੰਦਾ ਤੇ ਉਸਦਾ ਸਾਥੀ ਕਰਮ ਸਿੰਘ, ਛੱਜੂ। ਅਮਰ ਸਿੰਘ ਕਈ ਵਾਰੀ ਉਨ੍ਹਾਂ ਨੂੰ ਚਿੜਾਉਣ ਲਈ ਮਖੌਲ ਨਾਲ ਉਨ੍ਹਾਂ ਨੂੰ 'ਦੁਨੀਆ' ਤੇ 'ਛੱਜੂ' ਕਹਿ ਕੇ ਬੁਲਾਂਦਾ। ਉਹ ਅੱਗੋਂ ਹੱਸ ਛੱਡਦੇ। ਕਰਮ ਸਿੰਘ ਭਾਵੁਕ ਹੋ ਕੇ ਕਹਿੰਦਾ-'ਅਸੀਂ ਸਮਝਣ ਲੱਗ ਪਏ ਸਾਂ ਕਿ ਸਾਡਾ ਇਸ ਦੁਨੀਆ ਵਿਚ ਕੋਈ ਨਹੀਂ। ਢੇਰੀ ਢਾਹ ਕੇ ਬਹਿ ਗਏ ਸਾਂ। ਅਮਰੂ ! ਜਦ ਦਾ ਤੂੰ ਮਿਲਿਐਂ, ਇਉਂ ਜਾਪਣ ਲੱਗ ਪਿਐ, ਜਿਵੇਂ ਅਸੀਂ ਤਿੰਨ ਸਕੇ ਭਰਾ ਹੁੰਦੇ ਆਂ ਤੇ ਸਾਡੀ ਤਿੰਨਾਂ ਦੀ ਇਕੋ ਇਕ ਸਕੀ ਭੈਣ ਐ ਗੁਲਾਬੋ। ਤੁਹਾਡੇ ਦੋਹਾਂ ਦੇ ਮਿਲਣ ਨਾਲ ਸਾਡੀ ਦੁਨੀਆ ਫਿਰ ਵੱਸ ਗਈ ਐ। ਜਦ ਮੈਂ ਪਟਾਕੇ ਬਣਾ ਰਿਹਾ ਹੋਂਦਾਂ ਤਾਂ ਜਾਪਦੈ ਮੈਂ ਮੁੜਕੇ ਗਦਰੀ ਹੋ ਗਿਆਂ। ਮੈਨੂੰ ਇਕ ਨਵਾਂ ਜਨਮ ਮਿਲ ਗਿਐ।'

ਧਰਮ ਸਿੰਘ ਘੱਟ ਬੋਲਦਾ ਸੀ। ਉਹ ਕਰਮ ਸਿੰਘ ਤੇ ਅਮਰ ਸਿੰਘ ਦੀਆਂ ਗੱਲਾਂ ਸੁਣਦਾ ਰਹਿੰਦਾ। ਧਰਮ ਸਿੰਘ ਨੇ ਕਿਹਾ-ਤੁਸੀਂ ਮਾਰੋ ਗੱਪਾਂ। ਮੈਂ ਜ਼ਰਾ...।''

ਉਸਦੀ ਗੱਲ ਵਿਚੋਂ ਹੀ ਫੜ੍ਹਦਿਆਂ ਕਰਮ ਸਿੰਘ ਨੇ ਕਿਹਾ-'ਓਏ ਵੱਡੇ ਹਕੀਮ ਦਿਆ ਪੁੱਤਾ, ਜੇ ਅਸੀਂ ਤੈਨੂੰ ਹਕੀਮ ਕਹਿੰਦੇ ਆਂ ਤੇ ਤੂੰ ਵੱਡਾ ਹਕੀਮ ਹੀ ਬਣ ਬੈਠੈਂ। ਤੈਨੂੰ ਪਤੈ ਦਲੀਪਾ ਫੜ੍ਹਿਆ ਗਿਐ। ਜਿਹੜੇ ਪਟਾਕੇ ਲੈ ਗਿਆ ਸੀ, ਉਹਨਾਂ ਦਾ ਕੀ ਬਣਿਆ ਹੋਊ ? ਜਾਣ ਲੱਗਾ ਕਹਿੰਦਾ ਸੀ, ਪੰਡੋਰੀ ਨਿੱਝਰਾਂ ਜਾਣੈ, ਓਥੇ ਕੀਹਦੇ ਕੋਲ ਜਾਣਾ ਸੀ ਓਹਨੇ ?'

ਧਰਮ ਸਿੰਘ, ਮੱਥੇ ਉੱਤੇ ਸੱਜਾ ਹੱਥ ਰੱਖ ਕੇ ਸੋਚਣ ਲੱਗ ਪਿਆ। ਫਿਰ ਝੱਟ ਬੋਲ ਉੱਠਿਆ, 'ਉਹਨੇ ਪਟਾਕੇ, ਕੋਟ ਫਤੂਹੀ ਪਹੁੰਚਾਣੇ ਸੀ।'

ਕਰਮ ਸਿੰਘ ਨੇ ਉੱਠਦਿਆਂ ਕਿਹਾ-'ਉੱਠ ਧਰਮਿਆਂ ਰੋਟੀ ਪਾਣੀ ਦਾ ਆਹਰ ਪਾਹਰ ਕਰੀਏ, ਸੂਰਜ ਡੁੱਬਣ ਨੂੰ ਫਿਰਦੈ। ਹੋਰ ਮਰੀਜ਼ ਕੋਈ ਨਹੀਉਂ ਔਣਾ।' ਉਹ ਤਿੰਨੇ ਪਿਛਲੇ ਬਰਾਂਡੇ ਵਿਚੋਂ ਉੱਠ ਕੇ ਰਸੋਈ ਵੱਲ ਨੂੰ ਹੋ ਤੁਰੇ। ਏਨੇ ਨੂੰ ਕਰਮ ਸਿੰਘ ਨੇ ਗੁਲਾਬ ਕੌਰ ਨੂੰ ਘੋੜੀ ਤੋਂ ਉਤਰਦਿਆਂ ਵੇਖਕੇ ਹੈ਼ਰਾਨੀ ਨਾਲ ਕਿਹਾ-'ਗੁਲਾਬੋ ਤਗੜੀ ਹੋਵੇ ਸਹੀ, ਕੱਲੀ ਆ ਪਹੁੰਚੀ ਐ, ਜ਼ਰੂਰ ਬਮਾਰ ਹੋਊ।' ਉਹ ਤਿੰਨੇ ਵਿਹੜਿਓਂ ਬਾਹਰ ਹੋ ਖਲੋਤੇ। ਕਰਮ ਸਿੰਘ ਨੇ ਘੋੜੀ ਨੂੰ ਵਿਹੜੇ ਵਿਚ ਬੰਨ੍ਹਦਿਆਂ ਪੁੱਛਿਆ-'ਬੀਬੀ। ਤਗੜੀ ਤਾਂ ਹੈਂ। ਬੜੇ ਕਵੇਲੇ ਆਈ ਐਂ। ਸੁੱਖ ਤਾਂ ਹੈ।'

ਗੁਲਾਬ ਕੌਰ ਨੇ ਲੋਈ ਦੀ ਬੁੱਕਲ ਖੋਲ੍ਹਦਿਆਂ, ਲੱਕੜੀ ਦੇ ਬੈਂਚ ਉੱਤੇ ਬੈਠਦਿਆਂ ਕਿਹਾ-'ਕਰਮਿਆ ਪਹਿਲੋਂ ਚਾਹ ਧਰ। ਮੈਂ ਠਰੀ ਖਲੋਤੀ ਆਂ। ਉਂਜ ਮੈਂ ਚੰਗੀ ਭਲੀ ਆਂ! ਮੈਨੂੰ ਦੜੀ ਦੁਆਈ ਦੀ ਕੋਈ ਲੋੜ ਨਹੀਂ।' ਫਿਰ ਉਸ ਨੇ ਅਮਰ ਸਿੰਘ ਵੱਲ ਘੂਰੀ ਪਾ ਕੇ ਤੱਕਦਿਆਂ ਪੁੱਛਿਆ-'ਤੂੰ ਕਿੰਨੇ ਦਿਨਾਂ ਦਾ ਘਰ ਨਹੀਂ ਵੜਿਆ।'

ਬੰਤਾ ਸਿਹੁੰ ਧਾਮੀਆਂ ਨੂੰ ਨਾਲ ਲੈ ਕੇ ਬੇਲੇ ਗਦਾਰ ਨੂੰ ਟੋਲਦੇ ਰਹੇ ਆਂ। ਉਹਨੇ ਠਾਣੇ ਮੰਜਾ ਡਾਇਹਾ ਹੋਇਐ। ਠਾਣਿਓ ਨਿਕਲੂ ਤਾਂ ਗਾਰਦ ਨਾਲ। ਲੁਕਿਆ ਫਿਰਦੈ। ਬਕਰੇ ਦੀ ਮਾਂ ਕਦ ਤਾਈਂ ਖੈਰ ਮਨਾਊ।'

'ਬੇਲੇ ਦਾ ਕਰਤੂਤ ਦਾ ਤੈਨੂੰ ਤਾਂ ਪਤਾ ਹੀ ਹੋਊ।'

'ਮੈਂ ਜਾਣਦਾ ਹਾਂ ਚੰਗੀ ਤਰ੍ਹਾਂ। ਜਦ ਬੇਲੇ ਨੇ ਕਨੇਡੇ ਗੁਰਦੁਆਰੇ ਵਿਚ ਗੋਲੀਆਂ ਚਲਾਈਆਂ ਜੁਆਲਾ ਵੀ ਓਦੋਂ ਉੱਥੇ ਹੀ ਸੀ।'

'ਉਸੇ ਜੁਆਲੇ ਗਦਾਰੀ ਕੀਤੀ। ਉਹਨੇ ਧੰਨਾ ਸਿਹੁੰ ਬੱਬਰ ਨਾਲ ਗਦਾਰੀ ਕੀਤੀ।

ਅਮਰ ਸਿੰਘ ਨੇ ਪੁੱਛਿਆ, 'ਬੀਬੀ। ਛੇਤੀ-ਛੇਤੀ ਦੱਸ। ਕੀ ਗਦਾਰੀ ਕੀਤੀ ਐ ਓਹਨੇ ਕੀ ਦੱਸਿਐ ?'

ਰਾਤੀ ਧਾਮੀਆਂ ਵਾਲਾ ਬੱਬਰ ਬੰਤਾ ਸਿਹੁੰ ਤੇਰੇ ਕੋਲ ਰਾਤ ਕੱਟਣ ਕੋਟਲੇ ਆਇਆ ਸੀ। ਤੂੰ ਨਾ ਮਿਲਿਆ। ਉਹ ਮੈਨੂੰ ਸਾਰੀ ਗੱਲ ਦੱਸ ਕੇ, ਤੈਨੂੰ, ਕਰਮੇ ਤੇ ਧਰਮ ਨੂੰ ਖ਼ਬਰ ਕਰਨ ਆਇਆ ਸੀ। ਤਾਪ ਮੇਰਾ ਖਹਿੜਾ ਨਹੀਂ਼ ਛੱਡਦਾ। ਮੈਂ ਕਿਹਾ ਆਪ ਜਾ ਕੇ ਧਰਮੇ ਤੇ ਕਰਮੇ ਨੂੰ਼ ਖਬਰਦਾਰ ਕਰ ਆਵਾਂ। ਤੂੰ ਇਥੇ ਮਿਲ ਪਿਐਂ, ਚਾਚੀ ਸੌ-ਸੌ ਕਬੋਲ ਬੋਲਦੀ ਐ ਤੈਨੂੰ।'

'ਚਾਚੀ ਨੂੰ ਛੱਡ ਤੂੰ ਦਸ ਜੁਆਲੇ ਨੇ ਕੀ ਗਦਾਰੀ ਕੀਤੀ ਐ।'

'ਬੰਤਾ ਸਿਹੁੰ ਕਹਿੰਦੈ ਕਿ ਦਲੀਪੇ ਨੂੰ ਵੀ ਜੁਆਲੇ ਨੇ ਹੀ ਮੁਖਬਰੀ ਕਰਕੇ ਫ਼ੜਵਾਇਐ ਤੇ ਧੰਨਾ ਸਿਹੁੰ ਤੇ ਵੀ ਪੁਲਸ ਚੜ੍ਹਾ ਲਿਆਇਆ ਮੰਨਣਹਾਨੇ। ਆਪੇ ਧੰਨਾ ਸਿਹੁੰ ਨੂੰ ਲੁਕਾਂਦਾ ਫਿਰਿਆ ਤੇ ਆਪੇ ਉਹਨੂੰ ਫੜਵਾ ਦਿੱਤਾ।

'ਫੇਰ ?' ਅਮਰ ਸਿੰਘ ਨੇ ਪੁੱਛਿਆ।

'ਫਰੰਗੀਆਂ ਨੇ ਬੱਬਰ ਨੂੰ ਹੱਥਕੜੀਆਂ ਲਾ ਦਿੱਤੀਆਂ। ਪੈਰੀਂ ਬੇੇੜੀਆਂ ਪਾ ਦਿੱਤੀਆਂ। ਉਹਨੇ ਕੂਹਣੀ ਮਾਰ ਕੇ ਲੱਕ ਨਾਲ ਬੱਧਾ ਬੰਬ ਪਟਾਕਾ ਚਲਾ ਦਿੱਤਾ। ਉਹ ਆਪ ਸ਼ਹੀਦ ਹੋ ਗਿਆ। ਦੋ ਫਰੰਗੀ ਮਰਨੇ ਪਏ ਐ। ਠਾਣੇਦਾਰ ਤੇ ਪੁਲਸੀਏ ਜ਼ਖਮੀ ਹੋਏ ਐ। ਸਾਰੇ ਪਿੰਡਾਂ ਵਿਚ ਪੁਲਸ ਤੇ ਫੌਜ ਗਸ਼ਤ ਕਰ ਰਹੀ ਐ। ਬੱਬਰ ਖਿੰਡ ਪੁੰਡ ਗਏ ਐ।' ਗੁਲਾਬ ਕੌਰ ਨੇ ਜ਼ਰਾ ਕੁ ਚੁੱਪ ਹੋ ਕੇ ਦੱਸਿਆ-'ਬੱਬਰ ਬੰਤਾ ਸਿਹੁੰ ਕੁਝ ਹੋਰ ਬੰਬ ਪਟਾਕੇ ਮੰਗਦੈ। ਕੱਲ੍ਹ ਰਾਤੀਂ ਫੇਰ ਆਊਂ।'

'ਪਟਾਕਾ ਤਾਂ ਇਕ ਵੀ ਤਿਆਰ ਨਹੀਂ।' ਧਰਮ ਸਿੰਘ ਨੇ ਦੱਸਿਆ। 'ਫੇਰ ਕਿਵੇਂ ਕਰੀਏ ?' ਅਮਰ ਸਿੰਘ ਨੇ ਪੁੱਛਿਆ।

ਧਰਮ ਸਿੰਘ ਨੇ ਕਿਹਾ-'ਮੈਂ ਬੀਬੀ ਨੂੰ ਤਾਪ ਦੀ ਦੁਆਈ ਦੇਂਦਾਂ। ਤੂੰ ਬੀਬੀ ਨੂੰ ਨਾਲ ਲੈ ਕੇ ਹੁਣੇ ਕੋਟਲੇ ਮੁੜ ਤੇ ਬੱਬਰ ਨੂੰ ਕਹੋ, ਦੋ ਦਿਨ ਹੋਰ ਅਟਕੇ। ਅਸੀਂ ਦੋਵੇਂ ਦਿਨ ਰਾਤ ਕੰਮ ਕਰਾਂਗੇ। ਪਰਸੋਂ ਰਾਤ ਤੱਕ ਕੁਝ ਪਟਾਕੇ ਤਿਆਰ ਹੋ ਜਾਣਗੇ।'

'ਜ਼ਰਾ ਅਟਕ ਜਾਓ, ਮੈਂ ਤਨੂਰੋਂ ਰੋਟੀਆਂ ਫੜ੍ਹ ਲਿਆਵਾਂ।'

'ਕਰਮਿਆਂ। ਤੂੰ ਫਿਕਰ ਨਾ ਕਰ, ਅਸੀਂ ਜਾ ਕੇ ਤਨੂਰ ਤੋਂ ਖਾ ਲਾਂਗੇ। ਧਰਮਿਆ, ਤੂੰ ਬੀਬੀ ਨੂੰ ਪੁੜੀਆਂ ਫੜਾ।'

ਘੋੜੀ ਲੈ ਕੇ ਅਮਰ ਸਿੰਘ ਤੇ ਗੁਲਾਬ ਕੌਰ ਬਾਹਰ ਨਿਕਲੇ ਹੀ ਸਨ, ਕਿ ਕਰਮ ਸਿੰਘ ਬੋਲ ਪਿਆ-'ਹਨੇਰਾ ਹੋ ਗਿਐ। ਰਾਤ ਰਹਿ ਪੈਂਦੇ, ਤੂੰ ਉਹਨਾਂ ਨੂੰ ਤੋਰ ਦਿੱਤੈ।'

'ਤੂੰ ਨਹੀਂ ਸਮਝਦਾ ਕਰਮਿਆਂ, ਜੇ ਸਾਡੇ ਛਾਪਾ ਪੈ ਗਿਆ, ਤਾਂ ਰੱਖੀ ਰਖਾਈ ਢੇਰੀ ਹੋ ਜਾਊ, ਲੋਕੀ ਕਹਿਣਗੇ ਅਸਾਂ ਅਮਰੂ ਤੇ ਗੁਲਾਬੋ ਨੂੰ ਫੜਵਾ ਦਿੱਤੈ।'

'ਧਰਮਿਆਂ ਤੂੰ ਬੜੀ ਲੰਮੀ ਸੋਚ ਰੱਖਦੈਂ। ਸ਼ਾਵਾਸ਼ੇ।'

ਕਰਮ ਸਿੰਘ ਨੇ ਅੰਦਰੋਂ ਕੁੰਡਾ ਲਾਉਂਦਿਆਂ ਲੰਮਾ ਸਾਹ ਭਰ ਕੇ ਕਿਹਾ-'ਧਰਮਿਆਂ। ਗੁਲਾਬੋ ਗਦਰੀਆਂ ਦੀ ਭੈਣ, ਹੁਣ ਬੱਬਰਾਂ ਦੀ ਭੈਣ, ਇਹਦੀ ਜੰਮਣ ਵਾਲੀ ਮਾਂ ਨੂੰ ਸ਼ਾਵਾਸ਼ੇ, ਸੱਚੀਂ ਮੁੱਚੀਂ ਮਾਈ ਭਾਗੋ ਐ ਗਦਰੀਆਂ ਤੇ ਬੱਬਰਾਂ ਦੀ!'

# 23

ਬੱਬਰ ਲਹਿਰ ਦੇ ਮੋਢੀ ਜਥੇਦਾਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਦਲੀਪਾ ਧਾਮੀਆਂ, ਧਰਮ ਸਿੰਘ ਹਯਾਤਪੁਰ, ਕਰਮ ਸਿੰਘ ਮਾਣਕੋ ਤੇ ਨੰਦ ਸਿੰਘ ਘੁੜਿਆਲ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਸੀ ਪਰ ਫਾਂਸੀ ਦੇਣ ਦੀ ਤਰੀਕ ਬਾਰੇ ਅੱਜੇ ਲੋਕਾਂ ਨੂੰ ਪਤਾ ਨਹੀਂ ਸੀ ਲੱਗਾ।

ਇਕ ਦਿਨ ਸਾਰੇ ਦੁਆਬੇ ਵਿਚ ਖ਼ਬਰ ਫੈਲ ਗਈ ਕਿ 27 ਫਰਵਰੀ 1926 ਨੂੰ ਸਨਿਚਰਵਾਰ ਵਾਲੇ ਦਿਨ ਸਵੇਰੇ ਅੱਠ ਵਜੇ ਇਨ੍ਹਾਂ ਛਿਆਂ ਬੱਬਰਾਂ ਨੂੰ ਲਾਹੌਰ ਸੈਂਟਰਲ ਜਿਹਲ ਵਿਚ ਫਾਂਸੀ ਦੇ ਦਿੱਤੀ ਜਾਏਗੀ।

1924 ਦੇ ਅੱਧ ਤੱਕ ਬੱਬਰ ਲਹਿਰ ਦੇ ਕੁਝ ਯੋਧੇ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਹੋ ਗਏ ਸਨ ਤੇ ਬਾਕੀ ਜਿਹਲਾਂ ਵਿਚ ਡੱਕੇ ਜਾ ਚੁੱਕੇ ਸਨ। ਕਰਮ ਸਿੰਘ ਤੇ ਧਰਮ ਸਿੰਘ ਦੋਵੇਂ ਫਿਰ ਛੱਜੂ ਰਾਮ ਤੇ ਦੁਨੀ ਚੰਦ ਬਣ ਕੇ ਕੁਝ ਸਮਾਂ ਗੁਜ਼ਾਰਦੇ ਰਹੇ। ਇਕ ਰਾਤੀਂ ਉਹ ਕੋਟਲੇ ਆ ਟਿਕੇ। ਗੁਲਾਬ ਕੌਰ ਨੇ ਉਨ੍ਹਾਂ ਨੂੰ ਦੱਸਿਆ-'ਪਿੰਡ ਦਾ ਨੰਬਰਦਾਰ ਮਹੀਨੇ ਵਿਚ ਦੋ ਵਾਰੀ ਮੇਰੇ ਬਾਰੇ ਮਾਹਲਪੁਰ ਜਾ ਕੇ ਰਿਪੋਰਟ ਲਿਖਾਉਂਦਾ ਹੈ ਤੇ ਜੇ ਉਸ ਨੂੰ ਪਤਾ ਲੱਗ ਗਿਆ ਕਿ ਤੁਸੀਂ ਮੇਰੇ ਕੋਲ ਆਉਂਦੇ ਹੋ ਤਾਂ ਤੁਸੀਂ ਵੀ ਸ਼ੱਕੀ ਬੰਦੇ ਸਮਝੇ ਜਾਓਗੇ। ਚੰਗਾ ਹੋਵੇ ਜੇ ਤੁਸੀਂ ਕੁਝ ਸਮੇਂ ਲਈ ਕਾਂਗੜੇ ਵੱਲ ਚਲੇ ਜਾਓ ਤੇ ਓਧਰ ਹੀ ਹਿਕਮਤ ਦੀ ਦੁਕਾਨ ਖੋਲ੍ਹ ਲਵੋ।'

ਧਰਮ ਸਿੰਘ ਨੇ ਉੱਤਰ ਦਿੱਤਾ-'ਬੀਬੀ। ਸਭ ਦੁਨੀਆਂ ਜਾਣਦੀ ਐ ਕਿ ਮੈਂ ਹਕੀਮ ਆਂ। ਮੇਰਾ ਨਾਂ ਦੁਨੀ ਚੰਦ ਹਕੀਮ ਐ। ਤੇ ਇਹ ਐ ਮੇਰਾ ਨੌਕਰ ਛੱਜੂ।'

'ਨੌਕਰ' ਸ਼ਬਦ ਸੁਣ ਕੇ ਕਰਮ ਸਿੰਘ ਬੁੜ੍ਹਕ ਪਿਆ-'ਨੌਕਰ ਹੋਊ ਤੇਰਾ ਪਿਓ। ਮੈਂ ਗਦਰੀ ਆਂ ਗਦਰੀ। ਤੂੰ ਸੋਚ ਸਮਝ ਕੇ ਬੋਲਿਆ ਕਰ।'

ਗੁਲਾਬ ਕੌਰ ਨੇ ਹੱਸ ਕੇ ਕਿਹਾ-'ਤੁਸੀਂ ਦੋਵੇਂ ਮੇਰੇ ਆਖੇ ਲੱਗੋ, ਕਾਂਗੜੇ ਦੇ ਕਿਸੇ ਪਿੰਡ ਵਿਚ ਹਿਕਮਤ ਜਾ ਖੋਲ੍ਹੋ। ਜਦ ਠੰਢ ਠੰਢੋਰਾ ਹੋ ਜਾਊ ਫੇਰ ਵਿਚਾਰ ਲਿਓ।'

ਗੁਲਾਬ ਕੌਰ ਦੀ ਗੱਲ ਮੰਨ ਕੇ ਉਹ ਦੋਵੇਂ ਹਕੀਮ ਦੁਨੀ ਚੰਦ ਤੇ ਨਿੱਕਾ ਹਕੀਮ ਛਜੂ ਰਾਮ ਕਾਂਗੜੇ ਵੱਲ ਚਲੇ ਗਏ ਸਨ। ਜਦ ਵੀ ਹੁਸ਼ਿਆਰਪੁਰ ਆਉਂਦੇ ਤਾਂ ਅਮਰ ਸਿੰਘ ਤੇ ਗੁਲਾਬ ਕੌਰ ਨੂੰ ਹੁਸ਼ਿਆਰਪੁਰ ਸੱਦ ਕੇ ਮਿਲ ਗਿਲ ਜਾਂਦੇ। ਹੁਣ ਜਦ ਉਹ ਹੁਸ਼ਿਆਰਪੁਰ ਇਕੱਠੇ ਹੋਏ ਤਾਂ ਜਥੇਦਾਰ ਕਿਸ਼ਨ ਸਿੰਘ ਤੇ ਉਸ ਦੇ ਨਾਲ ਦੇ ਪੰਜ ਹੋਰ ਬੱਬਰਾਂ ਨੂੰ ਫਾਂਸੀ ਦਿੱਤੇ ਜਾਣ ਦੀ ਗੱਲ ਮਸ਼ਹੂਰ ਹੋ ਚੁੱਕੀ ਸੀ।

ਅਮਰ ਸਿੰਘ ਤਾਂ ਸ਼ਹੀਦ ਹੋਣ ਵਾਲੇ ਸਾਰੇ ਬੱਬਰਾਂ ਨੂੰ ਜਾਣਦਾ ਸੀ ਪਰ ਗੁਲਾਬ ਕੌਰ ਧਰਮ ਸਿੰਘ ਤੇ ਕਰਮ ਸਿੰਘ ਇਨ੍ਹਾਂ ਛਿਆਂ ਵਿਚੋਂ ਕੇਵਲ ਦਲੀਪੇ ਧਾਮੀਏ ਨੂੰ ਹੀ ਮਿਲੇ ਸਨ। ਫਿਰ ਵੀ ਫਾਂਸੀ ਵਾਲੇ ਦਿਨ ਤੋਂ ਇਕ ਦਿਨ ਪਹਿਲੋਂ ਗੁਲਾਬ ਕੌਰ ਤੇ ਅਮਰ ਸਿੰਘ ਦੇ ਨਾਲ ਧਰਮ ਸਿੰਘ ਤੇ ਕਰਮ ਸਿੰਘ ਵੀ ਲਾਹੌਰ ਪਹੁੰਚ ਗਏ।

ਗੁਲਾਬ ਕੌਰ ਤਿੰਨਾਂ ਨੂੰ ਨਾਲ ਲੈ ਕੇ ਮੂਲ ਚੰਦ ਦੀ ਸਰਾਂ ਦੇ ਸਾਹਮਣੇ ਜਾ ਖਲੋਤੀ। ਉਸ ਦੀਆਂ ਅੱਖਾਂ ਮੀਟੀਆਂ ਗਈਆਂ। ਉਸ ਦੇ ਸਾਹਮਣਿਓ ਪਿਛਲੇ ਸਾਰੇ ਨਜ਼ਾਰੇ ਇਕ-ਇਕ ਕਰਕੇ ਲੰਘਣ ਲੱਗੇ। ਕਰਤਾਰ ਤੇ ਸੱਜਣ ਵਾਰੀ-ਵਾਰੀ ਉਸ ਦੇ ਸਾਹਮਣੇ ਆਏ। ਫਿਰ ਪੁਲਸੀਆ ਗੁਲਾਬ ਸਿੰਘ ਭਸੀਨ ਉਸ ਦੇ ਸਾਹਮਣੇ ਆ ਖਲੋਤਾ। ਅਮਰ ਸਿੰਘ ਨੇ ਗੁਲਾਬ ਕੌਰ ਨੂੰ ਬਾਹੋਂ ਫੜ ਕੇ ਕਿਹਾ-'ਬੀਬੀ ਚੱਲ ਟਾਂਗਾ ਲੈ ਲਈਏ।'

ਗੁਲਾਬ ਕੌਰ ਤੇ ਅਮਰ ਸਿੰਘ ਟਾਂਗੇ ਦੇ ਅੱਗੇ ਬਹਿ ਗਏ। ਧਰਮ ਸਿੰਘ ਤੇ ਕਰਮ ਸਿੰਘ ਨੇ ਅੱਜ ਪੱਗਾਂ ਬੰਨ੍ਹੀਆਂ ਹੋਈਆਂ ਸਨ। ਉਹ ਪਿਛਲੇ ਪਾਸੇ ਚੜ੍ਹੇ। ਗੁਰਦੁਆਰੇ ਡਿਹਰਾ ਸਾਹਿਬ ਉਤਰ ਕੇ ਉਨ੍ਹਾਂ ਮੱਥਾ ਟੇਕਿਆ। ਲੰਗਰ ਛਕਿਆ ਤੇ ਚਾਰੇ ਇਕ ਪਾਸੇ ਧੁੱਪੇ ਹੋ ਬੈਠੇ।

ਛਿਆਂ ਬੱਬਰਾਂ ਦੇ ਰਿਸ਼ਤੇਦਾਰ ਤੇ ਭਾਈਬੰਦ ਡਿਹਰਾ ਸਾਹਿਬ ਵਿਚ ਇਕੱਠੇ ਹੋਏ-ਹੋਏ ਸਨ। ਹਰ ਮੂੰਹ ਵਿਚੋਂ ਇਹੋ ਗੱਲ ਨਿਕਲਦੀ ਸੀ ਕਿ ਸ਼ਹੀਦਾਂ ਦੀਆਂ ਦੇਹਾਂ ਸਰਕਾਰ ਨੇ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਦੇਣੀਆਂ। ਗੁਲਾਬ ਕੌਰ ਮਨ ਹੀ ਮਨ ਵਿਚ ਦਲੀਪੇ ਧਾਮੀਏ ਦੀ ਵਾਰਸ ਬਣੀ ਬੈਠੀ ਸੀ।

ਗੁਲਾਬ ਕੌਰ ਨੇ ਸਾਰੀ ਰਾਤ ਜਾਗਦਿਆਂ ਗੁਜ਼ਾਰੀ। ਕੰਧ ਨਾਲ ਢੋਅ ਲਾ ਕੇ ਬੈਠੀ ਰਹੀ। ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਗੁਲਾਬ ਕੌਰ ਦਾ ਮਨ ਲਾਹੌਰ ਜਿਹਲ ਵਿਚ ਉਡਾਰੀਆਂ ਮਾਰ ਰਿਹਾ ਸੀ। ਉਸ ਨੇ ਦੂਰੋਂ ਫ਼ਾਂਸੀ ਦੀਆਂ ਕੋਠੀਆਂ ਵੇਖੀਆਂ ਹੋਈਆਂ ਸਨ। ਉਹ ਉਸ ਜਿਹਲ ਵਿਚ ਗੁਜ਼ਾਰੇ ਦਿਨ ਯਾਦ ਕਰਨ ਲੱਗ ਪਈ। ਉਸ ਨੂੰ ਨੰਬਰਦਾਰ ਵਲੀ ਖਾਨ ਉੱਚੀ-ਉ ੱਚੀ ਬੋਲਦਾ ਸੁਣਾਈ ਦਿੱਤਾ। ਫਿਰ ਉਹ ਮਨ ਹੀ ਮਨ ਵਿਚ ਨੂਰਾਂ ਨਾਲ ਗੱਲਾਂ ਕਰਨ ਲੱਗ ਪਈ। ਨੰਬਰਦਾਰ ਨਬੀ ਖਾਨ ਉਸ ਦੇ ਸਾਹਮਣੇ ਆ ਖਲੋਤਾ। ਫਿਰ ਉਸ ਨੂੰ ਬੇਗੋ ਮਿਹਤਰਾਣੀ ਉੱਤੇ ਤਰਸ ਆਉਣ ਲੱਗ ਪਿਆ।

ਜਦ ਅਰਦਾਸ ਹੋਣ ਲੱਗੀ ਤਾਂ ਉਹ ਵੀ ਅਣਜਾਣੇ ਹੀ ਖੜ੍ਹੀ ਹੋ ਗਈ। ਉਸਦਾ ਸੁਪਨਾ ਟੁੱਟ ਗਿਆ। ਦੀਵਾਨ ਦੀ ਸਮਾਪਤੀ ਪਿੱਛੋਂ ਸਾਰੀ ਸੰਗਤ ਜਿਹਲ ਵੱਲ ਹੋ ਤੁਰੀ। ਜਿਹਲ ਦੇ ਬਾਹਰ ਲੋਕਾਂ ਦੀ ਭੀੜ ਠੱਲ੍ਹੀ ਨਹੀਂ ਸੀ ਜਾ ਰਹੀ। ਸਰਕਾਰ ਸ਼ਹੀਦਾਂ ਦੀਆਂ ਦੇਹਾਂ ਉਨ੍ਹਾਂ ਦੇ ਵਾਰਸਾਂ ਦੇ ਹਵਾਲੇ ਕਰਨ ਨੂੰ ਤਿਆਰ ਨਹੀਂ ਸੀ। ਸਰਦਾਰ ਸਰਦੂਲ ਸਿੰਘ ਕਵੀਸ਼ਰ ਤੇ ਹੋਰ ਕੁਝ ਆਗੂ ਸਰਕਾਰ ਉੱਤੇ ਜ਼ੋਰ ਦੇ ਰਹੇ ਸਨ ਕਿ ਜੇ ਸ਼ਹੀਦਾਂ ਦੀਆਂ ਦੇਹਾਂ ਵਾਰਸਾਂ ਨੂੰ ਨਾ ਦਿੱਤੀਆਂ ਗਈਆਂ ਤਾਂ ਇਹ ਅਨਿਆਂ ਹੀ ਨਹੀਂ ਹੋਵੇਗਾ ਸਗੋਂ ਜੇ ਦੰਗਾ ਫਸਾਦ ਹੋਇਆ ਤਾਂ ਸਰਕਾਰ ਆਪ ਉਸ ਦੀ ਜ਼ਿੰਮੇਵਾਰ ਹੋਵੇਗੀ। ਇਸ ਡਰ ਤੋਂ ਸਰਕਾਰ ਦੇਹਾਂ ਵਾਰਸਾਂ ਦੇ ਹਵਾਲੇ ਕਰਨ ਲਈ ਮੰਨ ਗਈ।

ਸਿਰਾਂ ਦਾ ਸਮੁੰਦਰ ਠਲ੍ਹਿਆ ਨਹੀਂ ਸੀ ਜਾਂਦਾ। ਸੰਗਤਾਂ ਸ਼ਬਦ ਪੜ੍ਹਦੀਆਂ ਜਾ ਰਹੀਆਂ ਸਨ। ਸ਼ਹੀਦਾਂ ਦੇ ਵਾਰਸਾਂ ਦੀ ਕੋਈ ਗੱਲ ਹੀ ਨਹੀਂ ਸੀ। ਸਰਬ ਸੰਗਤ ਹੀ ਸਾਰੇ ਜਲੂਸ ਦੀ ਆਗੂ ਸੀ। ਗੁਲਾਬ ਕੌਰ ਸੰਗਤ ਨੂੰ ਚੀਰ ਕੇ ਸ਼ਹੀਦਾਂ ਪਾਸ ਪਹੁੰਚ ਗਈ। ਸ਼ਹੀਦਾਂ ਦੀਆਂ ਦੇਹਾਂ ਫੁੱਲਾਂ ਦੇ ਹਾਰਾਂ ਨਾਲ ਢੱਕੀਆਂ ਹੋਈਆਂ ਸਨ। ਚਿਹਰੇ ਉਨ੍ਹਾਂ ਦੇ ਨੰਗੇ ਸਨ ਪਰ ਸੰਗਤ ਨੂੰ ਨਜ਼ਰ ਨਹੀਂ ਸਨ ਆ ਰਹੇ, ਕਿਉਂਕਿ ਵੱਡੇ-ਵੱਡੇ ਨੌਜਵਾਨਾਂ ਨੇ ਉਨ੍ਹਾਂ ਦੀਆਂ ਅਰਥੀਆਂ ਆਪਣੇ ਮੋਢਿਆਂ ਉੱਤੇ ਉੱਚੀਆਂ ਚੁੱਕੀਆਂ ਹੋਈਆਂ ਸਨ।

ਗੁਲਾਬ ਕੌਰ ਨੇ ਦੌੜ ਕੇ ਇਕ ਅਰਥੀ ਦੇ ਹੇਠਾਂ ਆਪਣਾ ਮੋਢਾ ਜਾ ਦਿੱਤਾ। ਸਭ ਬੰਦੇ ਉਸ ਵੱਲ ਵੇਖਣ ਲੱਗੇ, ਕਿਉਂਕਿ ਆਮ ਤੌਰ ਤੇ ਬੰਦੇ ਹੀ ਅਰਥੀ ਚੁੱਕਦੇ ਹਨ। ਉਸ ਦੀ ਰੀਸੇ ਦਲੀਪੇ ਧਾਮੀਏ ਦੀ ਮਾਂ ਵੀ ਉਸ ਦੇ ਨੇੜੇ ਹੋ ਢੁੱਕੀ। ਲੋਕੀ ਚਰਚਾ ਕਰਨ ਲੱਗੇ-'ਇਹ ਬੀਬੀ ਕੌਣ ਐ ?' ਦਲੀਪੇ ਦੀ ਮਾਂ ਨੇ ਦੱਸਿਆ-'ਮੈਂ ਦਲੀਪੇ ਦੀ ਮਾਂ ਹਾਂ। ਇਹ ਗੁਲਾਬੋ ਐ ਦਲੀਪੇ ਦੀ ਧਰਮ ਦੀ ਮਾਂ। ਗਦਰੀ ਗੁਲਾਬੋ। ਗਦਰੀਆਂ ਦੀ ਭੈਣ, ਸੱਚ ਬੱਬਰਾਂ ਦੀ ਵੀ ਭੈਣ।'

## 24

ਹਰਨਾਮ ਸਿੰਘ ਟੁੰਡੀ ਲਾਟ ਨੂੰ ਛੇ ਮਹੀਨੇ ਹੋ ਗਏ ਸਨ ਜਿਹਲ ਵਿਚੋਂ ਰਿਹਾ ਹੋ ਕੇ ਆਇਆਂ। ਜਿਸ ਦਿਨ ਉਹ ਉਮਰ ਕੈਦ ਕੱਟ ਕੇ ਅੰਬਾਲਾ ਜਿਹਲ ਵਿਚੋਂ ਨਿਕਲਿਆਂ ਸੀ ਤਾਂ ਉਹ ਬਿਲਕੁਲ ਪਿੰਜਰ ਸੀ। ਚੂੰਢੀ ਵੱਢਿਆ ਵੀ ਉਸ ਦੇ ਪਿੰਡੇ ਉੱਤੇ ਮਾਸ ਨਹੀਂ ਸੀ ਲੱਭਦਾ। ਉਸ ਦਾ ਵਜ਼ਨ ਕੇਵਲ ਇਕ ਸੌ ਪੰਜ ਪੌਂਡ ਰਹਿ ਗਿਆ ਸੀ। ਘਰ ਦੀ ਰੋਟੀ ਖਾ ਕੇ ਉਸ ਦਾ ਸਰੀਰ ਫਿਰ ਕਾਇਮ ਹੋ ਗਿਆ। ਉਹ ਤੜਕੇ ਉੱਠਦਾ ਤੇ ਹਰਿਆਣੇ ਪਹੁੰਚ ਕੇ ਅਖਬਾਰ ਖਰੀਦ ਕੇ ਘਰ ਮੁੜਦਾ।

ਲਹੁਡੇ਼ੇ ਵੇਲੇ ਉਸ ਦੇ ਘਰ ਖਬਰਾਂ ਸੁਣਨ ਵਾਲਿਆਂ ਦੀ ਭੀੜ ਲੱਗ ਜਾਂਦੀ। ਗੁਲਾਬ ਕੌਰ ਉਸ ਦੇ ਪਾਸ ਬੈਠੀ ਹੁੰਦੀ। ਹਰਨਾਮ ਸਿੰਘ ਦੇ ਜਿਹਲੋਂ ਮੁੜਨ ਤੋਂ ਪਹਿਲੋਂ ਉਹ ਅਖਬਾਰ ਪੜ੍ਹ ਕੇ ਔਰਤਾਂ ਨੂੰ ਖਬਰਾਂ ਦੱਸਦੀ ਹੁੰਦੀ ਸੀ। ਹੁਣ ਉਸ ਦੀਆਂ ਅੱਖਾਂ ਦੀ ਜੋਤ ਕਿਸੇ ਕਾਰਣ ਘਟਦੀ ਜਾ ਰਹੀ ਸੀ। ਉਹ ਅੱਖਾਂ ਦਾ ਇਲਾਜ ਕਰਵਾਉਣ ਵਾਲੇ ਪਾਸੇ ਉੱਕਾ ਹੀ ਧਿਆਨ ਨਾ ਦੇਂਦੀ। ਜਦ ਹਰਨਾਮ ਸਿੰਘ ਖਬਰਾਂ ਪੜ੍ਹਦਾ ਤਾਂ ਉਸ ਦੇ ਇਕ ਪਾਸੇ ਕੁਝ ਆਦਮੀ ਬਹਿ ਜਾਂਦੇ ਤੇ ਦੂਜੇ ਪਾਸੇ ਔਰਤਾਂ, ਵਿਚੋਂ ਲੋਕੀ ਸੁਆਲ ਜੁਆਬ ਕਰਦੇ ਰਹਿੰਦੇ।

ਜਦ ਹਰਨਾਮ ਸਿੰਘ ਗਦਰ ਦੇ ਦਿਨਾਂ ਵਿਚ ਪਿੰਡ ਆਇਆ ਸੀ ਤਾਂ ਉਹ ਪਿੰਡ ਦੇ ਲੋਕਾਂ ਨੂੰ ਓਪਰਾ-ਓਪਰਾ ਲਗਦਾ ਸੀ। ਨਾ ਉਸ ਦੇ ਕੇਸ ਸਨ ਨਾ ਦਾੜ੍ਹੀ ਤੇ ਨਾ ਪੱਗ। ਉਸ ਦੇ ਅਮਰੀਕਨ ਸੂਟ ਕਾਰਨ ਵੀ ਉਹ ਉਹਨਾਂ ਨੂੰ ਓਪਰਾ-ਓਪਰਾ ਲਗਦਾ। ਹੁਣ ਉਹ ਕੇਸਾਧਾਰੀ ਹੋਣ ਕਰਕੇ ਲੋਕਾਂ ਨੂੰ ਆਪਣਾ-ਆਪਣਾ ਲਗਦਾ। ਪਿੰਡ ਦੇ ਲੋਕ ਉਸ ਨੂੰ ਦੇਸ਼ਭਗਤ ਬਾਬਾ ਸੱਦਦੇ। ਉਸ ਦਾ ਸਤਿਕਾਰ ਕਰਦੇ। ਹਰਨਾਮ ਸਿੰਘ ਤੇ ਗੁਲਾਬ ਕੌਰ ਨੂੰ ਇਕੱਠਿਆਂ ਵੇਖ ਕੇ ਲੋਕੀ ਉਤਸ਼ਾਹਤ ਹੋ ਜਾਂਦੇ। ਉਨ੍ਹਾਂ ਦੇ ਮਨਾਂ ਵਿਚ ਦੇਸਭਗਤੀ ਦੀਆਂ ਤਰੰਗਾਂ ਉੱਠਦੀਆਂ। ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਸਤੇ ਤਿਆਰ ਹੋ ਉੱਠਦੇ।

ਅੱਜ ਜਦ ਉਹ ਅਖਬਾਰ ਲੈ ਕੇ ਘਰ ਮੁੜਿਆ ਤਾਂ ਉਸਦਾ ਸਾਰਾ ਸਰੀਰ ਮੁੜ੍ਹਕੋ ਮੁੜ੍ਹਕੀ ਹੋਇਆ ਪਿਆ ਸੀ। ਉਹ ਵਾਹਣੀ ਮੰਜੀ ਬਰਾਂਡੇ ਵਿਚ ਕਰਕੇ ਨਿਤਾਣਾ ਜਿਹਾ ਹੋ ਕੇ ਸਿਰ ਹੇਠਾਂ ਬਾਂਹ ਦੇ ਕੇ ਲੇਟ ਗਿਆ। ਉਸ ਦੀਆਂ ਅੱਖਾਂ ਮੀਟੀਆਂ ਹੋਈਆਂ ਸਨ। ਗੁਲਾਬ ਕੌਰ ਨੇ ਆ ਉਠਾਇਆ। ਉਸ ਨੇ ਹੌਲੀ ਜਿਹੀ ਅਖਬਾਰ ਗੁਲਾਬ ਕੌਰ ਦੇ ਹੱਥ ਵਿਚ ਫੜਾ ਦਿੱਤੀ ਤੇ ਆਪ ਫਿਰ ਲੇਟ ਗਿਆ। ਗੁਲਾਬ ਕੌਰ ਉਸ ਦੀ ਪੈਂਦੇ ਬੈਠੀ ਹੀ ਸੀ ਕਿ ਵੱਡੀ ਸਾਰੀ ਸੁਰਖੀ ਉਸ ਦੀ ਨਜ਼ਰੀਂ ਪਈ-

'ਸਰਦਾਰ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਸ਼ਹੀਦ ਕਰ ਦਿੱਤੇ ਗਏ।' ਸੁਰਖੀ ਪੜ੍ਹਦਿਆਂ ਹੀ ਉਸ ਦੇ ਹੱਥ ਕੰਬਣ ਲੱਗ ਪਏ। ਸੁਰਖੀ ਦੇ ਹੇਠਾਂ ਖਬਰ ਸੀ : ਮੰਗਲਵਾਰ 24 ਮਾਰਚ 1931: ਅੱਜ ਸਵੇਰ ਸਾਰ ਲਾਹੌਰ ਵਿਚ ਕਈ ਥਾਈਂ ਸਰਕਾਰ ਵੱਲੋਂ ਹੇਠ ਲਿਖਿਆ ਇਸ਼ਤਿਹਾਰ ਲੱਗਾ ਵੇਖਿਆ ਗਿਆ ਹੈ। ਇਹ ਇਸ਼ਤਿਹਾਰ ਜ਼ਿਲ੍ਹਾ ਮੈਜਿਸਟਰੇਟ ਲਾਹੌਰ ਵੱਲੋਂ ਕੱਢਿਆ ਗਿਆ ਹੈ। ਇਸ ਵਿਚ ਲਿਖਿਆ ਹੈ-

'ਲੋਕਾਂ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਲਾਸ਼ਾਂ (ਜਿਨ੍ਹਾਂ ਨੂੰ 23 ਮਾਰਚ ਨੂੰ ਫਾਂਸੀ ਦਿੱਤੀ ਗਈ ਸੀ) ਜਿਹਲ ਵਿਚੋਂ ਬਾਹਰ ਕੱਢ ਕੇ, ਸਿੱਖਾਂ ਤੇ ਹਿੰਦੂਆਂ ਦੀਆਂ ਰਸਮਾਂ ਅਨੁਸਾਰ ਦਰਿਆ ਸਤਲੁਜ ਕੰਢੇ ਜਲਾ ਕੇ, ਉਨ੍ਹਾਂ ਦੀਆਂ ਅਸਥੀਆਂ ਤੇ ਰਾਖ਼ ਨਦੀ ਵਿਚ ਰੋੜ੍ਹ ਦਿੱਤੀਆਂ ਗਈਆਂ।'

ਇਹ ਖਬਰ ਪੜ੍ਹਦਿਆਂ ਹੀ ਗੁਲਾਬ ਕੌਰ ਦੇ ਹੱਥ ਪਥਰਾ ਗਏ। ਉਸ ਦੇ ਮੱਥੇ ਉੱਤੇ ਤਰੇਲੀ਼ੇ ਆ ਗਈ। ਉਹ ਬਿਨਾ ਬੋਲੇ, ਅਖਬਾਰ ਮੰਜੀ ਉੱਤੇ ਰੱਖ ਕੇ ਉੱਠ ਖਲੋਤੀ। ਉਸ ਦੇ ਪੈਰ ਲੜਖੜਾ ਗਏ। ਉਹ ਥਿੜਕਦੇ ਪੈਰਾਂ ਨਾਲ ਘਰ ਪਹੁੰਚੀ, ਨਾ ਅਮਰ ਸਿੰਘ ਘਰ ਸੀ ਨਾ ਚਾਚੀ। ਉਸ ਨੇ ਆਪਣਾ ਚਰਖਾ ਕਢਿਆ ਤੇ ਕੱਤਣ ਬਹਿ ਗਈ।

ਉਹ ਚਰਖਾ ਕੱਤਦੀ-ਕੱਤਦੀ ਗੁਣਗੁਣਾਉਣ ਲੱਗ ਪਈ। ਉਸ ਦਾ ਚਿਹਰਾ ਭਖ ਉੱਠਿਆ। ਉਸ ਨੇ ਆਪਣੇ ਮੱਥੇ ਉੱਤੋਂ ਮੁੜ੍ਹਕਾ ਪੂੰਝਿਆ ਤੇ ਗਾ ਉੱਠੀ-

'ਰਾਜ ਫ਼ਰੰਗੀ ਦਾ
ਬਾਹਲੀ ਦੇਰ ਨਹੀਂ ਰਹਿਣਾ
ਰਾਜ ਫ਼ਰੰਗੀ ਦਾ

ਬਾਹਲੀ ਦੇਰ ਨਹੀਂ ਰਹਿਣਾ

ਰਾਜ ਫ਼ਰੰਗੀ ਦਾ।'

ਉਸ ਨੇ ਇਹ ਤੁਕਾਂ ਕਈ ਵਾਰੀ ਦੁਹਰਾਈਆਂ। ਫਿਰ ਇਕ ਹੋਰ ਤੁਕ ਜੋੜ ਕੇ ਗਾ ਉੱਠੀ :-

'ਭਗਤ ਤੁਰ ਗਿਆ

ਤੁਰ ਗਏ ਉਹਦੇ ਸਾਥੀ

ਮੇਰੀ ਕਰ ਦਿਓ ਬੰਦ ਖਲਾਸੀ

ਮੇਰੀ ਵਾਰੀ ਆਈ ਵੀਰਨੋ

ਮੇਰੀ ਕਰ ਦਿਓ ਬੰਦ ਖਲਾਸੀ

ਰਾਜ ਫ਼ਰੰਗੀ ਦਾ

ਬਾਹਲੀ ਦੇਰ ਨਹੀਂ ਰਹਿਣਾ।

ਰਾਜ ਫਰੰਗੀ ਦਾ।

ਬਾਹਲੀ ਦੇਰ ਨਹੀਂ ਰਹਿਣਾ।

ਰਾਜ ਫ਼ਰੰਗੀ ਦਾ।'

ਗਾਉਂਦੀ-ਗਾਉਂਦੀ ਨੀਵੀਂ ਪਾ ਕੇ, ਚਰਖਾ ਛੱਡ ਕੇ, ਕਿੰਨੀ ਦੇਰ ਗੁਣਗੁਣਾਉਂਦੀ ਰਹੀ। ਫਿਰ ਇਕ ਦਮ ਚਰਖਾ ਕੱਤਣ ਲੱਗ ਪਈ ਤੇ ਗਾ ਉੱਠੀੇ-

ਚਰਖੇ ਦੇ ਆ ਮੁਨੇ ਭੰਨਣੇ

ਨਾਲ ਤੋਪਾਂ ਦੇ ਖਹਿਣਾ

ਉੱਠ ਖੜੋਤੇ ਹਾਂ

ਹੁਣ ਅਸਾਂ ਨਹੀਂ ਬਹਿਣਾ

ਉੱਠ ਖੜੋਤੇ ਹਾਂ

ਹੁਣ ਅਸੀਂ ਨਹੀਂ ਬਹਿਣਾ

ਰਾਜ ਫ਼ਰੰਗੀ ਦਾ

ਅਸਾਂ ਰਹਿਣ ਨਹੀਂ ਦੇਣਾ,

ਰਾਜ ਫ਼ਰੰਗੀ ਦਾ।'

ਉਸ ਦੇ ਮੱਥੇ ਉੱਤੋਂ ਮੁੜ੍ਹਕੇ ਦੇ ਮੋਤੀ, ਢਲ-ਢਲ ਕੇ, ਝੜ ਰਹੇ ਸਨ। ਉਸ ਨੇ ਦੁਪੱਟੇ ਨਾਲ ਮੱਥੇ ਦਾ ਮੁੜ੍ਹਕਾ ਪੂੰਝਿਆ। ਇਕ ਲੰਮਾ ਉੱਭਾ ਸਾਹ ਲਿਆ। ਉਸ ਦੇ ਸਾਂਵਲੇ ਚਿਹਰੇ ਉੱਤੇ ਆਇਆ ਜੋਸ਼ ਉੱਘੜ-ਉੱਘੜ ਕੇ ਖਿੰਡ ਰਿਹਾ ਸੀ। ਉਸ ਨੇ ਗੁਣ ਗੁਣਾਉਂਦਿਆਂ ਇਕ ਹੋਰ ਟੱਪਾ ਜੋੜ ਲਿਆ ਤੇ ਗਾ ਉੱਠੀ-

'ਜਿਹਲਾਂ ਭਰਨ ਦਾ ਖਹਿੜਾ ਛੱਡੋ

ਮੰਨ ਲਓ ਮੇਰਾ ਕਹਿਣਾ,

ਵੀਰਨੋ ਮੰਨ ਲਓ ਮੇਰਾ ਕਹਿਣਾ

ਫਾਂਸੀ ਸਾਡਾ ਗਹਿਣਾ ਹੋਈ

ਹੋਰ ਜ਼ੁਲਮ ਨਹੀਂ ਸਹਿਣਾ

ਰਾਜ ਫਰੰਗੀ ਦਾ

ਅਸਾਂ ਰਹਿਣ ਨਹੀਂ ਦੇਣਾ,

ਰਾਜ ਫ਼ਰੰਗੀ ਦਾ।'

ਉਹ ਅੰਤਲੀਆਂ ਤੁਕਾਂ ਗਾਉਂਦੀ-ਗਾਉਂਦੀ ਉੱਠੀ। ਸੁਫੇ ਦੀ ਕੰਧ ਉੱਤੋਂ ਉਸ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਤਸਵੀਰ ਲਾਹੀ ਤੇ ਆਪਣੀ ਛਾਤੀ ਨਾਲ ਲਾ ਲਈ। ਨਾਲ ਹੀ ਗਾ ਉੱਠੀ-

'ਅਸਾਂ ਰਹਿਣ ਨਹੀਂ ਦੇਣਾ
ਰਾਜ ਫ਼ਰੰਗੀ ਦਾ
ਅਸਾਂ ਰਹਿਣ ਨਹੀਂ ਦੇਣਾ
ਰਾਜ ਫਰੰਗੀ ਦਾ
ਰਾਜ ਫ਼ਰੰਗੀ ਦਾ।'

ਗੁਲਾਬ ਕੌਰ ਗਾਉਂਦੀ-ਗਾਉਂਦੀ ਸਾਹ ਲੈਣ ਲਈ ਲੇਟ ਗਈ ਤੇ ਮੁੜ ਨਾ ਉੱਠੀ। ਸਦਾ ਦੀ ਨੀਂਦ ਸੌਂ ਗਈ, ਉਸ ਵੇਲੇ ਨਾ ਚਾਚੀ ਘਰ ਸੀ ਨਾ ਅਮਰ ਸਿੰਘ!